**Reo-Bankowned Properties**

From San Jose to Sacramento

JASSI GILL *Broker/Owner*

Ph:510-304-9292

**Refinance Now**

@ZERO COST

Call Sukhi Gill:510-207-9067



*Jassi Gill*

CA DRE Lic.#01180969

CA DRE# 00966763

**Ad Space Available**

**Call: 847-359-0746**



*Manjit Gill*

Certified Insurance Agent

CA. Lic#0B23990

ਸਸਤੀ ਅਤੇ ਵਧੀਆ ਹੈਲਥ ਇੰਸ਼ੋਰੈਂਸ

Quality Health Care Including MEDI-CAL

COVERED CALIFORNIA

Ph:510-888-1180

209-524-4008

**Gill Financial & Insurance Services**

27165 Mission Blvd, Hayward CA 94544

www.gillfinancial.com



Fifteenth Year of Publication

ਕੈਲੀਫੋਰਨੀਆ ਐਡੀਸ਼ਨ Price 50¢

Email:punjabtimes1@sbcglobal.net

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 3, January 18, 2014 20451 N Plum Grove Rd., Palatine, IL 60074 Ph:847-359-0746, Fax:847-705-9388


# ਸਾਕਾ ਨੀਲਾ ਤਾਰਾ: ਨਵੇਂ ਖੁਲਾਸਿਆਂ ਤੋਂ ਸਾਰੇ ਦੰਗ

## ਇੰਗਲੈਂਡ ਵੱਲੋਂ ਕੀਤੀ ਮੱਦਦ 'ਤੇ ਵਿਵਾਦ ਭਖਿਆ


**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ 1984 ਦੇ ਸਾਕਾ ਨੀਲਾ ਤਾਰਾ ਦੀ ਯੋਜਨਾ ਨੂੰ ਅੰਜਾਮ ਦੇਣ ਵਿਚ ਭਾਰਤ ਸਰਕਾਰ ਦੀ ਇੰਗਲੈਂਡ ਦੇ ਅਧਿਕਾਰੀਆਂ ਵੱਲੋਂ ਕੀਤੀ ਸਹਾਇਤਾ ਦੇ ਖੁਲਾਸੇ ਮਗਰੋਂ ਭਾਰਤ ਅਤੇ ਇੰਗਲੈਂਡ ਵਿਚ ਸਿਆਸਤ ਗਰਮਾ ਗਈ ਹੈ। ਭਾਰਤ ਤੇ ਵਿਦੇਸ਼ਾਂ ਵਿਚ ਵਸੇ ਸਿੱਖਾਂ ਨੇ ਇਸ ਮਾਮਲੇ ਦੀ ਵਿਆਪਕ ਜਾਂਚ ਮੰਗੀ ਹੈ ਜਿਸ ਮਗਰੋਂ ਇੰਗਲੈਂਡ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੇ ਆਪਣੇ ਕੈਬਨਿਟ ਸਕੱਤਰ ਨੂੰ ਇਸ ਮਾਮਲੇ ਦੀ ਜਾਂਚ ਕਰ ਕੇ ਰਿਪੋਰਟ ਦੇਣ ਲਈ ਕਿਹਾ ਹੈ। ਭਾਰਤ ਨੇ ਵੀ ਇਹ ਮਾਮਲਾ ਬਰਤਾਨੀਆ ਕੋਲ ਉਠਾਉਣ ਦਾ ਭਰੋਸਾ ਦਿੱਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਸਈਦ ਅਕਬਰ-ਉਦ-ਦੀਨ ਨੇ ਕਿਹਾ ਹੈ ਕਿ ਭਾਰਤ ਸਰਕਾਰ ਬਰਤਾਨੀਆ ਸਰਕਾਰ ਕੋਲ ਇਹ ਮਾਮਲਾ ਉਠਾਵੇਗੀ।

ਲੰਡਨ ਵਿਚ ਬ੍ਰਿਟਿਸ਼ ਕੌਮੀ ਪੁਰਾਤੱਤਵ ਦੀਆਂ ਗੁਪਤ ਚਿੱਠੀਆਂ ਤੋਂ ਪਤਾ ਲੱਗਿਆ ਹੈ ਕਿ ਕਿਵੇਂ ਬ੍ਰਿਟਿਸ਼ ਸਪੈਸ਼ਲ ਫੋਰਸ ਦੇ ਮਾਹਿਰ ਨੇ ਨਵੀਂ ਦਿੱਲੀ ਦਾ ਦੌਰਾ ਕੀਤਾ ਅਤੇ ਭਾਰਤੀ ਅਧਿਕਾਰੀਆਂ ਨੂੰ ਸ੍ਰੀ ਹਰਿਮੰਦਰ ਸਾਹਿਬ 'ਤੇ ਕਬਜ਼ੇ ਦੀ ਵਿਉਂਤਬੰਦੀ ਬਾਰੇ ਸਲਾਹ ਦਿੱਤੀ; ਹਾਲਾਂਕਿ ਇੰਗਲੈਂਡ ਇਸ ਗੱਲ ਤੋਂ ਬੇਖ਼ਬਰ ਸੀ ਕਿ ਫੌਜੀ ਕਾਰਵਾਈ ਨਾਲ ਪੰਜਾਬ ਵਿਚ ਫਿਰਕੂ ਹਿੰਸਾ ਹੋ ਸਕਦੀ ਹੈ। ਇਸ ਅਧਿਕਾਰੀ ਦੇ ਨਾਂ ਅਤੇ ਹੋਰ ਵੇਰਵਿਆਂ ਬਾਰੇ ਖ਼ੁਲਾਸਾ ਨਹੀਂ ਕੀਤਾ ਗਿਆ ਪਰ 23 ਫਰਵਰੀ 1984 ਨੂੰ ਲਿਖੀ ਗਈ ਇਸ ਗੁਪਤ ਚਿੱਠੀ ਵਿਚ ਬ੍ਰਿਟਿਸ਼ ਵਿਦੇਸ਼ ਸਕੱਤਰ ਦੇ ਪ੍ਰਿੰਸੀਪਲ ਨਿਜੀ ਸਕੱਤਰ ਫਾਲ ਨੇ ਕਿਹਾ ਸੀ ਕਿ ਭਾਰਤੀ ਅਧਿਕਾਰੀਆਂ ਨੇ ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਚੋਂ ਸਿੱਖ ਖਾੜਕੂਆਂ ਨੂੰ ਕੱਢਣ ਦੀ ਯੋਜਨਾ ਲਈ ਇੰਗਲੈਂਡ ਤੋਂ ਸਲਾਹ ਮੰਗੀ ਹੈ।

ਸ੍ਰੀ ਫਾਲ ਵੱਲੋਂ ਬ੍ਰਿਟਿਸ਼ ਗ੍ਰਹਿ ਦਫਤਰ ਵਿਚ ਆਪਣੇ ਸਾਥੀ ਹਮਰੁਤਬਾ ਨੂੰ ਇਹ ਚਿੱਠੀ ਉਸ ਸਮੇਂ ਲਿਖੀ ਗਈ ਜਦੋਂ ਇੰਗਲੈਂਡ, ਭਾਰਤ ਨੂੰ ਹਥਿਆਰ ਵੇਚਣ ਲਈ ਗੱਲਬਾਤ ਕਰ ਰਿਹਾ ਸੀ। ਉਸ ਦੀ ਚਿੱਠੀ ਵਿਚ ਕਿਹਾ ਗਿਆ ਹੈ ਕਿ ਭਾਰਤੀ ਅਧਿਕਾਰੀਆਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ 'ਤੇ ਕਾਰਵਾਈ ਨਾਲ ਪਹਿਲੀ ਨਜ਼ਰ ਵਿਚ ਇੰਜ ਜਾਪਦਾ ਹੈ ਕਿ ਪੰਜਾਬ ਵਿਚ ਫਿਰਕੂ ਤਣਾਅ ਵਧ ਜਾਏਗਾ ਅਤੇ ਇੰਗਲੈਂਡ ਵਿਚ ਰਹਿੰਦੇ ਭਾਰਤੀਆਂ ਵਿਚ ਵੀ ਤਣਾਅ ਵਧੇਗਾ। ਪਹਿਲਾਂ 3 ਫਰਵਰੀ ਨੂੰ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦੇ ਪ੍ਰਮੁੱਖ ਨਿਜੀ ਸਕੱਤਰ ਐਫ.ਈ.ਆਰ. ਬਟਲਰ ਵੱਲੋਂ ਸ੍ਰੀ ਫਾਲ ਨੂੰ ਭੇਜੇ ਪੱਤਰ ਵਿਚ ਨਵੀਂ ਦਿੱਲੀ ਵੱਲੋਂ ਭੇਜਿਆ ਗਿਆ ਬੇਨਤੀ ਪੱਤਰ ਪ੍ਰਾਪਤ ਹੋਣ ਦੀ ਪੁਸ਼ਟੀ ਕੀਤੀ ਗਈ ਹੈ। ਇਸ ਪੱਤਰ ਵਿਚ ਨਵੀਂ ਦਿੱਲੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਚੋਂ ਖਾੜਕੂਆਂ ਨੂੰ ਕੱਢਣ ਲਈ ਯੋਜਨਾ ਬਣਾਉਣ ਬਾਬਤ ਸਲਾਹ ਮੰਗੀ ਸੀ।

ਇਨ੍ਹਾਂ ਦਸਤਾਵੇਜ਼ਾਂ 'ਤੇ ਟਿੱਪਣੀ ਕਰਦਿਆਂ ਸੰਸਦ ਮੈਂਬਰ ਟੌਮ ਵਾਟਸਨ ਨੇ ਕਿਹਾ ਕਿ ਸਾਕਾ ਨੀਲਾ ਤਾਰਾ ਤੇ ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਬਾਰੇ ਬਰਤਾਨਵੀ ਸਰਕਾਰ ਵੱਲੋਂ ਭਾਰਤ ਸਰਕਾਰ ਨੂੰ ਸਹਿਯੋਗ ਦਿੱਤੇ ਜਾਣ ਦੇ ਦਾਅਵੇ ਨਾਲ ਬਹੁਤ ਸਾਰੇ ਬਰਤਾਨਵੀ ਸਿੱਖ ਪ੍ਰੇਸ਼ਾਨ ਹੋਣਗੇ। ਹੁਣ ਇਹ ਸਪਸ਼ਟ ਕੀਤਾ ਜਾਵੇ ਕਿ ਬਰਤਾਨਵੀ ਫੌਜ ਵੱਲੋਂ ਕਿਸ ਹੱਦ ਤਕ ਇੰਦਰਾ ਗਾਂਧੀ ਸਰਕਾਰ ਨੂੰ ਸਹਿਯੋਗ ਦਿੱਤਾ ਗਿਆ ਕਿਉਂਕਿ ਇਨ੍ਹਾਂ ਖੁਲਾਸਿਆਂ ਦਾ ਵੱਡੇ ਪੱਧਰ 'ਤੇ


*(ਬਾਕੀ ਸਫਾ 6 'ਤੇ)*

TOP SECRET AND PERSONAL

Copy No: 4 of ...

2

10 DOWNING STREET

From the Principal Private Secretary 6 February 1984

Thank you for your letter of 3 February about the Indian request for advice on plans for the removal of dissident Sikhs from the Golden Temple. The Prime Minister is content that the Foreign Secretary should proceed as he proposes. She will look forward to receiving a report on the adviser's visit and notes that the Home Secretary would be informed if the Indians seemed likely to proceed with their plan.

I am copying this letter to Richard Mottram (Ministry of Defence) and Richard Hatfield (Cabinet Office).

F. E. R. BUTLER

Brian Fall, Esq.,
Foreign and Commonwealth Office.



*6 ਫਰਵਰੀ 1984 ਨੂੰ ਜਾਰੀ ਚਿੱਠੀ ਜਿਸ ਤੋਂ ਵਿਵਾਦ ਭਖਿਆ। (ਸੱਜੇ) ਮਾਰਗਰੇਟ ਥੈਚਰ ਅਤੇ ਇੰਦਰਾ ਗਾਂਧੀ ਦੀ ਤਸਵੀਰ।*

## ਇੰਗਲੈਂਡ ਦੀ ਭੂਮਿਕਾ ਤੋਂ ਸਿੱਖ ਜਥੇਬੰਦੀਆਂ ਖਫਾ

**ਚੰਡੀਗੜ੍ਹ:** ਸਾਕਾ ਨੀਲਾ ਤਾਰਾ ਵਿਚ ਇੰਗਲੈਂਡ ਦੀ ਭੂਮਿਕਾ ਸਾਹਮਣੇ ਆਉਣ ਤੋਂ ਸਿੱਖ ਜਥੇਬੰਦੀਆਂ ਖ਼ਫਾ ਹਨ। ਇਸ ਦੇ ਨਾਲ ਹੀ ਇਸ ਮੁੱਦੇ 'ਤੇ ਰਾਜਨੀਤੀ ਵੀ ਸ਼ੁਰੂ ਹੋ ਗਈ ਹੈ। ਰਾਜ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਅਰੁਣ ਜੇਤਲੀ ਨੇ ਭਾਰਤ ਸਰਕਾਰ ਤੋਂ ਇਸ ਸਬੰਧੀ ਬਿਆਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਦਸਤਾਵੇਜ਼ ਸਾਬਤ ਕਰਦੇ ਹਨ ਕਿ ਭਾਰਤ ਸਰਕਾਰ ਨੇ ਬਰਤਾਨੀਆ ਦੀ ਮਦਦ ਮੰਗੀ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਆਖਿਆ ਹੈ ਕਿ ਬਰਤਾਨੀਆਂ ਸਰਕਾਰ ਵੱਲੋਂ 1984 ਵਿਚ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਸਬੰਧੀ ਭਾਰਤ ਸਰਕਾਰ ਨੂੰ ਸਲਾਹ ਮਸ਼ਵਰਾ ਦੇ ਕੇ ਵਿਉਂਤਬੰਦੀ ਕਰਨ ਵਿਚ ਕੀਤੀ ਮਦਦ ਅਤਿ ਨਿੰਦਣਯੋਗ ਤੇ ਘਿਨਾਉਣੀ ਕਾਰਵਾਈ ਹੈ। ਇਸ ਕਾਰਵਾਈ ਵਿਚ ਬਰਤਾਨੀਆ ਵਰਗੇ ਦੇਸ਼ ਜੋ ਮਨੁੱਖੀ ਅਧਿਕਾਰਾਂ ਦਾ ਅਲੰਬਰਦਾਰ ਅਖਵਾਉਂਦਾ ਹੈ, ਵੱਲੋਂ ਕੇਂਦਰ ਦੀ ਕਾਂਗਰਸ ਸਰਕਾਰ ਨਾਲ ਰਲ ਕੇ ਮੁੱਠੀ ਭਰ ਸਿੱਖਾਂ ਨੂੰ ਕੁਚਲਣ ਦੀ ਵਿਉਂਤਬੰਦੀ ਕਰਨ ਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਨਸ਼ਟ ਕਰਨ ਦੀ ਵਿਉਂਤਬੰਦੀ ਵਿਚ ਭਾਈਵਾਲ ਬਣਨਾ ਬਹੁਤ ਅਫ਼ਸੋਸਨਾਕ ਹੈ।

ਦਲ ਖਾਲਸਾ ਨੇ ਜੂਨ 1984 ਮੌਕੇ ਦਰਬਾਰ ਸਾਹਿਬ ਹਮਲੇ ਲਈ ਇੰਗਲੈਂਡ ਸਰਕਾਰ ਵੱਲੋਂ ਭਾਰਤ ਸਰਕਾਰ ਦੀ ਕੀਤੀ ਮਦਦ ਦੇ ਖੁੱਲ੍ਹੇ ਭੇਤ 'ਤੇ ਆਪਣੀ ਤਿੱਖੀ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਇੰਗਲੈਂਡ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੂੰ ਖਤ ਲਿਖ ਕੇ ਕੌਮ ਦੀ ਪੀੜਾ, ਗੱਸਾ ਤੇ ਚਿੰਤਾ ਦਾ ਇਜ਼ਹਾਰ ਕੀਤਾ ਹੈ। ਪਾਰਟੀ ਦੇ ਬੁਲਾਰੇ ਕੰਵਰਪਾਲ ਸਿੰਘ ਵੱਲੋਂ ਇਹ ਖਤ ਦਿੱਲੀ ਸਥਿਤ ਇੰਗਲੈਂਡ ਦੇ ਦੂਤਾਵਾਸ ਰਾਹੀਂ ਭੇਜਿਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਨੇ


*(ਬਾਕੀ ਸਫਾ 6 'ਤੇ)*



**REAL ESTATE & HOME LOANS**



- Low Interest Rate
- 3.5% Down Payment
- Free Credit Report
- Free Pre-Approval

ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।

Successful Shortsale ਲਈ ਅੱਜ ਹੀ ਕਾਲ ਕਰੋ !


AMAN HUNDAL

*Broker / Associate*

Century 21 M&M and Associates

209.918.6464

ahundal@c21mm.com



**Raja SWEETS & CATERING**

AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Toll Free 1-866-FOR-RAJA

www.rajasweets.com

msbains@rajasweets.com

Fresh Sweets, Snacks & Food

Catering with Portable Tandoor for up to 10000 guests

Lunch - Dinner - Take Out - Banquets

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Faloeda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine

Raja Indian Cuisine & Bar

Call Makhan Bains or Ravinder Singh For Your Next Party

1-866-FOR-RAJA (367-7252)

www.RajaSweets.com

**Law Office of Manpreet S. Gahra**

>ਇਮੀਗਰੇਸ਼ਨ ਸੇਵਾਵਾਂ

>ਫੈਮਿਲੀ ਲਾਅ

>ਬਿਜਨਸ ਲਾਅ



Manpreet S. Gahra *Attorny At Law*

Criminal Defense (DUI, simple battery, domestic violence, immigration post-conviction relief)

**Berkeley Office**

2161 Shattuck Ave., 304, Berkeley

Ph:510-841-4582 Fax:510-217-6847

**Sacramento Office**

Call For Appointment

Ph:916-924-1617

Email: manpreet@gahralaw.com

# ਕਤਲ ਕੇਸ 'ਚ 8 ਪੁਲਿਸ ਮੁਲਾਜ਼ਮਾਂ ਨੂੰ ਉਮਰ ਕੈਦ

**ਬਠਿੰਡਾ:** ਅਦਾਲਤ ਨੇ ਪੰਜਾਬ ਵਿਚ ਖਾੜਕੂਵਾਦ ਸਮੇਂ ਇੱਕ ਨੌਜਵਾਨ ਨੂੰ ਅਗਵਾ ਕਰ ਕੇ ਮਾਰ ਮੁਕਾਉਣ ਦੇ ਕੇਸ ਵਿਚ ਤਤਕਾਲੀ ਪੁਲਿਸ ਇੰਸਪੈਕਟਰ ਸਮੇਤ ਅੱਠ ਪੁਲਿਸ ਮੁਲਾਜ਼ਮਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਕੇਸ ਦਾ ਮੁਖ ਦੋਸ਼ੀ ਡੀ.ਐਸ.ਪੀ. ਗੁਰਜੀਤ ਸਿੰਘ ਭਗੌੜਾ ਹੈ। ਵਧੀਕ ਸੈਸ਼ਨ ਜੱਜ ਐਮ.ਪੀ.ਐਸ. ਪਾਹਵਾ ਦੀ ਅਦਾਲਤ ਵੱਲੋਂ ਸਜ਼ਾ ਸੁਣਾਉਣ ਤੋਂ ਬਾਅਦ ਮੁਲਜ਼ਮਾਂ ਨੂੰ ਬਠਿੰਡਾ ਜੇਲ੍ਹ ਭੇਜ ਦਿੱਤਾ ਗਿਆ।



ਦੋਸ਼ੀਆਂ ਨੂੰ ਜੇਲ੍ਹ ਲਿਜਾ ਰਹੇ ਪੁਲਿਸ ਮੁਲਾਜ਼ਮ।

ਥਾਣਾ ਸਦਰ ਬਠਿੰਡਾ ਵਿਚ ਤਤਕਾਲੀ ਡੀ.ਐਸ.ਪੀ. ਗੁਰਜੀਤ ਸਿੰਘ, ਇੰਸਪੈਕਟਰ ਬਲਜਿੰਦਰ ਕੁਮਾਰ, ਏ.ਐਸ.ਆਈ. ਲਖਵੀਰ ਸਿੰਘ, ਹੌਲਦਾਰ ਗੁਰਬਚਨ ਸਿੰਘ, ਪਾਲ ਸਿੰਘ, ਮੱਲ ਸਿੰਘ, ਹਰਿੰਦਰ ਸਿੰਘ, ਸਿਪਾਹੀ ਕਮਲਜੀਤ ਸਿੰਘ ਤੇ ਤਰਲੋਕ ਸਿੰਘ ਅਤੇ ਹੋਮਗਾਰਡ ਜਵਾਨ ਜਗਸੀਰ ਸਿੰਘ ਤੇ ਜਰਨੈਲ ਸਿੰਘ ਖਿਲਾਫ ਧਾਰਾ 302, 364, 201 ਅਤੇ 120 ਬੀ. ਤਹਿਤ ਕੇਸ ਦਰਜ ਹੋਇਆ ਸੀ। ਇਨ੍ਹਾਂ ਚੋਂ ਪਾਲ ਸਿੰਘ ਅਤੇ ਲਖਵੀਰ ਸਿੰਘ ਦੀ ਮੌਤ ਹੋ ਚੁੱਕੀ ਹੈ। ਅਦਾਲਤ ਨੇ ਪੁਲਿਸ ਇੰਸਪੈਕਟਰ ਬਲਜਿੰਦਰ ਸ਼ਰਮਾ ਨੂੰ ਧਾਰਾ 364 ਤਹਿਤ 10 ਸਾਲ ਦੀ ਵੀ ਸਜ਼ਾ ਸੁਣਾਈ ਹੈ। ਪਰਮਜੀਤ ਸਿੰਘ ਦੇ ਭਰਾ ਬਲਜੀਤ ਸਿੰਘ ਅਤੇ ਸਰਬਜੀਤ ਸਿੰਘ ਨੇ ਅਦਾਲਤ ਦੇ ਫੈਸਲੇ ਮਗਰੋਂ ਆਖਿਆ ਹੈ ਕਿ ਦੇਰ ਨਾਲ ਹੀ ਸਹੀ, ਪਰ ਇਨਸਾਫ਼ ਮਿਲਿਆ ਹੈ। ਪੁਲਿਸ ਨੇ 17 ਜੁਲਾਈ, 1992 ਨੂੰ ਬਠਿੰਡਾ ਦੇ ਗੁਰੂ ਗੋਬਿੰਦ ਸਿੰਘ ਨਗਰ ਦੇ ਵਸਨੀਕ ਪਰਮਜੀਤ ਸਿੰਘ ਨੂੰ ਬੀਬੀ ਵਾਲਾ ਚੌਕ ਲਾਗਿਓਂ ਆਟਾ ਚੱਕੀ ਤੋਂ ਚੁੱਕ ਲਿਆ ਸੀ ਅਤੇ 18 ਜੁਲਾਈ, 1992 ਨੂੰ ਉਸ ਨੂੰ ਫਰਾਰ ਕਰਾਰ ਦੇ ਦਿੱਤਾ। ਪਰਮਜੀਤ ਸਿੰਘ ਬਠਿੰਡਾ ਛਾਉਣੀ ਦੇ ਅਸਲਾ ਡਿਪੂ ਵਿਚ ਫਾਇਰਮੈਨ ਸੀ। ਪੁਲਿਸ ਨੇ ਉਦੋਂ ਪਿੰਡ ਝੁੰਬਾ ਲਾਗੇ ਪੁਲਿਸ ਮੁਕਾਬਲੇ ਦੌਰਾਨ ਪਰਮਜੀਤ ਸਿੰਘ ਨੂੰ ਫਰਾਰ ਹੋਇਆ ਦਿਖਾ ਦਿੱਤਾ ਸੀ। ਪੁਲਿਸ ਮੁਤਾਬਕ ਪਰਮਜੀਤ ਸਿੰਘ ਨੂੰ ਪੁਲਿਸ ਨੇ ਨਹਿਰ ਤੋਂ ਫੜਿਆ ਸੀ ਅਤੇ ਜਦੋਂ ਉਸ ਨੂੰ ਹਥਿਆਰਾਂ ਦੀ ਬਰਾਮਦਗੀ ਲਈ ਪਿੰਡ ਝੁੰਬਾ ਵੱਲ ਲਿਜਾਇਆ ਜਾ ਰਿਹਾ ਸੀ ਤਾਂ ਉਸ ਦੇ ਸਾਥੀਆਂ ਨੇ ਪੁਲਿਸ 'ਤੇ ਹਮਲਾ ਕਰ ਦਿੱਤਾ ਅਤੇ ਪਰਮਜੀਤ ਸਿੰਘ ਫਰਾਰ ਹੋ ਗਿਆ। ਉਸ ਮਗਰੋਂ ਪਰਮਜੀਤ ਸਿੰਘ ਦਾ ਮੁੜ ਕੋਈ ਥਹੁ-ਪਤਾ ਨਾ ਲੱਗਾ।

Trinity Logistics Inc.
Brokerage Company California Office
Now Hiring Company Drivers
Team & Solo *(With Two Years Experience)*
Owner Operators
Specialize in Reefer & Dry Loads.
Run All 48 States

*Quick Pay Available
*Get paid weekly on time.
*Fuel advance
Transflo or fax your delivery BOL and get paid by ACH deposit in your account.
ਕੰਪਨੀ ਡਰਾਈਵਰਾਂ
ਟੀਮ ਅਤੇ ਸੋਲੋ (ਘੱਟੋ ਘੱਟ ਦੋ ਸਾਲ ਦਾ ਤਜ਼ਰਬਾ)
ਓਨਰ ਅਪਰੇਟਰਾਂ ਦੀ ਲੋੜ ਹੈ
*ਰੀਫਰ ਅਤੇ ਡਰਾਈ ਲੋਡ *ਸਾਰੀਆਂ 48 ਸਟੇਟਾਂ ਦੇ ਗੇੜੇ
*ਹਰ ਹਫਤੇ ਸਮੇਂ ਸਿਰ ਅਦਾਇਗੀ *ਫਿਊਲ ਐਡਵਾਂਸ
*Call Dispatch at*
661-213-3355 or 661-431-8692
2-4



# ਮਾਘੀ ਮੇਲੇ 'ਚ ਐਤਕੀਂ ਕੈਪਟਨ ਪ੍ਰਤੀ ਨਰਮ ਰਹੇ ਬਾਦਲ



**ਸ੍ਰੀ ਮੁਕਤਸਰ ਸਾਹਿਬ:** ਮੁੱਖ ਸਿਆਸੀ ਧਿਰਾਂ ਨੇ ਚਾਲੀ ਮੁਕਤਿਆਂ ਦੀ ਪਵਿੱਤਰ ਧਰਤੀ ਤੋਂ ਮਾਘੀ ਮੇਲੇ 'ਤੇ ਹੋਈਆਂ ਸਿਆਸੀ ਕਾਨਫ਼ਰੰਸਾਂ ਵਿਚ ਲੋਕ ਸਭਾ ਚੋਣਾਂ ਦਾ ਬਿਗਲ ਵਜਾ ਦਿੱਤਾ। ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗਠਜੋੜ ਦੀ ਕਾਨਫ਼ਰੰਸ ਵਿਚ ਨਸ਼ਾ ਤਸਕਰੀ ਦਾ ਮੁੱਦਾ ਤੇ ਆਮ ਆਦਮੀ ਪਾਰਟੀ ਛਾਏ ਰਹੇ। ਅਕਾਲੀ ਆਗੂਆਂ ਨੇ ਐਤਕੀਂ ਕੈਪਟਨ ਅਮਰਿੰਦਰ ਸਿੰਘ ਪ੍ਰਤੀ ਨਰਮ ਸੁਰ ਰੱਖੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਰਗੜੇ ਲਾਏ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆ ਰਹੀਆਂ ਲੋਕ ਸਭਾ ਚੋਣਾਂ ਨੂੰ ਜੰਗੇ ਆਜ਼ਾਦੀ ਦੀ ਦੂਜੀ ਲੜਾਈ ਕਰਾਰ ਦਿੰਦੇ ਹੋਏ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਪੰਜਾਬ ਅਤੇ ਦੇਸ਼ ਦੀ ਖੁਸ਼ਹਾਲੀ ਤੇ ਤਰੱਕੀ ਲਈ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗਠਜੋੜ ਨੂੰ ਜਿਤਾਉਣ। ਉਨ੍ਹਾਂ ਚਾਲੀ ਮੁਕਤਿਆਂ ਦੀ ਭੂਮੀ ਨੂੰ ਨਤਮਸਤਕ ਹੁੰਦੇ ਹੋਏ ਕੇਂਦਰ ਦੀ ਕਾਂਗਰਸ ਸਰਕਾਰ ਦੇ ਪੰਜਾਬ ਪ੍ਰਤੀ ਵਿਤਕਰੇ ਦੀ ਗੱਲ ਕੀਤੀ। ਉਨ੍ਹਾਂ ਨਸ਼ਾ ਤਸਕਰੀ ਦਾ ਜ਼ਿਕਰ ਕੀਤੇ ਬਿਨਾਂ ਕਿਹਾ ਕਿ ਪੰਜਾਬ ਦੇ ਕਾਂਗਰਸੀ ਗਲਤ ਰਾਹ ਪੈ ਗਏ ਹਨ ਜਿਨ੍ਹਾਂ ਨੇ ਪਹਿਲਾਂ ਖੂੰਡੇ ਚੁੱਕੇ ਅਤੇ ਹੁਣ ਸ. ਬਾਜਵਾ ਪੁੱਠੇ ਰਾਹ ਤੁਰ ਪਏ ਹਨ। ਉਨ੍ਹਾਂ ਆਮ ਆਦਮੀ ਪਾਰਟੀ ਬਾਰੇ ਕਿਹਾ ਕਿ ਇਸ ਪਾਰਟੀ ਦੇ ਪੈਰ ਹੇਠ ਬਟੇਰਾ ਆ ਗਿਆ ਹੈ ਅਤੇ ਹੁਣ ਇਹ ਲੋਕ ਆਪਣੇ ਆਪ ਨੂੰ ਵੱਡਾ ਸ਼ਿਕਾਰੀ ਸਮਝਣ ਲੱਗ ਪਏ ਹਨ। ਉਨ੍ਹਾਂ ਆਮ ਆਦਮੀ ਪਾਰਟੀ ਦੀ ਸਿਆਸਤ ਨੂੰ ਡਰਾਮੇਬਾਜ਼ੀ ਕਰਾਰ ਦਿੱਤਾ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਭਾਸ਼ਨ ਸ. ਬਾਜਵਾ ਅਤੇ ਆਮ ਆਦਮੀ ਪਾਰਟੀ 'ਤੇ ਕੇਂਦਰਿਤ ਰਿਹਾ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਦਾ ਚੱਲਵਾਂ ਜਿਹਾ ਜ਼ਿਕਰ ਕੀਤਾ।

## ਬਾਦਲ ਤੇ ਅਮਰਿੰਦਰ ਸਿੰਘ ਰਲੇ: ਮਾਨ

**ਸ੍ਰੀ ਮੁਕਤਸਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੁਖੀ ਸਿਮਰਨਜੀਤ ਸਿੰਘ ਮਾਨ ਨੇ ਕਾਨਫਰੰਸ ਦੌਰਾਨ ਕਿਹਾ ਕਿ ਪਿਛਲੇ ਦਿਨੀਂ ਭਾਰਤ ਆਏ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਦਾ ਸਮਝੌਤਾ ਕਰਵਾ ਦਿੱਤਾ ਹੈ। ਇਹ ਸਮਝੌਤਾ ਕੈਪਟਨ ਦੀ ਮਹਿਲਾ ਮਿੱਤਰ ਅਤੇ ਪਾਕਿਸਤਾਨੀ ਪੱਤਰਕਾਰ ਅਰੂਸ਼ਾ ਆਲਮ ਰਾਹੀਂ ਸਿਰੇ ਚੜ੍ਹਿਆ ਹੈ।

ਉਨ੍ਹਾਂ ਕਿਹਾ ਕਿ ਸਮਝੌਤੇ ਅਨੁਸਾਰ ਪੰਜਾਬ ਸਰਕਾਰ ਕੈਪਟਨ ਖ਼ਿਲਾਫ਼ ਦਰਜ ਕੇਸਾਂ 'ਚ ਉਨ੍ਹਾਂ ਲਈ ਰਾਹਤ ਦਾ ਪ੍ਰਬੰਧ ਕਰੇਗੀ। ਹੁਣ ਕੈਪਟਨ ਅਮਰਿੰਦਰ ਸਿੰਘ ਡਰੱਗ ਕੇਸ 'ਚ ਸੀ.ਬੀ.ਆਈ. ਜਾਂਚ ਦੀ ਬਜਾਏ ਪੰਜਾਬ ਪੁਲੀਸ ਦੀ ਜਾਂਚ 'ਤੇ ਅੜੇ ਹੋਏ ਹਨ ਜਦੋਂਕਿ ਨਸ਼ਿਆਂ ਦਾ ਮਾਮਲਾ ਕਿਸੇ ਇਕ ਜ਼ਿਲ੍ਹੇ ਜਾਂ ਪੰਜਾਬ ਦਾ ਨਹੀਂ, ਸਗੋਂ ਵਿਸ਼ਵ ਪੱਧਰੀ ਵਰਤਾਰਾ ਹੈ। ਉਨ੍ਹਾਂ ਸੀਬੀਆਈ ਜਾਂਚ ਨੂੰ ਸਹੀ ਦੱਸਿਆ ਅਤੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ 'ਚੋਂ ਨਸ਼ਿਆਂ ਦਾ ਖਾਤਮਾ ਹੋਣਾ ਚਾਹੀਦਾ ਹੈ।

# ਪ੍ਰਤਾਪ ਬਾਜਵਾ ਨੇ ਅਕਾਲੀਆਂ ਖਿਲਾਫ ਸਾਧਿਆ ਨਿਸ਼ਾਨਾ



**ਸ੍ਰੀ ਮੁਕਤਸਰ ਸਾਹਿਬ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਮੇਲਾ ਮਾਘੀ ਮੌਕੇ ਕੀਤੀ ਕਾਨਫਰੰਸ ਪਿਛਲੇ ਕਈ ਵਰ੍ਹਿਆਂ ਦੀਆਂ ਕਾਨਫਰੰਸਾਂ ਨਾਲੋਂ ਗਿਣਤੀ ਤੇ ਦਿੱਖ ਪੱਖੋਂ ਸਫਲ ਰਹੀ। ਕਾਨਫਰੰਸ 'ਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਲੋਕ ਸਭਾ ਮੈਂਬਰ ਜਗਮੀਤ ਸਿੰਘ ਬਰਾੜ ਸ਼ਾਮਲ ਨਹੀਂ ਹੋਏ। ਕਾਨਫਰੰਸ ਨੂੰ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ, ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਮੁਖੀ ਸ਼ਕੀਲ ਅਹਿਮਦ ਤੇ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨੇ ਸੰਬੋਧਨ ਕੀਤਾ। ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਆਪਣੇ ਸੰਬੋਧਨ ਦੌਰਾਨ ਕਈ ਵਾਰ ਕਿਹਾ ਕਿ ਜਦੋਂ ਉਨ੍ਹਾਂ ਨੂੰ ਤਾਕਤ ਮਿਲੀ ਤਾਂ ਅਕਾਲੀਆਂ ਦੇ ਤੂੰਬੇ ਉਡਾ ਦੇਣਗੇ। ਇਸ 'ਤੇ ਮੰਚ ਉਤੇ ਬੈਠੇ ਕਾਂਗਰਸੀ ਆਗੂਆਂ ਅਤੇ ਪੰਡਾਲ 'ਚ ਬੈਠੇ ਵਰਕਰਾਂ ਨੇ ਖੂਬ ਤਾੜੀਆਂ ਵਜਾਈਆਂ।

ਬੁਲਾਰਿਆਂ ਵੱਲੋਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੂੰ ਜਿਤਾਉਣ ਦੀਆਂ ਅਪੀਲਾਂ ਦੇ ਨਾਲ-ਨਾਲ ਅਕਾਲੀ ਦਲ ਤੇ ਭਾਜਪਾ ਦੀ ਫਿਰਕਾਪ੍ਰਸਤ ਸੋਚ ਦੀ ਤਿੱਖੀ ਨੁਕਤਾਚੀਨੀ ਕੀਤੀ। ਸ. ਬਾਜਵਾ ਦਾ ਤਾਂ ਇਹ ਵੀ ਕਿਹਾ ਕਿ "ਸਾਡੇ ਵਿਚ ਵੀ ਤਿੰਨ ਕਾਲੀਆਂ ਭੇਡਾਂ ਹਨ ਜਿਨ੍ਹਾਂ ਸਾਨੂੰ ਫਸਾ ਦਿੱਤਾ ਤੇ ਆਪ ਸੁਲ੍ਹਾ ਕਰ ਕੇ ਨਿਕਲ ਗਏ। ਬਾਅਦ ਵਿਚ ਪੱਤਰਕਾਰਾਂ ਵੱਲੋਂ ਕਾਲੀਆਂ ਭੇਡਾਂ ਦਾ ਨਾਂ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਸਮਾਂ ਆਉਣ 'ਤੇ ਦੱਸਿਆ ਜਾਵੇਗਾ। ਸ੍ਰੀ ਸ਼ਕੀਲ ਅਹਿਮਦ ਨੇ ਭਾਜਪਾ ਨੂੰ ਫਿਰਕਾਪ੍ਰਸਤ ਪਾਰਟੀ ਦੱਸਦਿਆਂ ਕਿਹਾ ਕਿ ਲੋਕ ਭਾਜਪਾ ਨੂੰ ਲੋਕ ਸਭਾ ਚੋਣਾਂ 'ਚ ਮੂੰਹ ਨਾ ਲਾਉਣ। ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਅਕਾਲੀ-ਭਾਜਪਾ 'ਤੇ ਚੁਟਕੀ ਲੈਂਦਿਆਂ ਇਸ ਨੂੰ 'ਠੱਗਬੰਧਨ' ਕਿਹਾ।

# ਬਦਲਵੀਂ ਸਿਆਸਤ ਸਮੇਂ ਦੀ ਲੋੜ: ਮਨਪ੍ਰੀਤ ਬਾਦਲ

**ਸ੍ਰੀ ਮੁਕਤਸਰ ਸਾਹਿਬ:** ਸਾਂਝੇ ਮੋਰਚੇ ਦੀ ਸਿਆਸੀ ਕਾਨਫਰੰਸ ਵਿਚ ਦਿੱਲੀ 'ਚ ਆਮ ਆਦਮੀ ਪਾਰਟੀ ਨੂੰ ਮਿਲੀ ਸਫਲਤਾ ਕਾਰਨ ਉਤਸ਼ਾਹ 'ਚ ਦਿਖਿਆ। ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਭਾਵੇਂ ਸਿੱਧੇ ਤੌਰ 'ਤੇ ਆਮ ਆਦਮੀ ਪਾਰਟੀ ਦਾ ਕੋਈ ਜ਼ਿਕਰ ਨਹੀਂ ਕੀਤਾ ਪਰ ਕਿਹਾ ਕਿ ਤਾਜ਼ਾ ਸਿਆਸੀ ਰੁਝਾਨਾਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਦੇਸ਼ ਵਿਚ ਸਿਆਸੀ ਬਦਲ ਲਈ ਚੰਗੇ ਮੌਕੇ ਹਨ ਅਤੇ ਪੰਜਾਬ ਵਿਚ ਇਸ ਦਾ ਅਮਲੀ ਰੂਪ ਦਿਖ ਸਕਦਾ ਹੈ। ਉਨ੍ਹਾਂ ਨੇ ਲੋਕਾਂ ਨੂੰ ਸੱਦਾ



ਦਿੱਤਾ ਕਿ ਉਹ ਪੰਜਾਬ 'ਚੋਂ ਅਕਾਲੀ ਭਾਜਪਾ ਗਠਜੋੜ ਨੂੰ ਚਲਦਾ ਕਰਨ ਲਈ ਤੀਜੇ ਮੋਰਚੇ ਨੂੰ ਮਜ਼ਬੂਤ ਕਰਨ। ਉਨ੍ਹਾਂ ਸਪਸ਼ਟ ਕੀਤਾ ਕਿ ਪੀਪਲਜ਼ ਪਾਰਟੀ ਆਫ਼ ਪੰਜਾਬ ਆਮ ਆਦਮੀ ਪਾਰਟੀ ਦੇ ਮੋਢਿਆਂ 'ਤੇ ਚੜ੍ਹ ਕੇ ਕਾਮਯਾਬ ਹੋਣ ਵਿਚ ਯਕੀਨ ਨਹੀਂ ਰੱਖਦੀ। ਪਾਰਟੀ ਦੇ ਮੀਤ ਪ੍ਰਧਾਨ ਭਗਵੰਤ ਮਾਨ ਨੇ ਲੋਕਾਂ ਨੂੰ ਤੀਜੇ ਫਰੰਟ ਨੂੰ ਮਜ਼ਬੂਤ ਬਣਾਉਣ ਦਾ ਸੱਦਾ ਦਿੱਤਾ। ਇਸ ਮੌਕੇ ਅਕਾਲੀ ਦਲ (ਲੌਂਗੋਵਾਲ) ਦੇ ਗਗਨਜੀਤ ਸਿੰਘ ਬਰਨਾਲਾ, ਕਮਿਊਨਿਸਟ ਆਗੂ ਚਰਨ ਸਿੰਘ ਵਿਰਦੀ ਤੇ ਰਘੂਨਾਥ ਤੋਂ ਇਲਾਵਾ ਪੀਪਲਜ਼ ਪਾਰਟੀ ਦੇ ਕਿਸਾਨ ਸੈੱਲ ਦੇ ਪ੍ਰਧਾਨ ਕੁਲਦੀਪ ਸਿੰਘ ਢੋਸ, ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਭੱਟੀ, ਸੁਖਦੇਵ ਸਿੰਘ ਚਾਹਲ ਨੇ ਵੀ ਸੰਬੋਧਨ ਕੀਤਾ।

# ਫ਼ੌਜੀ ਜਵਾਨਾਂ ਦੇ ਕਤਲ ਕੇਸ ਵਿਚੋਂ ਹਰਨੇਕ ਭੱਪ ਬਰੀ

**ਲੁਧਿਆਣਾ:** ਤਿੰਨ ਫੌਜੀ ਜਵਾਨਾਂ ਨੂੰ ਕਤਲ ਕਰਨ ਦੇ ਦੋਸ਼ਾਂ ਤੇ ਟਾਂਡਾ ਅਧੀਨ ਨਜ਼ਰਬੰਦ ਹਰਨੇਕ ਸਿੰਘ ਭੱਪ ਨੂੰ ਅਦਾਲਤ ਵੱਲੋਂ ਬਰੀ ਕਰ ਦਿੱਤਾ ਹੈ। ਹਾਸਲ ਜਾਣਕਾਰੀ ਅਨੁਸਾਰ 2 ਅਪਰੈਲ, 1992 ਨੂੰ ਭਾਰਤੀ ਫ਼ੌਜੀ ਦੇ ਜਵਾਨ ਮਿਲਟਰੀ ਕੈਂਪ ਰਾੜਾ ਸਾਹਿਬ ਵਿਚ ਕੈਂਪ ਕਰ ਰਹੇ ਸਨ। ਰਾਤ 11 ਵਜੇ ਦੇ ਕਰੀਬ ਉਨ੍ਹਾਂ ਨੂੰ ਲਾਗਲੇ ਪਿੰਡ ਦੇ ਸਰਕਾਰੀ ਸਕੂਲ ਪਹੁੰਚਣ ਲਈ ਹੁਕਮ ਆਇਆ। ਰਾਸਤੇ ਵਿਚ ਕੁਝ ਵਿਅਕਤੀਆਂ ਵੱਲੋਂ ਫ਼ੌਜੀਆਂ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਫ਼ੌਜੀਆਂ ਵੱਲੋਂ ਜਵਾਬੀ ਗੋਲੀਆਂ ਚਲਾਈਆਂ ਗਈਆਂ।

ਇਸ ਮੁਕਾਬਲੇ ਵਿਚ ਤਿੰਨ ਫ਼ੌਜੀ ਜਵਾਨ ਕਾਰਤਿਕ ਰਾਜ, ਐਮ.ਡੀ. ਮੁਹੰਮਦ ਤੇ ਕਮਲ ਨਿਗੋ ਗੰਭੀਰ ਜ਼ਖਮੀ ਹੋ ਗਏ ਜੋ ਹਲਵਾਰਾ ਦੇ ਫ਼ੌਜੀ ਹਸਪਤਾਲ ਵਿਚ ਦਮ ਤੋੜ ਗਏ। ਇਸ ਮਾਮਲੇ ਵਿਚ ਪੁਲਿਸ ਨੇ ਹਰਨੇਕ ਸਿੰਘ ਭੱਪ ਨੂੰ ਗ੍ਰਿਫ਼ਤਾਰ ਕੀਤਾ ਸੀ। ਹਾਲਾਂਕਿ ਪੁਲਿਸ ਨੇ ਦੋਸ਼ ਸਾਬਤ ਕਰਨ ਲਈ ਫੌਜੀ ਅਧਿਕਾਰੀ ਤੇ ਕੁਝ ਹੋਰ ਵਿਅਕਤੀਆਂ ਨੂੰ ਗਵਾਹ ਦੇ ਤੌਰ 'ਤੇ ਅਦਾਲਤ ਵਿਚ ਪੇਸ਼ ਕੀਤਾ ਸੀ ਪਰ ਸਰਕਾਰੀ ਪੱਖ ਦੋਸ਼ ਸਾਬਤ ਨਹੀਂ ਕਰ ਸਕਿਆ ਜਿਸ 'ਤੇ ਅਦਾਲਤ ਨੇ ਇਸ ਮਾਮਲੇ ਦਾ ਨਿਬੇੜਾ ਕਰਦਿਆਂ ਹਰਨੇਕ ਸਿੰਘ ਭੱਪ ਵਾਸੀ ਪਿੰਡ ਬੁਟਾਹਰੀ ਨੂੰ ਬਰੀ ਕਰ ਦਿੱਤਾ।

# ਸਾਬਕਾ ਪੁਲਿਸ ਅਧਿਕਾਰੀ ਰੌਬ ਸਿੱਧੂ ਨੂੰ ਅੱਠ ਸਾਲ ਕੈਦ

**ਵੈਨਕੂਵਰ (ਬਿਊਰੋ):** ਕੈਨੇਡੀਅਨ ਬਾਰਡਰ ਸਰਵਿਸ ਏਜੰਸੀ ਦੇ ਸਾਬਕਾ ਪੁਲਿਸ ਅਧਿਕਾਰੀ ਰੁਪਿੰਦਰ ਉਰਫ਼ ਰੌਬ ਸਿੱਧੂ ਨੂੰ ਕੋਕੀਨ ਸਮਗਲਿੰਗ ਲਈ ਅੱਠ ਸਾਲ ਦੀ ਸਜ਼ਾ ਸੁਣਾਈ ਗਈ ਹੈ। ਸਿਆਟਲ ਸਥਿਤ ਅਦਾਲਤ ਦੇ ਜੱਜ ਰੌਬਰਟ ਐਸ. ਲੈਸਨਿਕ ਨੇ 46 ਸਾਲਾ ਸਿੱਧੂ ਵੱਲੋਂ ਆਪਣਾ ਜੁਰਮ ਕਬੂਲ ਕਰਨ 'ਤੇ ਉਕਤ ਸਜ਼ਾ ਸੁਣਾਉਂਦਿਆਂ ਕਿਹਾ ਕਿ ਦੋਸ਼ੀ ਨੇ ਪੈਸੇ ਦੇ ਲਾਲਚ ਵਿਚ ਡਰੱਗ ਸਾਜ਼ਿਸ਼ ਵਿਚ ਸ਼ਾਮਲ ਹੋ ਕੇ ਗੰਭੀਰ ਅਪਰਾਧ ਕੀਤਾ ਹੈ।

ਕੌਮਾਂਤਰੀ ਡਰੱਗ ਮਾਫੀਏ ਹੈਲਜ਼ ਏਂਜਲਜ ਰਾਹੀਂ ਅਮਰੀਕਾ ਤੋਂ ਕੈਨੇਡਾ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਰੌਇਲ ਕੈਨੇਡੀਅਨ ਮੌਂਟਡੇ ਪੁਲਿਸ ਦੇ ਅਧਿਕਾਰੀ ਰੌਬ ਸਿੱਧੂ ਨੇ 500 ਕਿਲੋਗ੍ਰਾਮ ਕੋਕੀਨ ਲੰਘਾਉਣ ਤੋਂ ਇਲਾਵਾ ਕਈ ਵਾਰ ਅਪਰਾਧਿਕ ਸਰਗਰਮੀਆਂ ਵਿਚ ਸਾਥ ਦਿੱਤਾ ਸੀ।

ਰੌਬ ਸਿੱਧੂ ਦੇ ਰੰਗੇ ਹੱਥੀਂ ਫੜੇ ਜਾਣ ਮਗਰੋਂ ਉਸ ਉਪਰ ਕਈ ਦੋਸ਼ਾਂ ਅਧੀਨ ਮੁਕੱਦਮਾ ਚੱਲਿਆ ਸੀ ਤੇ ਮਾਰਚ 2013 ਵਿਚ ਉਸ ਨੂੰ ਅਮਰੀਕਾ ਹਵਾਲੇ ਕਰ ਦਿੱਤਾ ਗਿਆ ਸੀ। ਦੋਸ਼ੀ ਵੱਲੋਂ ਖਾਸ ਸਮਝੌਤੇ ਅਧੀਨ ਗੁਨਾਹ ਕਬੂਲ ਕਰਨ 'ਤੇ ਉਕਤ ਅਪਰਾਧ ਲਈ ਅੱਠ ਸਾਲ ਦੀ ਕੈਦ ਸੁਣਾਈ ਗਈ ਹੈ ਜਦਕਿ ਆਮ ਹਾਲਤ ਵਿਚ ਇਹ ਸਜ਼ਾ 17 ਸਾਲ ਤੱਕ ਵੀ ਹੋ ਸਕਦੀ ਹੈ।


ਵਾਜਬ ਭਾਅ ਉਤੇ ਵਧੀਆ ਹੈਲਥ ਇੰਸ਼ੋਰੈਂਸ ਲੈਣ ਲਈ

COVERED CALIFORNIA

YOUR DESTINATION FOR AFFORDABLE QUALITY HEALTH CARE INCLUDING MEDI-CAL

CERTIFIED INSURANCE AGENT
GURCHARAN SINGH MANN
License # 0C70672

(510) 797-7989
2450 PERALTA BLVD, SUITE 203
FREMONT CA 94536



Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*





*Contact:*
**Dr. Baljit Jammu**
*Doctor of Chiropractic*
**Ph: 510-940-8236**
1090 La Palya Dr.,
Hayward CA 94545

# ਸਿੱਖ ਕੈਦੀਆਂ ਦੀ ਪੱਕੀ ਰਿਹਾਈ ਲਈ ਜਥੇਬੰਦੀਆਂ ਸਰਗਰਮ

**ਚੰਡੀਗੜ੍ਹ:** ਬੰਦੀ ਸਿੰਘ ਰਿਹਾਈ ਮੋਰਚਾ ਨੇ ਕਈ ਦਿਨਾਂ ਦੀ ਚੁੱਪੀ ਤੋਂ ਬਾਅਦ ਸਜ਼ਾਵਾਂ ਭੁਗਤ ਚੁੱਕੇ ਸਿੱਖ ਕੈਦੀਆਂ ਦੀ ਪੱਕੀ ਰਿਹਾਈ ਦੀ ਵਕਾਲਤ ਕਰਦਿਆਂ ਕਾਨੂੰਨੀ ਚਾਰਾਜੋਈ ਸ਼ੁਰੂ ਕਰ ਦਿੱਤੀ ਹੈ। ਜਥੇਬੰਦੀ ਵੱਲੋਂ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਹੱਤਿਆ ਕਾਂਡ ਮਾਮਲੇ ਬਾਰੇ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚ ਨਜ਼ਰਬੰਦ ਰਹੇ ਲਖਵਿੰਦਰ ਸਿੰਘ ਉਰਫ਼ ਲੱਖਾ, ਸ਼ਮਸ਼ੇਰ ਸਿੰਘ ਉਰਫ਼ ਸ਼ੇਰਾ ਤੇ ਗੁਰਮੀਤ ਸਿੰਘ ਦੀ ਪੱਕੀ ਰਿਹਾਈ ਲਈ ਆਈ.ਜੀ. (ਜੇਲ੍ਹਾਂ) ਨੂੰ ਵੱਖ-ਵੱਖ ਅਰਜ਼ੀਆਂ ਸੌਂਪੀਆਂ ਹਨ।

ਇਸ ਤੋਂ ਪਹਿਲਾਂ ਮੁਹਾਲੀ ਵਿਖੇ ਗੁਰੂ ਆਸਰਾ ਟਰੱਸਟ ਵਿਚ ਬੰਦੀ ਸਿੰਘ ਰਿਹਾਈ ਮੋਰਚਾ, ਵੱਖ-ਵੱਖ ਸਿੱਖ ਜਥੇਬੰਦੀਆਂ ਤੇ ਅਕਾਲੀ ਆਗੂਆਂ ਦੀ ਮੀਟਿੰਗ ਹੋਈ। ਇਸ ਵਿਚ ਹਰਿਆਣਾ ਦੇ ਗਰਮਖਿਆਲੀ ਆਗੂ ਗੁਰਬਖ਼ਸ਼ ਸਿੰਘ ਖ਼ਾਲਸਾ ਸਮੇਤ ਬੰਦੀ ਸਿੰਘ ਰਿਹਾਈ ਮੋਰਚਾ ਦੇ ਆਗੂ ਹਰਪਾਲ ਸਿੰਘ ਚੀਮਾ, ਵਕੀਲ ਅਮਰ ਸਿੰਘ ਚਾਹਲ, ਅਖੰਡ ਕੀਰਤਨੀ ਜਥੇ ਦੇ ਮੁੱਖ ਬੁਲਾਰੇ ਆਰ.ਪੀ. ਸਿੰਘ, ਦਲ ਖ਼ਾਲਸਾ ਦੇ ਆਗੂ ਸਤਨਾਮ ਸਿੰਘ ਪਾਉਂਟਾ ਸਾਹਿਬ, ਕਮਿਕਰ ਸਿੰਘ, ਅਕਾਲੀ ਆਗੂ ਗੁਰਨਾਮ



ਸਿੰਘ ਸਿੱਧੂ, ਕਸ਼ਮੀਰ ਕੌਰ ਤੇ ਕੁਲਬੀਰ ਕੌਰ ਧਾਮੀ ਨੇ ਸ਼ਿਰਕਤ ਕੀਤੀ।

ਸਿੱਖ ਆਗੂਆਂ ਨੇ ਦੱਸਿਆ ਕਿ ਬੁੜੈਲ ਜੇਲ੍ਹ ਵਿਚੋਂ 28 ਦਿਨਾਂ ਦੀ ਪੈਰੋਲ 'ਤੇ ਰਿਹਾਅ ਹੋਏ ਲਖਵਿੰਦਰ ਸਿੰਘ ਉਰਫ਼ ਲੱਖਾ, ਸ਼ਮਸ਼ੇਰ ਸਿੰਘ ਉਰਫ਼ ਸ਼ੇਰਾ ਤੇ ਗੁਰਮੀਤ ਸਿੰਘ ਦੀ ਪੱਕੀ ਰਿਹਾਈ ਲਈ ਬੀਤੀ ਨੌਂ ਜਨਵਰੀ ਨੂੰ ਬੁੜੈਲ ਜੇਲ੍ਹ ਚੰਡੀਗੜ੍ਹ ਅਥਾਰਟੀ, ਜ਼ਿਲ੍ਹਾ ਅਦਾਲਤ ਤੇ ਚੰਡੀਗੜ੍ਹ ਦੇ ਆਈ.ਜੀ. (ਜੇਲ੍ਹਾਂ) ਨੂੰ ਵੱਖ-ਵੱਖ ਅਰਜ਼ੀਆਂ ਦਿੱਤੀਆਂ ਗਈਆਂ ਹਨ। ਇਹ ਤਿੰਨੇ ਜਣੇ ਉਮਰ ਕੈਦ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਹਨ। ਹੁਣ ਤੱਕ ਇਹ ਕੈਦੀ ਛੁੱਟੀਆਂ ਮਿਲਾ ਕੇ ਕਰੀਬ 22 ਸਾਲਾਂ ਦੀ ਸਜ਼ਾ ਭੁਗਤ ਚੁੱਕੇ ਹਨ। ਸਿੱਖ ਕੈਦੀ ਪੱਕੀ ਰਿਹਾਈ ਲਈ ਲੋੜੀਂਦੀਆਂ ਸ਼ਰਤਾਂ ਵੀ ਪੂਰੀਆਂ ਕਰਦੇ ਹਨ ਜਿਸ ਕਾਰਨ ਜਥੇਬੰਦੀ ਵੱਲੋਂ ਇਸੇ ਹਫ਼ਤੇ ਸਿੱਖ ਕੈਦੀਆਂ ਦੀ ਜ਼ਮਾਨਤ ਤੇ ਪੈਰੋਲ ਦੀ ਛੁੱਟੀ ਵਧਾਉਣ ਲਈ ਸੁਪਰੀਮ ਕੋਰਟ ਵਿਚ ਅਰਜ਼ੀ ਦਾਇਰ ਕੀਤੀ ਜਾ ਰਹੀ ਹੈ।

ਅਖੰਡ ਕੀਰਤਨੀ ਜਥੇ ਦੇ ਬੁਲਾਰੇ ਆਰ.ਪੀ. ਸਿੰਘ ਨੇ ਦੱਸਿਆ ਕਿ ਇਸ ਮੁੱਦੇ 'ਤੇ ਜਥੇਬੰਦੀ ਦੀ ਕੁਝ ਦਿਨ ਪਹਿਲਾਂ ਹੋਈ ਮੀਟਿੰਗ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਭਰੋਸਾ ਦਿੱਤਾ ਸੀ ਕਿ ਕੇਂਦਰੀ ਜੇਲ੍ਹ ਨਾਭਾ ਵਿਚੋਂ ਪੈਰੋਲ 'ਤੇ ਰਿਹਾਅ ਹੋਏ ਲਾਲ ਸਿੰਘ ਅਕਾਲਗੜ੍ਹ ਬਾਰੇ ਗੁਜਰਾਤ ਸਰਕਾਰ ਦੀ ਅਪੀਲ ਸੁਪਰੀਮ ਕੋਰਟ ਵਿਚ ਵਿਚਾਰ ਅਧੀਨ ਹੈ। ਉਹ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਇਹ ਕੇਸ ਵਾਪਸ ਲੈਣ ਲਈ ਜ਼ੋਰ ਪਾਉਣਗੇ। ਉਨ੍ਹਾਂ ਕਿਹਾ ਕਿ ਜਥੇਬੰਦੀ ਜਲਦੀ ਹੀ ਸ. ਬਾਦਲ ਨੂੰ ਮਿਲ ਕੇ ਆਪਣਾ ਵਾਅਦਾ ਪੂਰਾ ਕਰਨ ਦੀ ਅਪੀਲ ਕਰੇਗੀ।

ਉਧਰ, ਕੇਂਦਰੀ ਜੇਲ੍ਹ ਗੁਲਬਰਗ (ਕਰਨਾਟਕਾ) ਵਿਚ ਬੰਦ ਗੁਰਦੀਪ ਸਿੰਘ ਖਹਿਰਾ ਬਾਰੇ ਕਰਨਾਟਕਾ ਸਰਕਾਰ ਨੇ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ 'ਤੇ ਸੁੱਟ ਦਿੱਤੀ ਹੈ। ਕਰਨਾਟਕਾ ਦੇ ਡੀ.ਜੀ.ਪੀ. (ਜੇਲ੍ਹਾਂ) ਨੇ ਪੰਜਾਬ ਨੂੰ ਪੱਤਰ ਭੇਜ ਕੇ ਕਿਹਾ ਹੈ ਕਿ ਇਸ ਕੈਦੀ ਨੂੰ ਪੰਜਾਬ ਦੀ ਕਿਸੇ ਵੀ ਜੇਲ੍ਹ ਵਿਚ ਸ਼ਿਫ਼ਟ ਕਰਨ ਦੀ ਸਿਫਾਰਸ਼ ਭੇਜੀ ਜਾਵੇ। ਇਸੇ ਤਰ੍ਹਾਂ ਪੀਲੀਭੀਤ ਦੀ ਬਾਂਸ-ਬਰੇਲੀ ਜੇਲ੍ਹ (ਯੂ.ਪੀ) ਵਿਚ ਬੰਦ ਵਰਿਆਮ ਸਿੰਘ ਸਬੰਧੀ ਕਾਨੂੰਨੀ ਪ੍ਰਕਿਰਿਆ ਤੇਜ਼ ਕਰ ਦਿੱਤੀ ਗਈ ਹੈ।

ਸ. ਹਰਪਾਲ ਚੀਮਾ ਨੇ ਦੱਸਿਆ ਕਿ ਰਾਜਪਾਲ ਯੂ.ਪੀ. ਦੇ ਕਾਨੂੰਨੀ ਸਲਾਹਕਾਰ ਛੁੱਟੀ 'ਤੇ ਹੋਣ ਕਾਰਨ ਕੈਦੀ ਨੂੰ ਪੈਰੋਲ 'ਤੇ ਰਿਹਾਅ ਕਰਨ ਵਿਚ ਦੇਰੀ ਹੋ ਰਹੀ ਹੈ। ਕਾਨੂੰਨੀ ਸਲਾਹਕਾਰ ਸੋਮਵਾਰ ਨੂੰ ਆਪਣੇ ਦਫ਼ਤਰ ਪਰਤ ਆਉਣਗੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਬਖ਼ਸ਼ ਸਿੰਘ ਖਾਲਸਾ ਨੇ ਦੁਹਰਾਇਆ ਕਿ ਉਹ ਸ਼ਾਂਤਮਈ ਤਰੀਕੇ ਨਾਲ ਵੱਖ-ਵੱਖ ਜੇਲ੍ਹਾਂ ਵਿੱਚ ਨਜ਼ਰਬੰਦ ਸਜ਼ਾਵਾਂ ਕੱਟ ਚੁੱਕੇ ਕੈਦੀਆਂ ਦੀ ਰਿਹਾਈ ਲਈ ਸੰਘਰਸ਼ ਜਾਰੀ ਰੱਖਣਗੇ ਤੇ ਕਾਨੂੰਨੀ ਲੜਾਈ ਵੀ ਲੜੀ ਜਾਵੇਗੀ।

# ਪੈਰੋਲ 'ਤੇ ਰਿਹਾਅ ਸਿੱਖ ਕੈਦੀ ਘਰਾਂ ਵਿਚ ਨਜ਼ਰਬੰਦ!

**ਮੁਹਾਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦੇ ਹੱਤਿਆ ਕਾਂਡ ਮਾਮਲੇ ਬਾਰੇ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚ ਨਜ਼ਰਬੰਦ ਰਹੇ ਲਖਵਿੰਦਰ ਸਿੰਘ ਉਰਫ਼ ਲੱਖਾ, ਸ਼ਮਸ਼ੇਰ ਸਿੰਘ ਉਰਫ਼ ਸ਼ੇਰਾ ਤੇ ਗੁਰਮੀਤ ਸਿੰਘ ਸਮੇਤ ਗੁਜਰਾਤ ਮਾਮਲੇ ਵਿਚ ਨਾਮਜ਼ਦ ਲਾਲ ਸਿੰਘ ਨੂੰ ਭਾਵੇਂ ਕੁਝ ਦਿਨ ਪਹਿਲਾਂ ਹੀ ਪੈਰੋਲ 'ਤੇ ਰਿਹਾਅ ਕੀਤਾ ਗਿਆ ਹੈ ਪਰ ਇਹ ਕੈਦੀ ਅੱਜ ਵੀ ਆਪਣੇ ਘਰਾਂ ਵਿਚ ਕੈਦ ਹਨ। ਇਨ੍ਹਾਂ 'ਤੇ ਏਨੀਆਂ ਪਾਬੰਦੀਆਂ ਲਾਈਆਂ ਗਈਆਂ ਹਨ ਕਿ ਇਹ ਜ਼ਿਲ੍ਹਾ ਮੈਜਿਸਟਰੇਟ ਦੀ ਪ੍ਰਵਾਨਗੀ ਤੋਂ ਬਿਨਾਂ ਘਰ ਤੋਂ ਬਾਹਰ ਨਹੀਂ ਜਾ ਸਕਦੇ।

ਇਸੇ ਦੌਰਾਨ ਦਮਦਮੀ ਟਕਸਾਲ, ਸੰਤ ਸਮਾਜ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੀਤੇ ਦਿਨੀਂ ਇਨ੍ਹਾਂ ਚਾਰੇ ਸਿੱਖ ਕੈਦੀਆਂ ਦਾ ਸਨਮਾਨ ਕਰਨ ਦਾ ਪ੍ਰੋਗਰਾਮ ਉਲੀਕਿਆ ਜਾਣਾ ਸੀ ਪਰ ਕਾਨੂੰਨ ਦੀਆਂ ਸਖ਼ਤ ਬੰਦਸ਼ਾਂ ਕਰਕੇ ਉਹ ਘਰ ਤੋਂ ਬਾਹਰ ਨਹੀਂ ਜਾ ਸਕਦੇ ਸਨ। ਇਸ ਕਾਰਨ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਜਸਬੀਰ ਸਿੰਘ ਰੋਡੇ, ਦਮਦਮੀ ਟਕਸਾਲ ਤੇ ਸੰਤ ਸਮਾਜ ਦੇ ਮੁਖੀ ਹਰਨਾਮ ਸਿੰਘ ਖਾਲਸਾ, ਮੁੱਖ ਬੁਲਾਰੇ ਸੁਖਵਿੰਦਰ ਸਿੰਘ ਰਤਵਾੜਾ, ਫਤਹਿਗੜ੍ਹ ਸਾਹਿਬ




ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਪ੍ਰੀਤ ਸਿੰਘ ਰੰਧਾਵਾ ਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਵੱਲੋਂ ਇਨ੍ਹਾਂ ਚਾਰਾਂ ਨੂੰ ਇਨ੍ਹਾਂ ਦੇ ਘਰ ਜਾ ਕੇ ਸਨਮਾਨ ਕਰਨਾ ਪਿਆ।

ਇਸ ਬਾਰੇ ਚੰਡੀਗੜ੍ਹ ਦੇ ਏਆਈਜੀ (ਜੇਲ੍ਹਾਂ) ਬਲਬੀਰ ਸਿੰਘ ਢੋਲ ਨੇ ਦੱਸਿਆ ਕਿ ਪੈਰੋਲ 'ਤੇ ਰਿਹਾਅ ਕੈਦੀਆਂ ਨੂੰ ਹਫ਼ਤੇ ਵਿਚ ਦੋ ਦਿਨ ਸਬੰਧਤ ਥਾਣੇ ਵਿਚ ਹਾਜ਼ਰੀ ਲਾਉਣੀ ਪਵੇਗੀ। ਉਨ੍ਹਾਂ ਨੂੰ ਘਰ ਤੋਂ ਬਾਹਰ ਆਉਣ-ਜਾਣ ਲਈ ਪਹਿਲਾਂ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਮੈਜਿਸਟਰੇਟ ਤੋਂ ਲਿਖਤੀ ਰੂਪ ਵਿਚ ਪ੍ਰਵਾਨਗੀ ਲੈਣੀ ਜ਼ਰੂਰੀ ਹੈ। ਅਜਿਹਾ ਨਾ ਕਰਨ 'ਤੇ ਕੈਦੀ ਵੱਲੋਂ ਜਾਣਬੁਝ ਕੇ ਕਾਨੂੰਨ ਦੀ ਉਲੰਘਣਾ ਕਰਨਾ ਮੰਨਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੈਰੋਲ 'ਤੇ ਰਿਹਾਈ ਦੌਰਾਨ ਕੈਦੀਆਂ ਦੀਆਂ ਸਰਗਰਮੀਆਂ ਲਈ ਜ਼ਿਲ੍ਹਾ ਮੈਜਿਸਟਰੇਟ ਤੇ ਐਸਐਸਪੀ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੋਣਗੇ।

# ਪ੍ਰੋ. ਦਵਿੰਦਰਪਾਲ ਭੁੱਲਰ ਨੂੰ ਰਿਹਾਅ ਕੀਤਾ ਜਾਵੇ: ਜਸਟਿਸ ਕਾਟਜੂ

**ਅੰਮ੍ਰਿਤਸਰ:** 'ਪ੍ਰੈੱਸ ਕੌਂਸਲ ਆਫ ਇੰਡੀਆ' ਦੇ ਚੇਅਰਮੈਨ ਜਸਟਿਸ ਮਾਰਕੰਡੇ ਕਾਟਜੂ ਨੇ ਆਖਿਆ ਹੈ ਕਿ ਤਿਹਾੜ ਜੇਲ੍ਹ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਮਨੁੱਖੀ ਹਮਦਰਦੀ ਦੇ ਆਧਾਰ 'ਤੇ ਰਿਹਾਅ ਕਰ ਦੇਣਾ ਚਾਹੀਦਾ ਹੈ। ਉਹ ਲੰਘੇ ਦਿਨੀਂ ਇਥੇ ਪਰਿਵਾਰ ਸਮੇਤ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਲਈ ਆਏ ਸਨ। ਮੱਥਾ ਟੇਕਣ ਉਪਰੰਤ ਉਨ੍ਹਾਂ ਕਿਹਾ ਕਿ ਇਸ ਪਵਿੱਤਰ ਸਥਾਨ 'ਤੇ ਆ ਕੇ ਉਨ੍ਹਾਂ ਨੂੰ ਅਤਿਅੰਤ ਖੁਸ਼ੀ ਤੇ ਸ਼ਾਂਤੀ ਪ੍ਰਾਪਤ ਹੋਈ ਹੈ।

ਜਸਟਿਸ ਕਾਟਜੂ ਨੇ ਸਰਬੱਤ ਦੇ ਭਲੇ ਦੀ ਕਾਮਨਾ ਕਰਦਿਆਂ ਕਿਹਾ ਕਿ ਉਨ੍ਹਾਂ ਇਥੇ ਦੇਸ਼ ਅੰਦਰ ਆਪਸੀ ਪਿਆਰ, ਸ਼ਾਂਤੀ ਤੇ ਭਾਈਚਾਰਕ ਸਾਂਝ ਦੀ ਅਰਦਾਸ ਕੀਤੀ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਰੁਕਵਾਉਣ ਲਈ ਉਹ ਪਹਿਲਾਂ ਵੀ ਰਾਸ਼ਟਰਪਤੀ ਨੂੰ ਮਿਲੇ ਸਨ ਤੇ ਕਾਨੂੰਨੀ ਨੁਕਤੇ ਨਿਗਾਹ ਨਾਲ ਇਸ ਕੇਸ ਬਾਰੇ ਵੀ ਗੱਲ ਕੀਤੀ ਸੀ। ਉਨ੍ਹਾਂ ਆਖਿਆ ਕਿ ਕਾਨੂੰਨੀ ਨੁਕਤੇ ਨਿਗਾਹ ਨਾਲ ਇਹ ਕੇਸ ਕਮਜ਼ੋਰ ਹੈ ਤੇ ਉਹ 22 ਸਾਲ ਤੋਂ ਵਧੇਰੇ ਸਜ਼ਾ ਭੁਗਤ ਚੁੱਕਾ ਹੈ। ਇਸ ਵੇਲੇ ਉਸ ਦੀ ਮਾਨਸਿਕ ਹਾਲਤ ਵੀ ਠੀਕ ਨਹੀਂ ਹੈ।

ਅਜਿਹੀ ਹਾਲਤ ਵਿਚ ਮਨੁੱਖੀ ਹਮਦਰਦੀ ਦੇ ਆਧਾਰ 'ਤੇ ਫਾਂਸੀ ਦੀ ਸਜ਼ਾ ਮਾਫ ਕਰਦਿਆਂ ਉਸ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ। ਦਰਬਾਰ ਸਾਹਿਬ ਵਿਖੇ ਪਹੁੰਚਣ 'ਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਉਨ੍ਹਾਂ ਨੂੰ 'ਜੀ ਆਇਆਂ' ਆਖਿਆ ਅਤੇ ਸਨਮਾਨਤ ਵੀ ਕੀਤਾ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਜਸਟਿਸ ਮਾਰਕੰਡੇ ਕਾਟਜੂ ਵੱਲੋਂ ਆਪਣੇ ਕਾਰਜਕਾਲ ਦੌਰਾਨ ਹਰੇਕ ਨੂੰ ਇਨਸਾਫ ਦਿੱਤਾ ਗਿਆ ਤੇ ਉਨ੍ਹਾਂ ਆਪਣੀ ਨਿਆਂਇਕ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ ਬਾਖ਼ੂਬੀ ਨਿਭਾਇਆ। ਉਨ੍ਹਾਂ ਕਿਹਾ ਕਿ ਜਸਟਿਸ ਕਾਟਜੂ ਨੇ ਘੱਟ ਗਿਣਤੀ ਵਰਗ ਦੇ ਹਿੱਤਾਂ ਦੀ ਰਾਖੀ ਲਈ ਸ਼ਲਾਘਾਯੋਗ ਕਾਰਜ ਕੀਤੇ ਹਨ ਜਿਸ ਲਈ ਘੱਟ ਗਿਣਤੀ ਵਰਗ ਉਨਾਂ ਦਾ ਹਮੇਸ਼ਾ ਰਿਣੀ ਰਹੇਗਾ।

# ਸਾਬਕਾ ਵਿਧਾਇਕ ਦੇ ਪੁੱਤਰ ਵੱਲੋਂ ਪਤਨੀ ਦੇ ਕਤਲ ਪਿਛੋਂ ਖੁਦਕੁਸ਼ੀ

**ਪਟਿਆਲਾ:** ਹਲਕਾ ਸ਼ੁਤਰਾਣਾ ਦੇ ਸਾਬਕਾ ਵਿਧਾਇਕ ਗੁਰਦੇਵ ਸਿੰਘ ਸਿੱਧੂ ਦੇ 44 ਸਾਲਾ ਪੁੱਤਰ ਬਲਵਿੰਦਰਪਾਲ ਸਿੰਘ ਸਿੱਧੂ ਨੇ ਝਗੜੇ ਤੋਂ ਬਾਅਦ ਆਪਣੀ ਪਤਨੀ ਗੁਰਮੀਤ ਕੌਰ ਨੂੰ ਗੋਲੀ ਮਾਰਨ ਤੋਂ ਬਾਅਦ ਆਪਣੇ ਆਪ ਨੂੰ ਵੀ ਗੋਲੀ ਮਾਰ ਲਈ। ਇਸ ਘਟਨਾ ਵਿਚ ਦੋਵਾਂ ਦੀ ਮੌਤ ਹੋ ਗਈ। ਇਹ ਵਾਰਦਾਤ ਐਤਵਾਰ ਸਵੇਰੇ ਉਨ੍ਹਾਂ ਦੀ ਪਟਿਆਲਾ ਸਥਿਤ ਮਜੀਠੀਆ ਐਨਕਲੇਵ ਵਿਖੇ ਰਿਹਾਇਸ਼ 'ਤੇ ਵਾਪਰੀ। ਇਹ ਦੋਵੇਂ ਇਥੇ ਮਜੀਠੀਆ ਐਨਕਲੇਵ ਵਿਖੇ ਸ. ਸਿੱਧੂ ਦੇ ਨਾਲ ਹੀ ਰਹਿੰਦੇ ਸਨ ਜਿਨ੍ਹਾਂ ਦੇ ਦੋ ਲੜਕੇ ਹਨ। ਸ਼ਨਿਚਰਵਾਰ ਰਾਤੀਂ 10 ਵਜੇ ਕਿਸੇ ਮਾਮਲੇ ਨੂੰ ਲੈ ਕੇ ਮੀਆਂ ਬੀਬੀ ਵਿਚਕਾਰ ਤਕਰਾਰ ਹੋਇਆ ਸੀ ਤੇ ਦੋਵਾਂ ਨੂੰ ਝਗੜਦਿਆਂ ਵੇਖ ਸ. ਸਿੱਧੂ ਨੇ ਸ਼ਾਂਤ ਕਰਦਿਆਂ ਸਵੇਰੇ ਗੱਲ ਕਰਨ ਲਈ ਆਖ ਕੇ ਮਾਮਲਾ ਟਾਲ ਦਿੱਤਾ ਸੀ।

ਰਾਤ ਨੂੰ ਤਾਂ ਭਾਵੇਂ ਉਹ ਚੁੱਪ ਕਰ ਗਏ ਪਰ ਸਵੇਰੇ ਉੱਠਦਿਆਂ ਹੀ ਫਿਰ ਝਗੜਨ ਲੱਗ ਪਏ ਤੇ ਇਸ ਦੌਰਾਨ ਸਵੇਰੇ ਅੱਠ ਕੁ ਵਜੇ ਜਦੋਂ ਸ. ਸਿੱਧੂ ਬਾਥਰੂਮ ਗਏ ਤਾਂ ਬਲਵਿੰਦਰਪਾਲ ਉਨ੍ਹਾਂ ਦੇ ਕਮਰੇ ਵਿਚੋਂ ਬਾਰਾਂ ਬੋਰ ਦੀ ਰਾਈਫਲ ਚੁੱਕ ਕੇ ਲੈ ਗਿਆ ਤੇ ਜਾਂਦਿਆਂ ਹੀ ਆਪਣੇ ਕਮਰੇ ਨੂੰ ਅੰਦਰੋ ਕੁੰਡੀ ਮਾਰ ਲਈ। ਅਜਿਹਾ ਕਰਦਿਆਂ ਦੇਖ ਉਸ ਦੇ ਲੜਕੇ ਨੇ ਕੁੰਡੀ ਖੁਲ੍ਹਵਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਇਸ ਤੋਂ ਪਹਿਲਾਂ ਕਿ ਕੁੰਡੀ ਖੁੱਲ੍ਹਦੀ ਅੰਦਰੋਂ ਦੋ ਗੋਲੀਆਂ ਚੱਲਣ ਦੀ ਆਵਾਜ਼ ਆਈ। ਪਰਿਵਾਰ ਦੇ ਮੈਂਬਰਾਂ ਨੇ ਦਰਵਾਜ਼ਾ ਤੋੜ ਕੇ ਵੇਖਿਆ ਤਾਂ ਦੋਵੇਂ ਜੀਅ ਖੂਨ ਨਾਲ ਲੱਥਪਥ ਪਏ ਸਨ। ਪਤਨੀ ਦੇ ਪੇਟ ਵਿਚ ਗੋਲੀ ਮਾਰਨ ਉਪਰੰਤ ਬਲਵਿੰਦਰਪਾਲ ਨੇ ਆਪਣੇ ਮੱਥੇ 'ਚ ਗੋਲੀ ਮਾਰ ਲਈ ਜਿਸ ਕਾਰਨ ਉਸ ਦਾ ਚਿਹਰਾ ਉਡ ਗਿਆ ਸੀ।

## ਘੱਟ ਗਿਣਤੀਆਂ ਖ਼ਿਲਾਫ਼ ਕੇਸਾਂ ਬਾਰੇ ਸੂਬਿਆਂ ਨੂੰ ਲਿਖਾਂਗੇ: ਸ਼ਿੰਦੇ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਕਿਹਾ ਹੈ ਕਿ ਜੇਲ੍ਹਾਂ ਵਿਚ ਬੰਦ ਘੱਟ ਗਿਣਤੀ ਨੌਜਵਾਨਾਂ ਦੇ ਮਾਮਲਿਆਂ 'ਤੇ ਵਿਚਾਰ ਕਰਨ ਲਈ ਛੇਤੀ ਹੀ ਉਹ ਸਾਰੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਚਿੱਠੀ ਲਿਖਣਗੇ।

ਆਪਣੇ ਮੰਤਰਾਲੇ ਦੀ ਦਸੰਬਰ ਦੀ ਰਿਪੋਰਟ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਬਿਨਾਂ ਮੁਕੱਦਮੇ ਦੇ ਦਸ਼ਿਹਤੀ ਮਾਮਲਿਆਂ ਵਿਚ ਜੇਲ੍ਹਾਂ ਵਿਚ ਬੰਦ ਘੱਟ ਗਿਣਤੀ ਫਿਰਕੇ ਦੇ ਨੌਜਵਾਨਾਂ ਦੇ ਮਾਮਲਿਆਂ ਨੂੰ ਸੰਜੀਦਗੀ ਨਾਲ ਨਜਿੱਠਣ ਲਈ ਕੇਂਦਰ ਸਾਰੀਆਂ ਸੂਬਾ ਸਰਕਾਰਾਂ ਨੂੰ ਸਕਰੀਨਿੰਗ ਜਾਂ ਅਤਿਵਾਦ ਰੋਕੂ ਐਕਟ (ਪੋਟਾ) ਦੀ ਤਰਜ਼ 'ਤੇ ਸਲਾਹਕਾਰ ਕਮੇਟੀਆਂ ਸਥਾਪਤ ਕਰਨ ਲਈ ਕਹਿਣਗੇ।

# ਗੁਰੂ ਗੋਬਿੰਦ ਸਿੰਘ ਮਾਰਗ ਪ੍ਰਾਜੈਕਟ ਵਿਚਾਲੇ ਲਟਕਿਆ

**ਬਠਿੰਡਾ:** ਤਖ਼ਤ ਦਮਦਮਾ ਸਾਹਿਬ ਤੋਂ ਹਜ਼ੂਰ ਸਾਹਿਬ ਤੱਕ ਗੁਰੂ ਗੋਬਿੰਦ ਸਿੰਘ ਮਾਰਗ ਬਣਾਉਣ ਦੇ ਪ੍ਰਾਜੈਕਟ ਬਾਰੇ ਪੰਜਾਬ ਸਰਕਾਰ ਨੇ ਚੁੱਪ ਵੱਟ ਲਈ ਹੈ। ਇਥੋਂ ਤੱਕ ਕਿ ਅਕਾਲੀ ਭਾਜਪਾ ਸਰਕਾਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਵੀ ਇਸ ਪ੍ਰਾਜੈਕਟ ਦਾ ਜ਼ਿਕਰ ਨਹੀਂ ਕੀਤਾ। ਤਲਵੰਡੀ ਸਾਬੋ ਤੋਂ ਨਾਦੇੜ ਤੱਕ 1700 ਕਿਲੋਮੀਟਰ ਲੰਮਾ ਮਾਰਗ ਬਣਨਾ ਹੈ ਜਿਸ 'ਤੇ ਹਰ ਸੂਬਾ ਸਰਕਾਰ ਨੇ ਆਪਣੇ ਹਿੱਸੇ 'ਤੇ ਪੈਸਾ ਖਰਚ ਕਰਨਾ ਹੈ।

ਪੰਜਾਬ ਵਿਚ ਕਾਂਗਰਸ ਸਰਕਾਰ ਵੇਲੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਠਿੰਡਾ ਵਿਚ 21 ਜੂਨ, 2006 ਨੂੰ ਇਸ ਦਾ ਐਲਾਨ ਕੀਤਾ ਸੀ। ਫਰਵਰੀ 2007 ਵਿਚ ਸਰਕਾਰ ਤਬਦੀਲ ਹੋਣ ਮਗਰੋਂ ਅਕਾਲੀ ਭਾਜਪਾ ਸਰਕਾਰ ਨੇ ਇਸ ਪ੍ਰਾਜੈਕਟ 'ਤੇ ਕੰਮ ਸ਼ੁਰੂ ਕਰ ਦਿੱਤਾ। ਜ਼ਿਕਰਯੋਗ ਹੈ ਕਿ 10 ਅਪਰੈਲ, 1973 ਨੂੰ ਤਤਕਾਲੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਆਨੰਦਪੁਰ ਸਾਹਿਬ ਤੋਂ ਤਲਵੰਡੀ ਸਾਬੋ ਤੱਕ ਬਣਾਏ ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ ਦਾ ਉਦਘਾਟਨ ਕੀਤਾ ਸੀ।

ਇਹ ਮਾਰਗ 577 ਕਿਲੋਮੀਟਰ ਲੰਬਾ ਹੈ ਜਿਸ ਦਾ ਹੁਣ ਨਾਦੇੜ ਸਾਹਿਬ ਤੱਕ ਵਿਸਥਾਰ ਕੀਤਾ ਜਾਣਾ ਹੈ। ਕੇਂਦਰ ਸਰਕਾਰ ਨੇ ਸਾਲ 2007 ਵਿਚ ਸ਼ਿਵਰਾਜ ਪਾਟਿਲ ਦੀ ਅਗਵਾਈ



ਵਿਚ ਕੌਮੀ ਕਮੇਟੀ ਬਣਾਈ ਸੀ ਤੇ ਉਸ ਵੇਲੇ ਆਨੰਦਪੁਰ ਸਾਹਿਬ ਤੇ ਤਲਵੰਡੀ ਸਾਬੋ ਲਈ 200 ਕਰੋੜ ਰੁਪਏ ਦੇ ਪ੍ਰਾਜੈਕਟ ਮੰਨਜ਼ੂਰ ਹੋਏ ਸਨ। 26 ਦਸੰਬਰ 2007 ਨੂੰ ਤਤਕਾਲੀ ਕੇਂਦਰੀ ਸੈਰ ਸਪਾਟਾ ਮੰਤਰੀ ਅੰਬਿਕਾ ਸੋਨੀ ਨੇ ਕੌਮੀ ਕਮੇਟੀ ਕੋਲ ਗੁਰੂ ਗੋਬਿੰਦ ਸਿੰਘ ਮਾਰਗ ਦੇ ਵਿਸਥਾਰ ਦਾ ਮਾਮਲਾ ਉਠਾਇਆ ਸੀ ਤੇ ਸਰਕਾਰ ਨੇ ਮਾਰਗ ਬਣਾਏ ਜਾਣ ਬਾਰੇ ਪ੍ਰਤੀਬੱਧਤਾ ਜ਼ਾਹਰ ਕੀਤੀ ਸੀ।

ਪੰਜਾਬ ਸਰਕਾਰ ਨੇ ਸਾਲ 2009 -10 ਵਿਚ ਇਸ ਮਾਰਗ ਦੇ ਵਿਸਥਾਰ ਲਈ ਮੁੜ ਉਪਰਾਲੇ ਸ਼ੁਰੂ ਕੀਤੇ ਸਨ ਜਿਸ ਤਹਿਤ ਦੂਜੇ ਸੂਬਿਆਂ ਦੀਆਂ ਸਰਕਾਰਾਂ ਨੂੰ ਪੱਤਰ ਵੀ ਲਿਖੇ ਗਏ ਸਨ। ਪੰਜਾਬ ਸਰਕਾਰ ਇਹ ਵੀ ਕਹਿੰਦੀ ਰਹੀ ਕਿ ਦੂਸਰੇ ਸੂਬਿਆਂ ਵਿਚ ਕਾਂਗਰਸ ਸਰਕਾਰ ਹੋਣ ਕਰਕੇ ਇਸ ਮਾਰਗ ਲਈ ਸਹਿਯੋਗ ਨਹੀਂ ਮਿਲ ਰਿਹਾ। ਮੌਜੂਦਾ ਸਮੇਂ ਰਾਜਸਥਾਨ ਤੇ ਗੁਜਰਾਤ ਵਿਚ ਭਾਜਪਾ ਸਰਕਾਰਾਂ ਹਨ ਜਿਨ੍ਹਾਂ ਤੋਂ ਪੰਜਾਬ ਸਰਕਾਰ ਸਹਿਯੋਗ ਲੈ ਸਕਦੀ ਹੈ। ਗੁਰੂ ਗੋਬਿੰਦ ਸਿੰਘ ਮਾਰਗ ਹਰਿਆਣਾ, ਰਾਜਸਥਾਨ, ਗੁਜਰਾਤ ਤੇ ਮਹਾਰਾਸ਼ਟਰ ਵਿਚੋਂ ਲੰਘਣਾ ਹੈ। ਪੰਜਾਬ ਦਾ ਆਖ਼ਰੀ ਪਿੰਡ ਗਾਟਵਾਲੀ ਪੈਂਦਾ ਹੈ ਜਿਥੋਂ ਤੱਕ ਇਹ ਮਾਰਗ ਬਣ ਚੁੱਕਾ ਹੈ।

## ਪਰਵਾਸੀ ਪੰਜਾਬੀ 'ਤੇ ਕਤਲ ਦਾ ਕੇਸ

**ਲੰਡਨ:** ਤਕਰੀਬਨ 17 ਸਾਲ ਪਹਿਲਾਂ ਇਕ ਬ੍ਰਿਟਿਸ਼ ਸਿੱਖ ਦੇ ਕਤਲ ਦੇ ਮਾਮਲੇ ਵਿਚ ਭਾਰਤੀ ਮੂਲ ਦੇ ਮੁਲਜ਼ਮ ਖ਼ਿਲਾਫ਼ ਇਸ ਸਾਲ ਮੁਕੱਦਮਾ ਚੱਲੇਗਾ। ਕਿਰਨਜੀਤ ਉੱਪਲ (36) ਨੂੰ ਹੀਥਰੋ ਹਵਾਈ ਅੱਡੇ ਤੋਂ ਪਿਛਲੇ ਸਾਲ ਸਤੰਬਰ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਜਦੋਂ ਉਹ ਜਹਾਜ਼ ਰਾਹੀਂ ਭਾਰਤ ਤੋਂ ਇਥੇ ਪਹੁੰਚਿਆ ਸੀ। ਉੱਪਲ 'ਤੇ ਫਰਵਰੀ 1996 ਵਿਚ ਦੱਖਣੀ-ਪੱਛਮੀ ਲੰਡਨ ਦੇ ਹੇਅਜ਼ ਵਿਚ ਇਕ ਝਗੜੇ ਦੌਰਾਨ ਹਰਮਿੰਦਰ ਸਿੰਘ ਜਾਂਗੜਾ (28) ਦੇ ਕਤਲ ਦਾ ਦੋਸ਼ ਹੈ।

ਕਿਰਨਜੀਤ ਉੱਪਲ ਨੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਹਾਲਾਂਕਿ ਉਸ ਖ਼ਿਲਾਫ਼ ਸਤੰਬਰ ਵਿਚ ਲੰਡਨ ਦੀ ਓਲਡ ਬੇਲੀ ਅਦਾਲਤ ਵਿਚ ਮੁਕੱਦਮਾ ਚੱਲੇਗਾ। ਹਰਮਿੰਦਰ ਸਿੰਘ ਜਾਂਗੜਾ ਦੀ ਬਾਂਹ 'ਤੇ ਚਾਕੂ ਨਾਲ ਹਮਲਾ ਕੀਤਾ ਗਿਆ ਸੀ ਤੇ ਪੈਟਰੋਲ ਸਟੇਸ਼ਨ ਤਕ ਲਿਫਟ ਲੈ ਲਈ ਸੀ। ਉਸ ਨੂੰ ਜਦੋਂ ਐਂਬੂਲੈਂਸ ਰਾਹੀਂ ਹਸਪਤਾਲ ਪਹੁੰਚਾਇਆ ਗਿਆ ਤਾਂ ਡਾਕਟਰਾਂ ਨੇ ਹਰਮਿੰਦਰ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ। ਪੋਸਟਮਾਰਟਮ ਪਿਛੋਂ ਪਤਾ ਲੱਗਾ ਕਿ ਉਸ ਦੀ ਬਾਂਹ 'ਚ ਵੱਜੇ ਚਾਕੂ ਨੇ ਇਕ ਅਹਿਮ ਨਾੜੀ ਨੂੰ ਕੱਟ ਦਿੱਤਾ ਸੀ। ਪੁਲਿਸ ਨੇ ਇਸ ਮਾਮਲੇ ਵਿਚ ਕਈ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ।

## ਪ੍ਰਵਾਸੀ ਭਾਰਤੀ ਦੇ ਕਤਲ ਕੇਸ 'ਚ ਪਤੀ-ਪਤਨੀ ਨੂੰ ਉਮਰ ਕੈਦ

**ਅਜੀਤਗੜ੍ਹ:** ਜ਼ਿਲ੍ਹਾ ਅਜੀਤਗੜ੍ਹ ਦੀ ਅਦਾਲਤ ਦੇ ਜੱਜ ਦਿਲਬਾਗ ਸਿੰਘ ਜੌਹਲ ਨੇ ਪਰਵਾਸੀ ਭਾਰਤੀ ਸੁਰਿੰਦਰ ਸਿੰਘ (55) ਨੂੰ ਜ਼ਹਿਰ ਦੇ ਕੇ ਮਾਰਨ ਦੇ ਦੋਸ਼ ਹੇਠ ਪਤੀ-ਪਤਨੀ ਨੂੰ ਉਮਰ ਕੈਦ ਦੀ ਸਜ਼ਾ ਤੇ 10 ਹਜ਼ਾਰ ਰੁਪਏ ਜੁਰਮਾਨੇ ਦੇ ਹੁਕਮ ਸੁਣਾਏ। ਜ਼ਿਕਰਯੋਗ ਹੈ ਕਿ 26 ਫ਼ਰਵਰੀ 2010 ਨੂੰ ਥਾਣਾ ਸਿਟੀ ਖਰੜ ਅਧੀਨ ਪੈਂਦੀ ਐਨ.ਆਰ.ਆਈ ਕਾਲੋਨੀ ਵਿਚ ਸੁਰਿੰਦਰ ਸਿੰਘ ਨੂੰ ਜ਼ਹਿਰ ਦੇ ਕੇ ਮਾਰਨ ਦਾ ਮਾਮਲਾ ਸਾਹਮਣੇ ਆਇਆ ਸੀ।

# ਪੰਜਾਬ ਸਰਕਾਰ ਨੇ ਬੇਰੁਜ਼ਗਾਰੀ ਦਾ ਵੀ ਲਾਹਾ ਲਿਆ

### ਨੌਕਰੀ ਦੇਣ ਦੇ ਬਹਾਨੇ ਉਗਰਾਹੇ 8.18 ਕਰੋੜ




**ਬਠਿੰਡਾ:** ਮਾਲੀ ਸੰਕਟ ਨਾਲ ਜੂਝ ਰਹੀ ਪੰਜਾਬ ਸਰਕਾਰ ਸੂਬੇ ਦੇ ਬੇਰੁਜ਼ਗਾਰਾਂ ਦੀਆਂ ਜੇਬਾਂ ਵਿਚੋਂ ਵੀ ਪੈਸਾ ਕਢਵਾਉਣ ਵਿਚ ਸਫਲ ਰਹੀ ਹੈ। ਸਰਕਾਰ ਨੇ ਨੌਕਰੀ ਖਾਤਰ ਤਰਲੇ ਮਾਰਨ ਵਾਲੇ ਬੇਰੁਜ਼ਗਾਰ ਨੌਜਵਾਨਾਂ ਤੋਂ 8.18 ਕਰੋੜ ਰੁਪਏ ਕਮਾ ਲਏ ਹਨ। ਇਸ ਤੋਂ ਵੀ ਵੱਧ ਹਨ੍ਹੇਰਗਰਦੀ ਵਾਲੀ ਗੱਲ ਇਹ ਹੈ ਕਿ ਸਰਕਾਰ ਦੀ ਗਲਤ ਨੀਤੀ ਕਾਰਨ ਜ਼ਿਆਦਾਤਰ ਭਰਤੀਆਂ ਦੇ ਮਾਮਲੇ ਸਟੇਅ ਕਾਰਨ ਅਦਾਲਤ ਵਿਚ ਲਟਕੇ ਹੋਏ ਹਨ ਜਿਸ ਕਾਰਨ ਨੌਕਰੀ ਲਈ ਚੋਣ ਦੇ ਬਾਵਜੂਦ ਨੌਜਵਾਨਾਂ ਨੂੰ ਬੇਕਾਰ ਬੈਠਣਾ ਪੈ ਰਿਹਾ ਹੈ।

ਐਸ.ਐਸ.ਐਸ ਬੋਰਡ ਨੂੰ 3 ਸਾਲਾਂ ਵਿਚ ਵੱਖ ਵੱਖ ਅਸਾਮੀਆਂ ਲਈ ਉਮੀਦਵਾਰਾਂ ਤੋਂ ਦਰਖਾਸਤ ਫੀਸ ਵਜੋਂ 8.18 ਕਰੋੜ ਰੁਪਏ ਪ੍ਰਾਪਤ ਹੋਏ ਜੋ ਬੋਰਡ ਨੇ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਾ ਦਿੱਤੇ ਹਨ। ਬੋਰਡ ਵੱਲੋਂ ਆਰ. ਟੀ. ਆਈ ਤਹਿਤ ਦਿੱਤੀ ਸੂਚਨਾ ਮੁਤਾਬਕ ਬੋਰਡ ਨੇ ਇਨ੍ਹਾਂ ਤਿੰਨ ਵਰ੍ਹਿਆਂ ਦੌਰਾਨ 25 ਤਰ੍ਹਾਂ ਦੀਆਂ ਅਸਾਮੀਆਂ ਤਹਿਤ 823 ਨੌਜਵਾਨਾਂ ਨੂੰ ਭਰਤੀ ਕੀਤਾ ਹੈ ਜਦੋਂ ਕਿ ਭਰਤੀ ਦੇ ਕੁਝ ਮਾਮਲੇ ਅਦਾਲਤਾਂ ਵਿਚ ਲਟਕੇ ਹੋਏ ਹਨ। ਪੰਜਾਬ ਸਰਕਾਰ ਨੇ 15 ਦਸੰਬਰ 2009 ਨੂੰ ਐਸ.ਐਸ.ਐਸ ਬੋਰਡ ਦਾ ਗਠਨ ਕੀਤਾ ਸੀ ਤੇ ਇਸ ਵੇਲੇ ਚੇਅਰਮੈਨ ਤੋਂ ਇਲਾਵਾ ਬੋਰਡ ਦੇ 12 ਮੈਂਬਰ ਹਨ। ਜਾਣਕਾਰੀ ਮੁਤਾਬਕ ਬੋਰਡ ਨੇ ਅਪਲਾਈ ਫੀਸ ਦੇ ਰੂਪ ਵਿਚ ਸਾਲ 2010 11 ਵਿਚ 46 ਲੱਖ ਰੁਪਏ, ਸਾਲ 2011 12 ਵਿਚ 2.93 ਕਰੋੜ ਰੁਪਏ, 2012 13 ਵਿਚ 2.68 ਕਰੋੜ ਰੁਪਏ ਤੇ ਸਾਲ 2013 14 (ਸਤੰਬਰ ਤੱਕ) ਵਿਚ 2.11 ਕਰੋੜ ਰੁਪਏ ਕਮਾਏ ਹਨ। ਸਾਲ 2011 ਵਿਚ ਆਬਕਾਰੀ ਤੇ ਕਰ ਨਿਰੀਖਕਾਂ ਦੀਆਂ ਅਸਾਮੀਆਂ ਵਾਸਤੇ ਅਪਲਾਈ ਕਰਨ ਵਾਲਿਆਂ ਤੋਂ ਬੋਰਡ ਨੂੰ 1.26 ਕਰੋੜ ਰੁਪਏ ਅਪਲਾਈ ਫੀਸ ਦੇ ਰੂਪ ਵਿਚ ਪ੍ਰਾਪਤ ਹੋਏ ਸਨ। ਇਨ੍ਹਾਂ ਅਸਾਮੀਆਂ ਲਈ ਜਨਰਲ ਕੈਟਾਗਰੀ ਦੇ 19450 ਉਮੀਦਵਾਰਾਂ ਨੇ ਅਪਲਾਈ ਕੀਤਾ ਸੀ ਜਿਨ੍ਹਾਂ ਨੂੰ ਪ੍ਰਤੀ ਉਮੀਦਵਾਰ 6 ਸੌ ਰੁਪਏ ਫੀਸ ਵਜੋਂ ਦੇਣੇ ਪਏ ਸਨ।

ਸਰਕਾਰ ਨੇ ਜਨਰਲ ਕੈਟਾਗਰੀ ਦੇ ਉਮੀਦਵਾਰਾਂ ਲਈ 600 ਰੁਪਏ, ਐਸ.ਸੀ ਤੇ ਬੀ.ਸੀ ਉਮੀਦਵਾਰਾਂ ਲਈ ਡੇਢ-ਡੇਢ ਸੌ ਰੁਪਏ ਅਪਲਾਈ ਫੀਸ ਦੇ ਰੱਖੇ ਹੋਏ ਹਨ। ਸਾਲ 2011 ਵਿਚ ਕਲਰਕਾਂ ਦੀਆਂ ਅਸਾਮੀਆਂ ਲਈ 31564 ਉਮੀਦਵਾਰਾਂ ਨੇ ਅਪਲਾਈ ਕੀਤਾ ਸੀ ਜਿਨ੍ਹਾਂ ਕੋਲੋਂ ਅਪਲਾਈ ਫੀਸ ਦੇ ਰੂਪ ਵਿਚ 1.46 ਕਰੋੜ ਰੁਪਏ ਪ੍ਰਾਪਤ ਹੋਏ ਸਨ। ਬੋਰਡ ਨੂੰ ਇਸੇ ਸਾਲ ਸਟੈਨੋਗ੍ਰਾਫਰ ਤੇ ਜੂਨੀਅਰ ਸਕੇਲ ਸਟੈਨੋਗਰਾਫਰਾਂ ਦੀ ਭਰਤੀ ਲਈ ਅਪਲਾਈ ਕਰਨ ਵਾਲਿਆਂ ਕੋਲੋਂ 4,85,850 ਰੁਪਏ ਪ੍ਰਾਪਤ ਹੋਏ ਸਨ। ਜੂਨੀਅਰ ਕੋਚਾਂ ਦੀ ਭਰਤੀ ਲਈ 454 ਉਮੀਦਵਾਰਾਂ ਨੇ ਅਪਲਾਈ ਕੀਤਾ ਸੀ ਜਿਨ੍ਹਾਂ ਕੋਲੋਂ ਅਪਲਾਈ ਫੀਸ ਦੇ 2.09 ਲੱਖ ਰੁਪਏ ਪ੍ਰਾਪਤ ਹੋਏ ਸਨ।

ਉਪ ਵੈਦ ਦੀ ਅਸਾਮੀ ਲਈ 682 ਉਮੀਦਵਾਰਾਂ ਕੋਲੋਂ ਬੋਰਡ ਨੂੰ 2.74 ਲੱਖ ਰੁਪਏ ਪ੍ਰਾਪਤ ਹੋਏ। ਦੂਜੇ ਪਾਸੇ ਐਸ.ਐਸ.ਪੀ ਬੋਰਡ ਵਿਚ ਕਾਫ਼ੀ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੋਇਆ ਹੈ। ਸਰਕਾਰ ਹੁਣ ਬਹੁਤੀਆਂ ਅਸਾਮੀਆਂ ਦੀ ਭਰਤੀ ਬੋਰਡ ਤੋਂ ਬਾਹਰ ਹੀ ਕਰ ਰਹੀ ਹੈ। ਤਿੰਨ ਵਰ੍ਹਿਆਂ ਦੌਰਾਨ ਸਰਕਾਰ ਨੇ ਬੋਰਡ ਦੇ ਚੇਅਰਮੈਨ ਤੇ ਮੈਂਬਰਾਂ ਨੂੰ ਤਨਖਾਹ ਅਤੇ ਭੱਤਿਆਂ ਦੇ ਰੂਪ ਵਿਚ 1.72 ਕਰੋੜ ਰੁਪਏ ਦਿੱਤੇ ਹਨ। ਬੋਰਡ ਦੇ ਚੇਅਰਮੈਨ ਨੂੰ ਤਨਖਾਹ ਤੇ ਭੱਤਿਆਂ ਦੇ ਰੂਪ ਵਿਚ ਪ੍ਰਤੀ ਮਹੀਨਾ ਤਕਰੀਬਨ 38620 ਰੁਪਏ ਤੇ ਹਰ ਮੈਂਬਰ ਨੂੰ 31370 ਰੁਪਏ ਮਿਲਦੇ ਹਨ।

ਐਸ.ਐਸ.ਐਸ ਬੋਰਡ ਦੇ ਚੇਅਰਮੈਨ ਸੰਤਾ ਸਿੰਘ ਉਮੈਦਪੁਰ ਦਾ ਕਹਿਣਾ ਹੈ ਕਿ ਸਰਕਾਰ ਨੇ ਅਪਲਾਈ ਫੀਸ ਤੈਅ ਕੀਤੀ ਹੋਈ ਹੈ। ਅਸਾਮੀਆਂ ਨਾ ਭਰੇ ਜਾਣ ਦੀ ਸੂਰਤ ਵਿਚ ਅਪਲਾਈ ਫੀਸ ਰਿਫੰਡ ਵੀ ਕੀਤੀ ਜਾ ਸਕਦੀ ਹੈ ਪਰ ਇਸ ਤਰ੍ਹਾਂ ਦੀ ਨੌਬਤ ਕਦੇ ਆਈ ਨਹੀਂ ਹੈ।

# ਫਿਲੀਪੀਨਜ਼ 'ਚ ਦੋ ਪੰਜਾਬੀ ਨੌਜਵਾਨਾਂ ਦੀ ਹੱਤਿਆ

**ਚੰਡੀਗੜ੍ਹ:** ਫ਼ਿਲੀਪੀਨਜ਼ ਵਿਚ ਪਰਵਾਸੀ ਪੰਜਾਬੀਆਂ ਦੇ ਕਤਲਾਂ ਦਾ ਸਿਲਸਿਲਾ ਜਾਰੀ ਹੈ। ਇਸ ਹਫਤੇ ਦੋ ਪੰਜਾਬੀ ਨੌਜਵਾਨਾਂ ਦੇ ਕਤਲ ਦੇ ਮਾਮਲੇ ਸਾਹਮਣੇ ਆਏ ਹਨ। ਮੋਗਾ ਨੇੜਲੇ ਪਿੰਡ ਮਹੇਸਰੀ ਦੇ ਨੌਜਵਾਨ ਕੁਲਵੰਤ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ।

ਪਿਛਲੇ ਚਾਰ ਮਹੀਨਿਆਂ ਵਿਚ ਇਸ ਜ਼ਿਲ੍ਹੇ ਦੇ 9ਵੇਂ ਨੌਜਵਾਨ ਦਾ ਫ਼ਿਲੀਪੀਨਜ਼ ਵਿਚ ਕਤਲ ਹੋਇਆ ਹੈ। ਭਾਰਤੀ ਕਿਸਾਨ ਯੂਨੀਅਨ ਆਗੂ ਭੁਪਿੰਦਰ ਸਿੰਘ ਮਹੇਸਰੀ ਨੇ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰ ਨੇ ਫ਼ਿਲੀਪੀਨਜ਼ ਵਿਚ ਭਾਰਤੀਆਂ ਦੀ ਸੁਰੱਖਿਆ ਲਈ ਕੋਈ ਕਦਮ ਨਹੀਂ ਚੁੱਕਿਆ ਜਿਸ ਕਾਰਨ ਮਾਪਿਆਂ ਵਿਚ ਰੋਸ ਹੈ। ਫ਼ਿਲੀਪੀਨਜ਼ ਰਹਿੰਦੇ ਜਬਰਜੰਗ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਕੁਲਵੰਤ ਸਿੰਘ (42) 1994 ਵਿਚ ਫ਼ਿਲਪੀਨਜ਼ ਗਿਆ ਸੀ ਤੇ ਉਥੇ ਸ਼ਾਹੂਕਾਰੇ ਦਾ ਕੰਮ ਕਰਦਾ ਸੀ। ਛੇ ਜਨਵਰੀ ਨੂੰ ਉਹ ਆਪਣੇ ਦਫਤਰ ਪੈਸਿਆਂ ਦਾ ਲੈਣ ਦੇਣ ਕਰ ਰਿਹਾ ਸੀ ਕਿ ਦੋ ਨੌਜਵਾਨਾਂ ਨੇ ਗੋਲੀਆਂ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ। ਇਕ ਗੋਲੀ ਉਸ ਦੇ ਸਿਰ ਤੇ ਦੂਸਰੀ ਪੇਟ ਵਿਚ ਲੱਗੀ। ਇਸੇ ਤਰ੍ਹਾਂ ਫਿਲਪੀਨਜ਼ ਵਿਖੇ ਅਣਪਛਾਤੇ ਬੰਦੂਕਧਾਰੀਆਂ ਨੇ ਇਕ ਹੋਰ ਭਾਰਤੀ ਵਪਾਰੀ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਤੇ ਜਦ ਕਿ ਇਕ ਹੋਰ ਫੱਟੜ ਹੋ ਗਿਆ। 26 ਸਾਲਾ ਨਵਜੋਤ ਸਿੰਘ ਦੀ ਛਾਤੀ ਵਿਚ ਦੋ ਗੋਲੀਆਂ ਲੱਗੀਆਂ ਤੇ ਉਸ ਦੇ ਸਾਥੀ 33 ਸਾਲਾ ਲਖਵਿੰਦਰ ਸਿੰਘ ਦੀ ਬਾਂਹ 'ਤੇ ਗੋਲੀ ਵੱਜੀ। ਦੋਵੇਂ ਨਾਗਾ ਸਿਟੀ ਦੇ ਵਸਨੀਕ ਸਨ। ਛੇ ਜਨਵਰੀ ਨੂੰ ਜਦੋਂ ਉਹ ਉਗਰਾਹੀ ਕਰਨ ਲਈ ਗਏ ਤਾਂ ਉਨ੍ਹਾਂ 'ਤੇ ਹਮਲਾ ਹੋ ਗਿਆ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

Want to Sell Your Home
We can sell your home fast @ best price.
ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ

Sohanpreet (Sam) Chahal
CA Lic. 01504071
Realtor/Notary Public
email:samchahal@hotmail.com
*Sacramento, Stockton, Roseville area prices are on the rise.*
Please call me to find out value of your home.
If you are thinking to Buy or Sell a Home, please give us a chance
*Call: Sohanpreet 'Sam' Chahal*
@916-612-5773
Serving from Bay Area to Sacramento
Multi-Million Dollars Producer-2007 to 2012
Golden State Realty
Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪਰਵਾਸੀਆਂ ਦੇ ਦਿਲ ਨਾ ਜਿੱਤ ਸਕਿਆ ਪਰਵਾਸੀ ਪੰਜਾਬੀ ਸੰਮੇਲਨ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪਰਵਾਸੀ ਪੰਜਾਬੀਆਂ ਦਾ ਮਨ ਜਿੱਤਣ ਲਈ ਹਰ ਸਾਲ ਕਰਵਾਇਆ ਜਾਂਦਾ ਐਨ.ਆਰ.ਆਈ. ਸੰਮੇਲਨ ਸ਼੍ਰੋਮਣੀ ਅਕਾਲੀ ਦਲ ਨੂੰ ਰਾਸ ਨਹੀਂ ਆ ਰਿਹਾ। ਇਸ ਸੰਮੇਲਨ ਤੋਂ ਪਰਵਾਸੀ ਪੰਜਾਬੀ ਕੋਈ ਬਾਹਲੇ ਸੰਤੁਸ਼ਟ ਨਜ਼ਰ ਨਾ ਆਏ; ਦੂਜੇ ਪਾਸੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਿਦੇਸ਼ਾਂ ਵਿਚ ਬੈਠੇ ਗਰਮ-ਖਿਆਲੀਆਂ ਬਾਰੇ ਟਿੱਪਣੀਆਂ ਕਰ ਕੇ ਨਵੀਂ ਮੁਸੀਬਤ ਸਹੇੜ ਲਈ ਹੈ। ਪਿਛਲੀ ਵਾਰ ਵੀ ਸ. ਬਾਦਲ ਵੱਲੋਂ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਬਾਰੇ ਕੀਤੀਆਂ ਟਿੱਪਣੀਆਂ ਕਰ ਕੇ ਚਰਚਾ ਛਿੜ ਪਈ ਸੀ।



ਪਰਵਾਸੀ ਪੰਜਾਬੀ ਸੰਮੇਲਨ ਵਿਚ ਵਿਦੇਸ਼ਾਂ ਵਿਚੋਂ ਪਹੁੰਚੇ ਪਤਵੰਤਿਆਂ ਨੇ ਇਸ ਵਾਰ ਵੀ ਸ਼ੱਰੇਆਮ ਸਟੇਜ ਤੋਂ ਪੰਜਾਬ ਸਰਕਾਰ ਨੂੰ ਘੇਰਿਆ ਕਿ ਪਿਛਲੇ ਸਮੇਂ ਦੌਰਾਨ ਕੀਤੇ ਵਾਅਦੇ ਅਜੇ ਤੱਕ ਪੂਰੇ ਕਿਉਂ ਨਹੀਂ ਕੀਤੇ ਗਏ। ਇਸ ਲਈ ਹਰ ਸਾਲ ਸੰਮੇਲਨ ਕਰਾਉਣ ਦੀ ਕੋਈ ਤੁਕ ਨਹੀਂ। ਸੰਮੇਲਨ ਵਿਚ ਸ਼ਮੂਲੀਅਤ ਕਰਨ ਆਏ ਪੰਜਾਬੀਆਂ ਦਾ ਮੰਨਣਾ ਸੀ ਕਿ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਪੰਜਾਬ ਦੇ ਅਸੁਰੱਖਿਅਤ ਮਾਹੌਲ ਤੇ ਪੁਲਿਸ ਦੇ ਆਪ ਹੁਦਰੇਪਣ ਕਾਰਨ ਜਨਮ ਭੋਇ ਵੱਲ ਮੂੰਹ ਨਹੀਂ ਕਰਦੀਆਂ।

ਸਭ ਤੋਂ ਵੱਡੀ ਚਰਚਾ ਦਾ ਵਿਸ਼ਾ ਮੁੱਖ ਮੰਤਰੀ ਬਾਦਲ ਦਾ ਗਰਮ-ਖਿਆਲੀਆਂ ਬਾਰੇ ਬਿਆਨ ਰਿਹਾ। ਸ. ਬਾਦਲ ਵੱਲੋਂ ਪਰਵਾਸੀ ਸੰਮੇਲਨ ਦੌਰਾਨ ਗਰਮ ਖਿਆਲੀ ਸਿੱਖਾਂ ਨੂੰ ਸਹਿਯੋਗ ਨਾ ਦੇਣ ਦੀ ਅਪੀਲ ਦਾ ਸੰਮੇਲਨ ਵਿਚ ਆਏ ਕੈਨੇਡਾ ਦੇ ਮੰਤਰੀ ਟਿਮ ਉੱਪਲ ਨੇ ਬੁਰਾ ਮਨਾਇਆ। ਸੰਮੇਲਨ ਦੇ ਦੂਜੇ ਦਿਨ ਉੱਪਲ ਨੇ ਸਟੇਜ ਤੋਂ ਜਨਤਕ ਤੌਰ 'ਤੇ ਇਹ ਗੱਲ ਕਹੀ ਕਿ ਪੰਜਾਬ ਵਿਚ ਹੋ ਰਹੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਚਿੰਤਾ ਕੈਨੇਡਾ ਵਸਦੇ ਪੰਜਾਬੀਆਂ ਨੂੰ ਹੈ ਕਿਉਂਕਿ ਉਥੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਜੁਰਮ ਮੰਨਿਆ ਜਾਂਦਾ ਹੈ।

ਉਧਰ, ਸਿੱਖਸ ਫਾਰ ਜਸਟਿਸ ਦੇ ਆਗੂਆਂ ਵੱਲੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਲਿਖੇ ਗਏ ਪੱਤਰ ਵਿਚ ਮਨੁੱਖੀ ਅਧਿਕਾਰਾਂ ਦੇ ਕਾਨੂੰਨ ਦਾ ਹਵਾਲਾ ਵੀ ਦਿੱਤਾ ਗਿਆ ਹੈ ਜਿਸ ਤਹਿਤ ਕੈਨੇਡਾ ਆਉਣ ਵਾਲੇ ਸੱਤਾਧਾਰੀ ਅਕਾਲੀਆਂ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ। ਜ਼ਿਕਰਯੋਗ ਹੈ ਕਿ ਸੰਯੁਕਤ ਰਾਸ਼ਟਰ ਵਿਚ ਮਨੁੱਖੀ ਅਧਿਕਾਰ ਕੌਂਸਲ ਵੱਲੋਂ ਬੀਤੇ ਸਾਲ ਜੁਲਾਈ ਵਿਚ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ ਬਾਰੇ ਰਿਪੋਰਟ ਤਿਆਰ ਕੀਤੀ ਗਈ ਸੀ ਜਿਸ ਵਿਚ ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸੈਣੀ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਕੌਂਸਲ ਦੇ ਆਗੂ ਕ੍ਰਿਸਟੌਫ ਹੇਨਜ਼ ਵੱਲੋਂ ਰਿਪੋਰਟ ਤਿਆਰ ਕੀਤੀ ਗਈ ਹੈ ਜਿਸ ਵਿਚ ਉਨ੍ਹਾਂ ਪੁਲਿਸ ਅਧਿਕਾਰੀ ਸੁਮੇਧ ਸੈਣੀ ਵੱਲੋਂ 1990ਵਿਆਂ ਵਿਚ ਮਨੁੱਖੀ ਅਧਿਕਾਰਾਂ ਦੀ ਕੀਤੀ ਉਲੰਘਣਾ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਹੈ। ਇਸ ਰਿਪੋਰਟ ਵਿਚ ਪੰਜਾਬ ਦੇ ਸੁਰੱਖਿਆ ਦਸਤਿਆਂ ਵੱਲੋਂ ਗ਼ੈਰਕਾਨੂੰਨੀ ਤੌਰ 'ਤੇ ਮਾਰੇ ਗਏ ਆਮ ਸਿੱਖਾਂ ਦਾ ਹਵਾਲਾ ਵੀ ਦਿੱਤਾ ਗਿਆ ਹੈ। ਇਸ ਰਿਪੋਰਟ ਵਿਚ ਇਸ ਗੱਲ ਦਾ ਵੀ ਜ਼ਿਕਰ ਹੈ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ਾਂ ਵਿਚ ਸੁਮੇਧ ਸੈਣੀ ਨੂੰ ਮਾਰਚ 2012 ਵਿਚ ਤਰੱਕੀ ਦੇ ਕੇ ਅਕਾਲੀ-ਭਾਜਪਾ ਸਰਕਾਰ ਨੇ ਡੀ.ਜੀ.ਪੀ. ਬਣਾ ਦਿੱਤਾ ਸੀ।

ਪਰਵਾਸੀ ਪੰਜਾਬੀਆਂ ਨੇ ਇਹ ਵੀ ਸਵਾਲ ਉਠਾਇਆ ਕਿ ਪੰਜਾਬ ਸਰਕਾਰ ਨੇ ਪਿਛਲੇ ਸਾਲ ਕਰਵਾਏ ਪਰਵਾਸੀ ਸੰਮੇਲਨ ਦੌਰਾਨ ਵਾਅਦਿਆਂ ਦੀ ਝੜੀ ਲਾ ਦਿੱਤੀ ਸੀ ਪਰ ਕਿਸੇ ਵੀ ਵਾਅਦੇ ਨੂੰ ਬੂਰ ਨਹੀਂ ਪਿਆ। ਉਲਟਾ ਪਰਵਾਸੀਆਂ ਦੀਆਂ ਮੁਸ਼ਕਲਾਂ ਦੇ ਪਹਾੜ ਜ਼ਰੂਰ ਖੜ੍ਹੇ ਹੋ ਗਏ। ਸੂਬੇ ਦੇ 11 ਐਨ.ਆਰ.ਆਈ. ਥਾਣਿਆਂ ਵਿਚ ਸਾਲ 2013 ਦੌਰਾਨ 3572 ਸ਼ਿਕਾਇਤਾਂ ਆਈਆਂ ਸਨ ਜਿਨ੍ਹਾਂ ਵਿਚੋਂ ਸਿਰਫ 271 ਹੀ ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। ਐਨ.ਆਰ.ਆਈ. ਥਾਣਿਆਂ ਨੇ ਇਨ੍ਹਾਂ ਸ਼ਿਕਾਇਤਾਂ ਦੇ ਹੜ੍ਹ ਵਿਚੋਂ 2268 ਸ਼ਿਕਾਇਤਾਂ ਨੂੰ ਕਾਗਜ਼ੀਂ-ਪੱਤਰੀਂ ਨਿਬੇੜ ਦਿੱਤਾ ਹੈ। ਸਰਕਾਰੀ ਰਿਕਾਰਡ ਅਨੁਸਾਰ ਹੁਣ 1304 ਸ਼ਿਕਾਇਤਾਂ ਹੀ ਬਕਾਇਆ ਹਨ।

# ਗੁਰਦੁਆਰਾ ਪਟਨਾ ਸਾਹਿਬ ਵਿਵਾਦ ਨਹੀਂ ਸੁਲਝਿਆ

**ਅੰਮ੍ਰਿਤਸਰ:** ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਗੁਰਪੁਰਬ ਮੌਕੇ ਵਾਪਰੀ ਘਟਨਾ ਤੋਂ ਬਾਅਦ ਦੋਵਾਂ ਧਿਰਾਂ ਵਿਚਾਲੇ ਹੋਏ ਸਮਝੌਤੇ ਤੇ ਇਸ ਤੋਂ ਬਾਅਦ ਗਿਆਨੀ ਇਕਬਾਲ ਸਿੰਘ ਵੱਲੋਂ ਸਮਝੌਤੇ ਤੋਂ ਪਿਛਾਂਹ ਹਟਣ ਕਾਰਨ ਇਹ ਗੱਲ ਕਿਸੇ ਤਣ ਪੱਤਣ ਨਹੀਂ ਲੱਗ ਰਹੀ ਹੈ। ਪ੍ਰਬੰਧਕੀ ਕਮੇਟੀ ਤੇ ਗਿਆਨੀ ਇਕਬਾਲ ਸਿੰਘ ਵਿਚਾਲੇ ਹੋਏ ਸਮਝੌਤੇ ਤਹਿਤ ਦੋਵਾਂ ਧਿਰਾਂ ਵੱਲੋਂ ਇਕ ਦੂਜੇ ਖਿਲਾਫ਼ ਜਾਰੀ ਹੁਕਮ ਵਾਪਸ ਲੈਣ 'ਤੇ ਸਹਿਮਤੀ ਹੋਈ ਸੀ ਪਰ ਅਚਨਚੇਤੀ ਗਿਆਨੀ ਇਕਬਾਲ ਸਿੰਘ ਇਸ ਸਮਝੌਤੇ ਤੋਂ ਪਿਛਾਂਹ ਹਟ ਗਏ।

ਤਖ਼ਤ ਸ੍ਰੀ ਪਟਨਾ ਸਾਹਿਬ ਦੀ ਸਥਿਤੀ ਉਸ ਵੇਲੇ ਗੰਭੀਰ ਹੋ ਗਈ ਜਦ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਬੀਤੇ ਦਿਨ ਕੀਤੇ ਫੈਸਲੇ ਤੋਂ ਮੁੱਕਰਦਿਆਂ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਸਪਸ਼ਟ ਕਰ ਦਿੱਤਾ ਕਿ ਉਹ ਕੀਤੇ ਗਏ ਸਮਝੌਤੇ ਨੂੰ ਨਹੀਂ ਮੰਨ ਰਹੇ। ਜਥੇਦਾਰ ਇਕਬਾਲ ਸਿੰਘ ਨੇ ਨਵ ਨਿਯੁਕਤ ਵਧੀਕ ਗ੍ਰੰਥੀ ਗਿਆਨੀ ਪ੍ਰਤਾਪ ਸਿੰਘ ਦੀ ਨਿਯੁਕਤੀ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ।

ਦੱਸਣਯੋਗ ਹੈ ਕਿ ਗੁਰਪੁਰਬ ਮੌਕੇ ਗਿਆਨੀ ਇਕਬਾਲ ਸਿੰਘ ਤੇ ਉਨ੍ਹਾਂ ਦੇ ਸਮਰਥਕਾਂ ਤੇ ਪ੍ਰਬੰਧਕੀ ਕਮੇਟੀ ਵਿਚਾਲੇ ਹੋਏ ਝਗੜੇ ਤੋਂ ਬਾਅਦ ਪ੍ਰਬੰਧਕੀ ਕਮੇਟੀ ਨੇ ਗਿਆਨੀ ਇਕਬਾਲ ਸਿੰਘ, ਉਨ੍ਹਾਂ ਦੇ ਪੁੱਤਰ ਗੁਰਪ੍ਰਸਾਦ ਸਿੰਘ ਤੇ ਗ੍ਰੰਥੀ ਗੁਰਦਿਆਲ ਸਿੰਘ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਮੁਅੱਤਲ ਕਰ ਦਿੱਤਾ ਸੀ। ਦੂਜੇ ਪਾਸੇ ਗਿਆਨੀ ਇਕਬਾਲ ਸਿੰਘ ਨੇ ਹੁਕਮਨਾਮਾ ਕਰਕੇ ਪ੍ਰਬੰਧਕੀ ਕਮੇਟੀ ਤੇ ਗਿਆਨੀ ਪ੍ਰਤਾਪ ਸਿੰਘ ਦੀ ਨਿਯੁਕਤੀ ਨੂੰ ਰੱਦ ਕਰ ਦਿੱਤਾ ਸੀ।

ਪਿਛਲੇ ਦਿਨੀਂ ਗਿਆਨੀ ਪ੍ਰਤਾਪ ਸਿੰਘ ਦੀ ਵਧੀਕ ਗ੍ਰੰਥੀ ਵਜੋਂ ਹੋਈ ਨਿਯੁਕਤੀ ਨੂੰ ਲੈ ਕੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਅਤੇ ਪ੍ਰਬੰਧਕ ਕਮੇਟੀ ਵਿਚਾਲੇ ਖਿੱਚੋਤਾਣ ਚਲ ਰਹੀ ਸੀ। ਗੁਰਪੁਰਬ ਵਾਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਸੇ ਮਾਮਲੇ ਨੂੰ ਲੈ ਕੇ ਦੋਹਾਂ ਧਿਰਾਂ ਵਿਚਾਲੇ ਝਗੜਾ ਹੋਇਆ ਜਿਸ ਵਿਚ ਜਥੇਦਾਰ ਗਿਆਨੀ ਇਕਬਾਲ ਸਿੰਘ ਸਮੇਤ ਕਈ ਵਿਅਕਤੀ ਜ਼ਖ਼ਮੀ ਹੋ ਗਏ ਸਨ।

# ਜਗਦੀਸ਼ ਭੋਲੇ ਦੀ ਪੇਸ਼ੀ ਮੌਕੇ ਡਰਾਮਾ

**ਜਲੰਧਰ:** ਡਰੱਗ ਤਸਕਰ ਜਗਦੀਸ਼ ਭੋਲਾ ਨੂੰ ਅਦਾਲਤ 'ਚ ਪੇਸ਼ ਕਰਨ ਲੱਗਿਆਂ ਜਲੰਧਰ ਪੁਲਿਸ ਨੇ ਵੱਡਾ ਡਰਾਮਾ ਰਚਿਆ। ਉਸ ਨੂੰ ਅਦਾਲਤ ਦੇ ਮੁੱਖ ਦਰਵਾਜ਼ੇ ਰਾਹੀਂ ਲਿਜਾਣ ਦੀ ਥਾਂ ਪਿਛਲੇ ਦਰਵਾਜ਼ੇ ਰਾਹੀਂ ਅਦਾਲਤ ਵਿਚ ਪੇਸ਼ ਕੀਤਾ ਗਿਆ। ਪੁਲਿਸ ਨੇ ਇਹ ਸਾਰਾ ਡਰਾਮਾ ਜਗਦੀਸ਼ ਭੋਲਾ ਨੂੰ ਮੀਡੀਆ ਤੋਂ ਬਚਾਉਣ ਲਈ ਰਚਿਆ ਸੀ ਤਾਂ ਜੋ ਉਹ ਮੀਡੀਆ ਸਾਹਮਣੇ ਆਪਣੀ ਕੋਈ ਗੱਲ ਨਾ ਕਹਿ ਸਕੇ। ਯਾਦ ਰਹੇ ਕਿ ਪਿਛਲੀ ਵਾਰ ਭੋਲੇ ਨੇ ਮੀਡੀਆ ਕੋਲ ਇਸ ਕੇਸ ਵਿਚ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਨਾਂ ਲੈ ਦਿੱਤਾ ਸੀ। ਜ਼ਿਕਰਯੋਗ ਹੈ ਕਿ ਡਰੱਗ ਤਸਕਰੀ ਦੇ ਮਾਮਲੇ ਵਿਚ ਫੜੇ ਜਗਦੀਸ਼ ਭੋਲੇ ਨੂੰ ਜਲੰਧਰ ਦੀ ਦਿਹਾਤੀ ਪੁਲਿਸ 7 ਜਨਵਰੀ ਨੂੰ ਪਟਿਆਲੇ ਤੋਂ ਪ੍ਰੋਡਕਸ਼ਨ ਵਰੰਟ 'ਤੇ ਲਿਆਈ ਸੀ। ਉਸ ਨੂੰ ਅਦਾਲਤ ਵਿਚ ਪੇਸ਼ ਕਰਨ ਲੱਗਿਆਂ ਪੁਲਿਸ ਨੇ ਬੜੀ ਚੌਕਸੀ ਵਰਤੀ। ਮੀਡੀਆ ਕਰਮੀ ਸਵੇਰੇ ਨੌਂ ਵਜੇ ਹੀ ਅਦਾਲਤ ਵਿਚ ਡਟੇ ਹੋਏ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਿਸ ਨੂੰ ਸਖ਼ਤ ਹਦਾਇਤਾਂ ਸਨ ਕਿ ਅਦਾਲਤ ਵਿਚ ਪੇਸ਼ ਕਰਨ ਲੱਗਿਆਂ ਕਿਸੇ ਵੀ ਕੀਮਤ 'ਤੇ ਭੋਲੇ ਦੇ ਨੇੜੇ ਕਿਸੇ ਵੀ ਮੀਡੀਆ ਕਰਮੀ ਨੂੰ ਫਟਕਣ ਨਾ ਦਿੱਤਾ ਜਾਵੇ।

# ਇੰਗਲੈਂਡ ਦੀ ਭੂਮਿਕਾ ਤੋਂ ਸਿੱਖ ਜਥੇਬੰਦੀਆਂ ਖ਼ਫਾ

*(ਸਫਾ ਇਕ ਦੀ ਬਾਕੀ)*

ਕਾਂਗਰਸ ਪਾਰਟੀ ਵੱਲੋਂ ਸਿੱਖ ਭਾਈਚਾਰੇ ਖਿਲਾਫ ਸਾਜ਼ਿਸ਼ਾਂ ਰਚਣ ਦੀ ਆਲੋਚਨਾ ਕਰਦਿਆਂ ਦੋਸ਼ ਲਾਇਆ ਕਿ ਬਰਤਾਨੀਆ ਦੇ ਗੁਪਤ ਦਸਤਾਵੇਜ਼ਾਂ ਦੇ ਸਾਹਮਣੇ ਆਉਣ ਨਾਲ ਸਾਕਾ ਨੀਲਾ ਤਾਰਾ ਦੀ ਅਸਲ ਸਾਜ਼ਿਸ਼ ਬੇਨਕਾਬ ਹੋ ਗਈ ਹੈ। ਪਾਰਟੀ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮੀਡੀਆ ਰਿਪੋਰਟਾਂ ਨੇ ਕਾਂਗਰਸ ਦੀ ਵੱਡੀ ਸਾਜ਼ਿਸ਼ ਬੇਨਕਾਬ ਕਰ ਦਿੱਤੀ ਹੈ ਜਿਸ ਤੋਂ ਪਤਾ ਲੱਗਾ ਹੈ ਕਿ ਕਾਂਗਰਸ ਪਾਰਟੀ ਨੇ ਆਪਣੇ ਸਿਆਸੀ ਹਿੱਤਾਂ ਖਾਤਰ ਦੇਸ਼ ਦੀ ਪ੍ਰਭੂਸੱਤਾ ਨਾਲ ਵੀ ਸਮਝੌਤਾ ਕਰ ਲਿਆ ਹੈ।

ਬਰਤਾਨੀਆ ਦੇ ਸਿੱਖਾਂ ਨੇ ਦੇਸ਼ ਦੀ ਸਰਕਾਰ ਦੀ ਅਪਰੇਸ਼ਨ ਬਲਿਊ ਸਟਾਰ ਵਿਚ ਭੂਮਿਕਾ ਦੀ ਤੁਰੰਤ ਜਾਂਚ ਮੰਗੀ ਹੈ। ਸਿੱਖ ਕੌਂਸਲ ਦੇ ਮੁਖੀ ਗੁਰਮੇਲ ਸਿੰਘ ਨੇ ਕਿਹਾ ਕਿ ਹਮਲੇ ਵਿਚ ਵੱਡੀ ਗਿਣਤੀ ਵਿਚ ਮਾਸੂਮ ਔਰਤਾਂ ਤੇ ਬੱਚੇ ਮਾਰੇ ਗਏ ਸਨ। ਸਿੱਖਾਂ ਦੇ ਪਵਿੱਤਰ ਅਸਥਾਨ ਦਾ ਘੋਰ ਅਪਮਾਨ ਕੀਤਾ ਗਿਆ। ਇਸ ਮਾਮਲੇ ਦੀ ਤੁਰੰਤ ਵਿਆਪਕ ਜਾਂਚ ਹੋਵੇ। ਯੂ.ਕੇ. ਸਿੱਖ ਫੈਡਰੇਸ਼ਨ ਦੇ ਬੁਲਾਰੇ ਗੁਰਜੀਤ ਸਿੰਘ ਨੇ ਕਿਹਾ ਕਿ ਬਰਤਾਨੀਆ ਦੀ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਨੂੰ ਇਸ ਮੁੱਦੇ ਦੀ ਮਹੱਤਤਾ ਸਮਝਣੀ ਚਾਹੀਦੀ ਹੈ। ਸਿੱਖਾਂ ਲਈ 1984 ਦਾ ਹਮਲਾ 1919 ਦੇ ਜਲ੍ਹਿਆਂਵਾਲਾ ਬਾਗ ਕਾਂਡ ਤੋਂ ਕਿਤੇ ਵੱਧ ਅਹਿਮ ਤੇ ਸੰਵੇਦਨਸ਼ੀਲ ਹੈ।

ਲੇਬਰ ਪਾਰਟੀ ਦੇ ਸੰਸਦ ਮੈਂਬਰ ਵਰਿੰਦਰ ਸ਼ਰਮਾ ਨੇ ਆਸ ਪ੍ਰਗਟਾਈ ਕਿ ਛੇਤੀ ਹੀ ਸੱਚਾਈ ਸਾਹਮਣੇ ਆ ਜਾਵੇਗੀ। ਇਸ ਦੌਰਾਨ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਵੱਲੋਂ ਮਾਮਲੇ ਦੀ ਜਾਂਚ ਕਰਵਾਏ ਜਾਣ ਦਾ ਸਿੱਖ ਕੌਂਸਲ ਨੇ ਸਵਾਗਤ ਕੀਤਾ ਹੈ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਜੇ ਹਮਲੇ ਵਿਚ ਬਰਤਾਨੀਆ ਨੇ ਮਦਦ ਕੀਤੀ ਸੀ ਤਾਂ ਬਹੁਤ ਮੰਦਭਾਗੀ ਗੱਲ ਹੈ। ਭਾਰਤ ਸਰਕਾਰ ਵੀ ਸੱਚਾਈ ਸਾਹਮਣੇ ਰੱਖੇ।

ਸਿੱਖਸ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਬਰਤਾਨੀਆ ਦੀ ਸੰਸਦ ਮਤਾ ਪਾਸ ਕਰ ਕੇ ਮਾਰਗਰੇਟ ਥੈਚਰ ਵੱਲੋਂ ਕੀਤੀ ਮਦਦ ਖ਼ਿਲਾਫ਼ ਮਤਾ ਪਾਸ ਕਰੇ। ਸੀ.ਬੀ.ਆਈ. ਦੇ ਸਾਬਕਾ ਡਾਇਰੈਕਟਰ ਜੋਗਿੰਦਰ ਸਿੰਘ ਨੇ ਕਿਹਾ ਹੈ ਕਿ ਜੇ ਅਪਰੇਸ਼ਨ ਬਲਿਊ ਸਟਾਰ ਵਿਚ ਬਰਤਾਨਵੀ ਮਦਦ ਦੀ ਗੱਲ ਸੱਚੀ ਹੈ ਤਾਂ ਇਸ ਤੋਂ ਸਾਫ਼ ਹੈ ਕਿ ਸ੍ਰੀਮਤੀ ਇੰਦਰਾ ਗਾਂਧੀ 'ਤੇ ਕੁਝ ਸਲਾਹਕਾਰ ਭਾਰੂ ਸਨ।

# ਸਾਕਾ ਨੀਲਾ ਤਾਰਾ: ਨਵੇਂ ਖੁਲਾਸਿਆਂ ਤੋਂ ਸਾਰੇ ਦੰਗ

*(ਸਫਾ ਇਕ ਦੀ ਬਾਕੀ)*


ਅਸਰ ਪੈਣਾ ਹੈ। ਬਰਤਾਨੀਆ ਦੀ ਲੇਬਰ ਪਾਰਟੀ ਨਾਲ ਸਬੰਧਤ ਸ੍ਰੀ ਵਾਟਸਨ ਅਤੇ ਪਹਿਲੇ ਦਸਤਾਰਧਾਰੀ ਸਿੱਖ ਲਾਰਡ ਇੰਦਰਜੀਤ ਸਿੰਘ ਵੱਲੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਜੂਨ 1984 ਵਿਚ ਹੋਏ ਸਾਕਾ ਨੀਲਾ ਤਾਰਾ ਅਪਰੇਸ਼ਨ ਮੌਕੇ ਉਸ ਵੇਲੇ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਤੇ ਬਰਤਾਨੀਆ ਦੀ ਹਵਾਈ ਸੈਨਾ ਵੱਲੋਂ ਨਿਭਾਏ ਰੋਲ ਬਾਰੇ ਜਾਰੀ ਕੀਤੇ ਗੁਪਤ ਸਰਕਾਰੀ ਦਸਤਾਵੇਜ਼ਾਂ ਬਾਰੇ ਉਠਾਏ ਸਵਾਲਾਂ ਦੇ ਜਵਾਬ ਲਈ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੇ ਆਪਣੇ ਕੈਬਨਿਟ ਸਕੱਤਰ ਤੋਂ ਦਾਅਵੇ ਨਾਲ ਜੁੜੇ ਤੱਥਾਂ ਬਾਰੇ ਜਵਾਬ ਮੰਗਿਆ ਹੈ। ਯਾਦ ਰਹੇ ਕਿ ਇਹ ਚਿੱਠੀਆਂ ਲੰਡਨ ਦੇ ਰਿਕਾਰਡ ਸੰਗ੍ਰਹਿ ਨੇ 30 ਸਾਲਾਂ ਦੇ ਨਿਯਮ ਪੀ.ਆਰ.ਈ.ਐਮ. 19/1273 ਸੀਰੀਜ਼ ਦੇ ਰੂਪ ਵਿਚ ਜਾਰੀ ਕੀਤੀਆਂ ਹਨ। ਜਨਤਕ ਹੋਈਆਂ ਦੋ ਚਿੱਠੀਆਂ ਵਿਚੋਂ ਇਕ 6 ਫਰਵਰੀ 1984 ਦੀ ਪ੍ਰਧਾਨ ਮੰਤਰੀ ਦਫਤਰ ਦੀ ਹੈ ਜੋ 3 ਫਰਵਰੀ 1984 ਦੇ ਇਕ ਪੱਤਰ ਦਾ ਜਵਾਬ ਹੈ ਜਦਕਿ ਦੂਜੀ 23 ਫਰਵਰੀ 1984 ਦੀ ਵਿਦੇਸ਼ ਮੰਤਰਾਲੇ ਦੇ ਦਫਤਰ ਦੀ ਹੈ। ਇਨ੍ਹਾਂ ਪੱਤਰਾਂ ਨੂੰ ਸਪਸ਼ਟ ਰੂਪ ਵਿਚ 'ਅਤਿ ਗੁਪਤ ਤੇ ਨਿਜੀ' ਲਿਖਿਆ ਗਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਗਿਆਨ ਸਿੰਘ ਬਿਲਗਾ ਨੂੰ ਸਦਮਾ, ਪਤਨੀ ਸੁਰਗਵਾਸ

**ਬੇਕਰਜ਼ਫੀਲਡ (ਬਿਊਰੋ):** ਸਾਬਕਾ ਖੱਬੇਪੱਖੀ ਅਧਿਆਪਕ ਆਗੂ ਅਤੇ ਗਦਰੀ ਬਾਬਿਆਂ ਦੀ ਯਾਦ ਵਿਚ ਬਣੀ ਸੰਸਥਾ ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਦੇ



ਆਗੂ ਸ. ਗਿਆਨ ਸਿੰਘ ਬਿਲਗਾ ਨੂੰ ਉਸ ਸਮੇਂ ਭਾਰੀ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੀ ਜੀਵਨ ਸਾਥਣ ਬੀਬੀ ਅਵਤਾਰ ਕੌਰ ਪਿਛਲੀ 8 ਜਨਵਰੀ ਨੂੰ ਕੈਂਸਰ ਦੀ ਨਾਮੁਰਾਦ ਬਿਮਾਰੀ ਕਾਰਨ ਚਲਾਣਾ ਕਰ ਗਏ। ਉਹ ਕਰੀਬ 71 ਸਾਲਾਂ ਦੇ ਸਨ ਅਤੇ ਆਪਣੇ ਪਿਛੇ ਪਤੀ ਸ. ਬਿਲਗਾ, ਬੇਟਾ ਮਨਦੀਪ ਸਿੰਘ ਤੇ ਨੂੰਹ ਹਰਵਿੰਦਰ, ਦੋ ਧੀਆਂ-ਸਰਬਜੀਤ ਅਤੇ ਮਿਨੀ ਤੋਂ ਇਲਾਵਾ ਦੋ ਦੋਹਤਰਿਆਂ-ਪੋਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।

ਬੀਬੀ ਅਵਤਾਰ ਕੌਰ ਦਾ ਅੰਤਿਮ ਸੰਸਕਾਰ ਆਉਂਦੀ 18 ਜਨਵਰੀ, ਸਨਿਚਰਵਾਰ ਇਥੇ ਗਰੀਨ ਲਾਅਨ ਸ਼ਮਸ਼ਾਨਘਾਟ (2739 ਪਨਾਮਾ ਲੇਨ, ਬੇਕਰਜ਼ਫੀਲਡ-93313, ਫੋਨ: 661-834-8820) ਵਿਖੇ ਹੋਵੇਗਾ। ਪਰਿਵਾਰ ਨਾਲ ਸੰਪਰਕ ਫੋਨ 661-397-7330 ਅਤੇ 661-978-5100 ਰਾਹੀਂ ਕੀਤਾ ਜਾ ਸਕਦਾ ਹੈ।

ਬੀਬੀ ਅਵਤਾਰ ਕੌਰ ਦਾ ਜਨਮ 4 ਜੁਲਾਈ 1942 ਨੂੰ ਮਾਤਾ ਹਰਬੰਸ ਕੌਰ ਅਤੇ ਪਿਤਾ ਸਤਨਾਮ ਸਿੰਘ ਦੇ ਘਰ ਜ਼ਿਲ੍ਹਾ ਜਲੰਧਰ ਦੇ ਪਿੰਡ ਸ਼ਰੀਂਹ ਵਿਚ ਹੋਇਆ। ਉਹ ਪਰਿਵਾਰ ਵਿਚ ਸਭ ਤੋਂ ਵੱਡੀ ਧੀ ਸੀ। ਉਹ ਸੱਤਵੀਂ ਜਮਾਤ ਵਿਚ ਹੀ ਪੜ੍ਹਦੇ ਸਨ ਕਿ ਉਨ੍ਹਾਂ ਦੀ ਮਾਤਾ ਕਿਸੇ ਨਾਮੁਰਾਦ ਬਿਮਾਰੀ ਕਰਕੇ ਚੱਲਣ-ਫਿਰਨ ਤੋਂ ਰਹਿ ਗਏ ਜਿਸ ਕਰ ਕੇ ਉਨ੍ਹਾਂ ਨੂੰ ਸਕੂਲ ਦੀ ਪੜ੍ਹਾਈ ਵਿਚੇ ਛੱਡਣੀ ਪਈ। ਆਪਣੇ ਛੋਟੇ ਭੈਣ-ਭਰਾਵਾਂ ਲਈ ਉਨ੍ਹਾਂ ਦੀ ਇਹ ਵੱਡੀ ਕੁਰਬਾਨੀ ਸੀ। ਉਨ੍ਹਾਂ ਦਾ ਛੋਟਾ ਭਰਾ ਸੁਰਿੰਦਰ ਸਿੰਘ ਇੰਜੀਨੀਅਰ ਹੈ ਅਤੇ ਉਨ੍ਹਾਂ ਦਾ ਸ਼ੁਮਾਰ ਕੀਨੀਆ ਦੇ ਚੋਟੀ ਦੇ ਵਿਅਕਤੀਆਂ ਵਿਚ ਹੁੰਦਾ ਹੈ। ਸੁਰਿੰਦਰ ਸਿੰਘ ਦੀ ਇਕ ਬੇਟੀ ਕੀਨੀਆ ਦੀ ਪਾਰਲੀਮੈਂਟ ਮੈਂਬਰ ਹੈ।

ਬੀਬੀ ਅਵਤਾਰ ਕੌਰ ਬਿਲਗਾ ਨੇ ਆਪਣੇ ਜੀਵਨ ਦੌਰਾਨ ਨਿਆਸਰਿਆਂ ਤੇ ਬੇਸਹਾਰਾ ਲੋਕਾਂ ਦੀ ਵੀ ਆਪਣੀ ਪੁੱਜਤ ਅਨੁਸਾਰ ਸੇਵਾ ਕੀਤੀ, ਬਹੁਤ ਸਾਰੇ ਬੱਚਿਆਂ ਨੂੰ ਕੋਲੋਂ ਫੀਸਾਂ ਦੇ ਕੇ ਪੜ੍ਹਾਇਆ ਹੀ ਨਹੀਂ, ਉਨ੍ਹਾਂ ਦੇ ਵਿਆਹ ਵੀ ਆਪਣੇ ਹੱਥੀਂ ਕੀਤੇ।

ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਨੇ ਬੀਬੀ ਅਵਤਾਰ ਕੌਰ ਦੇ ਚਲਾਣੇ ਉਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਇਸ ਘੜੀ ਸੰਸਥਾ ਬਿਲਗਾ ਜੀ ਦੇ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੈ। ਅਦਾਰਾ ਪੰਜਾਬ ਟਾਈਮਜ਼ ਨੇ ਵੀ ਸ. ਬਿਲਗਾ ਨੂੰ ਜੀਵਨ ਸਾਥੀ ਦੇ ਵਿਛੋੜਾ ਦੇ ਜਾਣ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਨਕਲੀ ਪੌਂਡ ਛਾਪਣ ਵਾਲੇ ਭਾਰਤੀ ਸੀਖਾਂ ਪਿੱਛੇ

**ਲੰਡਨ:** ਬਰਤਾਨੀਆ ਵਿਚ 13 ਲੱਖ ਪੌਂਡ ਦੀ ਜਾਅਲੀ ਕਰੰਸੀ ਛਾਪਣ ਦੇ ਦੋਸ਼ ਵਿਚ ਭਾਰਤੀ ਮੂਲ ਦੇ ਚਾਰ ਬਰਤਾਨਵੀ ਨਾਗਰਿਕਾਂ ਨੂੰ ਚਾਰ ਤੋਂ ਸੱਤ ਸਾਲਾਂ ਤਕ ਜੇਲ੍ਹ ਭੇਜ ਦਿੱਤਾ ਗਿਆ ਹੈ। 45 ਸਾਲਾ ਅੰਮ੍ਰਿਤ ਕੈਰਾ ਤੇ ਉਸ ਦੇ ਭਰਾ ਪ੍ਰੇਮ ਕੈਰਾ (43) ਨੂੰ 7-7 ਸਾਲਾਂ ਲਈ ਜੇਲ੍ਹ ਭੇਜਿਆ ਗਿਆ ਹੈ। ਇਨ੍ਹਾਂ ਭਰਾਵਾਂ ਨੇ ਬਰਮਿੰਘਮ ਵਿਖੇ ਆਪਣਾ ਪ੍ਰਿੰਟਿੰਗ ਕਾਰੋਬਾਰ ਨਕਲੀ ਕਰੰਸੀ ਛਾਪਣ ਲਈ ਵਰਤਿਆ। 40 ਸਾਲਾ ਰਾਜੀਵ ਕੁਮਾਰ ਤੇ 46 ਸਾਲ ਯਸ਼ ਮਹੇ ਨੂੰ ਚਾਰ-ਚਾਰ ਸਾਲਾਂ ਦੀ ਸਜ਼ਾ ਹੋਈ ਹੈ। ਇਨ੍ਹਾਂ ਨੇ ਸਤੰਬਰ 2011 ਤੋਂ ਫਰਵਰੀ 2012 ਤਕ ਨਕਲੀ ਪੌਂਡ ਛਾਪੇ। ਇਨ੍ਹਾਂ ਚਾਰਾਂ ਤੋਂ 10 ਪੌਂਡ ਦੇ 12.7 ਲੱਖ ਨਕਲੀ ਪੌਂਡ ਮਿਲੇ ਸਨ।

# ਚੰਡੀਗੜ੍ਹ ਵਿਚ ਖੁੱਲ੍ਹੇਗਾ ਬ੍ਰਿਟਿਸ਼ ਹਾਈ ਕਮਿਸ਼ਨ ਦਾ ਦਫ਼ਤਰ

**ਚੰਡੀਗੜ੍ਹ:** ਬ੍ਰਿਟਿਸ਼ ਹਾਈ ਕਮਿਸ਼ਨ ਮਾਰਚ ਮਹੀਨੇ ਵਿਚ ਚੰਡੀਗੜ੍ਹ ਵਿਚ ਉੱਤਰ-ਪੱਛਮ ਭਾਰਤ ਲਈ ਬ੍ਰਿਟਿਸ਼ ਹਾਈ ਕਮਿਸ਼ਨ ਦੇ ਦਫਤਰ ਦੀ ਸ਼ੁਰੂਆਤ ਕਰ ਰਿਹਾ ਹੈ ਜਿਥੇ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਚੰਡੀਗੜ੍ਹ ਸਮੇਤ ਉਤਰਾਂਚਲ ਤੱਕ ਦੇ ਸੂਬਿਆਂ ਦੇ ਲੋਕ ਆ ਸਕਣਗੇ। ਇਹ ਜਾਣਕਾਰੀ ਲੰਘੇ ਦਿਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੇ ਵਿਰਾਸਤ-ਏ-ਖਾਲਸਾਵਿਖੇ ਨਤਮਸਤਕ ਹੋਣ ਆਏ ਡਿਪਟੀ ਹਾਈ ਕਮਿਸ਼ਨਰ ਡੇਵਿਡ ਲੇਲੀਅਟ ਓਬ ਨੇ ਦਿੱਤੀ।

ਆਪਣੇ ਪਰਿਵਾਰ ਦੇ ਨਾਲ ਪਹੁੰਚੇ ਡੇਵਿਡ ਨੇ ਦੱਸਿਆ ਕਿ ਬ੍ਰਿਟਿਸ਼ ਸਰਕਾਰ ਚਾਹੁੰਦੀ ਹੈ ਕਿ ਉਹ ਭਾਰਤ ਦੇ ਨਾਗਰਿਕਾਂ ਦੇ ਨਾਲ ਸਬੰਧ ਹੋਰ ਵੀ ਮਜ਼ਬੂਤ ਕਰੇ। ਇਹੀ ਕਾਰਨ ਹੈ ਕਿ ਪਿਛਲੇ ਕੁਝ ਮਹੀਨਿਆਂ ਤੋਂ ਚੰਡੀਗੜ੍ਹ ਵਿਚ ਕੰਮ ਕਰ ਰਹੇ ਸੀ ਤੇ ਹੁਣ ਮਾਰਚ ਤੋਂ ਚੰਡੀਗੜ੍ਹ ਵਿਚ ਬ੍ਰਿਟਿਸ਼ ਹਾਈ ਕਮਿਸ਼ਨਰ ਦਾ ਦਫਤਰ ਲੋਕਾਂ ਦੀ ਸਹੂਲਤ ਲਈ ਖੋਲ੍ਹਿਆ ਜਾ ਰਿਹਾ ਹੈ। ਉਨ੍ਹਾਂ ਵਿਰਾਸਤ-ਏ-ਖਾਲਸਾ ਬਾਰੇ ਕਿਹਾ ਕਿ ਇਹ ਅਜਾਇਬ ਘਰ ਦੁਨੀਆਂ ਵਿਚ ਕਿਸੇ ਅਜੂਬੇ ਤੋਂ ਘੱਟ ਨਹੀਂ ਹੈ ਤੇ ਇਥੇ ਆ ਕੇ ਉਨ੍ਹਾਂ ਨੂੰ ਵਡਮੁੱਲੀ ਜਾਣਕਾਰੀ ਹਾਸਲ ਹੋਈ ਹੈ।

# ਭੈਣ ਦੇ ਕਤਲ ਕੇਸ ਵਿਚ ਪਰਵਾਸੀ ਪੰਜਾਬੀ ਨੂੰ ਉਮਰ ਕੈਦ

**ਵੈਨਕੂਵਰ (ਪੰਜਾਬ ਟਾਈਮਜ਼ ਬਿਊਰੋ):** ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਨੇ ਪਰਵਾਸੀ ਪੰਜਾਬੀ 43 ਸਾਲਾ ਹਰਮੋਹਿੰਦਰ ਸਿੰਘ ਖੋਸਾ ਨੂੰ ਭੈਣ ਦੇ ਕਤਲ ਦੇ ਦੋਸ਼ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਨਿਊਵੈਸਟ ਮਨਿਸਟਰ ਸਥਿਤ ਸੁਪਰੀਮ ਕੋਰਟ ਦੀ ਜੱਜ ਮਰੀਅਮ ਮੈਨਸਵਿਲ ਨੇ 34 ਸਾਲਾ ਅਮਰਜੀਤ ਕੌਰ ਖੋਸਾ ਦੇ ਕਤਲ ਕੇਸ ਸਬੰਧੀ ਪਹਿਲਾਂ ਹੀ ਦੋਸ਼ ਕਬੂਲ ਕਰ ਚੁੱਕੇ ਮ੍ਰਿਤਕ ਦੇ ਭਰਾ ਨੂੰ 10 ਸਾਲ ਤੱਕ ਜ਼ਮਾਨਤ ਦੀ ਅਰਜ਼ੀ ਨਾ ਦੇ ਸਕਣ ਦਾ ਹੁਕਮ ਵੀ ਦਿੱਤਾ।

ਪੰਜਾਬ ਤੋਂ ਜ਼ਿਲ੍ਹਾ ਫਰੀਦਕੋਟ ਵਿਚ ਪੈਂਦੇ ਪਿੰਡ ਕੋਟ ਕਰੋੜ ਨਾਲ ਸਬੰਧਤ ਅਮਰਜੀਤ ਕੌਰ ਲੰਮੇ ਸਮੇਂ ਤੋਂ ਕੈਨੇਡਾ ਰਹਿ ਰਹੀ ਸੀ। ਉਹ ਮਾਨਸਿਕ ਰੋਗ ਤੋਂ ਪੀੜਤ ਹੋਣ ਕਾਰਨ ਐਬਟਸਫੋਰਡ ਸਥਿਤ ਘਰ ਛੱਡ ਕੇ ਕਈ ਵਾਰ ਕੈਲਗਰੀ ਵੀ ਜਾ ਚੁੱਕੀ ਸੀ। 21 ਜੁਲਾਈ, 2010 ਨੂੰ ਜਦੋਂ ਹਰਮੋਹਿੰਦਰ ਆਪਣੀ ਮਾਂ ਬਲਜਿੰਦਰ ਕੌਰ ਨੂੰ ਭੈਣ ਕੋਲੋਂ ਲੈ ਕੇ ਘਰ ਵਾਪਸ ਪਰਤਿਆ ਤਾਂ ਅਮਰਜੀਤ ਕੌਰ ਖੋਸਾ ਦੇ ਲਗਾਤਾਰ ਆਏ ਗੁੱਸੇ ਭਰੇ ਟੈਲੀਫੋਨਾਂ ਮਗਰੋਂ ਉਹ ਬੇਹੱਦ ਪ੍ਰੇਸ਼ਾਨ ਹੋਇਆ।

ਇਸ ਦੌਰਾਨ ਉਸ ਨੇ ਆਪਣੀ ਭੈਣ ਦੇ ਘਰ ਜਾ ਕੇ ਉਸ 'ਤੇ ਤੇਜ਼ਧਾਰ ਛੁਰੇ ਨਾਲ 13 ਵਾਰ ਕਰਕੇ ਉਸ ਦਾ ਕਤਲ ਕਰ ਦਿੱਤਾ। ਇਕ ਹਫ਼ਤੇ ਮਗਰੋਂ ਉਸ ਨੇ ਆਤਮਾ ਦੇ ਝੰਜੋੜਨ ਦੀ ਗੱਲ ਕਹਿਕੇ ਦੋਸ਼ ਕਬੂਲ ਕਰ ਲਿਆ। ਦੂਜਾ ਦਰਜਾ ਹੱਤਿਆ ਦੇ ਦੋਸ਼ ਵਿਚ ਉਮਰ ਕੈਦ ਯਾਫਤਾ ਖੋਸਾ ਦੇ ਵਕੀਲ ਬ੍ਰਿਜ ਮੋਹਣ ਅਨੁਸਾਰ ਦੋ ਬੱਚਿਆਂ ਦੇ ਬਾਪ ਹਰਮੋਹਿੰਦਰ ਖੋਸਾ ਦਾ ਪਰਿਵਾਰ ਤਾਜ਼ਾ ਫ਼ੈਸਲੇ ਨਾਲ ਡੂੰਘਾ ਪੀੜਤ ਹੈ ਤੇ 30 ਦਿਨਾਂ ਤੱਕ ਸਜ਼ਾ ਖਿਲਾਫ਼ ਅਪੀਲ ਦਾਇਰ ਕੀਤੀ ਜਾ ਸਕਦੀ ਹੈ।

ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਨੇ ਦੋਸ਼ੀ ਨੂੰ ਡੀ.ਐਨ.ਏ. ਟੈਸਟ ਕਰਵਾਉਣ ਤੇ ਉਸ 'ਤੇ ਉਮਰ ਭਰ ਹਥਿਆਰ ਰੱਖਣ 'ਤੇ ਵੀ ਪਾਬੰਦੀ ਲਾ ਦਿਤੀ ਹੈ।

## ਵੱਖਵਾਦੀ ਤਾਕਤਾਂ ਤੋਂ ਸੁਚੇਤ ਰਹਿਣ ਦਾ ਸੱਦਾ

**ਨਵੀਂ ਦਿੱਲੀ:** ਭਾਜਪਾ ਦੇ ਪ੍ਰਧਾਨ ਮੰਤਰੀ ਲਈ ਉਮੀਦਵਾਰ ਨਰਿੰਦਰ ਮੋਦੀ ਨੂੰ ਖੁੱਲ੍ਹੇਆਮ ਨਿਸ਼ਾਨਾ ਬਣਾਉਂਦਿਆਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਵੱਖਵਾਦੀ ਤਾਕਤਾਂ ਤੋਂ ਖਬਰਦਾਰ ਰਹਿਣ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਲੋਕ ਭਾਰਤ ਦੀ ਧਰਮ-ਨਿਰਪੱਖ ਸੋਚ ਨੂੰ ਨਵੇਂ ਸਿਰਿਓਂ ਪ੍ਰਭਾਵਿਤ ਕਰਨ ਦਾ ਯਤਨ ਕਰ ਰਹੇ ਹਨ ਜਿਨ੍ਹਾਂ ਤੋਂ ਬਚ ਕੇ ਰਹਿਣ ਦੀ ਲੋੜ ਹੈ। ਉਨ੍ਹਾਂ ਇਸ ਮੌਕੇ ਯੂ.ਪੀ.ਏ. ਸਰਕਾਰ ਦੇ ਕਾਰਜਕਾਲ ਵਿਚ ਘੱਟ-ਗਿਣਤੀਆਂ, ਖਾਸ ਕਰ ਕੇ ਮੁਸਲਮਾਨਾਂ ਲਈ ਨੌਕਰੀਆਂ, ਕਰਜ਼ਿਆਂ ਤੇ ਭਲਾਈ ਸਕੀਮਾਂ ਵਿਚ ਵਧਾਏ ਹਿੱਸੇ ਦਾ ਵਿਸ਼ੇਸ਼ ਜ਼ਿਕਰ ਕੀਤਾ।

ਸੂਬਿਆਂ ਦੇ ਘੱਟ-ਗਿਣਤੀ ਕਮਿਸ਼ਨਾਂ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਡਾ.ਮਨਮੋਹਨ ਸਿੰਘ ਨੇ ਕਿਹਾ ਕਿ ਭਾਰਤ ਦੀ ਤਾਕਤ, ਇਸ ਦੀ ਇਕਮੁੱਠਤਾ ਵਿਚ ਛੁਪੀ ਹੋਈ ਹੈ। ਜਿਉਣ ਦਾ ਇਹ ਢੰਗ ਸਦੀਆਂ ਤੋਂ ਚੱਲਦਾ ਆ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਘੱਟ-ਗਿਣਤੀਆਂ ਲਈ ਆਪਣੇ ਵੱਲੋਂ ਬਿਹਤਰ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਸੱਚਰ ਕਮੇਟੀ ਰਿਪੋਰਟ ਦਾ ਵਿਸ਼ੇਸ਼ ਜ਼ਿਕਰ ਕੀਤਾ ਜਿਸ ਦੀਆਂ 76 ਵਿਚੋਂ 72 ਸਿਫਾਰਿਸ਼ਾਂ ਪ੍ਰਵਾਨ ਕਰ ਲਈਆਂ ਗਈਆਂ ਹਨ।

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

Transportation Funding Group, Inc.

Minneapolis , MN 55426

# ਗਰਮ ਖਿਆਲੀਆਂ ਦੀ ਹਮਾਇਤ ਨਾ ਕਰਨ ਦਾ ਸੱਦਾ

**ਆਨੰਦਪੁਰ ਸਾਹਿਬ:** ਪਰਵਾਸੀ ਭਾਰਤੀ ਸੰਮੇਲਨ ਮੌਕੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਰਵਾਸੀ ਪੰਜਾਬੀਆਂ ਨੂੰ ਸੱਦਾ ਦਿੱਤਾ ਕਿ ਵਿਦੇਸ਼ੀ ਧਰਤੀ ਤੋਂ ਗਰਮ ਖ਼ਿਆਲੀ ਸਿੱਖ ਜਥੇਬੰਦੀਆਂ ਨੂੰ ਹਮਾਇਤ ਬੰਦ ਕੀਤੀ ਜਾਵੇ। ਖ਼ਾਲਸੇ ਦੀ ਜਨਮ ਭੂਮੀ 'ਤੇ ਪਰਵਾਸੀ ਪੰਜਾਬੀ ਸੰਮੇਲਨ ਦੇ ਪਹਿਲੇ ਦਿਨ ਗਰਮ ਦਲੀਆਂ ਖ਼ਿਲਾਫ਼ ਤਿੱਖੀ ਸੁਰ ਰਖਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵਿਦੇਸ਼ਾਂ ਤੋਂ ਮਦਦ ਲੈ ਕੇ ਕੁਝ ਤਾਕਤਾਂ ਪੰਜਾਬ ਵਿਚ ਫ਼ਿਰਕੂ ਬਦਅਮਨੀ ਪੈਦਾ ਕਰਨ ਦੀ ਤਾਕ ਵਿਚ ਰਹਿੰਦੀਆਂ ਹਨ।

ਸ. ਬਾਦਲ ਨੇ ਕਿਹਾ ਕਿ ਪੰਜਾਬ ਤੇ ਪੰਜਾਬੀਆਂ ਨੇ ਪਿਛਲੇ ਸਮੇਂ ਦੌਰਾਨ ਬਹੁਤ ਦੁਖ ਝੱਲੇ ਹਨ। ਇਸ ਲਈ ਪਰਵਾਸੀਆਂ ਨੂੰ ਚਾਹੀਦਾ ਹੈ ਕਿ ਆਪਣੀ ਜਨਮ ਭੂਮੀ ਦੇ ਚੰਗੇ ਭਵਿੱਖ ਲਈ ਅਮਨ-ਚੈਨ ਭੰਗ ਕਰਨ ਵਾਲਿਆਂ ਦੀ ਹਮਾਇਤ ਨਾ ਕੀਤੀ ਜਾਵੇ। ਜ਼ਿਕਰਯੋਗ ਹੈ ਕਿ ਵਿਦੇਸ਼ਾਂ ਵਿਚ ਗਰਮ ਦਲੀਆਂ ਦੇ ਵਿਰੋਧ ਕਾਰਨ ਦੋਹਾਂ ਬਾਦਲਾਂ ਦੇ ਕੈਨੇਡਾ ਤੇ ਹੋਰ ਕਈ ਮੁਲਕਾਂ ਵਿਚ ਸਮਾਗਮਾਂ ਵਿਚ ਜਾਣਾ ਮੁਸ਼ਕਲ ਹੋਇਆ ਪਿਆ ਹੈ। ਸ. ਬਾਦਲ ਨੇ ਕਿਹਾ ਕਿ ਵਿਦੇਸ਼ਾਂ ਵਿਚ ਰਹਿੰਦੇ ਗੁਜਰਾਤੀਆਂ ਤੇ ਦੱਖਣੀ ਸੂਬਿਆਂ ਦੇ ਭਾਰਤੀਆਂ ਨੇ ਆਪਣੀ ਜਨਮ ਭੂਮੀ ਦੇ ਵਿਕਾਸ ਵਿਚ ਯੋਗਦਾਨ ਪਾਇਆ ਹੈ ਪਰ ਪਰਵਾਸੀ ਪੰਜਾਬੀਆਂ ਵੱਲੋਂ ਇੰਝ ਨਹੀਂ ਕੀਤਾ ਗਿਆ।

ਸ. ਬਾਦਲ ਨੇ ਪਰਵਾਸੀ ਪੰਜਾਬੀਆਂ ਦੇ ਬੱਚਿਆਂ ਲਈ ਵਿਸ਼ੇਸ਼ ਕਿਸਮ ਦੇ ਸਕੂਲ ਖੋਲ੍ਹ ਕੇ ਦੇਣ ਤੇ ਹੋਰ ਸਹੂਲਤਾਂ ਦੀ ਪੇਸ਼ਕਸ਼ ਵੀ ਕੀਤੀ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਵਪਾਰਕ ਤਾਲਮੇਲ ਵਧਾਉਣ ਲਈ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਹੋਰ ਮੁਲਕਾਂ ਵਿਚ ਪੰਜਾਬ ਸਰਕਾਰ ਦੇ ਦਫ਼ਤਰ ਵੀ ਖੋਲ੍ਹੇ ਜਾਣੇ ਚਾਹੀਦੇ ਹਨ ਤਾਂ ਜੋ ਵਪਾਰ ਨੂੰ ਪੰਜਾਬ ਵਿਚ ਪ੍ਰਫੁੱਲਤ ਕੀਤਾ ਜਾ ਸਕੇ। ਜਲੰਧਰ ਵਿਖੇ ਸੰਮੇਲਨ ਦੇ ਦੂਜੇ ਦਿਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਰਵਾਸੀ ਪੰਜਾਬੀਆਂ ਨੂੰ ਸੱਦਾ ਦਿੱਤਾ ਕਿ ਉਹ ਤੀਜੀ ਪੀੜ੍ਹੀ ਦੇ ਬੱਚਿਆਂ ਨੂੰ ਪੰਜਾਬ ਦੇ ਅਮੀਰ ਵਿਰਸੇ ਨਾਲ ਜੋੜੀ ਰੱਖਣ।

ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿਚ ਜੇ ਉਹ ਵੱਧ ਪੈਸੇ ਵੀ ਕਮਾ ਲੈਣਗੇ ਤਾਂ ਉਸ ਨਾਲ ਕੋਈ ਫ਼ਰਕ ਨਹੀਂ ਪੈਣਾ ਪਰ ਜੇ ਉਨ੍ਹਾਂ ਦੇ ਬੱਚੇ ਆਪਣੇ ਧਰਮ ਤੇ ਵਿਰਸੇ ਨਾਲੋਂ ਟੁੱਟ ਗਏ ਤਾਂ ਪੰਜਾਬ ਦਾ ਬਹੁਤ ਵੱਡਾ ਨੁਕਸਾਨ ਹੋ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਸੂਬੇ ਵਿਚ ਪਰਵਾਸੀ ਪੰਜਾਬੀਆਂ ਦੇ ਬੱਚਿਆਂ ਨੂੰ ਪੜ੍ਹਾਉਣ ਵਾਸਤੇ 5-10 ਸਕੂਲ ਖੋਲ੍ਹਣ ਲਈ ਤਿਆਰ ਹੈ ਜਿਨ੍ਹਾਂ ਵਿਚ ਉਹ ਬੱਚਿਆਂ ਨੂੰ ਵਿਰਸੇ, ਧਰਮ ਤੇ ਭਾਸ਼ਾ ਬਾਰੇ ਗਿਆਨ ਦਿਵਾਉਣਗੇ।




### ਪਰਵਾਸੀ ਪੰਜਾਬੀ ਸੰਮੇਲਨ ਦਾ ਘੇਰਾ ਵਿਸ਼ਾਲ ਹੋਵੇਗਾ

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਅਗਲੀ ਵਾਰ ਤੋਂ ਸੰਮੇਲਨ ਦਾ ਘੇਰਾ ਵਿਸ਼ਾਲ ਕਰਦਿਆਂ ਸੰਮੇਲਨ ਦੌਰਾਨ ਵਿੱਦਿਆ, ਸਿਹਤ, ਖੇਤੀਬਾੜੀ ਤੇ ਸਨਅਤ ਵਰਗੇ ਪ੍ਰਮੁੱਖ ਖੇਤਰਾਂ ਦੇ ਮਾਹਿਰਾਂ ਲਈ ਵੱਖੋ-ਵੱਖਰੇ ਸੈਸ਼ਨ ਕਰਵਾਏ ਜਾਣਗੇ ਤਾਂ ਕਿ ਉਨ੍ਹਾਂ ਦੇ ਤਜਰਬੇ ਤੇ ਮੁਹਾਰਤ ਦਾ ਲਾਭ ਲਿਆ ਜਾ ਸਕੇ।

ਸ. ਬਾਦਲ ਨੇ ਕਿਹਾ ਕਿ ਅਗਲੇ ਵਰ੍ਹੇ ਤੋਂ ਇਨ੍ਹਾਂ ਸੰਮੇਲਨਾਂ ਦੀ ਤਰਜ਼ 'ਤੇ ਦੇਸ਼ ਦੇ ਦੂਜੇ ਸੂਬਿਆਂ ਵਿਚ ਵਸਦੇ ਪੰਜਾਬੀਆਂ ਦਾ ਸਰਬ ਭਾਰਤੀ ਪੰਜਾਬੀ ਸੰਮੇਲਨ ਵੀ ਕਰਵਾਇਆ ਜਾਇਆ ਕਰੇਗਾ ਤਾਂ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕੱਢਣ ਲਈ ਢੁਕਵੇਂ ਕਦਮ ਚੁੱਕੇ ਜਾ ਸਕਣ।

## ਸਿਸਟਮ ਵਿਚ ਸੁਧਾਰ ਦੀ ਲੋੜ ਉਤੇ ਜ਼ੋਰ

**ਸ੍ਰੀ ਆਨੰਦਪੁਰ ਸਾਹਿਬ:** ਪਰਵਾਸੀ ਸੰਮੇਲਨ ਵਿਚ ਸ਼ਾਮਲ ਹੋਣ ਆਏ ਕੈਨੇਡਾ ਦੇ ਸੂਬੇ ਅਲਬਰਟਾ ਦੇ ਵਿਧਾਇਕ ਪੀਟਰ ਸੰਧੂ ਨੇ ਪੰਜਾਬ ਸਰਕਾਰ ਨੂੰ ਸੁਝਾਅ ਦਿੱਤਾ ਹੈ ਕਿ ਵਿਸ਼ੇਸ਼ ਐਨ.ਆਰ.ਆਈ. ਥਾਣੇ ਬਣਾਉਣ ਦੀ ਥਾਂ ਸਮੁੱਚੇ ਸਿਸਟਮ 'ਚ ਸੁਧਾਰ ਕੀਤਾ ਜਾਵੇ। ਜੇ ਐਨਆਰਆਈ ਥਾਣੇ ਦੇ ਐਸਐਚਓ ਦਾ ਕਿਰਦਾਰ ਹੀ ਮਾੜਾ ਹੋਇਆ ਤਾਂ ਫਿਰ ਅਜਿਹੇ ਥਾਣਿਆਂ ਦਾ ਕੀ ਲਾਭ ਹੋਵੇਗਾ।

ਉਨ੍ਹਾਂ ਕਿਹਾ ਕਿ ਜੇ ਪੁਲਿਸ ਦੀ ਕਾਰਗੁਜ਼ਾਰੀ ਹੀ ਪਾਰਦਰਸ਼ੀ ਕਰ ਦਿੱਤੀ ਜਾਵੇ ਤਾਂ ਸਾਰੀ ਸਮੱਸਿਆ ਹੀ ਖ਼ਤਮ ਹੋ ਜਾਂਦੀ ਹੈ। ਵਿਦੇਸ਼ਾਂ ਵਿਚ ਬੈਠੇ ਪੰਜਾਬੀ ਆਪਣੇ ਵਤਨ ਵਿਚ ਅੜਿੱਕੇ ਭਰੀ ਦਫ਼ਤਰੀ ਪ੍ਰਕਿਰਿਆ ਤੋਂ ਹੀ ਮੁੱਖ ਤੌਰ 'ਤੇ ਦੁਖੀ ਹਨ। ਪਿਛਲੇ ਪਰਵਾਸੀ ਸੰਮੇਲਨ ਵਿਚ ਵੀ ਸ਼ਾਮਲ ਹੋਏ ਸੰਧੂ ਨੇ ਯਾਦ ਕਰਵਾਇਆ ਕਿ ਉਦੋਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਤੇ ਮੰਗਾਂ ਦੇ ਫੌਰੀ ਹੱਲ ਲਈ ਇਕ ਉਚ ਪੱਧਰੀ ਕਮੇਟੀ ਬਣਾਉਣ ਦਾ ਐਲਾਨ ਕੀਤਾ ਸੀ। ਇਸ 10 ਮੈਂਬਰੀ ਕਮੇਟੀ ਵਿਚ ਪੰਜਾਬ ਦੇ 5 ਕੈਬਨਿਟ ਮੰਤਰੀ ਤੇ ਵਿਦੇਸ਼ਾਂ ਦੇ ਚੁਣੇ 5 ਨੁਮਾਇੰਦੇ ਲੈਣ ਦੀ ਗੱਲ ਕੀਤੀ ਗਈ ਸੀ। ਅੱਜ ਤੱਕ ਇਸ ਕਮੇਟੀ ਦਾ ਗਠਨ ਹੀ ਨਹੀਂ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਛੋਟੀਆਂ-ਛੋਟੀਆਂ ਮੁਸ਼ਕਲਾਂ ਵੀ ਪਰਵਾਸੀ ਪੰਜਾਬੀਆਂ ਲਈ ਪਹਾੜ ਬਣੀਆਂ ਹੋਈਆਂ ਹਨ। ਪੰਜਾਬ ਦੇ ਬਣੇ ਵਿਸ਼ੇਸ਼ ਡਰਾਈਵਿੰਗ ਲਾਇਸੈਂਸ ਨੂੰ ਕੈਨੇਡਾ ਵਿਚ ਵੀ ਕੁਝ ਸਮੇਂ ਲਈ ਮਾਨਤਾ ਦਿੱਤੀ ਜਾਂਦੀ ਹੈ ਪਰ ਇਥੇ ਪੰਜਾਬ ਆ ਕੇ ਉਨ੍ਹਾਂ ਨੂੰ ਕੈਨੇਡਾ ਦੇ ਬਣੇ ਡਰਾਈਵਿੰਗ ਲਾਇਸੈਂਸ ਦੇ ਆਧਾਰ 'ਤੇ ਗੱਡੀ ਚਲਾਉਣ ਦੀ ਵੀ ਇਜਾਜ਼ਤ ਨਹੀਂ ਹੈ ਜਿਸ ਕਾਰਨ ਉਨ੍ਹਾਂ ਨੂੰ ਇਥੇ ਆ ਕੇ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਕਈ ਪਰਵਾਸੀ ਪੰਜਾਬੀਆਂ ਨੂੰ ਭਗੌੜੇ ਮੁਲਜ਼ਮ (ਪੀਓ) ਐਲਾਨਿਆ ਹੈ। ਪਹਿਲਾਂ ਤਾਂ ਇਸ ਦੀ ਸੂਚਨਾ ਹੀ ਜਨਤਕ ਨਾ ਕਰਨ ਕਾਰਨ ਪ੍ਰਭਾਵਿਤ ਪਰਵਾਸੀ ਪੰਜਾਬੀਆਂ ਨੂੰ ਹਨੇਰੇ ਵਿਚ ਰੱਖਿਆ ਜਾਂਦਾ ਹੈ। ਦੂਸਰਾ ਕਈ ਛੋਟੇ-ਮੋਟੇ ਮਾਮਲਿਆਂ ਵਿਚ ਵੀ ਪਰਵਾਸੀ ਪੰਜਾਬੀਆਂ ਨੂੰ ਸਾਲਾਂ ਤੋਂ ਪੀਓ ਐਲਾਨਿਆ ਗਿਆ ਹੈ।

## ਕਿਸੇ ਵੀ ਪਰਵਾਸੀ ਨੇ ਨਹੀਂ ਛਕਿਆ ਗੁਰੂ ਕਾ ਲੰਗਰ

**ਆਨੰਦਪੁਰ ਸਾਹਿਬ:** ਬੇਸ਼ੱਕ ਪਰਵਾਸੀ ਪੰਜਾਬੀ ਸੰਮੇਲਨ ਵਿਚ ਸ਼ਿਰਕਤ ਕਰਨ ਲਈ ਪਹੁੰਚੇ ਸੈਂਕੜੇ ਡੈਲੀਗੇਟ ਇਥੇ ਆਉਣ 'ਤੇ ਆਪਣੇ ਆਪ ਨੂੰ ਭਾਗਾਂ ਵਾਲਾ ਦੱਸ ਰਹੇ ਸਨ ਪਰ ਖਾਸ ਗੱਲ ਵੇਖਣ ਨੂੰ ਇਹ ਮਿਲੀ ਕਿ ਸਭ ਡੈਲੀਗੇਟਾਂ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਤਾਂ ਟੇਕਿਆ ਪਰ ਇਥੋਂ ਦੇ ਗੁਰੂ ਘਰ ਦੇ ਲੰਗਰ ਨਾਲੋਂ ਤਰਜੀਹ ਵਿਰਾਸਤ-ਏ-ਖਾਲਸਾ ਵਿਚ ਪੰਜਾਬ ਸਰਕਾਰ ਵੱਲੋਂ ਪਰੋਸੇ ਗਏ ਤਾਜ ਹੋਟਲ ਦੇ ਖਾਣੇ ਨੂੰ ਹੀ ਦਿੱਤੀ।

ਬੇਸ਼ੱਕ ਤਾਜ ਹੋਟਲ ਵੱਲੋਂ ਸ਼ਹਿਰ ਦੀ ਪਵਿੱਤਰਤਾ ਨੂੰ ਧਿਆਨ ਵਿਚ ਰੱਖਦੇ ਹੋਏ ਸ਼ੁੱਧ ਸ਼ਾਕਾਹਾਰੀ ਖਾਣਾ ਪਰੋਸਿਆ ਗਿਆ ਸੀ ਪਰ ਫਿਰ ਵੀ ਲੋਕਾਂ ਵਿਚ ਇਹ ਚਰਚਾ ਸੀ ਕਿ ਵਿਦੇਸ਼ਾਂ ਤੋਂ ਆਏ ਕਿਸੇ ਵੀ ਪਰਵਾਸੀ ਨੇ ਲੰਗਰ ਨਹੀਂ ਛਕਿਆ।

# ਪਰਵਾਸੀ ਭਾਰਤੀਆਂ ਦੇ ਰਿਸ਼ਤੇਦਾਰਾਂ ਨੂੰ ਧਮਕੀਆਂ

**ਹੁਸ਼ਿਆਰਪੁਰ:** ਪੰਜਾਬ ਸਰਕਾਰ ਜਿਥੇ ਐਨ.ਆਰ.ਆਈਜ਼ ਨਾਲ ਤਾਲਮੇਲ ਵਧਾਉਣ, ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਤੇ ਉਨ੍ਹਾਂ ਨੂੰ ਪੰਜਾਬ ਵਿਚ ਨਿਵੇਸ਼ ਕਰਨ ਲਈ ਪ੍ਰੇਰਿਤ ਕਰਨ ਵਾਸਤੇ ਐਨ.ਆਰ.ਆਈ. ਸੰਮੇਲਨ ਕਰਵਾ ਰਹੀ ਹੈ, ਉਥੇ ਸੈਂਕੜੇ ਪਰਵਾਸੀ ਭਾਰਤੀਆਂ ਦੇ ਰਿਸ਼ਤੇਦਾਰਾਂ ਨੂੰ ਨਜਾਇਜ਼ ਮੁਕੱਦਮੇ ਦਰਜ ਕਰਨ ਦੀਆਂ ਧਮਕੀਆਂ ਦੇ ਰਹੀ ਹੈ। ਸਰਕਾਰ ਦੇ ਇਹ ਦੋਹਰੇ ਮਾਪਦੰਡ ਹਿਊਮਨ ਇੰਪਾਵਰਮੈਂਟ ਲੀਗ ਆਫ਼ ਪੰਜਾਬ (ਹੈਲਪ) ਦੇ ਜਨਰਲ ਸਕੱਤਰ ਪਰਵਿੰਦਰ ਸਿੰਘ ਕਿੱਤਨਾ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਦੀ ਵਰਤੋਂ ਨਾਲ ਹਾਸਲ ਕੀਤੀ ਜਾਣਕਾਰੀ ਤੋਂ ਸਾਹਮਣੇ ਆਏ ਹਨ।

ਜਲੰਧਰ ਡਵੀਜ਼ਨ ਅਧੀਨ ਆਉਂਦੇ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਨਵਾਂਸ਼ਹਿਰ, ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ ਤੇ ਪਠਾਨਕੋਟ ਜ਼ਿਲ੍ਹਿਆਂ ਨਾਲ ਸਬੰਧਤ ਕਈ ਪਰਵਾਸੀ ਭਾਰਤੀਆਂ ਦੇ ਘਰਾਂ ਵਿਚ ਕਮਿਸ਼ਨਰ ਜਲੰਧਰ ਵੱਲੋਂ ਭੇਜੇ ਨੋਟਿਸਾਂ ਦੀ ਸ਼ਬਦਾਵਲੀ ਦਾ ਇਕ ਹਿੱਸਾ ਇਹ ਹੈ ਕਿ ਜਲੰਧਰ ਮੰਡਲ, ਜਲੰਧਰ ਦੇ ਦਫ਼ਤਰ ਦੀ ਇੰਬੋਸਿੰਗ ਬਰਾਂਚ ਦੇ ਆਡਿਟ ਚੈਕਿੰਗ ਦੌਰਾਨ ਇਹ ਨੋਟਿਸ ਵਿਚ ਆਇਆ ਹੈ ਕਿ ਡਾਕੂਮੈਂਟ ਦੀ ਇੰਬੋਸਿੰਗ ਵਾਸਤੇ ਇਸ ਦਫ਼ਤਰ ਵਿਚ ਸਮੇਤ ਸਟੇਟ ਬੈਂਕ ਆਫ਼ ਇੰਡੀਆ ਵਿਚ ਆਪ ਵੱਲੋਂ ਦਾਖਲ ਕਰਵਾਈ ਰਕਮ ਦਾ ਚਲਾਨ ਨਾਲ ਨੱਥੀ ਕੀਤਾ ਸੀ, ਉਹ ਜਾਅਲੀ ਤੇ ਬਦਨੀਯਤੀ ਨਾਲ ਫ਼ਰਜ਼ੀ ਤਿਆਰ ਕੀਤਾ ਜਾਣਾ ਪਾਇਆ ਗਿਆ ਹੈ। ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਜਲੰਧਰ ਤੋਂ ਉਕਤ ਚਲਾਨ ਦੀ ਵੈਰੀਫ਼ਿਕੇਸ਼ਨ 'ਤੇ ਪਾਇਆ ਗਿਆ ਹੈ ਕਿ ਆਪ ਦੇ ਵੱਲੋਂ ਨੱਥੀ ਚਲਾਨ ਦੀ ਕੋਈ ਰਕਮ ਦਾਖਲ ਖ਼ਜ਼ਾਨਾ ਨਹੀਂ ਹੋਈ। ਜਾਅਲੀ ਤੇ ਬਦਨੀਯਤੀ ਨਾਲ ਤਿਆਰ ਕੀਤੇ ਫ਼ਰਜ਼ੀ ਚਲਾਨ ਕਾਰਨ ਆਪ ਨੇ ਆਪਣੇ ਆਪ ਨੂੰ ਇੰਡੀਅਨ ਪੀਨਲ ਕੋਡ ਦੀ ਧਾਰਾ 409,420,465,466, 467,468,471 ਤੇ 120-ਬੀ ਅਧੀਨ ਸਜ਼ਾ ਦਾ ਭਾਗੀ ਬਣਾ ਲਿਆ ਹੈ। ਸਾਲ 2012 ਵਿਚ ਜਲੰਧਰ ਕਮਿਸ਼ਨਰ ਦੇ ਦਫ਼ਤਰ ਦੇ ਇਕ ਕਲਰਕ ਤੇ ਦੋ ਪ੍ਰਾਈਵੇਟ ਵਿਅਕਤੀਆਂ ਵੱਲੋਂ ਪਰਵਾਸੀ ਭਾਰਤੀਆਂ ਵੱਲੋਂ ਭੇਜੇ ਜਾਂਦੇ ਮੁਖਤਿਆਰਨਾਮੇ ਦੇ ਕਾਗਜ਼ਾਤ ਦੀ ਤਸਦੀਕ (ਇੰਬੋਸਿੰਗ) ਕਰਨ ਦੀ ਸਾਰੀ ਫ਼ੀਸ ਕਈ ਸਾਲਾਂ ਤੋਂ ਆਪਣੀ ਜੇਬ ਵਿਚ ਪਾਉਣ ਦਾ ਪਰਦਾਫ਼ਾਸ਼ ਹੋਇਆ ਸੀ। ਕਲਰਕ ਪਰਵਾਸੀ ਭਾਰਤੀਆਂ ਦੇ ਰਿਸ਼ਤੇਦਾਰਾਂ ਵੱਲੋਂ ਜਮ੍ਹਾਂ ਕਰਵਾਏ ਪੈਸੇ ਆਪਣੀ ਜੇਬ ਵਿਚ ਪਾਉਂਦਾ ਰਿਹਾ ਤੇ ਫ਼ੀਸਾਂ ਦੇ ਜਾਅਲੀ ਚਲਾਨ ਬਣਾ ਕੇ ਫ਼ਾਈਲਾਂ ਦੇ ਨਾਲ ਲਾਉਂਦਾ ਰਿਹਾ। ਕੁੱਲ 1.75 ਕਰੋੜ ਰੁਪਏ ਦੇ ਘਪਲੇ ਦਾ ਪਰਦਾਫ਼ਾਸ਼ ਹੋਇਆ ਸੀ। ਇਸ ਕੇਸ ਵਿਚ ਕਲਰਕ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਤੇ ਤਿੰਨੋਂ ਦੋਸ਼ੀਆਂ ਖ਼ਿਲਾਫ਼ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਗਿਆ ਜੋ ਅਦਾਲਤ ਵਿਚ ਚੱਲ ਰਿਹਾ ਹੈ।

## ਪਰਵਾਸੀਆਂ ਦੇ ਮਨਾਂ ਵਿਚ ਸੁਰੱਖਿਆ ਬਾਰੇ ਸ਼ੰਕੇ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਪਰਵਾਸੀ ਭਾਰਤੀ ਸੰਮੇਲਨਾਂ ਦੌਰਾਨ ਸੂਬੇ ਵਿਚ ਸੁਰੱਖਿਅਤ ਮਾਹੌਲ ਪੈਦਾ ਕਰਨ ਦੇ ਦਾਅਵੇ ਪਰਵਾਸੀਆਂ ਨੂੰ ਹਾਲ ਦੀ ਘੜੀ ਹਜ਼ਮ ਨਹੀਂ ਹੋ ਰਹੇ। ਸੰਮੇਲਨ ਵਿਚ ਸ਼ਮੂਲੀਅਤ ਕਰਨ ਆਏ ਪੰਜਾਬੀਆਂ ਦਾ ਮੰਨਣਾ ਸੀ ਕਿ ਉਨ੍ਹਾਂ ਦੀਆਂ ਅਗਲੀਆਂ ਪੀੜੀਆਂ ਪੰਜਾਬ ਦੇ ਅਸੁਰੱਖਿਅਤ ਮਾਹੌਲ ਤੇ ਪੁਲਿਸ ਦੇ ਆਪ ਹੁਦਰੇਪਨ ਕਾਰਨ ਜਨਮ ਭੋਇੰ ਵੱਲ ਮੂੰਹ ਨਹੀਂ ਕਰਦੀਆਂ। ਅਮਰੀਕਾ ਤੋਂ 'ਸਿੱਖ ਅਮਰੀਕਨ ਚੈਂਬਰ ਆਫ਼ ਕਾਮਰਸ' ਦੇ ਡਾਇਰੈਕਟਰਾਂ ਨੇ ਕਿਹਾ ਕਿ ਅਕਾਲੀ ਭਾਜਪਾ ਸਰਕਾਰ ਨੇ ਪ੍ਰੋਗਰੈਸਿਵ ਪੰਜਾਬ ਦੇ ਨਾਹਰੇ ਹੇਠ ਨਵਾਂ ਮਾਹੌਲ ਸਿਰਜਣ ਦਾ ਉਪਰਾਲਾ ਤਾਂ ਕੀਤਾ ਹੈ ਪਰ ਇਸ ਨੂੰ ਸਫਲਤਾ ਤਦ ਹੀ ਮਿਲ ਸਕਦੀ ਹੈ ਜਦੋਂ ਪਰਵਾਸੀ ਇਥੇ ਪੂਰੀ ਤਰ੍ਹਾਂ ਸੁਰੱਖਿਅਤ ਮਹਿਸੂਸ ਕਰਨਗੇ।

ਚੈਂਬਰ ਦੇ ਪ੍ਰਧਾਨ ਸੁਖਵਿੰਦਰ ਸਿੰਘ ਕੈਲੇ ਨੇ ਕਿਹਾ ਕਿ 80 ਫੀਸਦੀ ਪਰਵਾਸੀਆਂ ਨੂੰ ਅਜੇ ਵੀ ਸ਼ਿਕਾਇਤ ਹੈ ਕਿ ਉਨ੍ਹਾਂ ਦੀਆਂ ਜ਼ਮੀਨਾਂ ਜਾਇਦਾਦਾਂ 'ਤੇ ਕਬਜ਼ਾ ਹੋ ਸਕਦਾ ਹੈ। ਸ. ਕੈਲੇ ਜੋ ਮੂਲ ਰੂਪ ਵਿਚ ਜਲੰਧਰ ਜ਼ਿਲ੍ਹੇ ਦੇ ਰਹਿਣ ਵਾਲੇ ਹਨ ਤੇ ਨਿਊਜਰਸੀ ਵਿਚ ਸੂਚਨਾ ਤਕਨਾਲੋਜੀ ਉਦਯੋਗ ਦਾ ਕੰਮ ਕਰਦੇ ਹਨ, ਨੇ ਕਿਹਾ ਕਿ ਸਰਕਾਰ ਨੂੰ ਪਰਵਾਸੀਆਂ ਵਿਚ ਸੁਰੱਖਿਆ ਦੀ ਭਾਵਨਾ ਭਰਨ ਲਈ ਨਵੇਂ ਕਾਨੂੰਨ ਬਣਾਉਣ ਜਾਂ ਪੁਰਾਣੇ ਕਾਨੂੰਨਾਂ ਵਿਚ ਸੋਧ ਕਰਨ ਦੀ ਜ਼ਰੂਰਤ ਹੈ। ਚੈਂਬਰ ਦੇ ਡਾਇਰੈਕਟਰ ਉਂਕਾਰ ਸਿੰਘ ਨੇ ਕਿਹਾ ਕਿ ਜ਼ਮੀਨਾਂ ਜਾਇਦਾਦਾਂ 'ਤੇ ਕਬਜ਼ੇ ਤੇ ਪੁਲਿਸ ਵੱਲੋਂ ਦਰਜ ਕੀਤੇ ਜਾਂਦੇ ਝੂਠੇ ਕੇਸ ਪਰਵਾਸੀਆਂ ਨੂੰ ਆਪਣੀ ਜਨਮ ਭੂਮੀ 'ਤੇ ਨਿਵੇਸ਼ ਦਾ ਹੌਸਲਾ ਨਹੀਂ ਕਰਨ ਦਿੰਦੇ। ਉਨ੍ਹਾਂ ਕਿਹਾ ਕਿ ਪੰਜਾਬ ਬਾਰੇ ਇਹ ਧਾਰਨਾ ਬਣੀ ਹੋਈ ਹੈ ਕਿ ਇਥੇ ਕਿਸੇ ਵੀ ਪਰਵਾਸੀ ਦੀ ਜ਼ਮੀਨ ਜਾਇਦਾਦ ਹੜੱਪੀ ਜਾ ਸਕਦੀ ਤੇ ਇਹ ਧਾਰਨਾ ਦੂਰ ਹੋਣੀ ਚਾਹੀਦੀ ਹੈ।

## ਖਾਣੇ ਦੀਆਂ ਪਲੇਟਾਂ 'ਤੇ ਅਫਸਰਾਂ ਦੀ ਨਜ਼ਰ

**ਜਲੰਧਰ:** ਪਰਵਾਸੀ ਸੰਮੇਲਨ ਦੌਰਾਨ ਮਹਿਮਾਨਾਂ ਨੂੰ ਪਰੋਸੇ ਜਾਣ ਵਾਲੇ ਖਾਣੇ ਦੀਆਂ ਪਲੇਟਾਂ 'ਤੇ ਤਿੰਨ ਜ਼ਿਲ੍ਹਿਆਂ ਦੇ ਅਫ਼ਸਰ ਦੀ ਨਜ਼ਰ ਰਹੀ। ਇਹ ਖਾਣਾ ਸ਼ਹਿਰ ਦੇ ਇਕ ਪੰਜ-ਤਾਰਾ ਹੋਟਲ ਵੱਲੋਂ ਪਰੋਸਿਆ ਗਿਆ। ਪਿਛਲੀ ਵਾਰ ਇਹ ਸੰਮੇਲਨ ਕਬਾਨਾ ਕਲੱਬ ਵਿਚ ਕਰਵਾਇਆ ਗਿਆ ਸੀ ਜਿਥੇ ਸਰਕਾਰ ਨੇ 18 ਸੌ ਪਰਵਾਸੀ ਤੇ ਹੋਰ ਮਹਿਮਾਨਾਂ ਦੇ ਖਾਣੇ ਦਾ ਪ੍ਰਬੰਧ ਕੀਤਾ ਸੀ ਪਰ ਉਥੇ 3400 ਪਲੇਟਾਂ ਲੱਗਣ ਕਾਰਨ ਬਿੱਲ ਦੁੱਗਣਾ ਬਣ ਗਿਆ ਸੀ ਜਿਸ ਦਾ ਭੁਗਤਾਨ ਕਰਨ 'ਤੇ ਸਰਕਾਰ ਨੇ ਹੱਥ ਖੜ੍ਹੇ ਕਰ ਦਿੱਤੇ ਸਨ ਤੇ ਕਬਾਨਾ ਕਲੱਬ ਵਾਲਿਆਂ ਨੇ ਐਤਕੀਂ ਉਥੇ ਇਹ ਸੰਮੇਲਨ ਕਰਾਉਣ ਤੋਂ ਨਾਂਹ ਕਰ ਦਿੱਤੀ ਸੀ।

ਸਰਕਾਰ ਨੇ ਕੁਝ ਦਿਨ ਪਹਿਲਾਂ ਹੀ ਕਬਾਨਾ ਕਲੱਬ ਨੂੰ ਪਿਛਲੇ ਪਰਵਾਸੀ ਸੰਮੇਲਨ ਦੇ ਖਾਣੇ ਦਾ 22 ਲੱਖ ਰੁਪਏ ਦਾ ਭੁਗਤਾਨ ਕੀਤਾ ਹੈ। ਇਸ ਖਰਚੇ ਨੂੰ ਦੇਖਦਿਆਂ ਸਰਕਾਰ ਨੇ ਅਫਸਰਾਂ ਦੀ ਡਿਊਟੀ ਲਾਈ ਕਿ ਉਹ ਖਾਣੇ ਦੀਆਂ ਪਲੇਟਾਂ 'ਤੇ ਪੂਰੀ ਨਜ਼ਰ ਰੱਖਣ।

# ਪਰਵਾਸੀ ਸੰਮੇਲਨ 'ਚ ਕੀਤੇ ਵਾਅਦੇ ਵਫ਼ਾ ਨਾ ਹੋਏ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪਿਛਲੇ ਸਾਲ ਕਰਵਾਏ ਪਰਵਾਸੀ ਸੰਮੇਲਨ ਦੌਰਾਨ ਵਾਅਦਿਆਂ ਦੀ ਝੜੀ ਲਾ ਦਿੱਤੀ ਸੀ ਪਰ ਕਿਸੇ ਵੀ ਵਾਅਦੇ ਨੂੰ ਬੂਰ ਨਹੀਂ ਪਿਆ। ਉਲਟਾ ਐਨ.ਆਰ.ਆਈਜ਼ ਦੀਆਂ ਮੁਸ਼ਕਲਾਂ ਦੇ ਪਹਾੜ ਜ਼ਰੂਰ ਖੜ੍ਹੇ ਹੋ ਗਏ। ਸੂਬੇ ਦੇ 11 ਐਨ.ਆਰ.ਆਈ. ਥਾਣਿਆਂ ਵਿਚ ਸਾਲ 2013 ਦੌਰਾਨ 3572 ਸ਼ਿਕਾਇਤਾਂ ਆਈਆਂ ਸਨ ਜਿਨ੍ਹਾਂ ਵਿਚੋਂ ਸਿਰਫ 271 ਹੀ ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। ਸਰਕਾਰ ਦੀ ਇਸ ਕਾਰਗੁਜ਼ਾਰੀ ਤੋਂ ਪਰਵਾਸੀ ਭਾਰਤੀ ਹੈਰਾਨ ਹਨ।

ਉਧਰ ਐਨ.ਆਰ.ਆਈ. ਥਾਣਿਆਂ ਨੇ ਇਨ੍ਹਾਂ ਸ਼ਿਕਾਇਤਾਂ ਦੇ ਆਏ ਹੜ੍ਹ ਵਿਚੋਂ 2268 ਸ਼ਿਕਾਇਤਾਂ ਨੂੰ ਕਾਗਜ਼ੀ-ਪੱਤਰੀ ਨਿਬੇੜ ਦਿੱਤਾ ਹੈ। ਸਰਕਾਰੀ ਰਿਕਾਰਡ ਅਨੁਸਾਰ ਹੁਣ 1304 ਸ਼ਿਕਾਇਤਾਂ ਹੀ ਪੈਂਡਿੰਗ ਹਨ। ਹਾਸਲ ਜਾਣਕਾਰੀ ਅਨੁਸਾਰ ਪਿਛਲੇ ਦੋ ਮਹੀਨਿਆਂ ਵਿਚ ਤਿੰਨ ਐਨ.ਆਰ.ਆਈ. ਥਾਣਿਆਂ ਜਲੰਧਰ ਦਿਹਾਤੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੇ ਗੁਰਦਾਸਪੁਰ ਵਿਚ ਇਕ ਵੀ ਸ਼ਿਕਾਇਤ ਨਹੀਂ ਆਈ ਜਦਕਿ ਇਨ੍ਹਾਂ ਥਾਣਿਆਂ ਅਧੀਨ ਆਉਂਦੇ ਇਲਾਕਿਆਂ ਵਿਚ ਪਰਵਾਸੀ ਪੰਜਾਬੀਆਂ ਦੀ ਕਾਫੀ ਗਿਣਤੀ ਆਉਂਦੀ ਹੈ।

ਉਧਰ, ਐਨ.ਆਰ.ਆਈ. ਮਾਮਲਿਆਂ ਬਾਰੇ ਆਈ.ਜੀ. ਗੁਰਪ੍ਰੀਤ ਦਿਓ ਨੇ ਦੱਸਿਆ ਕਿ ਪੁਲੀਸ ਉਨ੍ਹਾਂ ਮਾਮਲਿਆਂ ਵਿਚ ਤੁਰੰਤ ਐਫ.ਆਈ.ਆਰ. ਦਰਜ ਕਰ ਲੈਂਦੀ ਹੈ ਜਿਹੜੇ ਸਿੱਧੇ ਤੌਰ 'ਤੇ ਧੋਖਾਧੜੀ ਨਾਲ ਸਬੰਧਤ ਹੁੰਦੇ ਹਨ। ਵਿਆਹ ਸਬੰਧੀ ਵਿਵਾਦ ਤੇ ਹੋਰ ਕੇਸਾਂ ਵਿਚ ਜਾਂਚ ਕਰਨ ਉਪਰੰਤ ਹੀ ਮਾਮਲੇ ਦਰਜ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਜਦੋਂ ਪੁਲਿਸ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਜਾਂਦੀ ਹੈ ਤਾਂ ਦੋਵੇਂ ਧਿਰਾਂ ਵਿਚ ਸਮਝੌਤੇ ਵੀ ਹੋ ਜਾਂਦੇ ਹਨ ਜਿਸ ਕਾਰਨ ਐਫ.ਆਈ.ਆਰ. ਦਰਜ ਨਹੀਂ ਕੀਤੀ ਜਾਂਦੀ ਤੇ ਮਾਮਲਾ ਉਂਜ ਹੀ ਨਿਬੜ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਸਭ ਤੋਂ ਵੱਧ ਸ਼ਿਕਾਇਤਾਂ ਜਾਇਦਾਦ ਨਾਲ ਸਬੰਧਤ ਹੁੰਦੀਆਂ ਹਨ ਤੇ ਮਾਲ ਵਿਭਾਗ ਤੋਂ ਐਨ.ਆਰ.ਆਈਜ਼ ਨੂੰ ਸਭ ਤੋਂ ਵੱਧ ਪ੍ਰੇਸ਼ਾਨੀ ਝੱਲਣੀ ਪੈਂਦੀ ਹੈ। ਪਰਵਾਸੀਆਂ ਦੀ ਵੱਡੀ ਮੰਗ ਹੁੰਦੀ ਹੈ ਕਿ ਇਥੇ ਰਹਿੰਦੇ ਉਨ੍ਹਾਂ ਦੇ ਸਕੇ-ਸਬੰਧੀਆਂ ਨਾਲ ਜਾਇਦਾਦ ਦਾ ਠੀਕ ਢੰਗ ਨਾਲ ਬਟਵਾਰਾ ਹੋ ਜਾਵੇ।

ਹਾਸਲ ਜਾਣਕਾਰੀ ਅਨੁਸਾਰ 60 ਫੀਸਦੀ ਸ਼ਿਕਾਇਤਾਂ ਜਾਇਦਾਦ ਨਾਲ ਸਬੰਧਤ ਹੁੰਦੀਆਂ ਹਨ ਤੇ ਮਾਲ ਵਿਭਾਗ ਬਾਰੇ ਮੰਤਰੀ ਬਿਕਰਮ ਸਿੰਘ ਮਜੀਠੀਆ ਕੋਲ ਐਨ.ਆਰ.ਆਈ. ਵਿਭਾਗ ਵੀ ਹੈ। ਐਨ.ਆਰ.ਆਈ. ਥਾਣਿਆਂ ਵਿਚ ਆਉਂਦੀਆਂ ਸ਼ਿਕਾਇਤਾਂ ਵਿਚ 40 ਫੀਸਦੀ ਸ਼ਿਕਾਇਤਾਂ ਵਿਆਹ ਸਬੰਧੀ ਹੁੰਦੀਆਂ ਹਨ। ਜਿਹੜੇ ਕੇਸ ਅਦਾਲਤਾਂ ਵਿਚ ਚੱਲ ਰਹੇ ਹੁੰਦੇ ਹਨ ਉਨ੍ਹਾਂ ਵਿਚ ਐਨ.ਆਰ.ਆਈ. ਥਾਣਿਆਂ ਦੀ ਕੋਈ ਭੂਮਿਕਾ ਨਹੀਂ ਹੁੰਦੀ। ਬਹੁਤੇ ਐਨ.ਆਰ.ਆਈ. ਤੇ ਉਨ੍ਹਾਂ ਦੇ ਇਥੇ ਰਹਿੰਦੇ ਸਕੇ ਸਬੰਧੀਆਂ ਨੂੰ ਐਨ.ਆਰ.ਆਈ. ਥਾਣਿਆਂ ਦੀ ਕਾਰਗੁਜ਼ਾਰੀ ਵੀ ਉਂਜ ਹੀ ਲੱਗ ਰਹੀ ਹੈ ਜਿਵੇਂ ਸਰਕਾਰ ਦੇ ਹੋਰ ਦਫ਼ਤਰਾਂ ਵਿਚ ਉਨ੍ਹਾਂ ਦੀ ਖੱਜਲ-ਖੁਆਰੀ ਹੁੰਦੀ ਰਹਿੰਦੀ ਹੈ। ਪਿਛਲੇ ਪਰਵਾਸੀ ਸੰਮੇਲਨ ਦੌਰਾਨ ਪੰਜਾਬ ਸਰਕਾਰ ਵੱਲੋਂ ਇਹ ਐਲਾਨ ਕੀਤਾ ਗਿਆ ਸੀ ਕਿ ਮੁਹਾਲੀ ਵਿਚ ਐਨ.ਆਰ.ਆਈ. ਭਵਨ ਉਸਾਰਿਆ ਜਾਵੇਗਾ ਜਿਸ ਵਿਚ ਸਾਰੀਆਂ ਸੁੱਖ ਸਹੂਲਤਾਂ ਹੋਣਗੀਆਂ ਤੇ ਪਰਵਾਸੀ ਭਾਰਤੀਆਂ ਨੂੰ ਇਥੇ ਆ ਕੇ ਸਿੰਗਲ ਵਿੰਡੋ ਦੀ ਸਹੂਲਤ ਵੀ ਮੁਹੱਈਆ ਕਰਵਾਈ ਜਾਵੇਗੀ ਤਾਂ ਜੋ ਉਨ੍ਹਾਂ ਦੀਆਂ ਮੁਸ਼ਕਲਾਂ ਇਕ ਛੱਤ ਹੇਠਾਂ ਹੀ ਹੱਲ ਹੋ ਸਕਣ ਪਰ ਪੰਜਾਬ ਸਰਕਾਰ ਵੱਲੋਂ ਐਨ.ਆਰ.ਆਈਜ਼ ਨਾਲ ਕੀਤਾ ਗਿਆ ਇਹ ਵਾਅਦਾ ਵੀ ਪੂਰਾ ਨਹੀਂ ਹੋਇਆ।



# ‘ਛਣਕਾਟਾ ਵੰਗਾਂ ਦਾ’ ਦੀ ਕਾਮਯਾਬੀ ’ਤੇ ਧੰਨਵਾਦੀ ਸਮਾਗਮ

**ਯੂਨੀਅਨ ਸਿਟੀ:** ਕੈਲੀਫੋਰਨੀਆ ਦੇ ਯੂਨੀਅਨ ਸਿਟੀ ਸਥਿਤ ਰਾਜਾ ਸਵੀਟਸ ਵਿਖੇ ਇੱਕੀ ਇੰਟਰਨੈਸ਼ਨਲ ਇੰਟਰਟੇਨਰ, ਐਸ ਅਸ਼ੋਕ ਕਲਾਕਾਰ ਤੇ ਪੇਸ਼ਕਾਰ ਵੀ ਸ਼ਾਮਿਲ ਹੋਏ। ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਐਸ. ਅਸ਼ੋਕ ਭੌਰਾ ਨੇ ਪ੍ਰੋਗਰਾਮ ਦੀ ਸਫ਼ਲਤਾ ਲਈ ਸਹਿਯੋਗ ਵਾਸਤੇ ਹੋ ਰਹੀ ਹੈ, ਉਥੇ ਇਹ ਪ੍ਰੋਗਰਾਮ ਪੰਜਾਬੀ ਗੀਤ-ਸੰਗੀਤ, ਜ਼ਬਾਨ, ਸਭਿਆਚਾਰ ਤੇ ਸਾਹਿਤ ਨੂੰ ਪ੍ਰਫੁਲਿਤ ਕਰਨ ਦੇ ਨਾਲ-ਨਾਲ ਅਮਰੀਕਾ ਵਿਚ



ਭੌਰਾ ਅਤੇ ਗਲੋਬਲ ਪੰਜਾਬ ਟੀ.ਵੀ. ਵੱਲੋਂ ਨਵੇਂ ਵਰ੍ਹੇ ‘ਤੇ ਕਰਵਾਏ ਪ੍ਰੋਗਰਾਮ ‘ਛਣਕਾਟਾ ਵੰਗਾਂ ਦਾ’ ਲਈ ਧੰਨਵਾਦੀ ਸਮਾਗਮ ਕਰਵਾਇਆ ਗਿਆ। ਵੱਖ-ਵੱਖ ਸਹਿਯੋਗੀਆਂ, ਅਤੇ ਕਾਲਾਕਾਰਾਂ ਨੇ ਇਸ ਪ੍ਰੋਗਰਾਮ ਨੂੰ ਅਗਲੇ ਵਰ੍ਹਿਆਂ ਵਿਚ ਹੋਰ ਵੀ ਸੰਜੀਦਾ ਢੰਗ ਨਾਲ ਕਰਵਾਉਣ ਦੀ ਗੱਲ ਆਖੀ।

ਯੂਨਾਈਟਿਡ ਸਪੋਰਟਸ ਦੇ ਜਨਰਲ ਸਕੱਤਰ ਗੁਰਦਾਵਰ ਮਾਨ, ਰੇਡੀਓ ਚੜ੍ਹਦੀ ਕਲਾ ਦੇ ਲਖਵੀਰ ਸਿੰਘ ਪਟਵਾਰੀ ਤੋਂ ਸਿਵਾ ਗੀਤਕਾਰ ਮੱਖਣ ਲੁਹਾਰ, ਪ੍ਰੋ. ਜਸਪਾਲ ਸੈਣੀ, ਬਲਵਿੰਦਰ ਕੌਰ, ਫਿਲਮਾਂ ਤੇ ਰੰਗਮੰਚ ਦੀ ਜਾਣੀ-ਪਛਾਣੀ ਹਸਤੀ ਅਸ਼ੋਕ ਟਾਂਗਰੀ ਅਤੇ ਸ਼ਾਇਰ ਤਾਰਾ ਸਾਗਰ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਕੈਲੀਫੋਰਨੀਆ ਵਿਚ ਪੰਜਾਬੀ ਭਾਈਚਾਰੇ ਦਾ ਇਹ ਆਪਣੀ ਕਿਸਮ ਦਾ ਪਹਿਲਾ ਵੱਡਾ ਪ੍ਰੋਗਰਾਮ ਸੀ।

ਇਸ ਮੌਕੇ ਗਾਇਕ ਮੰਗਜੀਤ ਮੰਗਾ, ਮੰਡੇਰ ਜਤਿੰਦਰ, ਅਨੂਪ ਚੀਮਾ, ਸੱਤੀ ਪਾਬਲਾ ਨੇ ਆਪਣੇ ਗੀਤਾਂ ਨਾਲ ਹਾਜ਼ਰੀਨ ਦਾ ਮਨੋਰੰਜਨ ਕੀਤਾ। ਵਿਜੇ ਦੀ ਕਾਮੇਡੀ ਅਤੇ ਸ਼ਕਤੀ ਮਾਣਕ ਦਾ ਸੰਚਾਲਨ ਖੂਬ ਰਿਹਾ। ਇਸ ਤੋਂ ਸਿਵਾ ਪੰਜ ਦਰਿਆ ਸੰਗੀਤ ਅਕੈਡਮੀ ਦੇ ਪਾਲੀ ਧਨੌਲਾ ਦੀ ਪੂਰੀ ਟੀਮ, ‘ਮੜਕ ਪੰਜਾਬਣ ਦੀ’ ਗਿੱਧਾ ਟੀਮ ਤੋਂ ਪ੍ਰੋਗਰਾਮ ਦੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਦੇ ਸ਼ੌਕੀ ਮੇਲੇ ਤੋਂ ਬਾਅਦ ਅਮਰੀਕਾ ਵਿਚ ਇਹੋ ਜਿਹਾ ਪ੍ਰੋਗਰਾਮ ਕਰਵਾ ਕੇ ਜਿਥੇ ਖੁਸ਼ੀ ਮਹਿਸੂਸ ਵਸਦੀ ਯੁਵਾ ਪੀੜ੍ਹੀ ਦੇ ਅੰਦਰ ਨਵਾਂ ਉਤਸ਼ਾਹ ਭਰੇਗਾ। ਰਾਜਾ ਸਵੀਟਸ ਦੇ ਮੱਖਣ ਬੈਂਸ ਵੱਲੋਂ ਸਾਰਿਆਂ ਨੂੰ ਰਾਤਰੀ ਭੋਜ ਦਿੱਤਾ ਗਿਆ।

# ਇੰਦਰਾ ਗਾਂਧੀ ਦੀ ਮਦਦ ਕਰਨ ਲਈ ਥੈਚਰ ਦੇ ਫੈਸਲੇ ਦੀ ਨਿੰਦਾ ਕੀਤਾ ਜਾਵੇ: ਸਿੱਖਸ ਫਾਰ ਜਸਟਿਸ

**ਫਰੀਮਾਂਟ, ਕੈਲੀਫੋਰਨੀਆ (ਬਿਊਰੋ):** ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਨੇ 1984 ਵਿਚ ਦਰਬਾਰ ਸਾਹਿਬ ‘ਤੇ ਹਮਲੇ ਦੀ ਯੋਜਨਾ ਵਿਚ ਬਰਤਾਨੀਆ ਦੀ ਸਪੈਸ਼ਲ ਏਅਰ ਫੋਰਸ ਦੀ ਸ਼ਮੂਲੀਅਤ ਬਾਰੇ ਤੱਥ ਜ਼ਾਹਰ ਹੋਣ ਪਿਛੋਂ ਮੰਗ ਕੀਤੀ ਹੈ ਕਿ ਬਰਤਾਨਵੀ ਸੰਸਦ ਤੁਰੰਤ ਇਕ ਮਤਾ ਪਾਸ ਕਰੇ ਕਿ ਦਰਬਾਰ ਸਾਹਿਬ ਉਤੇ ਹਮਲਾ ਕਰਨ ਵਿਚ ਇੰਦਰਾ ਗਾਂਧੀ ਦੀ ਸਹਾਇਤਾ ਕਰਨਾ ਪ੍ਰਧਾਨ ਮੰਤਰੀ ਮਾਰਗ੍ਰੇਟ ਥੈਚਰ ਦੀ ਗਲਤ ਕਾਰਵਾਈ ਸੀ।

ਸਿੱਖਸ ਫਾਰ ਜਸਟਿਸ ਵਲੋਂ ਜਾਰੀ ਇਕ ਬਿਆਨ ਅਨੁਸਾਰ ਬਰਤਾਨਵੀ ਸੰਸਦ ਵਿਚ ਮਤਾ ਪਾਸ ਕੀਤੇ ਜਾਣ ਦੀ ਮੰਗ ਦਾ ਸਮਰਥਨ ਪੰਜਾਬ, ਇੰਗਲੈਂਡ, ਅਮਰੀਕਾ, ਕੈਨੇਡਾ, ਆਸਟਰੇਲੀਆ, ਜਰਮਨੀ, ਇਟਲੀ ਅਤੇ ਸਵਿਟਜ਼ਰਲੈਂਡ ਦੀਆਂ ਸਿੱਖ ਜਥੇਬੰਦੀਆਂ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਕੈਨੇਡਾ ਦੇ ਗੁਰਦੁਆਰਿਆਂ ਦੀ ਜਥੇਬੰਦੀ ਕੈਨੇਡੀਅਨ ਸਿੱਖ ਕੁਲੀਸ਼ਨ, ਸੇਵਾ 84 ਯੂ ਕੇ, ਮੂਵਮੈਂਟ ਅਗੇਂਸਟ ਐਟਰਾਸਿਟੀਜ਼ ਐਂਡ ਰਿਪ੍ਰੈਸ਼ਨ ਸਵਿਸ ਅਤੇ ਵਿਸ਼ਵ ਦੇ ਵੱਖ ਵੱਖ ਦੇਸ਼ਾਂ ਦੀਆਂ ਹੋਰ ਬਹੁਤ ਸਾਰੀਆਂ ਜਥੇਬੰਦੀਆਂ ਨੇ ਕੀਤਾ ਹੈ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਇਹ ਜਾਣਕਾਰੀ ਦਿੰਦਿਆਂ ਇਕ ਬਿਆਨ ਵਿਚ ਕਿਹਾ ਕਿ ਕਿੰਨੀ ਬਦਕਿਸਮਤੀ ਦੀ ਗੱਲ ਹੈ ਕਿ ਪ੍ਰਧਾਨ ਮੰਤਰੀ ਮਾਰਗ੍ਰੇਟ ਥੈਚਰ ਨੇ ਹਰਿਮੰਦਰ ਸਾਹਿਬ ‘ਤੇ ਭਾਰਤੀ ਫੌਜ ਦੇ ਹਮਲੇ ਦੀ ਯੋਜਨਾ ਵਿਚ ਇੰਦਰਾ ਗਾਂਧੀ ਦੀ ਮਦਦ ਕਰਕੇ ਸਿੱਖ ਹਿਤਾਂ ਨਾਲ ਧੋਖਾ ਕੀਤਾ। ਅਟਾਰਨੀ ਪੰਨੂ ਨੇ ਕਿਹਾ ਕਿ ਬਰਤਾਨਵੀ ਸੰਸਦ ਨੂੰ ਜਨਤਕ ਤੌਰ ‘ਤੇ ਇਕ ਮਤੇ ਰਾਹੀਂ ਇਹ ਮੰਨਣਾ ਪਵੇਗਾ ਕਿ 1984 ਵਿਚ ਭਾਰਤੀ ਨੂੰ ਦਿੱਤੀ ਗਈ ਮਦਦ ਅਤੇ ਐਸ ਏ ਐਸ ਅਫਸਰਾਂ ਦੀ ਸ਼ਮੂਲੀਅਤ ਗਲਤ ਸੀ।

ਜਥੇਬੰਦੀ ਦੇ ਇੰਟਰਨੈਸ਼ਨਲ ਪਾਲਿਸੀ ਡਾਇਰੈਕਟਰ (ਕੈਨੇਡਾ) ਜਤਿੰਦਰ ਸਿੰਘ ਗਰੇਵਾਲ ਨੇ ਕਿਹਾ ਹੈ ਕਿ ਦਰਬਾਰ ਸਾਹਿਬ ‘ਤੇ ਹਮਲੇ ਦੀ ਯੋਜਨਾ ਵਿਚ ਮਾਰਗ੍ਰੇਟ ਥੈਚਰ ਦੀ ਵਰਤੋਂ ਕਰਨੀ ਇੰਦਰਾ ਗਾਂਧੀ ਦੇ ਇਰਖਾਲੂ ਇਰਾਦੇ ਨੂੰ ਸਾਫ ਦਰਸਾਉਂਦਾ ਹੈ ਕਿ ਉਸ ਨੇ ਦਰਬਾਰ ਸਾਹਿਬ ‘ਤੇ ਫੌਜੀ ਹਮਲੇ ਨੂੰ ਜਾਇਜ਼ ਠਹਿਰਾਉਣ ਦਾ ਯਤਨ ਸੀ ਤਾਂ ਜੋ ਕੌਮਾਂਤਰੀ ਭਾਈਚਾਰੇ ਅੱਗੇ ਜਵਾਬਦੇਹ ਬਣ ਸਕਾਂ।

## ਭਾਈ ਬਿੱਟੂ ਤੇ ਹੋਰਾਂ ਦੀ ਅਗਲੀ ਪੇਸ਼ੀ 23 ਨੂੰ

**ਮਾਨਸਾ:** ਡੇਰਾ ਸਿਰਸਾ ਦੇ ਪੈਰੋਕਾਰ ਲੀਲੀ ਕੁਮਾਰ ਕਤਲ ਕਾਂਡ ਵਿਚ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਚੇਅਰਮੈਨ ਭਾਈ ਦਲਜੀਤ ਸਿੰਘ ਬਿੱਟੂ, ਖਾੜਕੂ ਬਲਵੀਰ ਸਿੰਘ ਭੂਤਨਾ ਤੇ ਹੋਰਾਂ ਦੀ ਮੁੜ ਪੇਸ਼ੀ 23 ਜਨਵਰੀ ‘ਤੇ ਪਾ ਦਿੱਤੀ ਗਈ ਹੈ। ਵਧੀਕ ਸੈਸ਼ਨ ਜੱਜ ਰਾਜ ਕੁਮਾਰ ਦੀ ਅਦਾਲਤ ਵਿਚ ਪੇਸ਼ੀ ਭੁਗਤਣ ਵਾਲਿਆਂ ਵਿਚ ਪ੍ਰੋ. ਗੁਰਬੀਰ ਸਿੰਘ, ਗਮਦੂਰ ਸਿੰਘ ਝੰਡੂਕੇ, ਅੰਮ੍ਰਿਤਪਾਲ ਸਿੰਘ ਕੋਟ ਧਰਮੂ, ਕਰਨ ਸਿੰਘ ਝੰਡੂਕੇ, ਗੁਰਦੀਪ ਸਿੰਘ ਸ਼ਾਮਲ ਹਨ।

## ਕੈਂਸਰ ਰੋਗੀਆਂ ਦੀ ਗਿਣਤੀ ਹਰ ਸਾਲ ਦੋ ਲੱਖ

**ਮੁੰਬਈ:** ਇਕ ਸਰਵੇਖਣ ਮੁਤਾਬਕ ਭਾਰਤ ਵਿਚ ਅਗਲੇ ਦਹਾਕੇ ਵਿਚ ਮਹਿਲਾਵਾਂ ਵਿਚ ਛਾਤੀ ਦੇ ਕੈਂਸਰ ਦੀ ਗਿਣਤੀ ਸਾਲਾਨਾ ਦੋ ਲੱਖ ਹੋ ਜਾਵੇਗੀ।

ਇਸ ਸਰਵੇਖਣ ਅਨੁਸਾਰ ਭਾਰਤ ਵਿਚ ਅਗਲੇ ਦਸ ਜਾਂ ਇਸ ਤੋਂ ਵੱਧ ਸਾਲਾਂ ਵਿਚ ਛਾਤੀ ਦੇ ਕੈਂਸਰ ਵਾਲੇ ਮਰੀਜ਼ਾਂ ਦੀ ਗਿਣਤੀ ਸਾਲਾਨਾ 1,45,000 ਤੋਂ ਟੱਪ ਕੇ 2,14,000 ਹੋ ਜਾਵੇਗੀ। ਛਾਤੀ ਦਾ ਕੈਂਸਰ ਲਾਇਲਾਜ ਬੀਮਾਰੀ ਹੈ ਤੇ ਇਸ ਨਾਲ ਸਾਲ ਵਿਚ ਦੁਨੀਆਂ ਵਿਚ ਕਰੀਬ ਪੰਜ ਲੱਖ ਔਰਤਾਂ ਦੀ ਮੌਤ ਹੁੰਦੀ ਹੈ।

## ਉਤਰੀ ਅਮਰੀਕਾ ’ਚ 90% ਪੰਜਾਬੀ ਆਮ ਆਦਮੀ ਪਾਰਟੀ ਦੇ ਹਮਾਇਤੀ

**ਸੈਨ ਹੋਜ਼ੇ (ਪੰਜਾਬ ਟਾਈਮਜ਼ ਬਿਊਰੋ):** ਉਤਰੀ ਅਮਰੀਕਾ ਵਿਚ ਵਸਦੇ 90% ਪੰਜਾਬੀਆਂ ਵਲੋਂ ਆਮ ਆਦਮੀ ਪਾਰਟੀ ਦੀ ਡਟਵੀਂ ਹਮਾਇਤ ਕੀਤੀ ਜਾ ਰਹੀ ਹੈ। ਇਹ ਗੱਲ ਪੰਜਾਬੀ ਰੇਡੀਓ ਯੂਐਸਏ, ਜੋ ਕਿ ਉਤਰੀ ਅਮਰੀਕਾ ਦਾ ਸਭ ਤੋਂ ਵੱਡਾ ਪੰਜਾਬੀ ਰੇਡੀਓ ਸਟੇਸ਼ਨ ਨੈਟਵਰਕ

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over

ਹੈ, ਉਪਰ ਆਮ ਆਦਮੀ ਪਾਰਟੀ ਬਾਰੇ ਕਰਵਾਏ ਗਏ ਇਕ ਸਰਵੇਖਣ ਦੌਰਾਨ ਸਾਹਮਣੇ ਆਈ। ਕੁਲ 7700 ਲੋਕਾਂ ਨੇ ਇਸ ਸਰਵੇਖਣ ਵਿਚ ਹਿੱਸਾ ਲਿਆ।

ਪੰਜਾਬੀ ਰੇਡੀਓ ਯੂਐਸਏ ਵਲੋਂ ਇਸ ਮੰਤਵ ਲਈ ਇਕ ਸਪੈਸ਼ਲ ਟੈਲੀਫੋਨ ਨੰਬਰ ਸੈਟਅਪ ਕੀਤਾ ਗਿਆ ਅਤੇ ਸਰੋਤਿਆਂ ਨੂੰ ਪ੍ਰਸ਼ਨ ਪੁੱਛਿਆ ਗਿਆ ਕਿ ਆਉਣ ਵਾਲੀਆਂ 2014 ਲੋਕ ਸਭਾ ਚੋਣਾਂ ਵਿਚ ਤੁਸੀਂ ਪੰਜਾਬ ਵਿਚ ਆਮ ਆਦਮੀ ਪਾਰਟੀ ਨੂੰ ਸਹਿਯੋਗ ਦਿਓਗੇ ਜਾਂ ਨਹੀਂ। 7700 ਵਿਚੋਂ 6958 ਸਰੋਤਿਆਂ ਨੇ ਕਾਲ ਕਰਕੇ ਹਾਂ ਵਿਚ ਵੋਟ ਪਾਈ ਅਤੇ 742 ਲੋਕਾਂ ਨੇ ਨਾਂਹ ਵਿਚ ਵੋਟ ਪਾਈ।

ਪੰਜਾਬੀ ਰੇਡੀਓ ਯੂਐਸਏ ਨੂੰ 12 ਸਟੇਸ਼ਨਾਂ, ਰੇਡੀਓ ਸੈਟਾਂ, ਆਈਫੋਨ, ਐਂਡਰੌਆਇਡ, ਵੈਬਸਾਈਟ ਜਾਂ ਫੋਨ 832-551-5028 ਰਾਹੀਂ ਸੁਣ ਸਕਦੇ ਹੋ। ਹੋਰ ਜਾਣਕਾਰੀ ਲਈ ਫੋਨ 408-272-5200 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।

## Matrimonial

### ਵਰ ਦੀ ਲੋੜ

ਨਿਊ ਯਾਰਕ ਵਸਦੀ ਰਾਮਗੜ੍ਹੀਆ ਸਿੱਖ ਲੜਕੀ, ਬੀ ਏ, 30 ਸਾਲ, 5'-2" ਲਈ ਨਸ਼ਿਆਂ ਤੋਂ ਰਹਿਤ ਅਮਰੀਕੀ ਸਿਟੀਜ਼ਨ/ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 516-450-7104, prince.kular@yahoo.com

### ਕੰਨਿਆਂ ਦੀ ਲੋੜ

**Suitable girl wanted for Jatt Sikh US citizen BSc, 24, 5’-10". Girl from US with DDS/MBBS/Eng./Nursing degree, 22 to 24, height 5’-5". No caste bar. Send photo & bio-data @ bsimerb@yahoo.com**

Wanted mature, family oriented, vegetarian, preferably US based, over 28 girl for Lobana Sikh, 37, 5'-9" clean shaven, teetotaler, legally divorced, pending US immigration status. Issueless divorcee or widow can also be consided. Family owns business & home, brother citizen & parents legal permanent residents of USA. Early marriage. Caste no bar. Contact: plmultani@yahoo.com, Ph: 330-348-4561

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available
India Vacation tour package also available.
Emirates Asiana Airlines Singapore Airlines Cathay Pacific Korean Air Lufthansa China Airlines



ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

Prince’s Barber Shop
37477 Fremont Blvd, suite C, Fremont, CA 94536
Men & Children’s Hair Cut
*Threading *Custom Text
*Men’s Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)
Cell: (510)-677-9942
Shop: (510)-505-9605
www.princebarbershop.com





## ਕੈਪਟਨ ਤੋਂ ਕਾਂਗਰਸ ਹਾਈ ਕਮਾਨ ਖਫਾ

**ਨਵੀਂ ਦਿੱਲੀ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਾ ਤਸਕਰੀ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਦਾ ਵਿਰੋਧ ਕਰਕੇ ਕਾਂਗਰਸ ਹਾਈਕਮਾਨ ਦੀ ਨਾਰਾਜ਼ਗੀ ਸਹੇੜ ਲਈ ਹੈ। ਕਾਂਗਰਸ ਹਾਈਕਮਾਂਡ ਨੇ ਸੂਬੇ ਵਿਚ ਡਰੱਗ ਮਾਮਲੇ ਦੀ ਜਾਂਚ ਕੇਂਦਰੀ ਜਾਂਚ ਬਿਊਰੋ ਤੋਂ ਕਰਵਾਉਣ ਦੇ ਮੁੱਦੇ 'ਤੇ ਪੰਜਾਬ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਸਟੈਂਡ ਦੀ ਪ੍ਰੋੜਤਾ ਕਰਕੇ ਕੈਪਟਨ ਨੂੰ ਝਟਕਾ ਦਿੱਤਾ ਹੈ।

ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਤੇ ਪੰਜਾਬ ਕਾਂਗਰਸ ਦੇ ਸਹਿ ਇੰਚਾਰਜ ਹਰੀਸ਼ ਚੌਧਰੀ ਨੇ ਸਪੱਸ਼ਟ ਕੀਤਾ ਕਿ ਆਲ ਇੰਡੀਆ ਕਾਂਗਰਸ ਕਮੇਟੀ ਦਾ ਸਟੈਂਡ ਹੈ ਕਿ ਭੋਲੇ ਵੱਲੋਂ ਸ. ਮਜੀਠੀਆ ਦੇ ਡਰੱਗ ਮਾਫੀਏ ਵਿਚ ਸ਼ਾਮਲ ਹੋਣ ਦੇ ਕੀਤੇ ਗੰਭੀਰ ਖੁਲਾਸੇ ਕਾਰਨ ਇਹ ਮੁੱਦਾ ਸੀ.ਬੀ.ਆਈ ਹਵਾਲੇ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਕਾਂਗਰਸ ਨੇ ਹਾਈਕਮਾਂਡ ਦੇ ਸਟੈਂਡ ਮੁਤਾਬਕ ਹੀ ਇਹ ਮਾਮਲਾ ਸੀ.ਬੀ.ਆਈ ਹਵਾਲੇ ਕਰਨ ਦੀ ਮੰਗ ਉਠਾਉਂਦਿਆਂ ਸੰਘਰਸ਼ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਇਕੱਲੇ ਡਰੱਗ ਮਾਫੀਏ ਦੇ ਸਰਗਨੇ ਭੋਲੇ ਜਾਂ ਬਿਕਰਮ ਸਿੰਘ ਮਜੀਠੀਆ ਦਾ ਮੁੱਦਾ ਨਹੀਂ ਹੈ। ਇਸ ਨਾਲ ਪੰਜਾਬ ਦਾ ਭਵਿੱਖ ਜੁੜਿਆ ਹੈ ਕਿਉਂਕਿ ਪੰਜਾਬ ਵਿਚ ਡਰੱਗ ਅਤੇ ਹੋਰ ਕਈ ਨਸ਼ਿਆਂ ਨਾਲ ਪੰਜਾਬ ਦੀ ਨਵੀਂ ਪੋਦ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ।

# ਨਸ਼ਾ ਤਸਕਰੀ ਦੇ ਖੁਲਾਸਿਆਂ ਨਾਲ ਸਰਕਾਰ ਨੂੰ ਪਿਆ ਵਖ਼ਤ

**ਚੰਡੀਗੜ੍ਹ:** ਕੌਮਾਂਤਰੀ ਪੱਧਰ 'ਤੇ ਡਰੱਗ ਤਸਕਰੀ ਦੇ ਦੋਸ਼ ਵਿਚ ਪੁਲਿਸ ਦੇ ਹੱਥੇ ਚੜ੍ਹੇ ਜਗਦੀਸ਼ ਭੋਲਾ ਤੇ ਉਸ ਦੇ ਸਥੀਆਂ ਵੱਲੋਂ ਇਕ ਤੋਂ ਬਾਅਦ ਇਕ ਕੀਤੇ ਜਾ ਰਹੇ ਖੁਲਾਸੇ ਪੰਜਾਬ ਸਰਕਾਰ ਲਈ ਮੁਸੀਬਤਾਂ ਦੀ ਝੜੀ ਲਾ ਰਹੇ ਹਨ। ਭੋਲਾ ਵੱਲੋਂ ਨਸ਼ਿਆਂ ਦੇ ਕਾਰੋਬਾਰ ਵਿਚ ਪੰਜਾਬ ਦੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ, ਕਈ ਹੋਰ ਸਿਆਸੀ ਤੇ ਪੁਲਿਸ ਵਿਭਾਗ ਦੀਆਂ ਉੱਚ ਹਸਤੀਆਂ ਦੀ ਸ਼ਮੂਲੀਅਤ ਦੇ ਖੁਲਾਸੇ ਹੋਣ ਦੇ ਚੱਲਦਿਆਂ ਮਾਮਲੇ ਦੀ ਸੀ.ਬੀ.ਆਈ ਜਾਂਚ ਦੀ ਮੰਗ ਨੇ ਜ਼ੋਰ ਫੜ ਲਿਆ ਹੈ।

ਇਥੋਂ ਤੱਕ ਕਿ ਮੁੱਖ ਮੁਲਜ਼ਮ ਜਗਦੀਸ਼ ਭੋਲਾ ਤੇ ਉਸ ਦੇ ਸਾਥੀ ਜਗਜੀਤ ਸਿੰਘ ਚਾਹਲ ਨੇ ਵੀ ਸੀ.ਬੀ.ਆਈ ਜਾਂਚ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਵੱਖ-ਵੱਖ ਪਟੀਸ਼ਨਾਂ ਦਾਇਰ ਕਰ ਦਿੱਤੀਆਂ ਹਨ। ਹਾਈ ਕੋਰਟ ਦੀ ਜਸਟਿਸ ਰਿਤੂ ਬਾਹਰੀ ਨੇ ਜਗਜੀਤ ਸਿੰਘ ਚਾਹਲ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪੰਜਾਬ ਸਰਕਾਰ ਤੇ ਹੋਰਾਂ ਨੂੰ ਨੋਟਿਸ ਜਾਰੀ ਕਰ ਦਿੱਤੇ ਹਨ। ਬਾਬਾ ਬਕਾਲਾ ਨੇੜਲੇ ਪਿੰਡ ਰਮਾਣਾ ਚੱਕ ਦੇ ਰਹਿਣ ਵਾਲੇ ਚਾਹਲ ਦੀ ਪਟੀਸ਼ਨ 'ਤੇ ਅਦਾਲਤ ਵਿਚ ਸੁਣਵਾਈ ਕੀਤੀ ਗਈ।

ਇਸ ਦੌਰਾਨ ਉਸ ਦੇ ਵਕੀਲ ਵਿਕਰਮ ਕੁਮਾਰ ਚੌਧਰੀ ਨੇ ਦਾਅਵਾ ਕੀਤਾ ਹੈ ਕਿ ਇਸ ਕੇਸ ਵਿਚ ਉੱਚ ਸਿਆਸੀ ਹਸਤੀਆਂ ਤੇ ਸੂਬਾ ਸਰਕਾਰ ਵਿਚ ਅਸਰ-ਰਸੂਖ਼ ਰੱਖਣ ਵਾਲਿਆਂ ਦੀ ਸਰਗਰਮ ਸ਼ਮੂਲੀਅਤ ਹੈ ਤੇ ਅਸਲੀ ਨਸ਼ਾ ਕਾਰੋਬਾਰੀਆਂ ਨੂੰ ਬੇਨਕਾਬ ਕਰਨ ਲਈ ਜਾਂਚ ਹੁਣ ਕੇਂਦਰੀ ਜਾਂਚ ਬਿਊਰੋ ਨੂੰ ਸੌਂਪ ਦਿੱਤੀ ਜਾਵੇ। ਚਾਹਲ ਨੇ ਖ਼ੁਦ ਨੂੰ ਇਸ ਕੇਸ ਵਿਚ ਸੌੜੇ ਸਿਆਸੀ ਹਿਤਾਂ ਦੇ ਚੱਲਦਿਆਂ ਝੂਠਾ ਫਸਾਇਆ ਗਿਆ ਹੋਣ ਦਾ ਦਾਅਵਾ ਪੇਸ਼ ਕਰਦਿਆਂ ਕਿਹਾ ਕਿ ਉਹ ਅੰਮ੍ਰਿਤਸਰ ਵਿਚ ਇਕ ਟਰਾਂਸਪੋਰਟ ਕੰਪਨੀ ਚਲਾਉਂਦਾ ਰਿਹਾ ਹੈ।

ਇਸ ਦੌਰਾਨ ਇਲਾਕੇ ਦੇ ਇਕ ਸਾਬਕਾ ਵਿਧਾਇਕ ਤੇ ਉੱਘੇ ਸਿਆਸਤਦਾਨ ਨਾਲ ਉਸ ਦਾ ਵਿਵਾਦ ਵੀ ਚੱਲ ਰਿਹਾ ਹੈ। ਉਸ ਨੇ ਸੂਬਾ ਸਰਕਾਰ ਤੇ ਜਾਂਚ ਕਰ ਰਹੇ ਪੁਲਿਸ ਅਧਿਕਾਰੀਆਂ ਉੱਤੇ ਇਕ ਪਾਸੜ ਤੇ ਸੱਤਾ ਧਿਰ ਦੇ ਹਿੱਤਾਂ ਦੀ ਪੂਰਤੀ ਲਈ ਹੀ ਇਸ ਜਾਂਚ ਨੂੰ ਸਮੇਂ-ਸਮੇਂ ਵੱਖ-ਵੱਖ ਹੈਰਾਨੀਜਨਕ ਮੋੜ ਦੇ ਦਿੱਤੇ ਜਾਣ ਦਾ ਦੋਸ਼ ਲਾਉਂਦਿਆਂ ਕੇਸ ਦੀ ਜਾਂਚ ਸੀ.ਬੀ.ਆਈ ਹਵਾਲੇ ਕਰਨ ਦੀ ਮੰਗ ਕੀਤੀ। ਚਾਹਲ ਦੇ ਵਕੀਲ ਨੇ ਉਸ ਦੀ ਗ੍ਰਿਫ਼ਤਾਰੀ ਤੇ ਉਸ ਕੋਲੋਂ ਵੱਡੀਆਂ ਬਰਾਮਦਗੀਆਂ ਨੂੰ ਲੈ ਕੇ ਪੰਜਾਬ ਪੁਲਿਸ ਵੱਲੋਂ ਕੀਤੇ ਜਾ ਰਹੇ ਦਾਅਵਿਆਂ ਨੂੰ ਵੀ ਹਾਈ ਕੋਰਟ ਵਿਚ ਚੁਣੌਤੀ ਦਿੰਦਿਆਂ ਕਿਹਾ ਕਿ ਪੁਲਿਸ ਲਗਾਤਾਰ ਝੂਠ ਬੋਲਦੀ ਆ ਰਹੀ ਹੈ ਤੇ ਉਸ ਕੋਲ ਇਸ ਖ਼ਿਲਾਫ਼ ਵੀਡੀਓ ਸਬੂਤ ਹਨ।

ਚਾਹਲ ਵੱਲੋਂ ਹਿਮਾਚਲ ਪ੍ਰਦੇਸ਼ ਦੇ ਬੱਦੀ ਵਿਚ ਦਵਾਈਆਂ ਬਣਾਉਣ ਵਾਲੀਆਂ ਆਪਣੀਆਂ ਦੋ ਫ਼ੈਕਟਰੀਆਂ ਦਾ ਹਵਾਲਾ ਦਿੰਦੇ ਹੋਏ ਆਪਣੇ ਕੋਲ ਕੁਝ ਵਿਸ਼ੇਸ਼ ਪਦਾਰਥਾਂ ਦੀ ਦਵਾਈਆਂ ਬਣਾਉਣ ਲਈ ਵਰਤੋਂ ਕਰਨ ਵਾਸਤੇ ਹੋਰਾਂ ਮੈਡੀਸਨ ਕਾਰੋਬਾਰੀਆਂ ਵਾਂਗ ਲੋੜੀਂਦੇ ਲਾਇਸੈਂਸ ਹੋਣ ਦਾ ਵੀ ਦਾਅਵਾ ਕਰਦਿਆਂ ਇਸ ਦੀ ਸਬੰਧਤ ਵਿਭਾਗਾਂ ਤੋਂ ਤਸਦੀਕ ਕਰ ਲੈਣ ਦਾ ਵੀ ਪੱਖ ਰੱਖਿਆ ਹੈ।

ਹਾਈਕੋਰਟ ਵੱਲੋਂ ਇਸ ਕੇਸ ਵਿਚ 10 ਫ਼ਰਵਰੀ ਤੱਕ ਜਵਾਬ ਮੰਗਿਆ ਗਿਆ ਹੈ। ਇਸ ਤੋਂ ਪਹਿਲਾਂ ਇਸੇ ਮੁੱਦੇ ਉੱਤੇ ਸੀਨੀਅਰ ਕਾਂਗਰਸੀ ਆਗੂ ਜਗਮੀਤ ਸਿੰਘ ਬਰਾੜ ਵੱਲੋਂ ਦਾਇਰ ਇਕ ਜਨਹਿਤ ਪਟੀਸ਼ਨ ਦਾਇਰ ਉੱਤੇ ਸੂਬੇ ਸਰਕਾਰ ਤੇ ਹੋਰਾਂ ਨੂੰ ਪਹਿਲਾਂ ਹੀ 20 ਜਨਵਰੀ ਲਈ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ।

### ਸੀ.ਬੀ.ਆਈ. ਜਾਂਚ ਲਈ ਭੋਲਾ ਤੇ ਚਾਹਲ ਪੁੱਜੇ ਹਾਈਕੋਰਟ



### ਭੋਲਾ 'ਤੇ ਥਰਡ ਡਿਗਰੀ ਤਸ਼ੱਦਦ?

**ਚੰਡੀਗੜ੍ਹ:** ਨਸ਼ਾ ਸਮਗਲਰ ਜਗਦੀਸ਼ ਭੋਲਾ ਦੇ ਪਿਤਾ ਤੇ ਵਕੀਲ ਨੇ ਪੁਲਿਸ ਹਿਰਾਸਤ ਵਿਚ ਉਸ 'ਤੇ ਥਰਡ ਡਿਗਰੀ ਦੀ ਵਰਤੋਂ ਦਾ ਦੋਸ਼ ਲਗਾਉਂਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਇਕ ਹੋਰ ਪਟੀਸ਼ਨ ਦਾਇਰ ਕਰ ਦਿੱਤੀ ਹੈ ਜਿਸ ਤਹਿਤ ਉਨ੍ਹਾਂ ਭੋਲਾ ਕੋਲੋਂ ਉਸ ਦੇ ਵਕੀਲ ਜਾਂ ਕਿਸੇ ਮੈਜਿਸਟਰੇਟ ਦੀ ਮੌਜੂਦਗੀ ਵਿਚ ਹੀ ਪੁੱਛਗਿੱਛ ਕੀਤੇ ਜਾਣ ਦੀ ਮੰਗ ਕੀਤੀ ਹੈ। ਭੋਲਾ ਦੇ ਪਿਤਾ ਬਲਛਿੰਦਰ ਸਿੰਘ ਰਾਹੀਂ ਉਸ ਦੇ ਵਕੀਲ ਜੀ.ਐਸ ਨਾਹੇਲ ਵੱਲੋਂ ਦਾਇਰ ਕੀਤੀ ਇਸ ਪਟੀਸ਼ਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਪੁਲਿਸ ਹਿਰਾਸਤ ਵਿਚ ਭੋਲੇ ਦੀ ਜਾਨ ਨੂੰ ਖ਼ਤਰਾ ਹੈ। ਇਸ ਦੇ ਨਾਲ ਹੀ ਭੋਲਾ ਵੱਲੋਂ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਵਾਏ ਜਾਣ ਦੇ ਮਕਸਦ ਨਾਲ ਹਾਈ ਕੋਰਟ ਵਿਚ ਦਾਇਰ ਕੀਤੀ ਜਾ ਚੁੱਕੀ ਪਟੀਸ਼ਨ ਵਿਚੋਂ ਤਰੁੱਟੀਆਂ ਦੂਰ ਕਰ ਦਿੱਤੀਆਂ ਗਈਆਂ ਹਨ।

## ਕੈਪਟਨ ਅਮਰਿੰਦਰ ਸਿੰਘ ਵੱਲੋਂ ਸੀ.ਬੀ.ਆਈ. ਜਾਂਚ ਦਾ ਵਿਰੋਧ

**ਚੰਡੀਗੜ੍ਹ:** ਪੰਜਾਬ ਕਾਂਗਰਸ ਸਮੇਤ ਹੋਰ ਧਿਰਾਂ ਵੱਲੋਂ ਨਸ਼ਾ ਤਸਕਰੀ ਮਾਮਲੇ ਦੀ ਜਾਂਚ ਸੀ.ਬੀ.ਆਈ ਤੋਂ ਕਰਵਾਉਣ ਦੀ ਕੀਤੀ ਜਾ ਰਹੀ ਮੰਗ ਦਾ ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੇ ਵਿਰੋਧ ਕੀਤਾ ਹੈ। ਕੈਪਟਨ ਨੇ ਕੌਮਾਂਤਰੀ ਪੱਧਰ ਦੇ ਡਰੱਗ ਰੈਕੇਟ ਦਾ ਭਾਂਡਾ ਭੰਨਣ ਲਈ ਪਟਿਆਲਾ ਪੁਲਿਸ ਨੂੰ ਸ਼ਾਬਾਸ਼ ਦਿੰਦਿਆਂ ਚਿਤਾਵਨੀ ਦਿੱਤੀ ਕਿ ਜੇਕਰ ਉਕਤ ਕੇਸ ਦੀ ਜਾਂਚ ਕਿਸੇ ਹੋਰ ਏਜੰਸੀ ਦੇ ਹਵਾਲੇ ਕੀਤੀ ਜਾਂਦੀ ਹੈ ਤਾਂ ਉਸ ਦਾ ਸਿੱਧਾ ਫ਼ਾਇਦਾ ਇਸ ਕੇਸ ਨਾਲ ਸਬੰਧਤ ਦੋਸ਼ੀਆਂ ਨੂੰ ਮਿਲੇਗਾ ਕਿਉਂਕਿ ਉਹ ਵੀ ਕੇਸ ਬਾਰੇ ਜਾਂਚ ਨੂੰ ਲਟਕਾਉਣ ਦੀਆਂ ਕੋਸ਼ਿਸ਼ਾਂ ਵਿਚ ਹਨ।

ਕੈਪਟਨ ਨੇ ਪਟਿਆਲਾ ਦੇ ਜ਼ਿਲ੍ਹਾ ਪੁਲਿਸ ਮੁਖੀ ਹਰਦਿਆਲ ਸਿੰਘ ਮਾਨ ਦੀ ਅਗਵਾਈ ਵਾਲੀ ਟੀਮ ਦੀ ਇਸ ਰੈਕਟ ਤੋਂ ਪਰਦਾਫਾਸ਼ ਕਰਨ ਲਈ ਸ਼ਲਾਘਾ ਕੀਤੀ ਤੇ ਕਿਹਾ ਕਿ ਹੁਣ ਜਦੋਂ ਇਸ ਮਾਮਲੇ ਦੀ ਜਾਂਚ ਮਹੱਤਵਪੂਰਨ ਮੋੜ 'ਤੇ ਪਹੁੰਚ ਚੁੱਕੀ ਹੈ ਤਾਂ ਸਾਡੇ ਵੱਲੋਂ ਇਸ ਜਾਂਚ ਦਾ ਕੰਮ ਸੀ.ਬੀ.ਆਈ ਨੂੰ ਤਬਦੀਲ ਕਰਨ ਦੀ ਮੰਗ ਨਹੀਂ ਕਰਨੀ ਚਾਹੀਦੀ।

ਉਨ੍ਹਾਂ ਕਿਹਾ ਕਿ ਪਟਿਆਲਾ ਪੁਲਿਸ ਜਾਂਚ ਦੇ ਨਤੀਜੇ 'ਤੇ ਪੁੱਜ ਚੁੱਕੀ ਹੈ ਤੇ ਇਸ ਨੂੰ ਲੀਹੋਂ ਲਾਹੁਣ ਵਾਲੀ ਕਾਰਵਾਈ ਨਹੀਂ ਹੋਣੀ ਚਾਹੀਦੀ। ਉਕਤ ਕੇਸ ਨੂੰ ਕਿਸੇ ਹੋਰ ਜਾਂਚ ਏਜੰਸੀ ਹਵਾਲੇ ਕਰਕੇ ਅਸੀਂ ਆਪਣੀ ਪੁਲਿਸ ਦਾ ਮਨੋਬਲ ਨਹੀਂ ਡੇਗ ਸਕਦੇ। ਸਾਨੂੰ ਪਟਿਆਲਾ ਜ਼ਿਲ੍ਹਾ ਪੁਲਿਸ ਮੁਖੀ ਹੇਠ ਕੰਮ ਕਰਨ ਵਾਲੀ ਜਾਂਚ ਟੀਮ ਦੀ ਇਮਾਨਦਾਰੀ ਤੇ ਲਗਨ 'ਤੇ ਪੂਰਾ ਭਰੋਸਾ ਕਰਨਾ ਚਾਹੀਦਾ ਹੈ ਜੋ ਵੱਡੇ ਤੇ ਤਾਕਤਵਰ ਦੋਸ਼ੀਆਂ ਨੂੰ ਬਚਣ ਦਾ ਮੌਕਾ ਨਹੀਂ ਦੇਣਗੇ।

ਦਿਲਚਸਪ ਗੱਲ ਇਹ ਹੈ ਕਿ ਕਾਂਗਰਸ ਦੇ ਹੀ ਇਕ ਹੋਰ ਸੀਨੀਅਰ ਆਗੂ ਜਗਮੀਤ ਸਿੰਘ ਬਰਾੜ ਵੱਲੋਂ ਵੀ ਹਾਈਕੋਰਟ ਵਿਚ ਉਕਤ ਮਾਮਲੇ ਨਾਲ ਸਬੰਧਤ ਜਾਂਚ ਸੀ.ਬੀ.ਆਈ ਨੂੰ ਦਿੱਤੇ ਜਾਣ ਦੀ ਮੰਗ ਨੂੰ ਲੈ ਕੇ ਅਰਜ਼ੀ ਦਾਇਰ ਕੀਤੀ ਹੋਈ ਹੈ ਜਦੋਂਕਿ ਉਕਤ ਕੇਸ ਨਾਲ ਸਬੰਧਤ ਸਾਰੇ ਮੁੱਖ ਦੋਸ਼ੀਆਂ ਵੱਲੋਂ ਵੀ ਜਾਂਚ ਸੀ.ਬੀ.ਆਈ. ਨੂੰ ਦਿੱਤੇ ਜਾਣ ਬਾਰੇ ਹਾਈਕੋਰਟ ਵਿਚ ਅਰਜ਼ੀਆਂ ਦਾਇਰ ਕੀਤੀਆਂ ਗਈਆਂ ਹਨ।

## ਸਾਬਕਾ ਡੀ.ਜੀ.ਪੀ. ਸ਼ਸ਼ੀਕਾਂਤ ਨੂੰ ਅਗਵਾ ਕਰਨ ਦੀ ਕੋਸ਼ਿਸ਼

**ਚੰਡੀਗੜ੍ਹ:** ਨਸ਼ਾ ਤਸਕਰੀ ਵਿਚ ਪੰਜਾਬ ਦੇ ਕਈ ਮੰਤਰੀਆਂ ਤੇ ਉੱਚ ਅਧਿਕਾਰੀਆਂ ਦੇ ਹੱਥ ਹੋਣ ਦਾ ਦਾਅਵਾ ਕਰਨ ਵਾਲੇ ਪੰਜਾਬ ਦੇ ਸਾਬਕਾ ਡੀ.ਜੀ.ਪੀ (ਜੇਲ੍ਹਾਂ) ਸ਼ਸ਼ੀਕਾਂਤ ਨੇ ਚੰਡੀਗੜ੍ਹ ਪੁਲਿਸ ਨੂੰ ਸ਼ਿਕਾਇਤ ਕੀਤੀ ਹੈ ਕਿ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਸੈਕਟਰ 18 ਸਥਿਤ ਨਿਵਾਸ ਸਥਾਨ ਤੋਂ ਅਗਵਾ ਕਰਨ ਦੀ ਕੋਸ਼ਿਸ਼ ਕੀਤੀ। ਸਾਬਕਾ ਆਈ.ਪੀ.ਐਸ ਅਧਿਕਾਰੀ ਸ਼ਸ਼ੀਕਾਂਤ ਦੀ ਸ਼ਿਕਾਇਤ 'ਤੇ ਇਥੋਂ ਦੇ ਸੈਕਟਰ 19 ਦੇ ਥਾਣੇ ਵਿਚ ਮਾਮਲਾ ਦਰਜ ਕਰਕੇ ਚੰਡੀਗੜ੍ਹ ਦੇ ਐਸ.ਐਸ.ਪੀ ਨੇ ਇਸ ਬਾਰੇ ਜਾਂਚ ਦੇ ਹੁਕਮ ਦੇ ਦਿੱਤੇ ਹਨ।

ਸ਼ਸ਼ੀਕਾਂਤ ਦਾ ਦਾਅਵਾ ਹੈ ਕਿ ਸਵੇਰੇ ਜਦੋਂ ਉਹ ਆਪਣੇ 18 ਸਥਿਤ ਨਿਵਾਸ ਸਥਾਨ ਤੋਂ ਬਾਹਰ ਨਿਕਲਣ ਲੱਗਾ ਤਾਂ ਉਸ ਦੇ ਘਰ ਦੇ ਬਾਹਰ ਇਕ ਆਈ-20 ਕਾਰ ਘੁੰਮ ਰਹੀ ਸੀ ਜਿਸ ਵਿਚ ਪੰਜਾਬ ਪੁਲਿਸ ਦੇ ਵਰਦੀਧਾਰੀ ਜਵਾਨ ਬੈਠੇ ਸਨ। ਉਨ੍ਹਾਂ ਨੇ ਸ਼ੱਕ ਹੋਣ 'ਤੇ ਚੰਡੀਗੜ੍ਹ ਪੁਲਿਸ ਦੇ ਕੰਟਰੋਲ ਰੂਮ 'ਤੇ ਕਾਲ ਕਰਕੇ ਸ਼ਿਕਾਇਤ ਕੀਤੀ। ਮੌਕੇ 'ਤੇ ਪਹੁੰਚੀ ਪੁਲਿਸ ਨੇ ਇਨ੍ਹਾਂ ਸ਼ੱਕੀ ਮੁਲਜ਼ਮਾਂ ਨੂੰ ਗੱਡੀ ਸਮੇਤ ਕਾਬੂ ਕਰ ਲਿਆ ਤੇ ਸੈਕਟਰ 19 ਦੇ ਥਾਣੇ ਲੈ ਜਾਇਆ ਗਿਆ। ਇਸ ਗੱਡੀ



ਵਿਚ ਮੁਹਾਲੀ ਪੁਲਿਸ ਦੇ ਏ.ਐਸ.ਆਈ ਸਤਨਾਮ ਸਿੰਘ ਸਮੇਤ ਹੋਰ ਮੁਲਾਜ਼ਮ ਸਵਾਰ ਸਨ।

ਪੁਲਿਸ ਨੇ ਇਨ੍ਹਾਂ ਜਵਾਨਾਂ ਨੂੰ ਮੁੱਢਲੀ ਪੁੱਛਗਿੱਛ ਕਰਨ ਤੋਂ ਬਾਅਦ ਉਥੋਂ ਭੇਜ ਦਿੱਤਾ।

ਇਸ ਘਟਨਾ ਬਾਰੇ ਚੰਡੀਗੜ੍ਹ ਪੁਲਿਸ ਦੇ ਐਸ.ਐਸ.ਪੀ ਸੁਖਚੈਨ ਸਿੰਘ ਗਿੱਲ ਨੇ ਕਿਹਾ ਕਿ ਉਨ੍ਹਾਂ ਨੇ ਸ਼ਸ਼ੀਕਾਂਤ ਦੀ ਸ਼ਿਕਾਇਤ ਨੂੰ ਗੰਭੀਰਤਾ ਨਾਲ ਲੈ ਕੇ ਜਾਂਚ ਦੇ ਹੁਕਮ ਦੇ ਦਿੱਤੇ ਹਨ। ਇਸ ਸ਼ਿਕਾਇਤ ਨੂੰ ਲੈ ਕੇ ਬਨਦੀ ਡੀ.ਡੀ.ਆਰ ਸੈਕਟਰ 19 ਦੇ ਥਾਣੇ ਵਿਚ ਦਰਜ ਕਰ ਲਈ ਹੈ। ਉਧਰ, ਇਸ ਮਾਮਲੇ ਨੂੰ ਲੈ ਕੇ ਸਾਬਕਾ ਡੀ.ਜੀ.ਪੀ ਸ਼ਸ਼ੀਕਾਂਤ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿਚ ਨਸ਼ੇ ਦੇ ਕਾਰੋਬਾਰੀਆਂ 'ਤੇ ਆਪਣਾ ਪੂਰਾ ਹੱਥ ਰੱਖ ਰਹੀ ਹੈ।

ਉਨ੍ਹਾਂ ਇਸ ਕਾਰੋਬਾਰ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਬਾਦਲ ਤੇ ਡੀ.ਜੀ.ਪੀ ਪੰਜਾਬ ਸੁਮੇਧ ਸੈਣੀ 'ਤੇ ਵੀ ਇਨ੍ਹਾਂ ਡਰੱਗ ਮਾਫੀਆ ਨਾਲ ਸਿੱਧਾ ਸਬੰਧ ਹੋਣ ਦਾ ਦੋਸ਼ ਲਾਇਆ। ਸ੍ਰੀ ਸ਼ਸ਼ੀਕਾਂਤ ਨੇ ਕਿਹਾ ਕਿ ਉਨ੍ਹਾਂ ਵੱਲੋਂ ਪੰਜਾਬ ਵਿਚ ਡਰੱਗ ਮਾਫੀਆ ਖ਼ਿਲਾਫ਼ ਵਿੱਢੀ ਗਈ ਜੰਗ ਨੂੰ ਲੈ ਕੇ ਆਪਣੀ ਜਾਨ ਦਾ ਖ਼ਤਰਾ ਹੈ। ਪੰਜਾਬ ਦੇ 1977 ਕੇਡਰ ਦੇ ਆਈ.ਪੀ.ਐਸ ਅਧਿਕਾਰੀ ਸ਼ਸ਼ੀਕਾਂਤ ਨੇ ਪੰਜਾਬ ਸੂਬੇ ਵਿਚ ਨਸ਼ੇ ਦੇ ਕਾਰੋਬਾਰੀਆਂ ਖ਼ਿਲਾਫ਼ ਕਈ ਵਾਰੀ ਆਵਾਜ਼ ਉਠਾਈ ਹੈ।

# ਪੰਜਾਬ ਕਾਂਗਰਸ ਦਾ ਕਲੇਸ਼ ਠੱਲ੍ਹਣ ਵਿਚ ਹਾਈ ਕਮਾਨ ਨਾਕਾਮ

**ਚੰਡੀਗੜ੍ਹ:** ਪੰਜਾਬ ਕਾਂਗਰਸ ਅੰਦਰ ਕਲੇਸ਼ ਲਗਾਤਾਰ ਵਧਦਾ ਜਾ ਰਿਹਾ ਹੈ ਤੇ ਇਸ ਨੂੰ ਠੱਲ੍ਹਣ ਲਈ ਹਾਈਕਮਾਨ ਵੱਲੋਂ ਲਗਾਈ ਜਾ ਰਹੀ ਹਰ ਜੁਗਤ ਪੁੱਠੀ ਪੈ ਰਹੀ ਹੈ। ਪੰਜਾਬ ਵਿਚ ਕਾਂਗਰਸੀ ਅਹੁਦੇਦਾਰਾਂ ਦੀ ਨਵੀਂ ਐਲਾਨੀ ਸੂਚੀ ਨੇ ਬਲਦੀ 'ਤੇ ਤੇਲ ਪਾਉਣ ਵਾਲਾ ਕੰਮ ਕੀਤਾ ਹੈ। ਇਸ ਸੂਚੀ ਵਿਚ ਕਈ ਸੀਨੀਅਰ ਆਗੂਆਂ ਨੇ ਅੱਖੋਂ-ਪਰੋਖੇ ਕਰਨ ਦਾ ਦੋਸ਼ ਲਾਉਂਦਿਆਂ ਵਿਰੋਧ ਸ਼ੁਰੂ ਕਰ ਦਿੱਤਾ ਹੈ।

ਬੀਤੇ ਵਰ੍ਹੇ ਹਾਈਕਮਾਨ ਵੱਲੋਂ ਕੈਪਟਨ ਅਮਰਿੰਦਰ ਸਿੰਘ ਤੋਂ ਸੂਬੇ ਦੀ ਪ੍ਰਧਾਨਗੀ ਖੋਹ ਕੇ ਪ੍ਰਤਾਪ ਸਿੰਘ ਬਾਜਵਾ ਨੂੰ ਦੇਣ ਦਾ ਫੈਸਲਾ ਵੀ ਸਹੀ ਸਾਬਤ ਨਹੀਂ ਹੋਇਆ। ਇਥੋਂ ਤੱਕ ਇਸ ਦੇ ਪ੍ਰਧਾਨ ਬਾਜਵਾ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਪੰਜਾਬ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਹੀ ਇਕਸੁਰ ਨਹੀਂ ਹੋ ਸਕੇ। ਸ. ਬਾਜਵਾ ਦੇ ਬੀਤੇ ਵਰ੍ਹੇ 23 ਮਾਰਚ ਨੂੰ ਪੰਜਾਬ ਇਕਾਈ ਦਾ ਅਹੁਦਾ ਸਾਂਭਦਿਆਂ ਹੀ ਕੈਪਟਨ ਨੇ 'ਲੰਚ ਸਿਆਸਤ' ਰਾਹੀਂ ਆਪਣੀ ਵੱਖਰੀ ਹੋਂਦ ਦਾ ਮੁਜ਼ਾਹਰਾ ਕਰ ਦਿੱਤਾ ਸੀ।

ਦੂਜੇ ਪਾਸੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਵੀ ਬਾਜਵਾ ਨਾਲ ਕਦੇ ਵੀ ਇਕ ਸੁਰ ਨਜ਼ਰ ਨਹੀਂ ਪਏ। ਪਿਛਲੇ ਸਮੇਂ ਸੰਗਰੂਰ ਵਿਚ ਕਾਂਗਰਸ ਦੀ ਇਕ ਰੈਲੀ ਦੌਰਾਨ ਸ. ਬਾਜਵਾ ਤੇ ਕੈਪਟਨ ਵੱਲੋਂ ਪਾਰਟੀ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਦੀ ਮੌਜੂਦਗੀ ਵਿਚ ਹੀ ਸਟੇਜ ਉਪਰ ਇਕ-ਦੂਜੇ ਨਾਲ ਮੇਹਣੋ-ਮੇਹਣੀ ਹੋਣ ਕਾਰਨ ਕਾਂਗਰਸੀ ਵਰਕਰਾਂ ਦੇ ਹੌਸਲੇ ਪਸਤ ਹੋਏ। ਭਾਵੇਂ ਕਾਂਗਰਸ ਦੇ ਆਮ ਵਰਕਰ ਅਕਾਲੀ ਦਲ-ਭਾਜਪਾ ਤੋਂ ਸਤੇ ਹੋਣ ਕਾਰਨ ਆਪਣੇ ਆਗੂਆਂ ਨੂੰ ਇਕ ਹੋਇਆ ਦੇਖਣਾ ਚਾਹੁੰਦੇ ਹਨ ਪਰ ਫਿਰ ਵੀ ਘੱਟੋ-ਘੱਟ ਲੰਘੇ ਵਰ੍ਹੇ ਤਾਂ ਉਨ੍ਹਾਂ ਦਾ ਇਹ ਸੁਪਨਾ ਪੂਰਾ ਹੁੰਦਾ ਨਹੀਂ ਜਾਪਿਆ।

ਮੁੱਖ ਆਗੂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਅਣਕਿਆਸੀ ਹਾਰ ਕਾਰਨ ਪਾਰਟੀ ਦੀ ਖੁਰੀ ਸਾਖ ਨੂੰ ਬਚਾਉਣ ਦੀ ਥਾਂ ਆਪੋ-ਆਪਣੀ ਭੱਲ ਬਣਾਉਣ ਤੱਕ ਹੀ ਸੀਮਤ ਰਹੇ। ਸ. ਬਾਜਵਾ ਨੇ ਪ੍ਰਧਾਨ ਦਾ ਅਹੁਦਾ ਸਾਂਭਦਿਆਂ ਹੀ ਜ਼ਿਲ੍ਹਿਆਂ ਤੇ ਵਿਧਾਨ ਸਭਾ ਹਲਕਿਆਂ ਵਿਚ ਲੋਕ ਸੰਪਰਕ ਪ੍ਰੋਗਰਾਮ ਦੌਰਾਨ ਪੰਜਾਬ ਸਰਕਾਰ ਵਿਰੁੱਧ ਹਮਲਾਵਰ ਰੁਖ ਅਖ਼ਤਿਆਰ ਕੀਤਾ। ਇਸ ਤੋਂ ਇਕ ਵਾਰ ਸਰਕਾਰ ਨੂੰ ਵੀ ਹੱਥਾਂ-ਪੈਰਾਂ ਦੀ ਪੈ ਗਈ ਕਿਉਂਕਿ ਸ. ਬਾਜਵਾ ਨੇ ਧੂੰਆਂਧਾਰ ਢੰਗ ਨਾਲ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਭੰਡਣ ਦੀ ਮੁਹਿੰਮ ਚਲਾ ਦਿੱਤੀ।



ਇਸ ਦੌਰਾਨ ਇਕ ਵੇਲੇ ਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਕਹਿਣਾ ਪਿਆ ਸੀ ਕਿ ਇਹ ਬਾਜਵਾ ਤਾਂ ਕੈਪਟਨ ਤੋਂ ਵੀ ਵੱਧ ਨਿਕਲਿਆ। ਫਿਰ ਸ. ਬਾਜਵਾ ਦੇ ਵਧਦੇ ਕਦਮਾਂ ਨੂੰ ਸਰਕਾਰ ਨੇ ਬਰੇਕਾਂ ਲਾਉਣ ਦੀ ਜੁਗਤ ਬਣਾਈ। ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਬਾਜਵਾ ਪਰਿਵਾਰ ਉਪਰ ਸ਼ਾਮਲਾਤ ਜ਼ਮੀਨਾਂ ਖਰੀਦਣ ਤੇ ਦੱਬਣ ਦੇ ਦੋਸ਼ਾਂ ਦੀ ਝੜੀ ਵਿਧਾਨ ਸਭਾ ਦੇ ਅੰਦਰ ਤੇ ਬਾਹਰ ਲਾ ਕੇ ਪ੍ਰਦੇਸ਼ ਕਾਂਗਰਸ ਪ੍ਰਧਾਨ ਨੂੰ ਰਿਫਾਜ਼ਤੀ ਰੁਖ ਅਪਣਾਉਣ ਲਈ ਮਜਬੂਰ ਕਰ ਦਿੱਤਾ।

ਸ. ਬਾਜਵਾ ਦੇ ਕਈ ਪਾਰਟੀ ਅੰਦਰਲੇ ਵਿਰੋਧੀਆਂ ਨੇ ਵੀ ਇਸ ਮੁੱਦੇ ਨੂੰ ਖ਼ੂਬ ਤੂਲ ਦਿੱਤੀ। ਦੂਜੇ ਪਾਸੇ ਕਾਂਗਰਸ ਹਾਈਕਮਾਂਡ ਦੀਆਂ ਲਮਕਾਊ ਖੇਡਾਂ ਵੀ ਹੋਰ ਪ੍ਰਧਾਨਾਂ ਵਾਂਗ ਸ. ਬਾਜਵਾ ਲਈ ਸਿਰਦਰਦੀ ਦਾ ਸਬੱਬ ਬਣੀਆਂ ਰਹੀਆਂ। ਸ. ਬਾਜਵਾ ਕਈ ਮਹੀਨਿਆਂ ਤੋਂ ਪੰਜਾਬ ਕਾਂਗਰਸ ਦੇ ਨਵੇਂ ਅਹੁਦੇਦਾਰਾਂ ਦੀ ਸੂਚੀ ਇਕ-ਦੋ ਦਿਨਾਂ ਵਿਚ ਜਾਰੀ ਹੋਣ ਦੇ ਦਾਅਵੇ ਕਰਦੇ ਥੱਕ ਗਏ ਹਨ ਪਰ ਰਾਹੁਲ ਗਾਂਧੀ ਕੋਲ ਕਈ ਮਹੀਨਿਆਂ ਤੋਂ ਪੰਜਾਬ ਇਕਾਈ ਦੇ ਸੰਗਠਨ ਦੀ ਸਥਾਪਨਾ ਲਈ ਸਮਾਂ ਹੀ ਨਹੀਂ ਨਿਕਲਿਆ।

ਕਾਂਗਰਸ ਹਾਈ ਕਮਾਂਡ ਦੀਆਂ ਢਿੱਲ-ਮੱਠ ਭਰੀਆਂ ਨੀਤੀਆਂ ਤੇ ਪੰਜਾਬ ਕਾਂਗਰਸ ਦੀ ਫੁੱਟ ਕਾਰਨ ਇਸ ਵਰ੍ਹੇ ਕਾਂਗਰਸ ਦੇ ਸੀਨੀਅਰ ਆਗੂ ਅਵਤਾਰ ਸਿੰਘ ਬਰਾੜ ਤੇ ਮੋਗੇ ਦੇ ਵਿਧਾਇਕ ਜੋਗਿੰਦਰ ਜੈਨ ਆਦਿ ਪਲਟੀ ਮਾਰ ਕੇ ਅਕਾਲੀ ਦਲ ਵਿਚ ਜਾ ਸ਼ਾਮਲ ਹੋਏ। ਅਜਿਹੇ ਕਾਰਨਾਂ ਕਰਕੇ ਹੀ ਕਾਂਗਰਸ ਨਸ਼ਿਆਂ ਦੇ ਕਾਰੋਬਾਰ ਵਿਚ ਹਾਕਮ ਧਿਰ ਦੀ ਸ਼ਮੂਲੀਅਤ ਵਰਗੇ ਅਹਿਮ ਮੁੱਦੇ ਉਪਰ ਵੀ ਸਰਕਾਰ ਨੂੰ ਘੇਰਨ ਵਿਚ ਅਸਫਲ ਰਹੀ।

ਪੰਜਾਬ ਵਿਧਾਨ ਸਭਾ ਵਿਚ ਵੀ ਕਾਂਗਰਸ ਵਿਧਾਇਕ ਦਲ ਨੂੰ ਫਿਲਹਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਗੁੱਝੇ ਸਿਆਸੀ ਹਮਲਿਆਂ ਤੇ ਸ. ਮਜੀਠੀਆ ਵੱਲੋਂ ਹਰੇਕ ਮੁੱਦੇ 'ਤੇ ਕੀਤੀਆਂ ਜਾਂਦੀਆਂ ਟਿੱਚਰਾਂ ਦਾ ਕੋਈ ਤੋੜ ਨਹੀਂ ਮਿਲਿਆ। ਕਾਂਗਰਸ ਵੱਲੋਂ ਇਸ ਵਰ੍ਹੇ ਵਿਧਾਨ ਸਭਾ ਦੇ ਬਾਹਰ ਵਿਧਾਇਕ ਜਗਮੋਹਨ ਸਿੰਘ ਕੰਗ ਨੂੰ 'ਸਪੀਕਰ' ਬਣਾ ਕੇ ਸੜਕ ਉਪਰ ਹੀ ਬਰਾਬਰ ਦਾ ਸੈਸ਼ਨ ਚਲਾਉਣ ਕਾਰਨ ਵੀ ਕਾਂਗਰਸ ਦੀ ਸਥਿਤੀ ਕਸੂਤੀ ਬਣੀ ਰਹੀ। ਚੰਡੀਗੜ੍ਹ ਪੁਲਿਸ ਵਲੋਂ ਕਾਂਗਰਸੀ ਵਿਧਾਇਕਾਂ ਵਿਰੁੱਧ ਪੰਜਾਬ ਵਿਧਾਨ ਸਭਾ ਕੈਂਪਸ ਵਿਚ ਇਕ ਪੁਲਿਸ ਮੁਲਾਜ਼ਮ ਦੀ ਕੁੱਟਮਾਰ ਕਰਨ ਦੇ ਦੋਸ਼ਾਂ ਤਹਿਤ ਕੇਸ ਦਰਜ ਕਰਨ ਅਤੇ ਦੂਜੇ ਪਾਸੇ ਸੁਨੀਲ ਜਾਖੜ ਵੱਲੋਂ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਇਸ਼ਾਰੇ 'ਤੇ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਵੱਲੋਂ ਕਾਂਗਰਸੀ ਵਿਧਾਇਕਾਂ ਉਪਰ ਹਮਲਾ ਕਰਨ ਦੇ ਦੋਸ਼ਾਂ ਤਹਿਤ ਪੁਲਿਸ ਨੂੰ ਦਿੱਤੀ ਸ਼ਿਕਾਇਤ ਦਾ ਮੁੱਦਾ ਅੱਜ ਵੀ ਬਰਕਰਾਰ ਹੈ।

# ਪੰਜਾਬ ਸਰਕਾਰ ਨੇ ਦਲ ਬਦਲੂਆਂ ਨੂੰ ਬਖਸ਼ੀਆਂ ਚੇਅਰਮੈਨੀਆਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ‘ਦਲ ਬਦਲੂਆਂ’ ਉਤੇ ਮਿਹਰਬਾਨੀਆਂ ਜਾਰੀ ਰੱਖਦੇ ਹੋਏ ਅਵਤਾਰ ਸਿੰਘ ਬਰਾੜ ਨੂੰ ਪੈਪਸੂ ਰੋਡ ਟਰਾਂਸਪੋਸਰਟ ਕਾਰਪੋਰੇਸ਼ਨ ਤੇ ਮੋਗਾ ਤੋਂ ਵਿਧਾਇਕ ਜੋਗਿੰਦਰ ਪਾਲ ਜੈਨ ਨੂੰ ਮੁੜ ਤੋਂ ਪੰਜਾਬ ਵੇਅਰਹਾਊਸਿੰਗ ਕਾਰਪੋਰੇਸ਼ਨ ਦਾ ਚੇਅਰਮੈਨ ਨਿਯੁਕਤ ਕਰ ਦਿੱਤਾ ਗਿਆ ਹੈ। ਸ. ਬਰਾੜ ਨੇ ਕੁਝ ਮਹੀਨੇ ਪਹਿਲਾਂ ਹੀ ਕਾਂਗਰਸ ਨੂੰ ਅਲਵਿਦਾ ਕਹਿੰਦਿਆਂ ਅਕਾਲੀ ਦਲ ਦਾ ਪੱਲਾ ਫੜਿਆ ਸੀ।

ਦਿਲਚਸਪ ਗੱਲ ਇਹ ਹੈ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਜੋਗਿੰਦਰ ਪਾਲ ਜੈਨ ਦੀ ਗੋਦਾਮ ਨਿਗਮ ਦੇ ਚੇਅਰਮੈਨ ਵਜੋਂ ਨਿਯੁਕਤੀ ਰੱਦ ਕਰ ਦਿੱਤੀ ਸੀ ਪਰ ਸਰਕਾਰ ਨੇ ਉਨ੍ਹਾਂ ਨੂੰ ਮੁੜ ਉਸੇ ਅਦਾਰੇ ਦੇ ਮੁਖੀ ਵਜੋਂ ਨਿਯੁਕਤ ਕਰ ਦਿੱਤਾ ਹੈ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦਾ ਦਾਅਵਾ ਹੈ ਕਿ ਹਾਈਕੋਰਟ ਵੱਲੋਂ ਜਿਨ੍ਹਾਂ ਕਾਰਨਾਂ ਕਰਕੇ ਸ੍ਰੀ ਜੈਨ ਦੀ ਨਿਯੁਕਤੀ ਰੱਦ ਕੀਤੀ ਗਈ ਸੀ, ਉਨ੍ਹਾਂ ਮੁੱਦਿਆਂ ਨੂੰ ਕਾਨੂੰਨੀ ਪੱਖ ਤੋਂ ਘੋਖਣ ਤੋਂ ਬਾਅਦ ਇਹ ਨਿਯੁਕਤੀ ਕੀਤੀ ਗਈ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹਲਕੇ ਲੰਬੀ ਨਾਲ ਸਬੰਧਤ ਅਕਾਲੀ ਆਗੂ ਦਿਆਲ ਸਿੰਘ ਕੋਲਿਆਂਵਾਲੀ ਨੂੰ ਵੀ ਪੰਜਾਬ ਐਗਰੋ ਫੂਡਗਰੇਨ ਕਾਰਪੋਰੇਸ਼ਨ ਦਾ ਚੇਅਰਮੈਨ ਲਾਇਆ ਗਿਆ ਹੈ।

ਸਰਕਾਰ ਵੱਲੋਂ ਕੁੱਲ 10 ਬੋਰਡਾਂ ਤੇ ਨਿਗਮਾਂ ਦੇ ਚੇਅਰਮੈਨ ਲਾਏ ਗਏ ਹਨ। ਕਾਂਗਰਸ ਛੱਡ ਕੇ ਅਕਾਲੀ ਦਲ ਵਿਚ ਆਏ ਸਾਬਕਾ ਵਿਧਾਇਕ ਪ੍ਰਕਾਸ਼ ਸਿੰਘ ਭੱਟੀ ਨੂੰ ਪੰਜਾਬ ਅਨੁਸੂਚਿਤ ਜਾਤੀ ਭੌਂ ਵਿਕਾਸ ਤੇ ਵਿੱਤ ਨਿਗਮ ਦਾ ਚੇਅਰਮੈਨ, ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਦੇ ਸਪੁੱਤਰ ਰਵੀਕਿਰਨ ਸਿੰਘ ਕਾਹਲੋਂ ਨੂੰ ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਕਾਰਪੋਰੇਸ਼ਨ ਦਾ ਚੇਅਰਮੈਨ, ਸੀਨੀਅਰ ਅਕਾਲੀ ਆਗੂ ਤੋਤਾ ਸਿੰਘ ਦੇ ਪੁੱਤਰ ਬਰਜਿੰਦਰ ਸਿੰਘ ਬਰਾੜ ਨੂੰ ਪੰਜਾਬ ਸਿਹਤ ਸਿਸਟਮ ਕਾਰਪੋਰੇਸ਼ਨ ਦਾ ਚੇਅਰਮੈਨ, ਦਿੱਲੀ ਦੇ ਅਕਾਲੀ ਆਗੂ ਅਵਤਾਰ ਸਿੰਘ ਹਿੱਤ ਨੂੰ ਪੰਜਾਬ ਰਾਜ ਸਨਅਤੀ ਵਿਕਾਸ ਨਿਗਮ ਦਾ ਚੇਅਰਮੈਨ, ਸੁਖਵਿੰਦਰ ਸਿੰਘ ਔਲਖ ਨੂੰ ਪਨਸੀਡ ਦਾ ਚੇਅਰਮੈਨ, ਵਿਜੇ ਦਾਨਵ ਨੂੰ ਦਲਿਤ ਵਿਕਾਸ ਬੋਰਡ ਦਾ ਚੇਅਰਮੈਨ, ਰਾਜ ਕੁਮਾਰ ਅਤੀਕਾਏ ਨੂੰ ਸਫ਼ਾਈ ਕਰਮਚਾਰੀ ਭਲਾਈ ਬੋਰਡ ਦਾ ਚੇਅਰਮੈਨ, ਗੁਰਬਚਨ ਸਿੰਘ ਬਚੀ ਨੂੰ ਪੰਜਾਬ ਰਾਜ ਬਿਜਲੀ ਨਿਗਮ ਲਿਮਟਡ (ਪੀ.ਐਸ.ਪੀ.ਸੀ.ਐਲ) ਦੇ ਬੋਰਡ ਆਫ਼ ਡਾਇਰੈਕਟਰਜ਼ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ।

ਪੰਜਾਬੀ ਗਾਇਕ ਤੇ ਫ਼ਿਲਮ ਅਦਾਕਾਰ ਹਰਭਜਨ ਸਿੰਘ ਮਾਨ ਨੇ ਜ਼ਿਲ੍ਹਾ ਯੋਜਨਾ ਕਮੇਟੀ ਮੁਹਾਲੀ ਦੇ ਚੇਅਰਮੈਨ ਵਜੋਂ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ ਜਿਸ ਨੂੰ ਮੁੱਖ ਮੰਤਰੀ ਨੇ ਪ੍ਰਵਾਨ ਕਰ ਲਿਆ ਹੈ। ਸ੍ਰੀ ਮਾਨ ਨੂੰ ਇਸ ਨਿਯੁਕਤੀ ਕਾਰਨ ਕਈ ਤਰ੍ਹਾਂ ਦੀ ਨੁਕਤਾਚੀਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਅਕਾਲੀ ਆਗੂ ਬਲਵੰਤ ਸਿੰਘ ਰਾਮੂਵਾਲੀਆ ਦੇ ਇਸ ਕਰੀਬੀ ਰਿਸ਼ਤੇਦਾਰ ਨੂੰ ਸਰਕਾਰ ਨੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਵਜੋਂ ਨਿਯੁਕਤ ਤਾਂ ਕਰ ਦਿੱਤਾ ਸੀ ਪਰ ਉਨ੍ਹਾਂ ਦੀ ਇਸ ਕੰਮ ਵਿਚ ਰੁਚੀ ਨਹੀਂ ਸੀ।

## ਜੈਨ ਦੀ ਮੁੜ ਨਿਯੁਕਤੀ ਨੂੰ ਚੁਣੌਤੀ ਦੇਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਮੋਗਾ ਤੋਂ ਅਕਾਲੀ-ਭਾਜਪਾ ਵਿਧਾਇਕ ਜੋਗਿੰਦਰ ਪਾਲ ਜੈਨ ਨੂੰ ਮੁੜ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਦਾ ਚੇਅਰਮੈਨ ਥਾਪੇ ਜਾਣ ਦੇ ਫੈਸਲੇ ਦਾ ਮੁੜ ਵਿਵਾਦਾਂ ਵਿਚ ਘਿਰਨਾ ਤਕਰੀਬਨ ਤੈਅ ਹੋ ਗਿਆ ਹੈ। ਇਸੇ ਅਹੁਦੇ ‘ਤੇ ਹੀ ਜੈਨ ਦੀ ਪਹਿਲੀ ਨਿਯੁਕਤੀ ਨੂੰ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰ ਰੱਦ ਕਰਵਾਉਣ ਵਾਲੇ ਇਕ ਸੀਨੀਅਰ ਵਕੀਲ ਨੇ ਫਿਰ ਇਸ ਬਾਰੇ ਪੰਜਾਬ ਦੇ ਚੀਫ਼ ਸਕੱਤਰ ਰਾਕੇਸ਼ ਸਿੰਘ ਰਾਹੀਂ ਪੰਜਾਬ ਸਰਕਾਰ ਨੂੰ ਅਗੇਤਾ ਨੋਟਿਸ ਭੇਜਦਿਆਂ ਛੇਤੀ ਹੀ ਇਹ ਮਾਮਲਾ ਫਿਰ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਚੁੱਕਣ ਦੀ ਚਿਤਾਵਨੀ ਦਿੱਤੀ ਹੈ।



ਇਸ ਬਾਰੇ ਐਡਵੋਕੇਟ ਹਰੀ ਚੰਦ ਅਰੋੜਾ ਦਾ ਕਹਿਣਾ ਹੈ ਕਿ ਹਾਈਕੋਰਟ ਵੱਲੋਂ ਸ੍ਰੀ ਜੈਨ ਦੀ ਪਿਛਲੀ ਨਿਯੁਕਤੀ ਨੂੰ ਰੱਦ ਕਰਨ ਸਮੇਂ ਇਹ ਵੀ ਸਪੱਸ਼ਟ ਤੌਰ ‘ਤੇ ਕਿਹਾ ਸੀ ਕਿ ਉਸ ਦੀ ਨਿਯੁਕਤੀ ਸੂਬਾ ਸਰਕਾਰ ਵੱਲੋਂ ਜਨਤਕ ਹਿੱਤਾਂ ਨਹੀਂ ਬਲਕਿ ਆਪਣੇ ਹੀ ਕੋਈ ਹੋਰ ਮੁਫਾਦਾਂ ਦੀ ਪੂਰਤੀ ਲਈ ਕੀਤੀ ਗਈ ਹੈ। ਅਰੋੜਾ ਨੇ ਇਸੇ ਗੱਲ ਨੂੰ ਆਧਾਰ ਬਣਾਉਂਦਿਆਂ ਹੁਣ ਪੰਜਾਬ ਸਰਕਾਰ ਵੱਲੋਂ ਮੁੜ ਜੋਗਿੰਦਰਪਾਲ ਜੈਨ ਨੂੰ ਹੀ ਇਸੇ ਅਹੁਦੇ ‘ਤੇ ਬਿਰਾਜਮਾਨ ਕੀਤਾ ਜਾਣ ਨੂੰ ਹਾਈਕੋਰਟ ਦੇ ਹੁਕਮਾਂ ਦੀ ਘੋਰ ਅਵੱਗਿਆ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਖਾਸ ਕਰ ਮੁੱਖ ਮੰਤਰੀ ਨੇ ਜੈਨ ਦੀ ਮੁੜ ਨਿਯੁਕਤੀ ਦਾ ਫੈਸਲਾ ਵਾਪਸ ਨਾ ਲਿਆ ਤਾਂ ਉਹ ਇਸ ਵਿਰੁੱਧ ਹਾਈਕੋਰਟ ਵਿਚ ਹੱਤਕ ਪਟੀਸ਼ਨ ਦਾਇਰ ਕਰਨਗੇ।

# ਹੁਣ ਪੰਜਾਬ ਵਿਚ ਵੀ ਫਿਰੇਗਾ ਆਮ ਆਦਮੀ ਪਾਰਟੀ ਦਾ ਝਾੜੂ

**ਜਲੰਧਰ:** ਦਿੱਲੀ ਵਿਧਾਨ ਸਭਾ ਚੋਣਾਂ ਵਿਚ ਦੋਵਾਂ ਪ੍ਰਮੁੱਖ ਪਾਰਟੀਆਂ (ਕਾਂਗਰਸ ਤੇ ਭਾਜਪਾ) ਨੂੰ ਟੱਕਰ ਦੇ ਕੇ ਸਰਕਾਰ ਬਣਾਉਣ ਵਾਲੀ ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿਚ ਸਾਰੀਆਂ ਲੋਕ ਸਭਾ ਸੀਟਾਂ ਤੋਂ ਚੋਣ ਲੜਨ ਦਾ ਐਲਾਨ ਕੀਤਾ ਹੈ। ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਚ ‘ਆਪ’ ਵੱਲੋਂ ਕੀਤੇ ਗਏ ਇਕੱਠ ਮੌਕੇ ਪਾਰਟੀ ਦੇ ਬੁਲਾਰੇ ਤੇ ਕੌਮੀ ਵਰਕਿੰਗ ਕਮੇਟੀ ਮੈਂਬਰ ਸੰਜੇ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਚੋਣਾਂ ਦੌਰਾਨ ਨਸ਼ਾਖੋਰੀ ਤੇ ਭ੍ਰਿਸ਼ਟਾਚਾਰ ਮੁੱਖ ਮੁੱਦਾ ਹੋਵੇਗਾ। ਇਸ ਤੋਂ ਇਲਾਵਾ ਬੇਰੁਜ਼ਗਾਰੀ, ਕਿਸਾਨਾਂ ਦੀਆਂ ਫ਼ਸਲਾਂ ਦੇ ਘੱਟੋ-ਘੱਟ ਮੁੱਲ ਨੂੰ ਵਧਾਉਣ ਤੇ ਵਪਾਰੀਆਂ ਤੇ ਸ਼ਹਿਰੀ ਵਰਗ ’ਤੇ ਲੱਗੇ ਪ੍ਰਾਪਰਟੀ ਟੈਕਸ ਦੇ ਮੁੱਦਿਆਂ ਨੂੰ ਪਾਰਟੀ ਮੁੱਖ ਤੌਰ ’ਤੇ ਉਭਾਰੇਗੀ। ਉਨ੍ਹਾਂ ਪੰਜਾਬ ਵਿਚ ਭਖੇ ਸਿੰਥੈਟਿਕ ਡਰੱਗ ਦੇ ਮੁੱਦੇ ਦੀ ਜੁਡੀਸ਼ੀਅਲ ਜਾਂਚ ਕਰਵਾਉਣ ਦੀ ਮੰਗ ਕੀਤੀ। ਇਸ ਮੌਕੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐਚ.ਐਸ ਫੂਲਕਾ ਵੀ ਹਾਜ਼ਰ ਸਨ।

‘ਆਪ’ ਦੇ ਸੀਨੀਅਰ ਆਗੂ ਸੰਜੇ ਸਿੰਘ ਨੇ ਸਪੱਸ਼ਟ ਕੀਤਾ ਕਿ ਪਾਰਟੀ ਕਿਸੇ ਵੀ ਹੋਰ ਸਿਆਸੀ ਪਾਰਟੀ ਨਾਲ ਗੱਠਜੋੜ ਕਰ ਕੇ ਚੋਣ ਨਹੀਂ ਲੜੇਗੀ। ਪਾਰਟੀ ਨੇ ਸਾਫ-ਸੁਥਰੇ ਅਕਸ ਵਾਲੇ ਉਮੀਦਵਾਰਾਂ ਦੀ ਚੋਣ ਲਈ ਪ੍ਰਕਿਰਿਆ ਸ਼ੁਰੂ ਕੀਤੀ ਜਾ ਚੁੱਕੀ ਹੈ। ਉਨ੍ਹਾਂ ਪਾਰਟੀ ਵਰਕਰਾਂ ਨੂੰ ਸੱਦਾ ਦਿੱਤਾ ਕਿ ਜੋ ਵੀ ਚੋਣ ਲੜਨ ਦਾ ਇੱਛੁਕ ਹੈ, ਆਪਣੀ ਅਰਜ਼ੀ ਦੇ ਸਕਦਾ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਹੋਰ ਰਾਜਸੀ ਪਾਰਟੀਆਂ ਵਿਚੋਂ ‘ਆਪ’ ਵਿਚ ਸ਼ਾਮਲ ਹੋਣ ਦੇ ਇੱਛੁਕ ਆਗੂਆਂ ਨੂੰ ਪਾਰਟੀ ਦੇ ਸਿਧਾਂਤਾਂ ਤੋਂ ਜਾਣੂ ਕਰਵਾਇਆ ਜਾਵੇਗਾ ਤੇ ਪਾਰਟੀ ਮੁੱਖ ਤੌਰ ’ਤੇ ਕ੍ਰਾਈਮ, ਕਰੱਪਸ਼ਨ ਤੇ ਕਰੈਕਟਰ ਤਿੰਨ ‘ਸੀ’ ਦੇ ਸਿਧਾਂਤ ਨੂੰ ਮੁੱਖ ਰੱਖ ਕੇ ਉਮੀਦਵਾਰਾਂ ਦੀ ਚੋਣ ਕਰੇਗੀ।

ਉਨ੍ਹਾਂ ਇਹ ਸੰਕੇਤ ਵੀ ਦਿੱਤੇ ਕਿ ਲੋਕ ਸਭਾ ਚੋਣਾਂ ਲਈ ਇਹ ਜ਼ਰੂਰੀ ਨਹੀਂ ਹੋਵੇਗਾ ਕਿ ਉਹ ਆਮ ਆਦਮੀ ਪਾਰਟੀ ਦਾ ਵਰਕਰ ਜਾਂ ਅਹੁਦੇਦਾਰ ਹੋਵੇ। ਉਮੀਦਵਾਰ ਦੀ ਚੋਣ ਵਿਚ ਉਸ ਦੇ ਚੰਗੇ ਕੰਮਾਂ ਤੇ ਚੰਗੇ ਅਕਸ ਨੂੰ ਮੁੱਖ ਰੱਖਿਆ ਜਾਵੇਗਾ। ਇਸੇ ਦੌਰਾਨ ਗਿਆਨੀ ਜ਼ੈਲ ਸਿੰਘ ਦਾ ਪੋਤਾ ਕੁਲਤਾਰ ਸਿੰਘ ਤੇ ਗਾਇਕ ਜੱਸੀ ਜਸਰਾਜ ਵੀ ‘ਆਪ’ ਵਿਚ ਸ਼ਾਮਲ ਹੋ ਗਏ।

ਸੰਜੇ ਸਿੰਘ ਨੇ ਕਿਹਾ ਕਿ ਭਾਜਪਾ ਤੇ ਕਾਂਗਰਸ ਦੋਹੇਂ ਭ੍ਰਿਸ਼ਟਾਚਾਰ ਦੇ ਮੁੱਦੇ ‘ਤੇ ਚੋਣ ਨਹੀਂ ਲੜ ਸਕਦੀਆਂ ਕਿਉਂਕਿ ਇਨ੍ਹਾਂ ਦੇ ਆਗੂ ਭ੍ਰਿਸ਼ਟਾਚਾਰ ਵਿਚ ਬੁਰੀ ਤਰ੍ਹਾਂ ਫਸੇ ਹੋਏ ਹਨ। ਪੰਜਾਬ ਵਿਚ ਡਰੱਗ ਦੇ ਮਾਮਲੇ ‘ਤੇ ਟਿੱਪਣੀ ਕਰਦਿਆਂ ‘ਆਪ‘ ਦੇ ਆਗੂ ਨੇ ਕਿਹਾ ਕਿ ਜੇਕਰ ਇਸ ਮਾਮਲੇ ਦੀ ਜਾਂਚ ਪੰਜਾਬ ਪੁਲਿਸ ਕਰਦੀ ਹੈ ਤਾਂ ਨਤੀਜਾ ਜ਼ੀਰੋ ਨਿਕਲੇਗਾ। ਇਸ ਲਈ ਸੀ.ਬੀ.ਆਈ ਦੀ ਥਾਂ ਜੁਡੀਸ਼ੀਅਲ ਜਾਂਚ ਕਰਵਾਉਣੀ ਚਾਹੀਦੀ ਹੈ। ਪਾਰਟੀ ਪੰਜਾਬ ਵਿਚ 13 ਦੀਆਂ 13 ਲੋਕ ਸਭਾ ਸੀਟਾਂ ‘ਤੇ ਜਿੱਤ ਪ੍ਰਾਪਤ ਕਰੇਗੀ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)


# ਪੰਜਾਬ ਤੇ ਹਰਿਆਣਾ ਸਰਕਾਰਾਂ ਕਾਨੂੰਨੀ ਕੁੜਿੱਕੀ ’ਚ

**ਚੰਡੀਗੜ੍ਹ:** ਸੁਪਰੀਮ ਕੋਰਟ ਤੇ ਹਾਈਕੋਰਟ ਦੇ ਹੁਕਮਾਂ ਦੇ ਬਾਵਜੂਦ ਪੰਜਾਬ ਤੇ ਹਰਿਆਣਾ ਸਰਕਾਰਾਂ ਨੇ ਮਿਥੇ ਸਮੇਂ ਦੌਰਾਨ ਪੁਲਿਸ ਵਾਲਿਆਂ ਖ਼ਿਲਾਫ਼ ਸ਼ਿਕਾਇਤ ਕਰ ਸਕਣ ਵਾਸਤੇ ਜ਼ਿਲ੍ਹਾ ਪੱਧਰੀ ਅਥਾਰਟੀਆਂ ਕਾਇਮ ਕਰਨ ਦੀ ਕਾਰਵਾਈ ਨੂੰ ਅੰਜਾਮ ਨਹੀਂ ਦਿੱਤਾ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਰਦ ਰੁੱਤ ਦੀਆਂ ਛੁੱਟੀਆਂ ਖ਼ਤਮ ਹੁੰਦਿਆਂ ਹੀ ਦੋਵਾਂ ਰਾਜ ਸਰਕਾਰਾਂ ਨੂੰ ਕੁੜਿੱਕੀ ਵਿਚ ਲੈ ਲਿਆ ਹੈ। ਹਾਈਕੋਰਟ ਦੇ ਜਸਟਿਸ ਮਹੇਸ਼ ਗਰੋਵਰ ਵੱਲੋਂ ਪਟੀਸ਼ਨ ‘ਤੇ ਸੁਣਵਾਈ ਕਰਦਿਆਂ ਪੰਜਾਬ ਸਰਕਾਰ ਦੇ ਚੀਫ਼ ਸਕੱਤਰ ਰਾਕੇਸ਼ ਸਿੰਘ, ਗ੍ਰਹਿ ਵਿਭਾਗ ਪੰਜਾਬ ਦੇ ਪ੍ਰਿੰਸੀਪਲ ਸਕੱਤਰ ਡੀ. ਐਸ ਬੈਂਸ ਤੇ ਹਰਿਆਣਾ ਸਰਕਾਰ ਦੇ ਚੀਫ਼ ਸਕੱਤਰ ਐੱਸ. ਸੀ ਚੌਧਰੀ, ਹਰਿਆਣਾ ਦੇ ਗ੍ਰਹਿ ਸਕੱਤਰ ਪੀ. ਕੇ ਗੁਪਤਾ ਨੂੰ ਵੱਖ-ਵੱਖ ਹੱਤਕ ਨੋਟਿਸ ਜਾਰੀ ਕਰ ਜਵਾਬ ਤਲਬ ਕਰ ਲਿਆ ਹੈ।

ਚੀਫ਼ ਜਸਟਿਸ ਦੀ ਅਗਵਾਈ ਵਾਲੇ ਬੈਂਚ ਵੱਲੋਂ ਬੀਤੀ 18 ਸਤੰਬਰ ਨੂੰ ਹੀ ਇਕ ਹੁਕਮ ਜਾਰੀ ਕਰਦਿਆਂ ਤਿੰਨ ਮਹੀਨੇ ਦੇ ਅੰਦਰ-ਅੰਦਰ ਪੰਜਾਬ ਪੁਲਿਸ ਐਕਟ, 2007 ਤਹਿਤ ਇਨ੍ਹਾਂ ਅਥਾਰਟੀਆਂ ਦਾ ਗਠਨ ਕੀਤੇ ਜਾਣ ਬਾਬਤ ਉਕਤ ਹੁਕਮ ਜਾਰੀ ਕੀਤੇ ਸਨ। ਇਸ ਕੇਸ ਦੀ ਅਗਲੀ ਸੁਣਵਾਈ ਲਈ ਆਉਂਦੀ ਚਾਰ ਅਪ੍ਰੈਲ ਦੀ ਤਰੀਕ ਤੈਅ ਕੀਤੀ ਗਈ ਹੈ।

## ਮੈਰਿਜ ਪੈਲੇਸ ਮਾਲਕਾਂ ਨੂੰ ਮੰਨਣੀਆਂ ਪੈਣਗੀਆਂ ਸ਼ਰਤਾਂ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਮੈਰਿਜ ਪੈਲੇਸ ਮਾਲਕਾਂ ਨੂੰ ਝਟਕਾ ਦਿੰਦੇ ਹੋਏ ਪੰਜਾਬ ਸਰਕਾਰ ਦੀ ਮੈਰਿਜ ਪੈਲੇਸਾਂ ਤੇ ਰਿਜ਼ਾਰਟਾਂ ਨੂੰ ਨਿਯਮਤ ਕਰਨ ਵਾਲੀ ਨੀਤੀ ਨੂੰ ਸਹੀ ਕਰਾਰ ਦਿੱਤਾ ਹੈ।

ਸੂਬਾ ਸਰਕਾਰ ਵੱਲੋਂ ਇਸ ਨੀਤੀ ਤਹਿਤ ਬੀਤੇ ਸਾਲ ਸੱਤ ਜਨਵਰੀ ਤੇ ਉਸ ਤੋਂ ਪਹਿਲਾਂ 2011 ਵਿਚ ਨਵੰਬਰ ਮਹੀਨੇ ਨੋਟੀਫਿਕੇਸ਼ਨ ਜਾਰੀ ਕਰਦਿਆਂ ਸੂਬੇ ਵਿਚ ਮੈਰਿਜ ਪੈਲੇਸਾਂ ਲਈ ਹਰ ਹਾਲ ਸਰਕਾਰ ਤੋਂ ਇਤਰਾਜ਼ ਨਹੀਂ ਸਰਟੀਫਿਕੇਟ (ਐਨ.ਓ.ਸੀ) ਲੈਣਾ ਜ਼ਰੂਰ ਕਰਾਰ ਦੇ ਦਿੱਤਾ ਗਿਆ ਸੀ ਜਿਸ ਦੇ ਵਿਰੋਧ ਵਿਚ ਅੱਧੀ ਦਰਜਨ ਤੋਂ ਵੱਧ ਪਟੀਸ਼ਨਰ ਹਾਈਕੋਰਟ ਵਿਚ ਪਹੁੰਚ ਗਏ, ਜਿਸ ‘ਤੇ ਕਿ ਹਾਈਕੋਰਟ ਦੇ ਜਸਟਿਸ ਸੂਰਿਆਕਾਂਤ, ਜਸਟਿਸ ਸੁਰਿੰਦਰ ਗੁਪਤਾ ‘ਤੇ ਆਧਾਰਿਤ ਡਵੀਜ਼ਨ ਬੈਂਚ ਵੱਲੋਂ ਫ਼ੈਸਲਾ ਸੁਣਾਉਂਦੇ ਹੋਏ ਸਰਕਾਰ ਦੀ ਉਕਤ ਨੀਤੀ ਨੂੰ ਸਹੀ ਕਰਾਰ ਦਿੱਤਾ ਤੇ ਪਟੀਸ਼ਨਰਾਂ ਨੂੰ ਇਕ ਮਹੀਨੇ ਅੰਦਰ ਉਕਤ ਨੀਤੀ ਦੀਆਂ ਸ਼ਰਤਾਂ ਤਹਿਤ ਰੈਗੂਲਰਾਈਜ਼ੇਸ਼ਨ ਕਰਵਾਉਣ ਦੇ ਹੁਕਮ ਵੀ ਦਿੱਤੇ।




ਪੰਜਾਬ ਟਾਈਮਜ਼

*ਸਨਿਚਰਵਾਰ, 18 ਜਨਵਰੀ 2014*

## ਪੰਜਾਬ ਅਤੇ ਪਰਵਾਸ ਦੀ ਮਿਲਣੀ

ਇਸ ਵਾਰ ਦਾ ਪਰਵਾਸੀ ਪੰਜਾਬੀ ਸੰਮੇਲਨ ਪਿਛਲੀ ਵਾਰ ਵਾਂਗ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਚਲਾਈਆਂ ਫੁੱਲਝੜੀਆਂ ਨਾਲ ਸਮਾਪਤ ਹੋ ਗਿਆ। ਪਹਿਲੇ ਦਿਨ ਉਨ੍ਹਾਂ ਨੇ ਉਲਾਂਭਾ ਦਿੱਤਾ ਕਿ ਵੱਖ-ਵੱਖ ਦੇਸ਼ਾਂ ਵਿਚ ਬੈਠੇ ਗਰਮ-ਖਿਆਲੀਏ ਪੰਜਾਬ ਦੇ ਅਮਨ-ਅਮਾਨ ਲਈ ਖਤਰਾ ਸਾਬਤ ਹੋ ਸਕਦੇ ਹਨ। ਦੂਜੇ ਦਿਨ ਉਨ੍ਹਾਂ ਨਾ ਸਿਰਫ ਵਿਰੋਧੀ ਧਿਰ ਨੂੰ ਰਗੜਾ ਲਾ ਦਿੱਤਾ, ਸਗੋਂ ਆਪਣੀ ਪਾਰਟੀ ਦੇ ਲੀਡਰ ਵੀ ਨਾ ਬਖਸ਼ੇ। ਪਰਵਾਸੀ ਸੰਮੇਲਨਾਂ ਬਾਰੇ ਪਹਿਲਾਂ ਹੀ ਚੁੰਝ ਚਰਚਾ ਚੱਲਦੀ ਆਈ ਹੈ ਕਿ ਇਨ੍ਹਾਂ ਸੰਮੇਲਨਾਂ ਦਾ ਲੁਕਵਾਂ ਏਜੰਡਾ ਕੋਈ ਹੋਰ ਹੁੰਦਾ ਹੈ, ਤੇ ਸ. ਬਾਦਲ ਦੇ ਭਾਸ਼ਣ ਨੇ ਸਾਬਤ ਵੀ ਕਰ ਦਿੱਤਾ ਕਿ ਅਜਿਹੀ ਚਰਚਾ ਸਹੀ ਵੀ ਹੈ। ਅਸਲ ਵਿਚ ਅਜਿਹੇ ਸੰਮੇਲਨਾਂ ਅਤੇ ਹੋਰ ਸਮਾਗਮਾਂ ਦਾ ਸਿੱਧਾ ਸਬੰਧ ਹੁਣ ਸਿਆਸਤ ਦੇ ਕਾਰੋਬਾਰ ਨਾਲ ਜੁੜ ਗਿਆ ਹੋਇਆ ਹੈ। ਸਿਆਸਤਦਾਨਾਂ ਨੇ ਜਦੋਂ ਸਿਆਸਤ ਨੂੰ ਨਿਰੋਲ ਕਾਰੋਬਾਰ ਵਾਂਗ ਵਰਤਣਾ ਸ਼ੁਰੂ ਕੀਤਾ ਹੈ, ਤਾਂ ਉਨ੍ਹਾਂ ਦੀ ਹਰ ਕਾਰਵਾਈ ਅਤੇ ਕਰਮ ਸਿਆਸਤ ਦੀ ਇਸੇ ਗਲੀ ਵਿਚੋਂ ਹੋ ਕੇ ਲੰਘਦੇ ਹਨ। ਜੇ ਪਰਵਾਸੀ ਪੰਜਾਬੀ ਸੰਮੇਲਨ ਉਤੇ ਸਿਆਸਤ ਦਾ ਗੂੜ੍ਹਾ ਪਰਛਾਵਾਂ ਨਾ ਹੁੰਦਾ ਤਾਂ ਚਰਚਾ ਪਰਵਾਸੀਆਂ ਨੂੰ ਦਰਪੇਸ਼ ਔਕੜਾਂ ਅਤੇ ਇਨ੍ਹਾਂ ਔਕੜਾਂ ਦੇ ਹੱਲ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਹੋਣੀ ਸੀ। ਸਰਕਾਰ ਪਰਵਾਸੀਆਂ ਨੂੰ ਵਾਰ-ਵਾਰ ਆਪਣੇ ਦੇਸ ਪੰਜਾਬ ਆਉਣ ਅਤੇ ਇਥੇ ਕਾਰੋਬਾਰ ਕਰਨ ਲਈ ਪ੍ਰੇਰਦੀ ਆ ਰਹੀ ਹੈ। ਦੂਜੇ ਪਾਸੇ ਪਰਵਾਸੀਆਂ ਦੀ ਵੀ ਤਾਂਘ ਹੈ ਕਿ ਉਹ ਪੰਜਾਬ ਜਾਣ ਅਤੇ ਆਪਣੀ ਉਸ ਮਿੱਟੀ ਦਾ ਕਰਜ਼ਾ ਜ਼ਰੂਰ ਲਾਹੁਣ ਜਿਸ ਨੇ ਉਨ੍ਹਾਂ ਨੂੰ ਅੰਬਰਾਂ ਵਿਚ ਇੰਨੀ ਉਚੀ ਉਡਾਣ ਭਰਨ ਦੀ ਤਾਕਤ ਬਖਸ਼ੀ ਹੈ ਪਰ ਸਿਤਮਜ਼ਰੀਫੀ ਇਹ ਹੈ ਕਿ ਜਦੋਂ ਵੀ ਪਰਵਾਸੀ ਆਪਣੇ ਦਿਲਾਂ ਵਿਚ ਇਸ ਤਾਂਘ ਦੇ ਦੀਵੇ ਬਾਲ ਕੇ ਦੇਸ ਪੰਜਾਬ ਪਰਤਦੇ ਹਨ, ਉਨ੍ਹਾਂ ਦਾ ਸਵਾਗਤ ਸਦਾ ਹੀ ਖੱਜਲ-ਖੁਆਰੀ ਨਾਲ ਹੁੰਦਾ ਹੈ। ਇਸੇ ਕਰ ਕੇ ਐਤਕੀਂ ਵਾਲੇ ਸੰਮੇਲਨ ਵਿਚ ਇਹ ਸੁਰ ਬਹੁਤ ਉਚੀ ਸੀ ਕਿ ਸਰਕਾਰ ਪਰਵਾਸੀਆਂ ਨੂੰ ਉਚੇਚੀਆਂ ਸਹੂਲਤਾਂ ਮੁਹੱਈਆ ਕਰਵਾਉਣ ਦੀ ਥਾਂ, ਆਪਣਾ ਸਮੁੱਚਾ ਸਿਸਟਮ ਸਹੀ ਕਰੇ। ਦੇਸ ਪੰਜਾਬ ਦਾ ਸਿਸਟਮ ਅਜਿਹਾ ਹੈ ਅਤੇ ਉਥੇ ਵੱਸਦੇ ਮਾਈ-ਭਾਈ ਦੀ ਪਹੁੰਚ ਹੁਣ ਇੱਦਾਂ ਦੀ ਬਣ ਗਈ ਹੈ ਕਿ ਪਰਵਾਸੀਆਂ ਨੂੰ ਦੇਖਦੇ ਸਾਰ ਲਾਲਾਂ ਵਗਣੀਆਂ ਸ਼ੁਰੂ ਹੋ ਜਾਂਦੀਆਂ ਹਨ। ਕੀ ਰਿਸ਼ਤੇਦਾਰੀ ਅਤੇ ਕੀ ਦਫਤਰ, ਹਰ ਪਾਸੇ ਉਨ੍ਹਾਂ ਨੂੰ ਚੂੰਡਣ ਲਈ ਤਿਆਰੀ ਹੋ ਰਹੀ ਪ੍ਰਤੀਤ ਹੁੰਦੀ ਹੈ। ਦਿਨਾਂ ਵਿਚ ਹੀ ਅਜਿਹੀ ਹਵਾ ਵਗਣ ਲਗਦੀ ਹੈ ਕਿ ਪਰਵਾਸੀ ਬੰਦਾ ਕਦੀ ਵੀ ਪੰਜਾਬ ਨਾ ਜਾਣ ਦੀਆਂ ਸਹੁੰਆਂ ਖਾਣ ਲਗਦਾ ਹੈ। ਉਸ ਨੂੰ ਪਤਾ ਵੀ ਨਹੀਂ ਲੱਗਦਾ ਕਿ ਪ੍ਰਾਹੁਣਚਾਰੀ ਕਦੋਂ ਪ੍ਰੇਸ਼ਾਨੀ ਵਿਚ ਬਦਲ ਜਾਂਦੀ ਹੈ। ਇਹ ਉਹ ਨੁਕਤੇ ਹਨ ਜਿਨ੍ਹਾਂ ਨੂੰ ਪਰਵਾਸੀ ਵਿਚਾਰਨਾ ਚਾਹੁੰਦੇ ਹਨ ਪਰ ਇਨ੍ਹਾਂ ਬਾਰੇ ਗੱਲ ਚਲਾਉਣ ਦੀ ਸ਼ਾਇਦ ਹੀ ਕਿਸੇ ਨੇ ਲੋੜ ਸਮਝੀ ਹੋਵੇ। ਇਸੇ ਕਰ ਕੇ ਹਰ ਸਾਲ ਪੈਸਾ ਤਾਂ ਪਾਣੀ ਵਾਂਗ ਵਹਾ ਦਿੱਤਾ ਜਾਂਦਾ ਹੈ ਪਰ ਪਰਨਾਲਾ ਉਥੇ ਦਾ ਉਥੇ ਹੀ ਰਹਿੰਦਾ ਹੈ।

ਪਿਛਲਾ ਤਜਰਬਾ ਦੱਸਦਾ ਹੈ ਕਿ ਪਰਵਾਸੀ ਪੰਜਾਬੀ ਸੰਮੇਲਨ, ਸਿਆਸੀ ਸੰਮੇਲਨ ਤੋਂ ਅਗਾਂਹ ਕਦੀ ਵਧੇ ਹੀ ਨਹੀਂ ਹਨ; ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਜਿਹੜੇ ਮਸਲੇ ਅਕਸਰ ਮੀਡੀਆ ਵਿਚ ਛਾਏ ਰਹਿੰਦੇ ਹਨ, ਉਨ੍ਹਾਂ ਬਾਰੇ ਮਾੜੀ-ਮੋਟੀ ਗੱਲ ਵੀ ਨਾ ਤੁਰਦੀ। ਪਰਵਾਸੀਆਂ ਦੀਆਂ ਜ਼ਮੀਨਾਂ-ਜਾਇਦਾਦਾਂ ਉਤੇ ਕਬਜ਼ਿਆਂ ਦਾ ਮਸਲਾ ਜਿਉਂ ਦਾ ਤਿਉਂ ਮੂੰਹ ਅੱਡੀ ਖੜ੍ਹਾ ਹੈ। ਸਰਕਾਰ ਨੇ ਉਚੇਚੇ ਐਨ.ਆਰ.ਆਈ. ਥਾਣੇ ਤਾਂ ਬਣਵਾ ਦਿੱਤੇ ਪਰ ਸਾਲ 2013 ਦੌਰਾਨ ਸਾਹਮਣੇ ਆਈਆਂ ਤਕਰੀਬਨ ਸਾਢੇ ਤਿੰਨ ਹਜ਼ਾਰ ਸ਼ਿਕਾਇਤਾਂ ਵਿਚੋਂ ਸਿਰਫ ਪੌਣੇ ਤਿੰਨ ਸੌ ਸ਼ਿਕਾਇਤਾਂ ਦੇ ਹੀ ਕੇਸ ਦਰਜ ਹੋਏ। ਬਾਕੀ ਸ਼ਿਕਾਇਤਾਂ ਜਾਂ ਤਾਂ ਕਾਗਜ਼ਾਂ ਵਿਚ ਹੀ ਨਬੇੜ ਦਿੱਤੀਆਂ ਗਈਆਂ, ਜਾਂ ਫਿਰ ਅਜੇ ਤੱਕ ਬਕਾਇਆ ਪਈਆਂ ਹਨ। ਪਰਵਾਸੀਆਂ ਦੀਆਂ ਸਮੱਸਿਆਵਾਂ ਦੀ ਨਿਸ਼ਾਨਦੇਹੀ ਲਈ ਜਿਹੜੀ 10 ਮੈਂਬਰੀ ਕਮੇਟੀ ਬਣਾਈ ਗਈ ਸੀ, ਸਾਲ ਭਰ ਦੌਰਾਨ ਉਸ ਦੀ ਮੀਟਿੰਗ ਹੀ ਕੋਈ ਨਹੀਂ ਹੋਈ। ਇਸ ਬਾਰੇ ਕੋਈ ਸਵਾਲ ਤੱਕ ਪੁੱਛਣ ਨੂੰ ਤਿਆਰ ਨਹੀਂ ਹੈ। ਹਰ ਕੋਈ ਵਗਦੀ ਗੰਗਾ ਵਿਚ ਹੱਥ ਧੋਣ ਨੂੰ ਤਰਜੀਹ ਦੇ ਰਿਹਾ ਹੈ। ਮੀਡੀਆ ਨਾਲ ਜੁੜੇ ਜਿਨ੍ਹਾਂ ਕਾਰਕੁਨਾਂ ਨੇ ਇਨ੍ਹਾਂ ਮਸਲਿਆਂ ਦੀ ਨਿਸ਼ਾਨਦੇਹੀ ਲਈ ਆਪਣੀ ਕਲਮ ਵਾਹੁਣੀ ਸੀ, ਉਹ ਆਪਣੇ ਲਈ ਸੁੱਖ-ਸਹੂਲਤਾਂ ਅਤੇ ਹੋਰ ਫਾਇਦੇ ਲੈਣ ਦੀ ਤਾਕ ਵਿਚ ਬੈਠੇ ਹਨ, ਤੇ ਚਾਪਲੂਸੀ ਦੀ ਹਰ ਹੱਦ ਪਾਰ ਕਰ ਰਹੇ ਹਨ। ਅਜਿਹੇ ਲੋਕਾਂ ਲਈ ਤਾਂ ਅਜਿਹੇ ਸੰਮੇਲਨ ਸਰਕਾਰ ਦੇ ਘੇਰੇ ਵਿਚ ਵੜਨ ਦਾ ਜ਼ਰੀਆ ਹੀ ਹੋ ਨਿਬੜਦੇ ਹਨ। ਸੋ, ਇਉਂ ਫਾਇਦੇ ਭਾਲਣ ਵਾਲੇ ਲੋਕ ਵੀ ਇਹੀ ਚਾਹੁੰਦੇ ਹਨ ਅਤੇ ਸਰਕਾਰ ਦਾ ਵੀ ਇਹੀ ਦਾਈਆ ਹੈ ਕਿ ਇਹ ਮੇਲਾ ਇਸੇ ਤਰ੍ਹਾਂ ਚੱਲਦਾ ਰਹੇ। ਇਨ੍ਹਾਂ ਸਮਾਗਮਾਂ ਦੀ ਅਸਫਲਤਾ ਹੈ ਹੀ ਇਸੇ ਕਰਕੇ ਕਿ ਇਹ ਮੇਲੇ ਤੋਂ ਅਗਾਂਹ ਲੰਘ ਹੀ ਨਹੀਂ ਸਕੇ। ਜ਼ਾਹਿਰ ਹੈ ਕਿ ਮੇਲਿਆਂ ਦੀ ਆਪਣੀ ਸੀਮਾ ਹੁੰਦੀ ਹੈ। ਜਾਪਦਾ ਇਸ ਤਰ੍ਹਾਂ ਹੈ ਕਿ ਸਰਕਾਰ ਨੇ ਵੀ ਪਰਵਾਸੀ ਸੰਮੇਲਨਾਂ ਦੀ ਇਹ ਸੀਮਾ ਮਿਥ ਲਈ ਹੈ। ਸੰਮੇਲਨ ਦੀ ਸਫਲਤਾ ਅਜਿਹੀਆਂ ਸੀਮਾਵਾਂ ਨੂੰ ਪਾਰ ਕਰਨ ਨਾਲ ਜੁੜੀ ਹੋਈ ਹੈ। ਕੁਝ ਕੁ ਲੋਕ ਇਹ ਸੀਮਾ ਪਾਰ ਕਰਨ ਦਾ ਯਤਨ ਕਰਦੇ ਹਨ, ਅਜਿਹੇ ਸੰਜੀਦਾ ਸ਼ਖਸ ਮਾੜੇ ਸਿਸਟਮ ਉਤੇ ਉਂਗਲ ਵੀ ਧਰਦੇ ਹਨ, ਮੌਕੇ ਉਤੇ ਉਨ੍ਹਾਂ ਦੀ ਵਾਹ-ਵਾਹ ਵੀ ਬਥੇਰੀ ਹੋ ਜਾਂਦੀ ਹੈ ਪਰ ਮਗਰੋਂ ਉਨ੍ਹਾਂ ਦੀ ਜਾਂ ਉਨ੍ਹਾਂ ਵੱਲੋਂ ਉਠਾਏ ਮੁੱਦਿਆਂ ਦੀ ਕੋਈ ਸਾਰ ਨਹੀਂ ਲੈਂਦਾ। ਜਿੰਨਾ ਚਿਰ ਇਸ ਪਾਸੇ ਸੰਜੀਦਗੀ ਨਾਲ ਤਵੱਜੋ ਨਹੀਂ ਦਿੱਤੀ ਜਾਂਦੀ, ਇਹ ਮੇਲੇ ਮੇਲੇ ਹੀ ਰਹਿ ਜਾਣਗੇ; ਪੰਜਾਬ ਅਤੇ ਪਰਵਾਸ ਦੀ ਮਿਲਣੀ ਨਹੀਂ ਬਣ ਸਕਣਗੇ। ਇਸ ਪ੍ਰਸੰਗ ਵਿਚ ਮੀਡੀਆ ਦੀ ਭੂਮਿਕਾ ਬੜੀ ਅਹਿਮ ਹੈ। ਸਰਕਾਰ ਨੇ ਪਰਵਾਸ ਵਾਲਿਆਂ ਨੂੰ ਹੁਣ ਤੱਕ ਸਿਰਫ ਧਰਵਾਸ ਹੀ ਦਿੱਤਾ ਹੈ, ਮੀਡੀਆ ਪਰਵਾਸ ਵਾਲਿਆਂ ਨੂੰ ਅਜਿਹੀ ਪਰਵਾਜ਼ (ਉਡਾਣ) ਦੇ ਸਕਦਾ ਹੈ ਜੋ ਪਰਵਾਸੀਆਂ ਦੀ ਮੇਚ ਦੀ ਹੋਵੇਗੀ। ਇਸ ਉਚੀ ਪਰਵਾਜ਼ ਰਾਹੀਂ ਪਰਵਾਸੀ ਸਰਕਾਰ ਨਾਲ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰ ਸਕਣਗੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬਾਦਲ ਹੀ ਛਾਈ ਜਾਂਦਾ*

ਮੇਲੇ ਲੱਗਣ ਵਿਚ ਪੰਜਾਬ ਦੇ ਬਈ, ਚਾਰੇ ਪਾਸੇ ਹੀ ਬਾਦਲ ਈ ਛਾਈ ਜਾਂਦਾ।
ਕਿਤੇ ਮਾਘੀ 'ਚ ਛਿਲੇ ਵਿਰੋਧੀਆਂ ਨੂੰ, ਕਿਤੇ ਪਰਵਾਸੀਆਂ ਨੂੰ ਲਾਰੇ ਲਾਈ ਜਾਂਦਾ।
ਕਦੇ ਆਖਦਾ ਅਸੀਂ ਜੇਲ੍ਹਾਂ ਕੱਟ ਕੱਟ ਕੇ, ਮਸਾਂ ਪੁੱਜੇ ਹਾਂ ਹੁਣ ਵਾਲੇ ਮੁਕਾਮ ਉਤੇ,
ਕਦੇ ਆਖਦਾ ਆਪਦੇ ਕੋੜਮੇ ਨੂੰ, ਚੜ੍ਹੇ ਰਹੋ ਤੁਸੀਂ ਭਾਈ ਜੀ ਲਾਮ ਉਤੇ।
ਹਾਲ ਹਰ ਪਾਸੇ ਮਾੜਾ ਹੀ ਹੋਈ ਜਾਂਦਾ, ਕਿਹਨੂੰ ਫਿਕਰ ਹੈ ਆਮ ਆਵਾਮ ਵਾਲਾ।
ਲੋਕੀਂ ਦੇਖਦੇ ਰਹਿਣ ਰਾਹਾਂ ਵਿਚ ਹੀ, ਲਾਭ ਲੈ ਗਏ ਪੁੱਤ ਅਤੇ ਉਹਦਾ ਸਾਲਾ।

# ਕਸ਼ਮੀਰ, ਰਾਇਸ਼ੁਮਾਰੀ ਦਾ ਸਵਾਲ ਤੇ ਕੇਜਰੀਵਾਲ

ਬੂਟਾ ਸਿੰਘ
ਫੋਨ: 91-94634-74342

ਮਸ਼ਹੂਰ ਵਕੀਲ ਅਤੇ ਆਮ ਆਦਮੀ ਪਾਰਟੀ ਦੇ ਕੋਰ ਗਰੁੱਪ ਦੇ ਮੈਂਬਰ ਪ੍ਰਸ਼ਾਂਤ ਭੂਸ਼ਣ ਦੇ ਜੰਮੂ-ਕਸ਼ਮੀਰ ਵਿਚ ਭਾਰਤੀ ਫ਼ੌਜ ਲਗਾਈ ਰੱਖਣ ਬਾਰੇ ਹਾਲੀਆ ਬਿਆਨ ਨੂੰ ਲੈ ਕੇ ਜਿਸ ਤਰ੍ਹਾਂ ਦੇ ਸਿਆਸੀ ਪ੍ਰਤੀਕਰਮ ਸਾਹਮਣੇ ਆਏ ਹਨ, ਉਸ ਤੋਂ ਕਸ਼ਮੀਰ ਦੇ ਸਵਾਲ ਬਾਰੇ ਹਿੰਦੁਸਤਾਨ ਦੀ ਮੁੱਖਧਾਰਾ ਸਿਆਸਤ ਦੀ ਜ਼ਿਹਨੀਅਤ ਸਮਝ ਆ ਜਾਣੀ ਚਾਹੀਦੀ ਹੈ। ਉਹ ਇਹ ਕਿ ਦੁਨੀਆ ਦੀ 'ਸਭ ਤੋਂ ਵੱਡੀ ਜਮਹੂਰੀਅਤ' ਆਪਣੀ ਕਿਸੇ ਬਾਰਸੂਖ਼ ਸ਼ਖਸੀਅਤ ਨੂੰ ਕਿਸੇ ਮਸਲੇ ਬਾਰੇ ਆਪਣੇ ਵਿਚਾਰ ਖੁੱਲ੍ਹ ਕੇ ਪੇਸ਼ ਕਰਨ ਦਾ ਹੱਕ ਦੇਣ ਲਈ ਵੀ ਤਿਆਰ ਨਹੀਂ ਹੈ। ਪ੍ਰਸ਼ਾਂਤ ਭੂਸ਼ਣ ਨੇ ਮਹਿਜ਼ ਇੰਨਾ ਹੀ ਕਿਹਾ ਸੀ ਕਿ ਕਸ਼ਮੀਰ ਵਿਚ ਅਫਸਪਾ (ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ) ਤਹਿਤ ਫ਼ੌਜ ਨੂੰ ਮਨਮਾਨੀਆਂ ਕਰਨ ਦੀ ਖੁੱਲ੍ਹ ਜਮਹੂਰੀਅਤ ਲਈ ਖ਼ਤਰਨਾਕ ਹੋ ਸਕਦੀ ਹੈ ਤੇ ਇਸ ਬਾਰੇ ਕਸ਼ਮੀਰੀ ਲੋਕਾਂ ਦੀ ਰਾਇ ਲੈਣੀ ਚਾਹੀਦੀ ਹੈ।

ਉਸ ਦਾ ਬਿਆਨ ਆਉਣ ਦੀ ਦੇਰ ਸੀ ਕਿ ਇਸ ਜ਼ਿਹਨੀਅਤ ਦਾ ਇਜ਼ਹਾਰ ਵੱਖੋ-ਵੱਖਰੇ ਸ਼ਕਲਾਂ ਵਿਚ ਸਾਹਮਣੇ ਆਉਣਾ ਸ਼ੁਰੂ ਹੋ ਗਿਆ। ਸੰਘੀਆਂ ਨੇ 'ਹਿੰਦੂ ਸੁਰੱਖਿਆ ਦਲ' ਦੇ ਨਾਂ ਹੇਠ ਚਾਲੀ ਬੰਦੇ ਭੇਜ ਕੇ ਆਮ ਆਦਮੀ ਪਾਰਟੀ ਦੇ ਗਾਜ਼ੀਆਬਾਦ ਦਫ਼ਤਰ ਦੀ ਭੰਨਤੋੜ ਕਰਵਾਈ; ਇਸ ਬਹਾਨੇ ਕਿ ਸ੍ਰੀ ਭੂਸ਼ਣ ਦਾ ਬਿਆਨ ਮੁਲਕ ਦੇ ਹਿੱਤਾਂ ਦੇ ਖ਼ਿਲਾਫ਼ ਹੈ। ਹਾਲਾਂਕਿ ਪਹਿਲਾਂ ਜਦੋਂ ਮੋਦੀ ਨੇ ਸਿਆਸੀ ਗਿਣਤੀਆਂ-ਮਿਣਤੀਆਂ 'ਚੋਂ ਧਾਰਾ 370 ਬਾਰੇ ਮੁੜ-ਵਿਚਾਰ ਦੀ ਗੱਲ ਕੀਤੀ ਸੀ, ਉਦੋਂ ਸੰਘ ਖ਼ਾਮੋਸ਼ ਰਿਹਾ। ਪ੍ਰਸ਼ਾਂਤ ਭੂਸ਼ਣ ਦੇ ਬਿਆਨ ਦੇ ਮਾਮਲੇ ਵਿਚ ਭਗਵੇਂ ਬ੍ਰਿਗੇਡ ਦਾ ਹੁੱਲੜਬਾਜ਼ ਪ੍ਰਤੀਕਰਮ ਭਾਵੇਂ ਸਭ ਤੋਂ ਘਿਨਾਉਣਾ ਸੀ ਪਰ ਗੱਲ ਇਥੋਂ ਤਕ ਮਹਿਦੂਦ ਨਹੀਂ ਹੈ। ਇਸ ਦੇ ਹੋਰ ਇਜ਼ਹਾਰ ਵੀ ਗੌਰਤਲਬ ਹਨ।

ਸੰਘ ਪਰਿਵਾਰ ਕਸ਼ਮੀਰ ਬਾਰੇ ਪਹਿਲਾਂ ਵੀ ਸਮੇਂ-ਸਮੇਂ 'ਤੇ ਆਪਣੀ ਫਾਸ਼ੀਵਾਦੀ ਜ਼ਿਹਨੀਅਤ ਸਾਹਮਣੇ ਲਿਆਉਂਦਾ ਰਿਹਾ ਹੈ। ਸੰਘ ਨੂੰ ਏਕਤਾ-ਅਖੰਡਤਾ ਦੇ ਮਸਲੇ ਨੂੰ ਅਵਾਮ ਦੀਆਂ ਭਾਵਨਾਵਾਂ ਭੜਕਾਉਣ ਲਈ ਇਸਤੇਮਾਲ ਕਰਨ ਦੀ ਕਾਮਯਾਬੀ ਦਾ ਐਨਾ ਗ਼ਰੂਰ ਹੈ ਕਿ ਪਹਿਲਾਂ ਵੀ ਇਨ੍ਹਾਂ ਦੇ ਇਸ਼ਾਰੇ 'ਤੇ 12 ਅਕਤੂਬਰ 2011 ਨੂੰ ਸੁਪਰੀਮ ਕੋਰਟ ਅੰਦਰ ਚੈਂਬਰ ਵਿਚ ਦਾਖ਼ਲ ਹੋ ਕੇ ਪ੍ਰਸ਼ਾਂਤ ਭੂਸ਼ਣ ਦੀ ਕੁੱਟਮਾਰ ਕੀਤੀ ਸੀ। ਉਦੋਂ 'ਭਗਤ ਸਿੰਘ ਕ੍ਰਾਂਤੀ ਸੈਨਾ' ਦੇ ਨਾਂ ਹੇਠ ਜਿਨ੍ਹਾਂ ਤਿੰਨ ਸ਼ਖਸਾਂ ਨੇ ਹੁੱਲੜਬਾਜ਼ੀ ਕੀਤੀ ਸੀ, ਉਨ੍ਹਾਂ ਵਿਚੋਂ ਵਿਸ਼ਨੂ ਗੁਪਤਾ ਅਤੇ ਐੱਮ.ਐੱਸ. ਬੱਗਾ ਇਸ ਵਕਤ ਭਾਜਪਾ ਦੇ ਮੈਂਬਰ ਹਨ। ਹਾਲੀਆ ਬਿਆਨਾਂ ਵਾਂਗ ਉਦੋਂ ਵੀ ਆਰ.ਐੱਸ.ਐੱਸ. ਅਤੇ ਇਸ ਦੇ ਹੋਰ ਫਰੰਟਾਂ ਨੇ ਅਜਿਹਾ ਕਰਨ ਵਾਲਿਆਂ ਨਾਲ ਕੋਈ ਸਬੰਧ ਨਾ ਹੋਣ ਦੇ ਬਿਆਨ ਤਾਂ ਦਿੱਤੇ ਸਨ ਪਰ ਨਿਖੇਧੀ ਇਸ ਢੰਗ ਨਾਲ ਕੀਤੀ ਸੀ ਜਿਸ ਦਾ ਮਤਲਬ ਇਹ ਸੀ ਕਿ ਇਸ ਲਈ ਜ਼ਿੰਮੇਵਾਰ ਤਾਂ ਪ੍ਰਸ਼ਾਂਤ ਭੂਸ਼ਣ ਹੀ ਹੈ ਜੋ ਅਜਿਹੇ ਮੁਲਕ ਵਿਰੋਧੀ ਬਿਆਨ ਦਿੰਦਾ ਹੈ। ਉਦੋਂ ਸ੍ਰੀ ਭੂਸ਼ਣ ਨੇ ਕਸ਼ਮੀਰ ਦੀ ਆਜ਼ਾਦੀ ਬਾਰੇ ਰਾਇਸ਼ੁਮਾਰੀ ਕਰਾਉਣ ਦੀ ਮੰਗ ਕੀਤੀ ਸੀ। ਉਸ ਨੇ ਸਪਸ਼ਟ ਕਿਹਾ ਸੀ ਕਿ ਜੇ ਕਸ਼ਮੀਰ ਦਾ ਅਵਾਮ ਹਿੰਦੁਸਤਾਨ ਨਾਲ ਨਹੀਂ ਰਹਿਣਾ ਚਾਹੁੰਦਾ ਤਾਂ ਉਨ੍ਹਾਂ ਨੂੰ ਆਜ਼ਾਦੀ ਦੇਣ ਬਾਰੇ ਵਿਚਾਰ ਕਰਨੀ ਚਾਹੀਦੀ ਹੈ।

ਦਰਅਸਲ, ਜਿਹੜਾ ਵੀ ਕੋਈ ਬੰਦਾ ਕਸ਼ਮੀਰ ਮਸਲੇ ਦੇ ਹੱਲ ਲਈ ਕਸ਼ਮੀਰ ਦੇ ਆਵਾਮ ਦੀਆਂ ਭਾਵਨਾਵਾਂ ਨੂੰ ਤਰਜੀਹ ਜਾਂ ਅਹਿਮੀਅਤ ਦੇਣ ਦੇ ਖ਼ਿਆਲ ਜ਼ਾਹਿਰ ਕਰਦਾ ਹੈ, ਉਸ ਦੇ ਖ਼ਿਆਲਾਤ ਸੰਘ ਪਰਿਵਾਰ ਸਮੇਤ ਅੰਨ੍ਹੇ ਕੌਮਵਾਦ ਦੇ ਕੁਲ ਪੈਰੋਕਾਰਾਂ ਦੇ ਹਮਲਿਆਂ ਨੂੰ ਸੱਦਾ ਦੇਣ ਦਾ ਸਬੱਬ ਹੋ ਨਿੱਬੜਦੇ ਹਨ। ਪਿਛਲੇ ਸਾਲ ਹੀ ਦਿੱਲੀ ਵਿਚ ਬਜਰੰਗ ਦਲੀਆਂ ਵਲੋਂ ਕਸ਼ਮੀਰ ਦੇ ਹੱਕ 'ਚ ਬੋਲਣ ਕਾਰਨ ਮਨੁੱਖੀ ਹੱਕਾਂ ਦੇ ਮੰਨੇ-ਪ੍ਰਮੰਨੇ ਕਾਰਕੁਨ ਤੇ ਚਿੰਤਕ ਗੌਤਮ ਨਵਲੱਖਾ ਦੇ ਮੂੰਹ ਉੱਪਰ ਕਾਲਖ਼ ਮਲ ਦਿੱਤੀ ਗਈ ਸੀ ਅਤੇ ਕਸ਼ਮੀਰ ਵਿਚ ਹਿੰਦੁਸਤਾਨੀ ਫ਼ੌਜ ਦਾ ਵਿਰੋਧ ਕਰਨ ਵਾਲੇ ਕਸ਼ਮੀਰੀ ਲੜਕੇ-ਲੜਕੀਆਂ ਨਾਲ ਉਥੇ ਪੁਲਿਸ ਦੀ ਮੌਜੂਦਗੀ 'ਚ ਬਦਤਮੀਜ਼ੀ ਕੀਤੀ ਸੀ।

ਇਸ ਤੋਂ ਪਹਿਲਾਂ, ਜਦੋਂ ਬੁੱਕਰ ਇਨਾਮ ਜੇਤੂ ਲੇਖਕਾ ਅਰੁੰਧਤੀ ਰਾਏ ਨੇ ਅਕਤੂਬਰ 2010 'ਚ ਕਸ਼ਮੀਰੀ ਆਗੂ ਸਈਅਦ ਅਲੀ ਸ਼ਾਹ ਗਿਲਾਨੀ ਅਤੇ ਮਾਓਵਾਦੀ ਬੁੱਧੀਜੀਵੀ ਵਰਵਰਾ ਰਾਓ ਸਮੇਤ ਦਿੱਲੀ ਵਿਚ ਕਸ਼ਮੀਰ ਦੇ ਸਵਾਲ ਬਾਰੇ ਇਕ ਸਮਾਗਮ ਵਿਚ ਸ਼ਾਮਲ ਹੋ ਕੇ ਕਿਹਾ ਸੀ ਕਿ 'ਕਸ਼ਮੀਰ ਇਤਿਹਾਸਕ ਤੌਰ ਉਤੇ ਕਦੇ ਵੀ ਹਿੰਦੁਸਤਾਨ ਦਾ ਹਿੱਸਾ ਨਹੀਂ ਰਿਹਾ' ਤਾਂ ਪੂਰਾ ਕੌਮਵਾਦੀ ਕੋੜਮਾ ਬੌਖਲਾ ਗਿਆ ਸੀ। ਮਾਮਲਾ ਉਸ ਦੇ ਖ਼ਿਲਾਫ਼ ਜ਼ਹਿਰ ਉਗਲਦੀ ਬਿਆਨਬਾਜ਼ੀ ਤਕ ਮਹਿਦੂਦ ਨਹੀਂ ਸੀ ਰਿਹਾ, ਸਗੋਂ ਕੁਝ ਵਿਅਕਤੀਆਂ ਕੋਲੋਂ ਅਦਾਲਤ ਵਿਚ ਜਨ-ਹਿੱਤ ਪਟੀਸ਼ਨ ਦਾਇਰ ਕਰਵਾ ਕੇ ਅਰੁੰਧਤੀ ਰਾਏ ਤੇ ਹੋਰਨਾਂ ਖ਼ਿਲਾਫ਼ ਧਾਰਾ 124-ਏ ਤਹਿਤ ਦੇਸ-ਧ੍ਰੋਹ ਦਾ ਮੁਕੱਦਮਾ ਦਰਜ ਕਰਾਉਣ ਲਈ ਟਿੱਲ ਲਾਇਆ ਸੀ। ਇਹ ਵੱਖਰਾ ਸਵਾਲ ਹੈ ਕਿ ਇਸ ਨਾਲ ਕੁਲ ਆਲਮ ਵਿਚ ਹੋਣ ਵਾਲੀ ਭੰਡੀ ਨੂੰ ਦੇਖਦਿਆਂ ਮਨਮੋਹਨ ਸਿੰਘ ਹਕੂਮਤ ਨੇ ਇਸ ਨੂੰ ਦਰਕਿਨਾਰ ਕਰਨਾ ਹੀ ਠੀਕ ਸਮਝਿਆ। ਉਦੋਂ ਅਰੁੰਧਤੀ ਰਾਇ ਨੇ ਫਿਟਕਾਰ ਪਾਉਂਦਿਆਂ ਕਿਹਾ ਸੀ, "ਅਜਿਹੀ ਕੌਮ 'ਤੇ ਤਰਸ ਆਉਂਦਾ ਹੈ ਜਿਸ ਨੂੰ ਆਪਣੇ ਮਨ ਦੀ ਗੱਲ ਕਹਿਣ ਤੋਂ ਰੋਕਣ ਲਈ ਲੇਖਕਾਂ ਦੀ ਜ਼ਬਾਨਬੰਦੀ ਕਰਨੀ ਪੈ ਰਹੀ ਹੈ।"

ਪ੍ਰਸ਼ਾਂਤ ਭੂਸ਼ਣ ਦੇ ਹਾਲੀਆ ਬਿਆਨ ਵਿਚ ਤਾਂ ਕਸ਼ਮੀਰ ਦੀ 'ਆਜ਼ਾਦੀ' ਦਾ ਜ਼ਿਕਰ ਵੀ ਨਹੀਂ ਸੀ। ਉਸ ਨੇ ਮਹਿਜ਼ ਇੰਨਾ ਕਿਹਾ ਕਿ ਕਸ਼ਮੀਰ ਵਿਚ ਲੋਕਾਂ ਦੀ ਸੁਰੱਖਿਆ ਲਈ ਫ਼ੌਜ ਲਗਾਈ ਰੱਖਣ ਬਾਰੇ ਉਥੋਂ ਦੇ ਲੋਕਾਂ ਦੀ ਰਾਇ ਲੈਣੀ ਚਾਹੀਦੀ ਹੈ। ਇਸ ਨਾਲ ਹਿੰਦੁਸਤਾਨ ਦੀ ਪੂਰੀ ਸਥਾਪਤੀ ਹੀ ਹਿੱਲ ਗਈ ਜਿਸ ਦਾ ਪੂਰਾ ਸਿਆਸੀ ਦਾਰੋਮਦਾਰ ਹੀ 'ਅੰਦਰੂਨੀ ਸੁਰੱਖਿਆ' ਦੀ ਮਿੱਥ ਉੱਪਰ ਟਿਕਿਆ ਹੋਇਆ ਹੈ। ਜਿਸ ਨੂੰ ਆਪਣੇ ਹੀ ਵਤਨ ਵਾਸੀਆਂ ਵਲੋਂ ਉਠਾਏ ਹਰ ਸਮਾਜੀ-ਆਰਥਿਕ ਜਾਂ ਸਿਆਸੀ ਮਸਲੇ ਵਿਚੋਂ 'ਅਮਨ-ਕਾਨੂੰਨ ਲਈ ਖ਼ਤਰਾ' ਨਜ਼ਰ ਆਉਂਦਾ ਹੈ। ਕਸ਼ਮੀਰ ਅਤੇ ਉਤਰ-ਪੂਰਬ ਤਾਂ ਹੋਰ ਵੀ ਅਹਿਮ ਹੈ ਕਿਉਂਕਿ ਇਸ ਨਾਲ ਹਿੰਦੁਸਤਾਨੀ ਕਾਰਪੋਰੇਟ ਸਰਮਾਏਦਾਰੀ ਦੀ ਵਿਆਪਕ ਮੰਡੀ ਦੀ ਲੋੜ ਅਤੇ ਯੁੱਧਨੀਤਕ ਅਹਿਮੀਅਤ ਵੀ ਜੁੜੀ ਹੋਈ ਹੈ। ਜੋ ਕਸ਼ਮੀਰ, ਉਤਰ-ਪੂਰਬ ਤੇ ਸਿੱਕਮ ਦਾ ਆਪਣੇ ਵਿਚ ਜਬਰੀ ਇਲਹਾਕ ਕਰ ਕੇ ਵੀ ਸੰਤੁਸ਼ਟ ਨਹੀਂ ਹੈ ਸਗੋਂ ਇਸ ਦੀ ਹਾਬੜੀ ਹੋਈ ਪਸਾਰਵਾਦੀ ਲਾਲਸਾ ਨੇਪਾਲ, ਭੂਟਾਨ, ਪਾਕਿਸਤਾਨ ਗੱਲ ਕੀ ਹਰ ਕਮਜ਼ੋਰ ਗੁਆਂਢੀ ਮੁਲਕ ਨੂੰ ਨਿਗਲਣ ਲਈ ਤਹੂ ਹੈ।

ਅਵਾਮ ਨੂੰ ਇਤਿਹਾਸਕ ਤੱਥਾਂ ਬਾਰੇ ਹਨੇਰੇ 'ਚ ਰੱਖ ਕੇ ਕੌਮੀ ਜਜ਼ਬਾਤ ਭੜਕਾਉਣ ਲਈ ਜਿਨ੍ਹਾਂ 'ਕੌਮੀ' ਹਿੱਤਾਂ ਦੀ ਦੁਹਾਈ ਦਿੱਤੀ ਜਾਂਦੀ ਹੈ, ਉਹ ਦਰਅਸਲ ਕਾਰਪੋਰੇਟ ਸਰਮਾਏਦਾਰੀ ਅਤੇ ਇਸ ਦੇ ਤਾਬੇਦਾਰ ਮੁੱਖਧਾਰਾ ਸਿਆਸੀ ਕੋੜਮੇ ਦੇ ਸਾਂਝੇ ਖ਼ੁਦਗਰਜ਼ ਹਿੱਤ ਹਨ। ਇਨ੍ਹਾਂ ਹਿੱਤਾਂ ਦੀ ਸਿਆਸਤ ਦਾ ਸਿਆਸਤਦਾਨਾਂ ਉੱਪਰ ਕਿੰਨਾ ਦਬਾਅ ਹੈ, ਇਸ ਦਾ ਅੰਦਾਜ਼ਾ ਆਮ ਆਦਮੀ ਪਾਰਟੀ, ਖ਼ਾਸ ਕਰ ਕੇ ਕੇਜਰੀਵਾਲ ਅਤੇ ਖ਼ੁਦ ਪ੍ਰਸ਼ਾਂਤ ਭੂਸ਼ਣ ਦੇ ਹਾਲੀਆ ਬਿਆਨਾਂ ਤੋਂ ਲਗਾਇਆ ਜਾ ਸਕਦਾ ਹੈ।

ਜਿਹੜੀ ਕੇਜਰੀਵਾਲ ਟੀਮ ਸਰਕਾਰ ਬਣਾਉਣ ਲਈ ਕਾਂਗਰਸ ਦੀ ਬਾਹਰੀ ਹਮਾਇਤ ਲੈਣ ਜਾਂ ਨਾ ਲੈਣ ਲਈ ਜਾਂ ਅਵਾਮ ਦੇ ਸਾਧਾਰਨ (ਪਰ ਅਹਿਮ) ਆਰਥਿਕ ਮੰਗਾਂ/ਮਸਲਿਆਂ ਨੂੰ ਚੋਣ ਮਨੋਰਥ-ਪੱਤਰ ਵਿਚ ਸ਼ਾਮਲ ਕਰਨ ਲਈ ਰਾਇਸ਼ੁਮਾਰੀ ਦਾ ਜਮਹੂਰੀ ਢੰਗ ਖ਼ੁਦ ਹੀ ਅਪਨਾਉਂਦੀ ਰਹੀ ਹੈ, ਉਸ ਨੇ ਫਟਾਫਟ ਪ੍ਰੈੱਸ ਕਾਨਫਰੰਸ ਕਰ ਕੇ ਸਪਸ਼ਟੀਕਰਨ ਦੇਣਾ ਜ਼ਰੂਰੀ ਸਮਝਿਆ ਕਿ ਫ਼ੌਜ ਬਾਰੇ ਰਾਇਸ਼ੁਮਾਰੀ ਕਰਾਉਣ ਦੀ ਸਲਾਹ ਪ੍ਰਸ਼ਾਂਤ ਭੂਸ਼ਣ ਦੀ ਨਿੱਜੀ ਰਾਇ ਹੈ, ਇਹ 'ਆਪ' ਦੀ ਅਧਿਕਾਰਤ ਪੁਜ਼ੀਸ਼ਨ ਨਹੀਂ ਹੈ। 'ਆਪ' ਪਾਰਟੀ ਕਸ਼ਮੀਰ ਵਿਚ ਰਾਏਸ਼ੁਮਾਰੀ ਕਰਾਉਣ ਦੇ ਹੱਕ ਵਿਚ ਨਹੀਂ। ਇਹ ਹਰ ਸਵਾਲ ਬਾਰੇ 'ਕੌਮੀ ਹਿੱਤ' ਨੂੰ ਮੁੱਖ ਰੱਖ ਕੇ ਫ਼ੈਸਲਾ ਲਵੇਗੀ।

ਦੂਜੇ ਲਫ਼ਜ਼ਾਂ ਵਿਚ ਕੌਮੀ ਹਿੱਤ ਦੇ ਨਾਂ ਹੇਠ ਕਿਸੇ ਵੀ ਧੱਕੇਸ਼ਾਹੀ ਜਾਂ ਪਸਾਰਵਾਦੀ ਲਾਲਸਾ ਨੂੰ ਜਾਇਜ਼ ਠਹਿਰਾਇਆ ਜਾ ਸਕਦਾ ਹੈ। ਜ਼ਾਹਿਰ ਹੈ ਕਿ ਕਸ਼ਮੀਰ ਵਰਗੇ ਸਵਾਲਾਂ ਬਾਰੇ ਕੇਜਰੀਵਾਲ ਟੀਮ ਦੀ ਬੁਨਿਆਦੀ ਜ਼ਿਹਨੀਅਤ ਸੰਘ ਪਰਿਵਾਰ, ਕਾਂਗਰਸ ਜਾਂ ਹੋਰ ਮੁੱਖਧਾਰਾ ਪਾਰਟੀਆਂ ਤੋਂ ਵੱਖਰੀ ਨਹੀਂ ਹੈ। ਕਹਿਣ ਨੂੰ ਕੇਜਰੀਵਾਲ ਇਹ ਵੀ ਕਹਿ ਸਕਦਾ ਸੀ ਕਿ ਬੇਸ਼ਕ ਇਹ ਪ੍ਰਸ਼ਾਂਤ ਭੂਸ਼ਣ ਦੇ ਨਿੱਜੀ ਵਿਚਾਰ ਹਨ ਪਰ ਕਿਸੇ ਇਲਾਕੇ ਦੇ ਲੋਕ ਆਪਣੀ ਸੁਰੱਖਿਆ ਲਈ ਫ਼ੌਜ ਲਗਾਏ ਜਾਣ ਦੇ ਹੱਕ ਵਿਚ ਹਨ ਜਾਂ ਨਹੀਂ ਇਸ ਬਾਰੇ ਰਾਇਸ਼ੁਮਾਰੀ ਦਾ ਜਮਹੂਰੀ ਢੰਗ ਅਪਣਾਉਣਾ ਗ਼ਲਤ ਨਹੀਂ ਹੈ ਪਰ ਇਥੇ ਕੇਜਰੀਵਾਲ ਟੀਮ ਨੂੰ ਰਾਇਸ਼ੁਮਾਰੀ ਦੀ ਜਮਹੂਰੀ ਕਵਾਇਦ ਗਵਾਰਾ ਨਹੀਂ ਸੀ।

ਕੇਜਰੀਵਾਲ ਟੀਮ ਮਹਿਜ਼ ਖ਼ੁਦ ਹੀ ਸਪਸ਼ਟੀਕਰਨ ਦੇਣ ਤਕ ਮਹਿਦੂਦ ਨਹੀਂ ਰਹੀ, ਸਗੋਂ ਦਬਾਅ ਪਾ ਕੇ ਪ੍ਰਸ਼ਾਂਤ ਭੂਸ਼ਣ ਨੂੰ ਆਪਣੇ ਨਿੱਜੀ ਖ਼ਿਆਲ ਦਬਾ ਕੇ ਮੁਲਕ ਦੀ ਏਕਤਾ-ਅਖੰਡਤਾ ਦੀ ਮੁਹਾਰਨੀ ਰਟਣ ਲਈ ਮਜਬੂਰ ਕਰ ਦਿੱਤਾ ਗਿਆ। (ਕੇਜਰੀਵਾਲ ਟੀਮ ਦੀ ਧਾਰਮਿਕ ਘੱਟਗਿਣਤੀਆਂ ਅਤੇ ਕੌਮੀਅਤਾਂ ਪ੍ਰਤੀ ਜ਼ਿਹਨੀਅਤ ਦਾ ਇਜ਼ਹਾਰ ਟੀਮ ਦੇ ਅਹਿਮ ਮੈਂਬਰ ਕੁਮਾਰ ਵਿਸ਼ਵਾਸ ਦੀ ਉਸ ਵੀਡੀਓ ਕਲਿੱਪ ਤੋਂ ਵੀ ਹੋਇਆ ਜਿਸ ਵਿਚ ਉਸ ਨੇ ਮੁਹੱਰਮ ਦੇ ਦਿਨ ਜਨਤਾ ਦਲ (ਯੂ) ਦੇ ਐੱਮ.ਐੱਲ.ਏ. ਸ਼ੋਇਬ ਇਕਬਾਲ ਦੇ ਮੁਸਲਿਮ ਅਕੀਦੇ ਦਾ ਭੱਦੇ ਢੰਗ ਨਾਲ ਮਖੌਲ ਉਡਾਇਆ ਅਤੇ ਸੰਕਟ ਪੈਦਾ ਹੋ ਜਾਣ ਤੋਂ ਬਾਅਦ ਹੀ ਕਲਿਪ ਵਾਪਸ ਲਈ ਗਈ।) ਇਹ ਸ੍ਰੀ ਭੂਸ਼ਣ ਦੇ ਹਾਲੀਆ ਬਦਲੇ ਹੋਏ ਸਪਸ਼ਟੀਕਰਨ ਨੁਮਾ ਬਿਆਨਾਂ ਤੋਂ ਵੀ ਸਪਸ਼ਟ ਹੈ। ਹੁਣ ਉਹ ਕਹਿ ਰਿਹਾ ਹੈ ਕਿ ਉਸ ਨੂੰ ਕਸ਼ਮੀਰ ਦੇ ਹਿੰਦੁਸਤਾਨ ਦਾ 'ਅਖੰਡ ਹਿੱਸਾ' ਹੋਣ ਉਤੇ ਕੋਈ ਸ਼ੱਕ ਨਹੀਂ ਹੈ; ਕਿ ਰਾਇਸ਼ੁਮਾਰੀ ਬਾਰੇ ਜ਼ਿਕਰ ਦਾ ਇਹ ਭਾਵ ਨਹੀਂ ਲਿਆ ਜਾਣਾ ਚਾਹੀਦਾ ਹੈ ਕਿ ਕਸ਼ਮੀਰ ਦੇ ਹਿੰਦੁਸਤਾਨ ਨਾਲ ਰਿਸ਼ਤੇ ਬਾਰੇ ਅਵਾਮ ਦੀ ਰਾਇ ਲਈ ਜਾਵੇ। ਹੈਰਾਨੀ ਹੈ ਕਿ ਕਸ਼ਮੀਰ ਦੀ ਆਜ਼ਾਦੀ ਲਈ ਰਾਇਸ਼ੁਮਾਰੀ ਦੀ ਗੱਲ ਕਰਨ ਵਾਲੇ ਪ੍ਰਸ਼ਾਂਤ ਭੂਸ਼ਣ ਦੀ ਰਾਤੋ-ਰਾਤ 'ਕਸ਼ਮੀਰ ਹਿੰਦੁਸਤਾਨ ਦਾ ਅਖੰਡ ਹਿੱਸਾ' ਦੀ ਸੋਚ ਕਿਵੇਂ ਬਣ ਗਈ?

ਹਿੰਦੁਸਤਾਨ ਦੇ ਮੁੱਖਧਾਰਾ ਸਿਆਸੀ ਹਲਕੇ ਜੋ ਮਰਜ਼ੀ ਕਹੀ ਜਾਣ, ਤੇ ਇਸ ਤਰ੍ਹਾਂ ਦੇ ਮੁੱਦਿਆਂ ਨੂੰ ਬਹਾਨਾ ਬਣਾ ਕੇ ਵਿਰੋਧੀਆਂ ਵਲੋਂ 'ਆਪ' ਦੇ ਵੋਟ ਬੈਂਕ ਨੂੰ ਖ਼ੋਰਾ ਲਾਏ ਜਾਣ ਤੋਂ ਬਚਣ ਦੀ ਗਰਜ਼ ਵਿਚੋਂ ਕੇਜਰੀਵਾਲ ਟੀਮ ਕੁਝ ਵੀ ਬਿਆਨ ਦੇਵੇ, ਪਰ ਉਹ ਇਸ ਹਕੀਕਤ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਕਿ ਕਸ਼ਮੀਰ ਦੇ ਹਿੰਦੁਸਤਾਨ ਨਾਲ ਜਿਸ ਆਰਜ਼ੀ ਇਲਹਾਕ (26 ਅਕਤੂਬਰ 1947) ਨੂੰ ਇਸ ਮੁਲਕ ਦਾ ਅਨਿੱਖੜ ਹਿੱਸਾ ਸਾਬਤ ਕਰਨ ਲਈ ਦਲੀਲ ਵਜੋਂ ਵਰਤਿਆ ਜਾਂਦਾ ਹੈ, ਇਲਹਾਕ ਬਾਰੇ ਰਾਇਸ਼ੁਮਾਰੀ ਦਾ ਵਾਅਦਾ ਉਸ ਦਾ ਸਭ ਤੋਂ ਅਹਿਮ ਪੱਖ ਸੀ ਜਿਸ ਜ਼ਰੀਏ ਕਸ਼ਮੀਰ ਦੀ ਹੋਣੀ ਦਾ ਫ਼ੈਸਲਾ ਕਸ਼ਮੀਰੀ ਅਵਾਮ ਦੀ ਰਾਇ ਦੇ ਆਧਾਰ 'ਤੇ ਹੋਣਾ ਸੀ। ਇਲਹਾਕ ਦੀ ਇਹ ਸਭ ਤੋਂ ਅਹਿਮ ਮੱਦ ਸੀ ਜਿਸ ਬਾਰੇ ਹਿੰਦੁਸਤਾਨ ਦੀ ਨਹਿਰੂ ਵਜ਼ਾਰਤ ਨੇ ਵਿਸ਼ਵਾਸਘਾਤ ਕੀਤਾ। ਸ਼ੁਰੂਆਤੀ ਟਾਲਮਟੋਲ ਦੇ ਸਾਲਾਂ ਨੂੰ ਆਪਣਾ ਫ਼ੌਜੀ ਕਬਜ਼ਾ ਪੱਕਾ ਕਰਨ ਲਈ ਵਰਤਿਆ ਗਿਆ।

ਕੌੜਾ ਸੱਚ ਇਹ ਹੈ ਕਿ ਹਿੰਦੁਸਤਾਨੀ ਸਥਾਪਤੀ ਸਾਢੇ ਛੇ ਦਹਾਕਿਆਂ ਦੇ ਦਮਨ ਅਤੇ ਦੋ ਦਹਾਕਿਆਂ ਵਿਚ ਇਕ ਲੱਖ ਦੇ ਕਰੀਬ ਕਸ਼ਮੀਰੀਆਂ ਦਾ ਖ਼ੂਨ ਵਹਾ ਕੇ ਉਨ੍ਹਾਂ ਦੀ ਇਸ ਰੀਝ ਦਾ ਕਤਲ ਨਹੀਂ ਕਰ ਸਕੀ। ਜਦੋਂ ਸੰਘ ਦਾ ਕਾਰਿੰਦਾ ਜਗਮੋਹਣ, ਕਸ਼ਮੀਰ ਦਾ ਗਵਰਨਰ ਸੀ, ਉਸ ਨੇ ਇਹ ਸਪਸ਼ਟ ਇਕਬਾਲ ਕਰਦਿਆਂ ਕਿਹਾ ਸੀ, "ਜੇ ਘਾਟੀ ਵਿਚੋਂ ਫ਼ੌਜ ਹਟਾ ਲਈ ਜਾਵੇ ਤਾਂ ਸਾਰਾ ਕਸ਼ਮੀਰ ਸੜਕਾਂ 'ਤੇ ਆ ਕੇ ਆਜ਼ਾਦੀ ਦੀ ਮੰਗ ਕਰਨ ਲੱਗ ਜਾਵੇਗਾ।" ਸਥਾਪਤੀ ਦਾ ਇਹ ਹਕੀਕੀ ਡਰ ਹੀ ਹੈ ਜਿਸ ਕਰ ਕੇ ਗੱਲ ਗੱਲ 'ਤੇ ਰਾਇਸ਼ੁਮਾਰੀ ਕਰਾਉਣ ਵਾਲੀ ਕੇਜਰੀਵਾਲ ਟੀਮ ਕਸ਼ਮੀਰੀ ਅਵਾਮ ਦੀ ਹੋਣੀ ਦੇ ਸਵਾਲ ਬਾਰੇ ਉਥੋਂ ਦੇ ਅਵਾਮ ਦੀ ਰਾਇ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ ਹੈ ਸਗੋਂ ਆਪਣੇ ਮੈਂਬਰਾਂ ਦੇ ਨਿੱਜੀ ਖ਼ਿਆਲਾਂ ਨੂੰ ਦਬਾਉਣ ਤੋਂ ਵੀ ਗੁਰੇਜ਼ ਨਹੀਂ ਕਰਦੀ।

ਦੇਸ-ਪਰਦੇਸ

# ਮਨੀਪੁਰ: ਮੁਰਦਾਘਰਾਂ ਵੱਲ ਖੋਲ੍ਹੇ ਰਾਹ

## ਮਨੁੱਖੀ ਹਕੂਕ ਦਾ ਰੱਜ ਕੇ ਕੀਤਾ ਘਾਣ

ਸੰਨ 1948 ਵਿਚ 'ਮਨੁੱਖੀ ਅਧਿਕਾਰਾਂ ਦਾ ਐਲਾਨਨਾਮਾ' (Universal Declaration on Human Rights) ਨਾਲ ਕੁੱਲ ਆਲਮ ਦੀ ਲੋਕਾਈ ਲਈ ਨਵਾਂ ਰਾਹ ਖੁੱਲ੍ਹਿਆ ਸੀ। ਦੋ ਆਲਮੀ ਜੰਗਾਂ ਨਾਲ ਹੋਈ ਤਬਾਹੀ ਅਤੇ ਗੁਲਾਮ ਮੁਲਕਾਂ ਦੀਆਂ ਆਜ਼ਾਦੀ ਲਈ ਲਹਿਰਾਂ ਇਸ ਐਲਾਨਨਾਮੇ ਦਾ ਸਬੱਬ ਬਣੀਆਂ। ਰੂਸ 'ਚ 1917 ਦੀ ਸਮਾਜਵਾਦੀ ਕ੍ਰਾਂਤੀ ਨੇ ਐਲਾਨਨਾਮੇ ਦੀ ਬਣਤਰ 'ਤੇ ਡੂੰਘਾ ਅਸਰ ਪਾਇਆ। ਸਾਮਰਾਜਵਾਦੀ ਮੁਲਕਾਂ ਨੂੰ ਅਹਿਸਾਸ ਹੋ ਗਿਆ ਸੀ ਕਿ ਜੇ ਮਨੁੱਖੀ ਹਕੂਕ ਦੀ ਜ਼ਾਮਨੀ ਨਾ ਭਰੀ ਤਾਂ ਲੋਕ ਬਗਾਵਤ ਕਰ ਦੇਣਗੇ। ਐਲਾਨਨਾਮੇ ਦੀ

**ਜਤਿੰਦਰ ਸਿੰਘ**
**ਫੋਨ: 91-97795-30032**

ਪ੍ਰਸਤਾਵਨਾ ਨੇ ਗਵਾਹੀ ਭਰੀ ਕਿ 'ਮਨੁੱਖੀ ਹਕੂਕ ਦੀ ਕਾਨੂੰਨੀ ਜ਼ਾਬਤੇ ਰਾਹੀਂ ਰਾਖੀ ਕੀਤੀ ਜਾਵੇ ਤਾਂ ਕਿ ਮਨੁੱਖ ਨੂੰ ਜ਼ੁਲਮ ਤੇ ਅਤਿਆਚਾਰ ਦੇ ਖਿਲਾਫ ਆਖਰੀ ਹੀਲੇ ਵਜੋਂ ਬਗਾਵਤ ਕਰਨ ਲਈ ਮਜਬੂਰ ਨਾ ਹੋਣਾ ਪਵੇ।' ਮਨੁੱਖੀ ਅਧਿਕਾਰਾਂ ਦਾ ਇਹ ਐਲਾਨਨਾਮਾ ਦੂਜੀ ਆਲਮੀ ਜੰਗ ਤੋਂ ਬਾਅਦ ਕੌਮੀ ਤੇ ਆਲਮੀ ਪੱਧਰ 'ਤੇ ਰਾਜਨੀਤਿਕ, ਆਰਥਿਕ ਤੇ ਸਮਾਜਿਕ ਵਿਵਸਥਾਵਾਂ ਦੀ ਗੁਣਵੱਤਾ ਮਾਪਣ ਦੇ ਪੈਮਾਨੇ ਵਜੋਂ ਉਭਰਿਆ। ਜਿਨ੍ਹਾਂ ਮੁਲਕਾਂ ਨੇ ਇਸ ਐਲਾਨਨਾਮੇ 'ਤੇ ਸਹੀ ਪਾਈ, ਉਨ੍ਹਾਂ ਨੂੰ ਮਨੁੱਖੀ ਹਕੂਕ ਨੂੰ ਪ੍ਰਣਾਏ ਸਿਆਸੀ ਪ੍ਰਬੰਧ ਵਜੋਂ ਪ੍ਰਵਾਨ ਕੀਤਾ ਗਿਆ। ਬਸਤੀਵਾਦੀ ਗੁਲਾਮੀ ਵਿਰੁੱਧ ਲੜਾਈ ਤੇ ਸ਼ਹਿਰੀ ਅਜ਼ਾਦੀਆਂ ਤੇ ਜਮਹੂਰੀ ਹਕੂਕ ਲਈ ਲੜਨ ਵਾਲੇ ਅੰਦੋਲਨਾਂ ਨੂੰ ਇਸ ਐਲਾਨਨਾਮੇ ਨੇ ਬਲ ਬਖ਼ਸ਼ਿਆ।

ਸਾਮਰਾਜਵਾਦ ਦੇ ਸਿੱਧੇ ਸ਼ਿਕੰਜੇ ਤੋਂ ਆਜ਼ਾਦ ਹੋਏ ਮੁਲਕਾਂ ਦੇ ਸਿਆਸੀ ਪ੍ਰਬੰਧਾਂ ਨੇ ਇਸ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਲਈ। ਮੁਲਕਾਂ ਦੇ ਸਿਆਸਤਦਾਨਾਂ ਨੇ ਐਲਾਨਨਾਮੇ ਨੂੰ ਆਪਣੇ ਸੰਵਿਧਾਨਾਂ ਦਾ ਹਿੱਸਾ ਬਣਾਇਆ। ਮਿਸਾਲ ਵਜੋਂ ਭਾਰਤੀ ਸੰਵਿਧਾਨ ਵਿਚਲੇ ਮੁੱਢਲੇ ਹਕੂਕ ਤੇ ਐਲਾਨਨਾਮੇ ਦੀਆਂ ਤੀਹ ਧਾਰਾਵਾਂ 'ਚ ਡੂੰਘੀ ਸਮਾਨਤਾ ਵੇਖੀ ਜਾ ਸਕਦੀ ਹੈ। ਪਹਿਲੀ ਧਾਰਾ ਮੰਨਦੀ ਹੈ ਕਿ 'ਸਾਰੇ ਮਨੁੱਖ ਆਜ਼ਾਦ ਪੈਦਾ ਹੋਏ ਹਨ ਅਤੇ ਮਾਣ ਤੇ ਹਕੂਕ ਦੇ ਬਰਾਬਰ ਦੇ ਹੱਕਦਾਰ ਹਨ।' ਧਾਰਾ ਤੀਜੀ 'ਸਾਰਿਆਂ ਨੂੰ ਜੀਣ ਦਾ, ਅਜ਼ਾਦੀ ਦਾ ਤੇ ਸੁਰੱਖਿਆ ਦਾ ਅਧਿਕਾਰ ਦਿੰਦੀ ਹੈ।' ਚੌਥੀ ਧਾਰਾ ਮੁਤਾਬਕ 'ਕਿਸੇ ਨੂੰ ਗੁਲਾਮ ਬਣਾ ਕੇ ਨਹੀਂ ਰੱਖਿਆ ਜਾਵੇਗਾ। ਗੁਲਾਮਾਂ ਦਾ ਵਪਾਰ (ਹਰ ਰੂਪ 'ਚ) ਬੰਦ ਕੀਤਾ ਜਾਵੇਗਾ।' ਪੰਜਵੀਂ ਧਾਰਾ ਅਨੁਸਾਰ 'ਕਿਸੇ ਨੂੰ ਤਸੀਹੇ ਨਹੀਂ ਦਿੱਤੇ ਜਾਣਗੇ। ਬਰਬਰ, ਗੈਰ-ਮਨੁੱਖੀ ਜਾਂ ਅਪਮਾਨਜਨਕ ਵਤੀਰਾ ਤੇ ਸਜ਼ਾ ਨਹੀਂ ਦਿੱਤੀ ਜਾਵੇਗੀ।' ਧਾਰਾ ਨੌਂ 'ਧੱਕੇ ਨਾਲ ਹਿਰਾਸਤ, ਨਜ਼ਰਬੰਦੀ ਤੇ ਜਲਾਵਤਨੀ' ਤੋਂ ਵਰਜਦੀ ਹੈ। ਧਾਰਾ ਉਨੀ 'ਸਾਰਿਆਂ ਨੂੰ ਵਿਚਾਰ ਰੱਖਣ ਤੇ ਪ੍ਰਗਟਾਉਣ ਦੀ ਆਜ਼ਾਦੀ' ਦਿੰਦੀ ਹੈ। ਧਾਰਾ ਇਕੀ 'ਸਾਰਿਆਂ ਨੂੰ ਸ਼ਾਂਤੀਪੂਰਨ ਢੰਗ ਨਾਲ ਇਕੱਠੇ ਹੋਣ ਤੇ ਜਥੇਬੰਦੀ ਬਣਾਉਣਾ ਦਾ ਅਧਿਕਾਰ' ਦਿੰਦੀ ਹੈ।

ਇਸ ਪ੍ਰਸੰਗ ਵਿਚ ਪਿਛਲੇ ਸਾਢੇ ਛੇ ਦਹਾਕਿਆਂ ਤੋਂ ਮਨੀਪੁਰ ਵਿਚ ਸੁਰੱਖਿਆ ਬਲ (ਵਿਸ਼ੇਸ਼) ਅਧਿਕਾਰ ਕਾਨੂੰਨ, 1958 (ਅਫਸਪਾ) ਦੀ ਮਿਆਦ ਵਿਚ ਹਰ ਸਾਲ ਵਾਧਾ ਕੀਤਾ ਜਾਂਦਾ ਹੈ। ਮਨੀਪੁਰ ਸਰਕਾਰ ਦੀ ਵਜ਼ਾਰਤ ਨੇ 29 ਨਵੰਬਰ, 2013 ਨੂੰ ਇਹ ਮਿਆਦ ਫਿਰ ਵਧਾ ਦਿੱਤੀ ਜੋ ਉਸੇ ਸ਼ਾਮ ਖ਼ਤਮ ਹੋ ਰਹੀ ਸੀ। ਇਹ ਫੈਸਲਾ ਮਨੁੱਖੀ ਅਧਿਕਾਰ ਦਿਵਸ (10 ਦਸੰਬਰ) ਤੋਂ ਮਹਿਜ਼ ਗਿਆਰਾਂ ਦਿਨ ਪਹਿਲਾਂ ਕੀਤਾ ਗਿਆ। ਸੁਆਲ ਬਣਦਾ ਹੈ ਕਿ ਪੰਜ ਦਹਾਕਿਆਂ ਤੋਂ ਲਗਾਤਾਰ ਇਸ ਕਾਨੂੰਨ ਦੇ ਪ੍ਰਛਾਵੇਂ ਥੱਲੇ ਜੀਅ ਰਹੇ ਮਨੀਪੁਰੀ ਲੋਕਾਂ ਲਈ ਮਨੁੱਖੀ ਹਕੂਕ ਤੇ ਮਨੁੱਖੀ ਅਧਿਕਾਰ ਦਿਵਸ ਦੇ ਕੀ ਮਾਇਨੇ ਹਨ? ਯਾਦ ਰਹੇ ਕਿ ਨਾ ਸਿਰਫ ਮਨੀਪੁਰ, ਬਲਕਿ ਉੱਤਰ-ਪੂਰਬੀ ਰਾਜਾਂ ਦੇ ਬਾਸ਼ਿੰਦੇ, ਮਨੁੱਖੀ ਅਧਿਕਾਰ ਸੰਸਥਾਵਾਂ ਆਦਿ ਲੰਮੇ ਸਮੇਂ ਤੋਂ ਇਸ ਕਾਨੂੰਨ ਦੀ ਮੁਖ਼ਾਲਫਤ ਕਰ ਰਹੇ ਹਨ। ਸਮਾਜਸੇਵੀ ਕਾਰਕੁਨ ਸ਼ਰਮੀਲਾ ਇਰੋਮ ਦਾ ਮਰਨ ਵਰਤ ਰੂਪੀ ਵਿਰੋਧ ਤੇਰਵੇਂ ਸਾਲ 'ਚ ਦਾਖਲ ਹੋ ਗਿਆ ਹੈ।

'ਅਫਸਪਾ' ਦੀ ਛਤਰ-ਛਾਇਆ ਹੇਠ ਪਲ ਰਹੀ ਭਾਰਤੀ ਸੁਰੱਖਿਆ ਬਲਾਂ ਦੀ ਦਹਿਸ਼ਤ ਅਤੇ ਭਾਰਤੀ ਸੰਵਿਧਾਨ 'ਚ ਦਰਜ ਮੁੱਢਲੇ ਹਕੂਕ ਦਾ ਰਿਸ਼ਤਾ ਕੀ ਹੈ? ਇਹੀ ਸਵਾਲ ਬਾਕੀ ਦੇ ਉੱਤਰ-ਪੂਰਬੀ ਸੂਬਿਆਂ ਅਤੇ ਕਸ਼ਮੀਰ ਬਾਰੇ ਕਈ ਦਹਾਕਿਆਂ ਤੋਂ ਪੁੱਛਿਆ ਜਾ ਰਿਹਾ ਹੈ। ਭਾਰਤੀ ਫੌਜ ਵਲੋਂ ਚਾਰ ਸੈਨਿਕਾਂ ਤੇ ਦੋ ਅਫਸਰਾਂ ਖ਼ਿਲਾਫ ਮਾਛਲੀ ਵਿਖੇ 30 ਅਪਰੈਲ 2010 ਨੂੰ ਕੀਤੇ ਫਰਜ਼ੀ ਮੁਕਾਬਲੇ ਸਬੰਧੀ ਕੋਰਟ ਮਾਰਸ਼ਲ ਸ਼ੁਰੂ ਕਰਨਾ ਵੀ ਸਵਾਲਾਂ ਦੀ ਝੜੀ ਦਾ ਅੰਤ ਨਹੀਂ ਕਰਦਾ। ਸਵਾਲ ਤਾਂ ਇਹ ਵੀ ਬਣਦਾ ਹੈ ਕਿ ਫਰਜ਼ੀ ਮੁਕਾਬਲੇ 'ਚ ਮਾਰੇ ਗਏ ਤਿੰਨ ਨੌਜਵਾਨਾਂ ਦੇ ਰੋਸ ਵਜੋਂ ਅਣਗਿਣਤ ਮੁਜ਼ਾਹਰੇ ਕਰਦੀ ਕਸ਼ਮੀਰੀ ਅਵਾਮ 'ਤੇ ਸੁਰੱਖਿਆ ਬਲਾਂ ਦੁਆਰਾ ਗੋਲੀਆਂ ਚਲਾ ਕੇ ਸੌ ਤੋਂ ਵੱਧ ਲੋਕਾਂ ਨੂੰ ਮਾਰਨ ਦੀ ਜ਼ਿੰਮੇਵਾਰੀ ਕੌਣ ਲਵੇਗਾ? ਕੋਰਟ ਮਾਰਸ਼ਲ ਦਰਅਸਲ ਕਿਸ ਧਿਰ ਦਾ ਚੱਲ ਰਿਹਾ ਹੈ? ਅਵਾਮ ਜਾਂ ਸੁਰੱਖਿਆ ਬਲਾਂ ਦਾ?

ਅਗਾਂਹ ਤੁਰਨ ਤੋਂ ਪਹਿਲਾਂ 'ਅਫਸਪਾ' ਦੀਆਂ ਗੈਰ-ਜਮਹੂਰੀ ਧਾਰਾਵਾਂ ਦਾ ਜ਼ਿਕਰ ਜ਼ਰੂਰੀ ਹੈ। ਧਾਰਾ ਤਿੰਨ ਅਨੁਸਾਰ ਗਵਰਨਰ ਮਨੀਪੁਰ ਦੇ ਕਿਸੇ ਵੀ ਹਿੱਸੇ ਨੂੰ 'ਗੜਬੜੀ ਵਾਲਾ ਇਲਾਕਾ' ਐਲਾਨ ਸਕਦਾ ਹੈ। ਧਾਰਾ ਚਾਰ ਅਜਿਹੇ ਇਲਾਕੇ 'ਚ ਸੁਰੱਖਿਆ ਬਲਾਂ ਨੂੰ ਅਸਾਧਾਰਨ ਤਾਕਤ ਬਖ਼ਸ਼ਦੀ ਹੈ ਜਿਸ ਮੁਤਾਬਕ ਕੋਈ ਕਮਿਸ਼ਨਡ ਜਾਂ ਗੈਰ-ਕਮੀਸ਼ਨਡ ਜਾਂ ਵਾਰੰਟ ਅਫਸਰ, ਜਾਂ ਇਨ੍ਹਾਂ ਅਹੁਦਿਆਂ ਦੇ ਬਰਾਬਰ ਫੌਜੀ ਅਫਸਰ ਅਮਨ ਕਾਨੂੰਨ ਕਾਇਮ ਰੱਖਣ ਲਈ ਆਪਣੀ ਮਰਜ਼ੀ ਅਨੁਸਾਰ ਗੋਲੀ ਚਲਾ ਕੇ ਬੰਦੇ ਨੂੰ ਮਾਰ ਸਕਦਾ ਹੈ, ਬਿਨਾਂ ਵਾਰੰਟ ਤੋਂ ਗ੍ਰਿਫਤਾਰ ਕਰ ਸਕਦਾ ਹੈ, ਬਿਨਾਂ ਵਾਰੰਟ ਤੋਂ ਕਿਸੇ ਵੀ ਜਗ੍ਹਾ ਦਾਖਲ ਹੋ ਕੇ ਤਲਾਸ਼ੀ ਲੈ ਸਕਦਾ ਹੈ। ਧਾਰਾ ਛੇ ਅਨੁਸਾਰ ਇਨ੍ਹਾਂ ਅਫਸਰਾਂ ਖ਼ਿਲਾਫ ਕਾਨੂੰਨੀ ਕਾਰਵਾਈ ਕਰਨ ਤੋਂ ਪਹਿਲਾਂ ਕੇਂਦਰ ਸਰਕਾਰ ਦੀ ਆਗਿਆ ਲੈਣੀ ਜ਼ਰੂਰੀ ਹੈ।

ਹੁਣ ਚਰਚਾ ਕਰਦੇ ਹਾਂ ਜਸਟਿਸ ਸੰਤੋਸ਼ ਹੇਗੜੇ ਕਮਿਸ਼ਨ ਵੱਲੋਂ ਤਿਆਰ ਕੀਤੀ ਰਿਪੋਰਟ ਦੀ। ਇਹ ਕਮਿਸ਼ਨ ਸੁਪਰੀਮ ਕੋਰਟ ਨੇ 4 ਜਨਵਰੀ 2013 ਨੂੰ ਬਿਠਾਇਆ ਸੀ। ਇਹ ਕਮਿਸ਼ਨ ਬਣਾਉਣ ਦਾ ਕਾਰਨ 2012 ਵਿਚ ਸੁਪਰੀਮ ਕੋਰਟ ਵਿਚ ਦਾਇਰ ਕੀਤੀਆਂ ਪਟੀਸ਼ਨਾਂ ਬਣਿਆ ਜਿਨ੍ਹਾਂ ਨੇ ਮਨੀਪੁਰ 'ਚ ਤਾਇਨਾਤ ਸੁਰੱਖਿਆ ਬਲਾਂ ਦੁਆਰਾ ਕੀਤੇ ਛੇ ਮੁਕਾਬਲਿਆਂ ਨੂੰ ਫਰਜ਼ੀ ਕਰਾਰ ਦਿੰਦੇ ਹੋਏ ਦੋਸ਼ੀਆਂ ਖ਼ਿਲਾਫ ਕਾਰਵਾਈ ਮੰਗੀ ਸੀ। ਇਨ੍ਹਾਂ 'ਮੁਕਾਬਲਿਆਂ' ਵਿਚ 7 ਜਣੇ ਮਾਰੇ ਗਏ ਸਨ ਜਿਨ੍ਹਾਂ ਦੀ ਉਮਰ 12 ਤੋਂ 30 ਸਾਲ ਦੇ ਵਿਚਕਾਰ ਸੀ। ਪਟੀਸ਼ਨ ਕਰਤਾ ਮੁਤਾਬਿਕ ਮਾਰੇ ਗਏ ਇਹ ਮੁੰਡੇ ਕਿਸੇ 'ਅਤਿਵਾਦੀ' ਸੰਗਠਨ ਦੇ ਮੈਂਬਰ ਨਹੀਂ ਸਨ, ਸਗੋਂ ਆਮ ਸਾਧਾਰਨ ਮੁੰਡਿਆਂ ਨੂੰ ਫੜ ਕੇ ਮਾਰਿਆ ਗਿਆ ਹੈ। ਅਦਾਲਤ ਨੇ ਅੰਤਿਮ ਫੈਸਲੇ 'ਤੇ ਪਹੁੰਚਣ ਤੋਂ ਪਹਿਲਾਂ ਸੁਰੱਖਿਆ ਬਲਾਂ ਉਤੇ ਲੱਗੇ ਇਨ੍ਹਾਂ ਇਲਜ਼ਾਮਾਂ ਦਾ ਸੱਚ, ਮਾਰੇ ਗਏ ਨੌਜਵਾਨਾਂ ਦੇ ਪਿਛੋਕੜ ਅਤੇ ਮਨੀਪੁਰ 'ਚ ਸੁਰੱਖਿਆ ਬਲਾਂ ਦਾ ਕੰਮ-ਢੰਗ ਜਾਣਨ ਲਈ ਸੇਵਾਮੁਕਤ ਜੱਜ ਸੰਤੋਸ਼ ਹੇਗੜੇ ਦੀ ਅਗਵਾਈ ਹੇਠ ਕਮਿਸ਼ਨ ਬਿਠਾਇਆ ਸੀ। ਕਮਿਸ਼ਨ ਨੇ ਤਿੰਨ ਮਹੀਨਿਆਂ ਬਾਅਦ (ਮਾਰਚ 2013 ਨੂੰ) ਰਿਪੋਰਟ ਅਦਾਲਤ ਨੂੰ ਸੌਂਪ ਦਿੱਤੀ ਸੀ।

ਕਮਿਸ਼ਨ ਨੇ ਮਾਰੇ ਗਏ ਵਿਅਕਤੀਆਂ ਦੇ ਸਕੇ-ਸਬੰਧੀਆਂ ਤੇ ਸੁਰੱਖਿਆਂ ਬਲਾਂ ਦੇ ਬਿਆਨਾਂ ਤੇ ਹੋਰ ਤੱਥਾਂ ਦੇ ਆਧਾਰ 'ਤੇ ਪਟੀਸ਼ਨਾਂ ਨਾਲ ਸਹਿਮਤੀ ਜਤਾਉਂਦਿਆਂ ਇਨ੍ਹਾਂ 'ਮੁਕਾਬਲਿਆਂ' ਨੂੰ ਫਰਜ਼ੀ ਕਰਾਰ ਦਿੱਤਾ ਤੇ 'ਅਫਸਪਾ' ਨੂੰ ਮਨੀਪੁਰ ਵਿਚੋਂ ਹਟਾਉਣ ਦੀ ਕਾਰਵਾਈ ਸ਼ੁਰੂ ਕਰਨ ਦੀ ਸਿਫਾਰਿਸ਼ ਕੀਤੀ। ਕਮਿਸ਼ਨ ਬਿਠਾਉਣ ਦਾ ਆਧਾਰ ਬਣੀਆਂ, ਕਦੀ ਨਾ ਪਰਤ ਕੇ ਆਉਣ ਵਾਲੀਆਂ ਸੱਤ ਜਾਨਾਂ ਬਾਰੇ ਵੇਰਵਾ ਇਉਂ ਹੈ:

ਮਹਿਜ਼ 12 ਸਾਲਾ ਸੱਤਵੀਂ ਜਮਾਤ ਦੇ ਵਿਦਿਆਰਥੀ ਮੁਹੰਮਦ ਆਜ਼ਾਦ ਖ਼ਾਨ ਨੂੰ ਮਨੀਪੁਰ ਕਮਾਂਡੋਜ਼ ਤੇ ਅਸਾਮ ਰਾਈਫਲਜ਼ ਦੇ 30 ਦੇ ਕਰੀਬ ਜਵਾਨਾਂ ਨੇ ਉਸ ਦੇ ਘਰ ਦੇ ਵਰਾਂਡੇ ਵਿਚ 4 ਮਾਰਚ 2009 ਨੂੰ ਕਤਲ ਕਰ ਦਿੱਤਾ। ਪਿਤਾ ਮੁਹੰਮਦ ਵਾਹਿਦ ਖ਼ਾਨ ਅਨੁਸਾਰ ਮੁਹੰਮਦ ਆਜ਼ਾਦ ਤੇ ਉਸ ਦਾ ਦੋਸਤ ਕਯਾਮ ਆਨੰਦ ਸਿੰਘ ਵਰਾਂਡੇ ਵਿਚ ਬੈਠੇ ਪੜ੍ਹ ਰਹੇ ਸਨ ਜਦੋਂ ਸੁਰੱਖਿਆ ਬਲ ਘਰ 'ਚ ਵੜੇ। ਮੁਹੰਮਦ ਆਜ਼ਾਦ ਨੂੰ ਘੜੀਸ ਕੇ ਵਰਾਂਡੇ ਦੇ ਇੱਕ ਪਾਸੇ ਲਿਜਾ ਕੇ ਕੁੱਟਿਆ ਗਿਆ। ਘਰਦਿਆਂ ਦੇ ਰੋਕਣ ਕਾਰਨ ਉਨ੍ਹਾਂ ਨੂੰ ਕਮਰੇ 'ਚ ਬੰਦ ਕਰ ਦਿੱਤਾ ਗਿਆ। ਮਾਂ-ਬਾਪ ਬੰਦ ਕਮਰੇ ਦੀ ਖਿੜਕੀ 'ਚੋਂ ਆਪਣੇ ਮੁੰਡੇ ਦੇ ਕੁੱਟ ਪੈਂਦੀ ਦੇਖਦੇ ਰਹੇ। ਅੰਤ, ਗੋਲੀਆਂ ਮਾਰ ਕੇ ਮੁਹੰਮਦ ਆਜ਼ਾਦ ਨੂੰ ਮਾਰ ਦਿੱਤਾ ਗਿਆ।

20 ਸਾਲਾਂ ਦਾ ਓਰਸਨਜੀਤ 16 ਮਾਰਚ 2010 ਨੂੰ ਆਪਣੀ ਮਾਂ ਨੂੰ ਮਿਲ ਕੇ ਘਰੋਂ ਸਕੂਟਰ ਦੀ ਮੁਰੰਮਤ ਕਰਵਾਉਣ ਨਿਕਲਿਆ ਸੀ। ਉਸੇ ਸ਼ਾਮ ਮਾਂ ਨੂੰ ਖ਼ਬਰ ਮਿਲੀ ਕਿ ਉਸ ਦਾ ਪੁੱਤ ਜ਼ਖ਼ਮੀ ਹਾਲਤ ਵਿਚ ਹਸਪਤਾਲ ਪਿਆ ਹੈ। ਅਗਲੀ ਸਵੇਰ ਪਤਾ ਲੱਗਾ ਕਿ ਉਸ ਦਾ ਪੁੱਤ ਮਨੀਪੁਰ ਪੁਲਿਸ ਨੇ 'ਮੁਕਾਬਲੇ' ਵਿਚ ਮਾਰ ਦਿੱਤਾ ਹੈ। ਸੋਗ ਵਿਚ ਡੁੱਬੀ ਮਾਂ ਪੁੱਤ ਦੀ ਲੋਥ ਦੇਖਣ ਦੀ ਬਜਾਏ ਫਰਜ਼ੀ ਮੁਕਾਬਲਿਆਂ ਖ਼ਿਲਾਫ ਲੱਗੇ ਧਰਨੇ ਵਿਚ ਸ਼ਿਰਕਤ ਕਰ ਕੇ ਦੁੱਖ ਸਾਂਝਾ ਕਰਦੀ ਹੈ। ਤੀਜੇ ਦਿਨ ਹਸਪਤਾਲ ਦੇ ਮੁਰਦਾਘਰ ਵਿਚ ਨਿੱਕੀ ਉਮਰੇ ਜ਼ਿੰਦਗੀ ਦਾ ਪੰਧ ਮੁਕਾ ਚੁੱਕੇ ਪੁੱਤ ਦੀ ਲੋਥ ਦੇ ਦਰਸ਼ਨ ਕਰਦੀ ਹੈ।

ਗੋਬਿੰਦ ਮੇਇਤੀ (ਉਮਰ 25 ਸਾਲ) ਤੇ ਨੋਬੋ ਮੇਇਤੀ (ਉਮਰ 27 ਸਾਲ) 4 ਅਪਰੈਲ 2009 ਨੂੰ ਘਰੋਂ ਢਾਬੇ 'ਤੇ ਚਾਹ ਪੀਣ ਨਿਕਲੇ ਪਰ ਵਾਪਸ ਨਹੀਂ ਪਰਤੇ। ਸ਼ਾਮ ਸਾਢੇ ਸੱਤ ਵਜੇ ਆਲ ਇੰਡੀਆ ਰੇਡਿਓ 'ਤੇ ਦੋ ਨੌਜਵਾਨਾਂ ਦੇ ਸੁਰੱਖਿਆ ਬਲਾਂ ਨਾਲ 'ਮੁਕਾਬਲੇ' ਵਿਚ ਮਾਰੇ ਜਾਣ ਦੀ ਖ਼ਬਰ ਨਸ਼ਰ ਹੋਈ। ਗੋਬਿੰਦ ਦੀ ਪਤਨੀ ਤੇ ਡੇਢ ਸਾਲ ਦੀ ਬੱਚੀ ਇਕੱਲੀਆਂ ਰਹਿ ਗਈਆਂ ਸਨ। ਇਲਾਂਗਬਮ ਕਿਰਨਜੀਤ 23 ਅਪਰੈਲ 2009 ਨੂੰ ਘਰੋਂ ਸਾਇਕਲ ਲੈ ਕੇ ਗੁਆਚ ਗਈ ਮੱਝ ਲੱਭਣ ਨਿਕਲਿਆ ਸੀ। ਸ਼ਾਮੀਂ ਉਹਦੇ ਬਾਪੂ ਨੂੰ ਲੱਗਿਆ ਕਿ ਉਹ ਲਾਗਲੇ ਪਿੰਡ ਮੇਲਾ ਦੇਖਣ ਚਲਿਆ ਗਿਆ ਹੋਣੈ। ਅਗਲੀ ਸਵੇਰ ਫਿਕਰਾਂ ਮਾਰਿਆ ਬਾਪੂ ਥਾਣੇ ਪੁੱਛਣ ਗਿਆ ਕਿ ਕਿਸੇ ਨੂੰ ਕੱਲ ਸ਼ਾਮ ਹਿਰਾਸਤ 'ਚ ਤਾਂ ਨਹੀਂ ਲਿਆ। ਥਾਣੇ ਵਾਲਿਆਂ ਨੇ ਕੋਰਾ ਜਵਾਬ ਦੇ ਦਿੱਤਾ। ਆਂਢ-ਗੁਆਂਢ ਨੇ ਖ਼ਬਰ ਦਿੱਤੀ ਕਿ ਉਨ੍ਹਾਂ ਦਾ ਮੁੰਡਾ ਮਨੀਪੁਰ ਕਮਾਂਡੋਜ਼ ਤੇ ਅਸਾਮ ਰਾਈਫਲਜ਼ ਵਾਲਿਆਂ ਨੇ ਲਾਮਲਾਈ ਵਿਖੇ 'ਮੁਕਾਬਲੇ' ਵਿਚ ਮਾਰ ਦਿੱਤਾ ਹੈ। ਬਾਪੂ ਨੇ ਡੀ.ਜੀ.ਪੀ. ਕੋਲ ਸ਼ਿਕਾਇਤ ਕੀਤੀ ਪਰ ਬਣਿਆ ਕੁੱਝ ਨਾ। ਗੁਹਾਟੀ ਹਾਈ ਕੋਰਟ ਵਿਚ ਪਾਈ ਪਟੀਸ਼ਨ 'ਤੇ ਅਦਾਲਤ ਨੇ ਪੱਛਮੀ ਮਨੀਪੁਰ ਦੇ ਜ਼ਿਲ੍ਹਾ ਜੱਜ ਨੂੰ ਇਸ ਕੇਸ ਦੀ ਛਾਣ-ਬੀਣ ਕਰਨ ਦੇ ਹੁਕਮ ਦਿੱਤੇ। ਮਿਲੇ ਤੱਥਾਂ ਦੇ ਆਧਾਰ 'ਤੇ ਜੱਜ ਨੇ ਇਸ 'ਮੁਕਾਬਲੇ' ਨੂੰ ਝੂਠਾ ਕਰਾਰ ਦਿੱਤਾ। ਸਰਕਾਰ ਵਲੋਂ ਕਾਰਵਾਈ ਫਿਰ ਵੀ ਨਾ ਹੋਈ ਤਾਂ ਸੁਪਰੀਮ ਕੋਰਟ ਦਾ ਦਰਵਾਜਾ ਖੜਕਾਇਆ। ਇਸੇ ਤਰ੍ਹਾਂ ਚੋਂਗਥਮ ਉਮਾਕਾਂਤ 4 ਮਈ 2009 ਨੂੰ ਰਾਤ ਦੇ ਖਾਣੇ ਤੋਂ ਬਾਅਦ ਆਪਣੇ ਮਿੱਤਰ ਨਨਾਓ ਦੇ ਘਰ ਗਿਆ। ਅਗਲੀ ਸਵੇਰ ਉਸ ਦੀ ਲੋਥ ਹਸਪਤਾਲ ਦੇ ਮੁਰਦਾਘਰ 'ਚ ਪਈ ਮਿਲੀ।

ਅਕੋਈਜਮ ਪਰੀਓਬਰਤ 15 ਮਾਰਚ 2009 ਨੂੰ ਪਲਸਰ ਮੋਟਰ-ਸਾਇਕਲ 'ਤੇ ਅਚਾਰ ਸੰਭਾਲਣ ਲਈ ਪੌਲੀਥੀਨ ਦੇ ਲਫਾਫੇ ਲੈਣ ਘਰੋਂ ਨਿਕਲਿਆ ਸੀ। ਵਾਪਸ ਪਰਤਣਾ ਨਸੀਬ ਨਾ ਹੋਇਆ। ਸੰਪਰਕ ਕਰਨ 'ਤੇ ਮੋਬਾਈਲ ਫੋਨ ਬੰਦ ਹੋਣ ਕਾਰਨ ਮਾਂ ਨੇ ਉਸ ਦੇ ਦੋਸਤਾਂ ਕੋਲੋਂ ਪੁੱਛਿਆ। ਅਗਲੀ ਸਵੇਰ ਕਈ ਥਾਣਿਆਂ 'ਚ ਜਾ ਕੇ ਪਤਾ ਕੀਤਾ ਤਾਂ ਲਾਮਫਲ ਥਾਣੇ ਨੇ ਇਤਲਾਹ ਦਿੱਤੀ ਕਿ ਉਸ ਦਾ ਪੁੱਤ 'ਮੁਕਾਬਲੇ' 'ਚ ਮਾਰਿਆ ਗਿਆ ਹੈ। ਇਨ੍ਹਾਂ ਸਾਰਿਆਂ ਦੇ ਅਪਰਾਧਕ ਪਿਛੋਕੜ ਬਾਰੇ ਕਮਿਸ਼ਨ ਨੇ ਕਿਹਾ ਕਿ ਮੁਹੰਮਦ ਅਜ਼ਾਦ ਖ਼ਾਨ ਖ਼ਿਲਾਫ ਗੈਰ-ਕਾਨੂੰਨੀ ਸੰਗਠਨ ਦੇ ਕਾਰਕੁਨ ਜਾਂ ਅਪਰਾਧਕ ਗਤੀਵਿਧੀਆਂ 'ਚ ਸ਼ਾਮਿਲ ਹੋਣ ਦਾ ਕੋਈ ਸਬੂਤ ਨਹੀਂ ਹੈ। ਓਰਸਨਜੀਤ, ਗੋਬਿੰਦ ਤੇ ਨੋਬੋ ਮੇਇਤੀ, ਇਲਾਂਗਬਮ ਕਿਰਨਜੀਤ ਤੇ ਅਕੋਈਜਮ ਪਰੀਓਬਰਤ ਮੌਤ ਤੋਂ ਪਹਿਲਾਂ ਕਿਸੇ ਵੀ ਅਪਰਾਧਕ ਘਟਨਾ 'ਚ ਸ਼ਾਮਿਲ ਨਹੀਂ ਸਨ। ਇਨ੍ਹਾਂ ਉਤੇ 'ਅਤਿਵਾਦੀ' ਹੋਣ ਦਾ 'ਸ਼ੱਕ' ਉਨ੍ਹਾਂ ਕੇਸਾਂ 'ਚ ਦਰਜ ਹੋਇਆ ਜੋ 'ਮੁਕਾਬਲਿਆਂ' ਤੋਂ ਬਾਅਦ ਦਰਜ ਕੀਤੇ ਗਏ ਸਨ।

ਇਨ੍ਹਾਂ 'ਮੁਕਾਬਲਿਆਂ' ਵਿਚ ਸ਼ਾਮਿਲ ਸੁਰੱਖਿਆ ਬਲਾਂ ਦੇ ਬਿਆਨ ਦਰਜ ਕੀਤੇ ਗਏ। ਸਾਰੀਆਂ ਘਟਨਾਵਾਂ ਦੇ ਜਵਾਬ ਵਿਚ ਉਨ੍ਹਾਂ ਕੋਲ ਸੁਣਾਉਣ ਲਈ ਇਕੋ ਕਹਾਣੀ ਸੀ। ਜਸਟਿਸ ਹੇਗੜੇ ਕਮਿਸ਼ਨ ਨੇ ਸੁਰੱਖਿਆ ਬਲਾਂ ਦੀ ਕਾਰਗੁਜ਼ਾਰੀ 'ਤੇ ਗੰਭੀਰ ਦੋਸ਼ ਲਗਾਉਂਦਿਆਂ ਨਾ ਸਿਰਫ ਇਨ੍ਹਾਂ ਕਹਾਣੀਆਂ ਨੂੰ ਬਲਕਿ 'ਮੁਕਾਬਲਿਆਂ' ਨੂੰ ਵੀ ਫਰਜ਼ੀ ਕਰਾਰ ਦਿੱਤਾ। ਕਮਿਸ਼ਨ ਨੇ ਕਿਹਾ ਕਿ 'ਇਹ ਵਿਅਕਤੀ ਸਵੈ-ਰੱਖਿਆ ਵਿਚ ਨਹੀਂ ਮਾਰੇ, ਸਗੋਂ ਜਾਣ-ਬੁੱਝ ਕੇ ਕਤਲ ਕੀਤੇ ਗਏ ਹਨ।' ਕਮਿਸ਼ਨ ਨੇ ਇਨ੍ਹਾਂ ਨੁਕਤਿਆਂ ਦੁਆਰਾ ਇਸ ਤੱਥ ਨੂੰ ਸਿੱਧ ਕੀਤਾ:

ਕਮਿਸ਼ਨ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਏ.ਕੇ. ਸੰਤਾਲੀ ਤੇ ਇਨਸਾਸ ਵਰਗੇ ਹਥਿਆਰਾਂ ਨਾਲ ਲੈਸ, ਬੁਲਟ-ਪਰੂਫ ਜੈਕਟਾਂ ਤੇ ਹੈਲਮਟ ਪਾ ਕੇ 'ਅਤਿਵਾਦੀਆਂ' ਨੂੰ ਲੱਭਣ ਤੁਰੇ ਸੁਰੱਖਿਆ ਕਰਮੀ ਮਾਰੇ ਗਏ ਨੌਜਵਾਨਾਂ ਨੂੰ ਜਿਉਂਦੇ ਕਾਬੂ ਨਹੀਂ ਕਰ ਸਕਦੇ ਸਨ। ਨੌਜਵਾਨਾਂ ਦੇ ਸਰੀਰ ਦੇ ਉਪਰਲੇ ਹਿੱਸਿਆਂ 'ਤੇ ਗੋਲੀਆਂ ਦੇ ਨਿਸ਼ਾਨ ਸਿੱਧ ਕਰਦੇ ਹਨ ਕਿ ਗੋਲੀਆਂ ਜਾਨੋਂ ਮਾਰਨ ਦੇ ਇਰਾਦੇ ਨਾਲ ਚਲਾਈਆਂ ਗਈਆਂ। ਦੂਜਾ ਨੁਕਤਾ ਨੌਜਵਾਨਾਂ ਦੇ ਸਰੀਰਾਂ 'ਤੇ ਗੋਲੀਆਂ ਦੇ ਨਿਸ਼ਾਨ ਸਨ। ਪੋਸਟਮਾਰਟਮ ਦੀਆਂ ਰਿਪੋਰਟਾਂ ਤੋਂ ਕਮਿਸ਼ਨ ਨੇ ਸਿੱਧ ਕੀਤਾ ਕਿ ਜ਼ਖ਼ਮਾਂ ਦੇ ਨਿਸ਼ਾਨ ਗੋਲੀਆਂ ਨੇੜੇ ਤੋਂ ਚਲਾਏ ਜਾਣ ਦੇ ਸੰਕੇਤ ਦਿੰਦੇ ਹਨ। ਗੋਲੀਆਂ ਸਾਹਮਣੇ ਭੱਜੇ ਜਾਂਦਿਆਂ 'ਤੇ ਨਹੀਂ ਸਗੋਂ ਚਾਰੇ ਪਾਸਿਓਂ ਘਿਰੇ ਤੇ ਜ਼ਮੀਨ 'ਤੇ ਡਿੱਗੇ ਹੋਇਆਂ ਉਤੇ ਚਲਾਈਆਂ ਗਈਆਂ। ਤੀਜਾ ਨੁਕਤਾ ਸੁਰੱਖਿਆ ਬਲਾਂ ਦੁਆਰਾ ਲੋੜ ਤੋਂ ਵੱਧ ਤਾਕਤ ਵਰਤਣਾ ਸੀ। ਕਮਿਸ਼ਨ ਨੇ ਦਰਸ਼ਨ ਸਿੰਘ ਬਨਾਮ ਪੰਜਾਬ ਸਟੇਟ ਤੇ ਹੋਰ (2010) ਕੇਸ 'ਚ ਸੁਪਰੀਮ ਕੋਰਟ ਦੇ ਫੈਸਲੇ ਦਾ ਹਵਾਲਾ ਦਿੰਦਿਆਂ ਲਿਖਿਆ ਕਿ ਸਵੈ-ਰੱਖਿਆ ਦੀ ਕਾਰਵਾਈ ਸਮੇਂ ਲੋੜ ਤੋਂ ਵੱਧ ਤਾਕਤ ਦਾ ਇਸਤੇਮਾਲ ਗੈਰ-ਕਾਨੂੰਨੀ ਹੈ।




ਚੌਥਾ ਨੁਕਤਾ 'ਅਤਿਵਾਦੀ' ਦੀ ਪ੍ਰੀਭਾਸ਼ਾ ਨੂੰ ਮਨ-ਮਰਜ਼ੀ ਨਾਲ ਘੜਨਾ ਹੈ। ਕਮਿਸ਼ਨ ਨੇ ਐਮ. ਗੋਬਰਧਨ ਸਿੰਘ ਜਿਸ ਨੇ ਪਰੀਓਬਰਤ ਦਾ ਫਰਜ਼ੀ ਮੁਕਾਬਲਾ ਕਰਨ ਵਾਲੀ ਟੀਮ ਦੀ ਅਗਵਾਈ ਕੀਤੀ, ਨੂੰ ਪੁੱਛਿਆ ਕਿ 'ਕੀ ਪਰੀਓਬਰਤ ਦੇ 'ਖ਼ਤਰਨਾਕ ਅਤਿਵਾਦੀ' ਹੋਣ ਦੀ ਜਾਣਕਾਰੀ ਸੁਰੱਖਿਆ ਬਲਾਂ ਨੂੰ 'ਮੁਕਾਬਲੇ' ਤੋਂ ਪਹਿਲਾਂ ਸੀ।' ਸਵਾਲ ਦਾ ਜਵਾਬ 'ਨਹੀਂ' ਸੀ। ਪੁੱਛਣ 'ਤੇ ਕਿ ਉਹ ਖ਼ਤਰਨਾਕ ਅਤਿਵਾਦੀ ਕਿਵੇਂ ਸਿੱਧ ਹੁੰਦਾ ਹੈ, ਤਾਂ ਉਸ ਨੇ ਕਿਹਾ ਕਿ 'ਭਾਵੇਂ ਉਸ ਦੇ ਕੇ.ਸੀ.ਪੀ. (ਪਾਬੰਦੀਸ਼ੁਦਾ ਜਥੇਬੰਦੀ) ਦਾ ਕਾਰਕੁਨ ਹੋਣ ਬਾਰੇ ਪੜਤਾਲ ਨਹੀਂ ਕੀਤੀ ਗਈ ਪਰ ਉਸ ਦਾ ਅਜਿਹੀ ਜਗ੍ਹਾ ਹੋਣਾ ਜਿਥੇ ਇਸ ਜਥੇਬੰਦੀ ਦੇ ਆਗੂ ਤੇ ਕਾਰਕੁਨ ਰਹਿੰਦੇ ਹਨ, ਇਹ ਸਿੱਧ ਕਰਦਾ ਹੈ ਕਿ ਉਹ ਵੀ ਇਸ ਜਥੇਬੰਦੀ ਦਾ ਕਾਰਕੁਨ ਸੀ'।

ਕਮਿਸ਼ਨ ਨੇ ਇਸ ਗੱਲ 'ਤੇ ਚਿੰਤਾ ਜ਼ਾਹਿਰ ਕੀਤੀ ਕਿ ਛੇ ਚੋਂ ਪੰਜ ਕੇਸਾਂ 'ਚ ਕੁੱਝ ਬੰਦਿਆਂ ਨੂੰ ਭਗੌੜੇ ਦੱਸਿਆ ਗਿਆ ਹੈ। ਤਿੰਨ ਸਾਲਾਂ ਤੋਂ ਬਾਅਦ ਵੀ ਕੇਸ ਬੰਦ ਨਹੀਂ ਕੀਤੇ ਗਏ। ਕਮਿਸ਼ਨ ਨੇ ਖ਼ਦਸ਼ਾ ਜ਼ਾਹਿਰ ਕੀਤਾ ਕਿ ਭਵਿੱਖ 'ਚ ਹੋਰ ਬੰਦਿਆਂ ਨੂੰ ਇਨ੍ਹਾਂ ਕੇਸਾਂ 'ਚ ਫਸਾਇਆ ਜਾ ਸਕਦਾ ਹੈ। ਕਮਿਸ਼ਨ ਹੈਰਾਨ ਸੀ ਕਿ ਜਿਸ ਕੇਸ ਵਿਚ ਕੋਈ ਭਗੌੜਾ ਨਹੀਂ ਤੇ ਇਕੱਲਾ ਬੰਦਾ ਮਾਰ ਦਿੱਤਾ ਗਿਆ, ਤਾਂ ਉਸ ਕੇਸ ਦੀ ਜਾਂਚ ਵੀ ਚੱਲ ਰਹੀ ਹੈ।

ਰਿਪੋਰਟ ਇਸ ਸਿਧਾਂਤ 'ਤੇ ਪਹਿਰਾ ਦੇ ਰਹੀ ਹੈ ਕਿ ਤਾਕਤ ਭ੍ਰਿਸ਼ਟ ਕਰਦੀ ਹੈ ਤੇ ਨਿਰੰਕੁਸ਼ ਤਾਕਤ ਬੰਦੇ ਨੂੰ ਪੂਰਾ ਭ੍ਰਿਸ਼ਟ ਬਣਾ ਦਿੰਦੀ ਹੈ। ਇਸੇ ਕਾਰਨ ਵਾਧੂ ਸ਼ਕਤੀਆਂ ਦੇਣ ਦੀ ਸੂਰਤ 'ਚ ਸੁਰੱਖਿਆ ਬਲਾਂ ਨੂੰ ਜ਼ਿਆਦਾ ਸੰਜਮ ਨਾਲ ਕੰਮ ਲੈਣਾ ਚਾਹੀਦਾ ਹੈ। ਮਨੀਪੁਰ 'ਚ ਇਸ ਸਿਧਾਂਤ ਦੇ ਬਿਲਕੁਲ ਉਲਟ ਕੰਮ ਹੋ ਰਿਹਾ ਹੈ। ਕਮਿਸ਼ਨ ਅਨੁਸਾਰ ਸੁਪਰੀਮ ਕੋਰਟ ਤੇ ਫੌਜ ਵਲੋਂ ਜਾਰੀ ਕੀਤੀਆਂ ਹਦਾਇਤਾਂ ਨੇ ਮਹਿਜ਼ ਕਾਗਜ਼ਾਂ ਦਾ ਢਿੱਡ ਭਰਿਆ ਹੈ। ਹਦਾਇਤਾਂ ਸਿਰਫ ਤੋੜਨ ਦੇ ਕੰਮ ਆ ਰਹੀਆਂ ਹਨ। ਅਸਾਮ ਰਾਇਫਲਜ਼ ਦੇ ਕੁੱਝ ਉੱਚ ਅਧਿਕਾਰੀ ਫੌਜ ਵੱਲੋਂ ਜਾਰੀ ਹਦਾਇਤਾਂ ਦੀ ਜਾਣਕਾਰੀ ਤੋਂ ਵਾਂਝੇ ਸਨ। ਇਹ ਹਦਾਇਤਾਂ ਜਦੋਂ ਕਮਿਸ਼ਨ ਨੇ ਪੜ੍ਹ ਕੇ ਸੁਣਾਈਆਂ ਤਾਂ ਉਹ ਹੈਰਾਨ ਹੋਏ। ਮਨੀਪੁਰ ਕਮਾਂਡੋਜ਼ ਤੇ ਅਸਾਮ ਰਾਇਫਲਜ਼ ਵਾਲਿਆਂ ਨੂੰ ਸੁਪਰੀਮ ਕੋਰਟ ਦੁਆਰਾ ਜਾਰੀ ਕੀਤੀਆਂ ਹਦਾਇਤਾਂ ਦਾ ਕੋਈ ਇਲਮ ਨਹੀਂ ਸੀ।

ਪਿਛਲੇ ਪੰਜ ਸਾਲਾਂ ਵਿਚ ਫੌਜ ਦੀਆਂ ਹਦਾਇਤਾਂ ਦੀ ਉਲੰਘਣਾ ਦੇ ਦੋਸ਼ ਵਿਚ ਅਸਾਮ ਰਾਈਫਲਜ਼ ਦੇ ਕਿਸੇ ਜਵਾਨ ਨੂੰ ਕੋਈ ਸਜ਼ਾ ਨਹੀਂ ਦਿੱਤੀ ਗਈ। ਮਨੀਪੁਰ ਸਰਕਾਰ ਨੇ ਸਿਰਫ ਇਕ ਕੇਸ ਵਿਚ ਕੇਂਦਰ ਸਰਕਾਰ ਤੋਂ ਅਸਾਮ ਰਾਈਫਲਜ਼ ਦੇ ਅਧਿਕਾਰੀ ਖ਼ਿਲਾਫ ਕਾਰਵਾਈ ਕਰਨ ਦੀ ਆਗਿਆ ਮੰਗੀ ਜਿਸ ਨੂੰ ਨਾ-ਮਨਜ਼ੂਰ ਕਰ ਦਿੱਤਾ ਗਿਆ ਸੀ। ਇਸ ਸਮੇਂ ਦੌਰਾਨ ਅਸਾਮ ਰਾਈਫਲਜ਼ ਦੇ ਜਵਾਨਾਂ ਖ਼ਿਲਾਫ 17 ਪਟੀਸ਼ਨਾਂ ਦਾਇਰ ਹੋਈਆਂ ਹਨ ਜਿਨ੍ਹਾਂ 'ਚ ਇਕ ਤਸੀਹੇ ਦੇਣ, ਚਾਰ ਗੁੰਮਸ਼ੁਦਗੀ ਤੇ ਦਸ ਹਿਰਾਸਤੀ ਮੌਤਾਂ ਬਾਰੇ ਹਨ।

ਇਹ ਧਾਰਾ ਲੋਕਾਂ ਦੇ ਇਕੱਠੇ ਹੋ ਕੇ ਰੋਸ ਪ੍ਰਗਟ ਕਰਨ ਨੂੰ ਗੈਰ-ਕਾਨੂੰਨੀ ਮੰਨਦੀ ਹੈ। ਪੰਜਾਬ ਦੀ ਸੰਘਰਸ਼ਸ਼ੀਲ ਲੋਕਾਈ 'ਚ ਇਸ ਧਾਰਾ ਦੀ ਵਧ ਰਹੀ ਦੁਰਵਰਤੋਂ ਨੂੰ ਲੈ ਕੇ ਵਿਆਪਕ ਰੋਸ ਹੈ। ਸੋਚਣਾ ਬਣਦਾ ਹੈ ਕਿ ਮਨੀਪੁਰ 'ਚ ਦਹਾਕਿਆਂ ਬੱਧੀ ਇਸ ਧਾਰਾ ਦਾ ਲਾਗੂ ਰਹਿਣਾ ਰਾਜਤੰਤਰ ਦੇ ਕਿਸ ਖਾਸੇ ਵੱਲ ਸੰਕੇਤ ਕਰਦਾ ਹੈ। ਕਮਿਸ਼ਨ ਇਸ ਪੱਧਰ ਦੀ ਦੁਰਵਰਤੋਂ ਨੂੰ ਕਾਨੂੰਨ ਦਾ ਮਜ਼ਾਕ ਉਡਾਉਣ ਤੁੱਲ ਸਮਝਦਾ ਹੈ। ਇਹੀ ਸਚਾਈ ਅਫਸਪਾ 'ਤੇ ਲਾਗੂ ਹੁੰਦੀ ਹੈ। ਸੁਰੱਖਿਆ ਬਲਾਂ ਕੋਲ ਸ਼ੱਕ ਦੇ ਆਧਾਰ 'ਤੇ ਮਾਰ ਦੇਣ ਦੀਆਂ ਵਿਆਪਕ ਸ਼ਕਤੀਆਂ ਤਾਂ ਹਨ ਪਰ ਲੋਕਾਂ ਨੂੰ ਇਨ੍ਹਾਂ ਅਸਾਧਾਰਨ ਸ਼ਕਤੀਆਂ ਦੇ ਦੁਰ-ਪ੍ਰਯੋਗ ਤੋਂ ਬਚਾਉਣ ਲਈ ਇਸ ਕਾਨੂੰਨ 'ਚ ਕੋਈ ਧਾਰਾ ਨਹੀਂ ਹੈ। ਕਾਨੂੰਨ ਦੀ ਕਾਰਗੁਜ਼ਾਰੀ ਪਰਖਣ ਲਈ ਕੋਈ ਨਿਗਰਾਨ ਪ੍ਰਣਾਲੀ ਦਾ ਪ੍ਰਬੰਧ ਨਹੀਂ ਹੈ। ਮਨੀਪੁਰ ਪੁਲਿਸ, ਅਸਾਮ ਰਾਈਫਲਜ਼ ਤੇ ਹੋਰ ਵਿਸ਼ੇਸ਼ ਬਲਾਂ ਹੱਥੋਂ ਮਾਰੇ ਬੰਦਿਆਂ ਦੀ ਗਿਣਤੀ ਦਾ ਕੋਈ ਸਰਕਾਰੀ ਰਿਕਾਰਡ ਵੀ ਨਹੀਂ ਹੈ।

ਅੰਤ ਵਿਚ ਭਾਰਤੀ ਸਟੇਟ ਵਲੋਂ ਦੇਸ਼ ਦੀ 'ਏਕਤਾ ਤੇ ਅਖੰਡਤਾ' ਦੀ 'ਰੱਖਿਆ' ਲਈ ਲਾਗੂ ਕੀਤੇ ਅਫਸਪਾ ਨੂੰ ਕਮਿਸ਼ਨ ਨੇ ਜਬਰ, ਨਫਰਤ, ਵਿਤਕਰੇ ਤੇ ਆਪ-ਹੁਦਰੇਪਣ ਦਾ ਮੁਜੱਸਮਾ ਦੱਸਿਆ ਹੈ। ਕਮਿਸ਼ਨ ਦਾ ਮੰਨਣਾ ਹੈ ਕਿ ਮਾਹੌਲ ਨੂੰ ਸੁਖਾਵਾਂ ਬਣਾਉਣ ਲਈ ਮਨੀਪੁਰ ਕਮਾਂਡੋਜ਼ ਤੇ ਹੋਰ ਸੁਰੱਖਿਆ ਬਲਾਂ ਵਲੋਂ ਲੋਕਾਂ ਨੂੰ ਡਰਾਉਣ ਦੀਆਂ ਘਟਨਾਵਾਂ ਸਖ਼ਤੀ ਨਾਲ ਬੰਦ ਕਰਾਉਣੀਆਂ ਚਾਹੀਦੀਆਂ ਹਨ। ਪੰਜ ਦਹਾਕਿਆਂ ਤੋਂ ਲਾਗੂ ਅਫਸਪਾ ਨੇ ਮਨੀਪੁਰ ਦੇ ਹਾਲਾਤ ਸੁਧਾਰਨ 'ਚ ਨਿਗੂਣਾ ਜਿਹਾ ਹਿੱਸਾ ਪਾਇਆ ਹੈ। ਇਸ ਕਾਨੂੰਨ ਨੂੰ ਮਨੀਪੁਰ 'ਚੋਂ ਹਟਾਉਣ ਦੀ ਕਾਰਵਾਈ ਸ਼ੁਰੂ ਕਰ ਲੈਣੀ ਚਾਹੀਦੀ ਹੈ ਪਰ ਭਾਰਤੀ ਹੁਕਮਰਾਨਾਂ ਨੇ ਚੁੱਪ ਧਾਰੀ ਹੋਈ ਹੈ।

# ਮੈਂ ਭੰਨ੍ਹਾਂ ਦਿੱਲੀ ਦੇ ਕਿੰਗਰੇ...



ਸੁਰਿੰਦਰ ਕੋਛੜ

ਪੰਜਾਬੀਆਂ ਦੀ ਅਣਖ ਦਾ ਪ੍ਰਤੀਕ ਅਤੇ ਲੋਹੜੀ 'ਤੇ ਗਾਏ ਜਾਣ ਵਾਲੇ ਗੀਤ 'ਸੁੰਦਰ ਮੁੰਦਰੀਏ' ਦਾ ਨਾਇਕ ਦੁੱਲਾ ਭੱਟੀ ਪੰਜਾਬੀ ਸਾਹਿਤ ਵਿਚ ਉਹ ਚਮਕਦਾ ਹੀਰਾ ਹੈ ਜਿਸ ਦੀ ਸ਼ਹਾਦਤ ਦੀਆਂ ਸਦੀਆਂ ਬੀਤਣ ਤੋਂ ਬਾਅਦ ਵੀ ਉਸ ਦੀ ਬਹਾਦਰੀ ਨੂੰ ਵੱਖ-ਵੱਖ ਕਿੱਸੇ-ਕਹਾਣੀਆਂ ਅਤੇ ਲੋਕ ਗੀਤਾਂ ਰਾਹੀਂ ਯਾਦ ਕੀਤਾ ਜਾਂਦਾ ਹੈ। ਮੁੱਢ ਤੋਂ ਹੀ ਦੁੱਲਾ ਭੱਟੀ ਦੀ ਬਹਾਦਰੀ ਤੋਂ ਪੰਜਾਬੀ ਸਮਾਜ ਪ੍ਰਭਾਵਿਤ ਰਿਹਾ ਹੈ।

ਦੁੱਲਾ ਭੱਟੀ ਦਾ ਜਨਮ ਕਰੀਬ 1547 ਵਿਚ ਮੌਜੂਦਾ ਜ਼ਿਲ੍ਹਾ ਹਾਫਿਜ਼ਾਬਾਦ (ਪਾਕਿਸਤਾਨ) ਦੇ ਬਦਰ ਇਲਾਕੇ ਵਿਚ ਚੂਚਕ ਪਿੰਡ ਦੇ ਨਜ਼ਦੀਕ ਰਾਜਪੂਤ ਫਰੀਦ ਖਾਂ ਭੱਟੀ ਅਤੇ ਬੀਬੀ ਲੱਧੀ ਦੇ ਘਰ ਹੋਇਆ। ਜਦੋਂ ਦੁੱਲੇ ਦਾ ਜਨਮ ਹੋਇਆ ਤਾਂ ਲੱਧੀ ਬੇੜੀ ਰਾਹੀਂ ਦਰਿਆ ਝਨਾਂ ਪਾਰ ਕਰ ਕੇ ਪਰਲੇ ਪਾਸੇ ਜਾ ਰਹੀ ਸੀ। ਦੁੱਲੇ ਦਾ ਪਿੰਡ ਝਨਾਂ ਵਿਚ ਆਏ ਹੜ੍ਹਾਂ ਵਿਚ ਰੁੜ੍ਹ ਜਾਣ ਕਰ ਕੇ ਉਸ ਦੇ ਕਬੀਲੇ ਦੇ ਲੋਕ ਉਥੋਂ ਪਿੰਡ ਰੋਹੀਵਾਲਾ ਖੂਹ ਆ ਗਏ ਜੋ ਹੁਣ ਚੂਚਕ ਨਾਂ ਨਾਲ ਜਾਣਿਆ ਜਾਂਦਾ ਹੈ। ਦੁੱਲੇ ਦੇ ਹੋਸ਼ ਸੰਭਾਲਣ ਤਕ ਉਸ ਦਾ ਪਰਿਵਾਰ ਪਿੰਡੀ ਭੱਟੀਆਂ ਆ ਕੇ ਵਸ ਗਿਆ। ਇਹ ਪਿੰਡ ਪਹਿਲਾਂ ਜ਼ਿਲ੍ਹਾ ਗੁੱਜਰਾਂਵਾਲਾ ਅਧੀਨ ਆਉਂਦਾ ਸੀ, ਬਾਅਦ ਵਿਚ ਹਾਫਿਜ਼ਾਬਾਦ ਜ਼ਿਲ੍ਹਾ ਬਣਨ 'ਤੇ ਇਸ ਅਧੀਨ ਆ ਗਿਆ। ਪੁਰਾਤਨ ਸਮੇਂ ਵਿਚ ਪਿੰਡੀ ਭੱਟੀਆਂ, ਦਿੱਲੀ ਤੋਂ ਕਾਬਲ ਜਾਣ ਵਾਲੀ ਸਿੱਧੀ ਸੜਕ 'ਤੇ ਮੌਜੂਦ ਸੀ। ਅੱਜ ਕੱਲ੍ਹ ਇਹ ਸੜਕ ਰਸਤੇ ਹਾਫਿਜ਼ਾਬਾਦ ਤੋਂ 59 ਕਿਲੋਮੀਟਰ ਅਤੇ ਲਾਹੌਰ ਤੋਂ 130 ਕਿਲੋਮੀਟਰ ਦੂਰ ਹੈ। ਬਰਤਾਨਵੀ ਸ਼ਾਸਨ ਸਮੇਂ ਇਸ ਪਿੰਡ ਨੂੰ ਰੇਲਵੇ ਸਟੇਸ਼ਨ ਸੁੱਖੇ ਕੀ ਲੱਗਦਾ ਸੀ ਜੋ ਉਥੋਂ ਤਕਰੀਬਨ 27 ਕਿਲੋਮੀਟਰ ਦੂਰ ਪੈਂਦਾ ਹੈ।

ਦੁੱਲਾ ਭੱਟੀ ਦਾ ਦਾਦਾ ਬਿਜਲੀ ਖਾਂ ਭੱਟੀ ਉਰਫ ਸਾਂਦਲ ਭੱਟੀ ਅਤੇ ਉਸ ਦੇ ਭਰਾ ਪਿਰੋਜੇ, ਫਤਿਹ ਖਾਂ ਤੇ ਰਾਉਸਮਾਨ ਖਾਂ ਬਾਦਸ਼ਾਹ ਬਾਬਰ ਦੇ ਸਮੇਂ ਤੋਂ ਮੁਗ਼ਲ ਸਲਤਨਤ ਨਾਲ ਲੋਹਾ ਲੈ ਰਹੇ ਸਨ। ਬਾਦਸ਼ਾਹ ਬਾਬਰ ਤੋਂ ਬਾਅਦ ਉਸ ਦੇ ਪੁੱਤਰ ਬਾਦਸ਼ਾਹ ਹਮਾਯੂੰ ਦੇ ਸ਼ਾਸਨ ਸਮੇਂ ਵੀ ਮੁਗ਼ਲ ਹਕੂਮਤ ਵੱਲੋਂ ਜਬਰਨ ਹਰ ਛੋਟੇ-ਵੱਡੇ ਜ਼ਿਮੀਂਦਾਰ ਪਾਸੋਂ ਲਗਾਨ ਲਿਆ ਜਾਂਦਾ। ਵੱਡੇ ਤੋਂ ਵੱਡਾ ਖੱਬੀ ਖਾਂ ਵੀ ਲਗਾਨ ਨਾ ਦੇਣ ਦੀ ਜੁਰਅਤ ਨਾ ਕਰਦਾ ਪਰ ਜਦੋਂ ਵੀ ਬਾਦਸ਼ਾਹ ਦੀ ਫੌਜ ਫਰੀਦ ਖਾਂ ਭੱਟੀ ਅਤੇ ਉਸ ਦੇ ਪਿਤਾ ਸਾਂਦਲ ਪਾਸ ਲਗਾਨ ਲੈਣ ਜਾਂਦੀ ਤਾਂ ਉਹ ਹਰ ਵਾਰ ਉਨ੍ਹਾਂ ਦੀ ਮਾਰ-ਕੁੱਟ ਕਰ ਕੇ ਉਨ੍ਹਾਂ ਨੂੰ ਉਥੋਂ ਭਜਾ ਦਿੰਦੇ ਅਤੇ ਨਾਲੇ ਟੌਹਰ ਨਾਲ ਕਹਿੰਦੇ, "ਅਸੀਂ ਤਾਂ ਖੁਦ ਆਪਣੇ ਇਲਾਕੇ ਸਾਂਦਲਬਾਰ ਦੇ ਹਾਕਮ ਹਾਂ, ਫਿਰ ਅਸੀਂ ਹਮਾਯੂੰ ਨੂੰ ਕਾਹਦਾ ਲਗਾਨ ਦੇਈਏ।"

ਵਾਰ-ਵਾਰ ਫਰੀਦ ਭੱਟੀ ਵੱਲੋਂ ਸਾਂਦਲਬਾਰ ਦਾ ਲਗਾਨ ਨਾ ਦੇਣ ਅਤੇ ਸ਼ਾਹੀ ਫੌਜ ਨਾਲ ਮਾਰ-ਧਾੜ ਕਰਨ ਦੀਆਂ ਖਬਰਾਂ ਸੁਣ-ਸੁਣ ਕੇ ਤੰਗ ਆ ਚੁੱਕੇ ਬਾਦਸ਼ਾਹ ਹਮਾਯੂੰ ਨੇ ਸ਼ਾਹੀ ਫਰਮਾਨ ਜਾਰੀ ਕਰਦਿਆਂ ਫਰੀਦ ਖਾਂ ਭੱਟੀ ਅਤੇ ਸਾਂਦਲ ਭੱਟੀ ਨੂੰ ਗ੍ਰਿਫਤਾਰ ਕਰ ਕੇ ਦਰਬਾਰ ਵਿਚ ਪੇਸ਼ ਕਰਨ ਦਾ ਹੁਕਮ ਦਿੱਤਾ। ਸ਼ਾਹੀ ਫੌਜ ਨੇ ਇਹ ਹੁਕਮ ਮਿਲਦਿਆਂ ਹੀ ਕਿਸੇ ਲਸ਼ਕਰ ਵਾਂਗ ਸਾਂਦਲਬਾਰ 'ਤੇ ਹਮਲਾ ਬੋਲ ਦਿੱਤਾ। ਸਾਂਦਲ ਤੇ ਉਸ ਦੇ ਪੁੱਤਰਾਂ-ਪਰਾਣਾ, ਸ਼ੈਖੂ ਅਤੇ ਫਰੀਦ ਨੇ ਆਪਣੇ ਸਾਥੀਆਂ ਸਮੇਤ ਡਟ ਕੇ ਮੁਗਲ ਫੌਜ ਦਾ ਮੁਕਾਬਲਾ ਕੀਤਾ ਪਰ ਅਖੀਰ ਭੱਟੀ ਰਾਜਪੂਤ ਇਹ ਲੜਾਈ ਹਾਰ ਗਏ। ਹਮਾਯੂੰ ਨੇ ਉਨ੍ਹਾਂ ਦੀਆਂ ਖੱਲਾਂ ਵਿਚ ਤੂੜੀ ਭਰਵਾ ਕੇ ਲਾਸ਼ਾਂ ਸ਼ਾਹੀ ਕਿਲ੍ਹੇ ਦੇ ਦਰਵਾਜ਼ੇ ਅੱਗੇ ਲਟਕਾ ਦਿੱਤੀਆਂ।



*ਮਿਆਨੀ ਸਾਹਿਬ ਕਬਰਿਸਤਾਨ ਵਿਚ ਦੁੱਲੇ ਭੱਟੀ ਦੀ ਕਬਰ*

ਆਪਣੇ ਵਡੇਰਿਆਂ ਵਾਂਗ ਅੜਬ ਤੇ ਅਮੋੜ ਸੁਭਾਅ ਵਾਲਾ ਦੁੱਲਾ ਬੜਾ ਸ਼ਰਾਰਤੀ ਸੀ। ਉਸ ਦੀਆਂ ਸ਼ਰਾਰਤਾਂ ਤੋਂ ਤੰਗ ਆ ਕੇ ਕਿਸੇ ਨੇ ਉਸ ਨੂੰ ਮਿਹਣਾ ਮਾਰਿਆਂ ਕਿ ਉਸ ਦਾ ਵੀ ਉਹੀ ਹਸ਼ਰ ਹੋਵੇਗਾ ਜੋ ਮੁਗਲਾਂ ਨੇ ਉਸ ਦੇ ਪਿਉ ਦਾਦੇ ਦਾ ਕੀਤਾ ਸੀ।

ਦੁੱਲੇ ਨੇ ਆਪਣੀ ਮਾਂ ਕੋਲ ਜਾ ਕੇ ਸੱਚਾਈ ਪੁੱਛੀ ਤਾਂ ਲੱਧੀ ਨੇ ਬਾਦਸ਼ਾਹ ਹਮਾਯੂੰ ਵੱਲੋਂ ਉਸ ਦੇ ਬਾਪ-ਦਾਦੇ ਨਾਲ ਕੀਤੇ ਸਲੂਕ ਦੀ ਸਾਰੀ ਜਾਣਕਾਰੀ ਉਸ ਨੂੰ ਦਿੱਤੀ ਜਿਸ ਨੂੰ ਸੁਣ ਕੇ ਉਸ ਦਾ ਅਣਖੀ ਖੂਨ ਉਬਾਲੇ ਖਾਣ ਲੱਗਾ। ਉਸ ਨੇ ਆਪਣੇ ਯਾਰਾਂ-ਦੋਸਤਾਂ ਨੂੰ ਇਕੱਠਾ ਕੀਤਾ ਅਤੇ ਮੁਗਲ ਦਰਬਾਰ ਨਾਲ ਸਬੰਧਤ ਮਨਸਬਦਾਰਾਂ ਅਤੇ ਸ਼ਾਹੂਕਾਰਾਂ ਪਾਸੋਂ ਘੋੜੇ, ਧਨ ਅਤੇ ਹਥਿਆਰ ਲੁੱਟਣੇ ਸ਼ੁਰੂ ਕਰ ਦਿੱਤੇ। ਜਲਦੀ ਹੀ ਉਸ ਨੇ ਬਾਰ ਦੇ ਲੜਾਕਿਆਂ ਦੀ ਵੱਡੀ ਫੌਜ ਤਿਆਰ ਕਰ ਕੇ ਬਾਦਸ਼ਾਹ ਅਕਬਰ ਖਿਲਾਫ ਬਗਾਵਤ ਦਾ ਐਲਾਨ ਕਰ ਦਿੱਤਾ।

ਲਗਾਤਾਰ ਦਸ ਵਰ੍ਹੇ ਮੁਗਲ ਫੌਜ ਨੂੰ ਉਲਝਾਈ ਰੱਖਣ ਵਾਲੇ ਦੁੱਲੇ ਨੂੰ ਜ਼ੰਜੀਰਾਂ ਵਿਚ ਜਕੜ ਕੇ ਬਾਦਸ਼ਾਹ ਅਕਬਰ ਦੇ ਦਰਬਾਰ ਵਿਚ ਪੇਸ਼ ਕੀਤਾ ਗਿਆ। ਅਕਬਰ ਦੇ ਹੁਕਮ ਨਾਲ ਉਸ ਨੂੰ 26 ਮਾਰਚ 1589 ਨੂੰ ਲਾਹੌਰ ਦੇ ਮੁਹੱਲਾ ਨਖਾਸ (ਲੰਡਾ ਬਜ਼ਾਰ) ਵਿਚ ਨੌਲੱਖਾ ਬਜ਼ਾਰ ਨੇੜੇ ਫਾਂਸੀ 'ਤੇ ਲਟਕਾ ਦਿੱਤਾ ਗਿਆ। ਬਾਅਦ ਵਿਚ ਦੁੱਲੇ ਨੂੰ ਉਸ ਦੇ ਪਰਿਵਾਰ ਵਾਲਿਆਂ ਲਾਹੌਰ ਦੇ ਮਿਆਨੀ ਸਾਹਿਬ ਕਬਰਿਸਤਾਨ ਵਿਚ ਦਫਨਾ ਦਿੱਤਾ। ਇਹ ਕਬਰਿਸਤਾਨ ਦੇਸ਼ ਦੀ ਵੰਡ ਤੋਂ ਪਹਿਲਾਂ ਏਸ਼ੀਆ ਦਾ ਸਭ ਤੋਂ ਵੱਡਾ ਕਬਰਿਸਤਾਨ ਹੁੰਦਾ ਸੀ। 1943 ਵਿਚ ਲਾਹੌਰ ਦੇ ਮਿਆਨੀ ਸਾਹਿਬ ਕਬਰਿਸਤਾਨ ਵਿਚ ਇਕ ਕਬਰ ਨੂੰ ਲਾਹੌਰ ਦੇ ਕਿਸੇ ਬਜ਼ੁਰਗ ਦੀ ਨਿਸ਼ਾਨਦੇਹੀ 'ਤੇ ਦੁੱਲਾ ਭੱਟੀ ਦੀ ਕਬਰ ਵਜੋਂ ਕੁਝ ਭੱਟੀ ਰਾਜਪੂਤਾਂ ਵੱਲੋਂ ਮਾਨਤਾ ਦੇਣ ਤੋਂ ਬਾਅਦ ਇਸ ਨੂੰ ਦੁੱਲਾ ਭੱਟੀ ਅਕੈਡਮੀ ਦੇ ਚੇਅਰਮੈਨ ਬਸ਼ੀਰ ਅਹਿਮਦ ਭੱਟੀ ਨੇ ਉਪਰਾਲਾ ਕਰ ਕੇ 24 ਮਾਰਚ 1988 ਨੂੰ ਪੰਜਾਬ ਸਰਕਾਰ (ਪਾਕਿਸਤਾਨ) ਦੀ ਤਰਫੋਂ ਦੁੱਲਾ ਭੱਟੀ ਦੇ ਇਤਿਹਾਸਕ ਸਮਾਰਕ ਵਜੋਂ ਮਾਨਤਾ ਦਿਵਾ ਲਈ। ਦੁੱਲੇ ਭੱਟੀ ਦੀ ਕਬਰ 'ਤੇ ਲੱਗੀ ਸਿੱਲ੍ਹ 'ਤੇ ਇਹ ਇਬਾਰਤ ਦਰਜ ਹੈ,

ਬਿਸਮਿਲਾ ਅਲਾਰਿਹਮਾਨ ਓ ਰਹੀਮ
ਮੈਂ ਭੰਨ੍ਹਾਂ ਦਿੱਲੀ ਦੇ ਕਿੰਗਰੇ
ਰਕਬਾ 75 ਤੇ 88
ਦੁੱਲਾ ਭੱਟੀ ਸ਼ਹੀਦ
ਤਾਰੀਖ ਸ਼ਹਾਦਤ 26 ਮਾਰਚ 1589

# ਆਉਣ ਵਾਲੀ ਰਾਜਨੀਤੀ ਤੇ ਮੌਸਮ ਦੀ ਗੱਲ


ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਇਸ ਵਾਰੀ ਨਵੇਂ ਵਰ੍ਹੇ ਦਾ ਮੌਸਮ ਕੁਝ ਬਹੁਤਾ ਹੀ ਧੁੰਦਲਾ ਹੈ, ਉਤਰੀ ਭਾਰਤ ਵਿਚ ਖਾਸ ਕਰਕੇ। ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਤ੍ਰਿਸ਼ੰਕੂ ਜਿੱਤ ਨੇ ਰਾਜਨੀਤੀ ਨੂੰ ਵੀ ਧੁੰਦਲਕੀ ਕਰ ਦਿੱਤਾ ਹੈ। ਬਿਜਲੀ-ਪਾਣੀ ਦੀਆਂ ਥੁੜ੍ਹਾਂ ਅਤੇ ਮਹਿੰਗਾਈ, ਬੇਰੋਜ਼ਗਾਰੀ ਦੀ ਬਹੁਲਤਾ ਨੂੰ ਨਵੀਂ ਪਾਰਟੀ ਦਾ ਨਵਾਂ ਤੇ ਨੌਜਵਾਨ ਨੇਤਾ ਅਰਵਿੰਦ ਕੇਜਰੀਵਾਲ ਕਿਵੇਂ ਹਲ ਕਰਦਾ ਹੈ, ਇਹ ਤਾਂ ਸਮੇਂ ਦੇ ਹੱਥ ਹੈ ਪਰ ਇਸ ਦੀ ਚੜ੍ਹਤ ਨੇ ਜਿਹੜਾ ਵਰਤਮਾਨ ਰਾਜ ਪ੍ਰਣਾਲੀ ਤੋਂ ਵਿਸ਼ਵਾਸ ਦਾ ਢੱਕਣ ਚੁੱਕਿਆ ਹੈ ਇਸ ਨੇ ਰਾਜਨੀਤਕ ਧੁੰਦਲਾਪਨ ਡੂੰਘਾ ਕੀਤਾ ਹੈ। ਦੇਸ਼ ਦੀ ਡੁਬਕੀਆਂ ਲੈਂਦੀ ਰਾਜਨੀਤੀ ਨੂੰ ਆਮ ਆਦਮੀ ਪਾਰਟੀ ਦਾ ਤਿਨਕਾ ਕਿੰਨਾ ਕੁ ਸਹਾਰਾ ਦਿੰਦਾ ਹੈ ਇਹ ਵੀ ਦੇਖਣ ਵਾਲੀ ਗੱਲ ਹੈ। ਇੱਕ ਗੱਲ ਤਾਂ ਸਪਸ਼ਟ ਹੀ ਹੈ ਕਿ ਧੁੰਦਲਕਾ ਬਹੁਤ ਵੱਧ ਗਿਆ ਹੈ। ਰਾਜਨੀਤੀ ਦੇ ਪੰਡਿਤਾਂ ਦਾ ਕਹਿਣਾ ਹੈ ਕਿ ਇਹ ਸਾਡੀ ਵਧੀਆ ਲੋਕ ਰਾਜ ਪ੍ਰਣਾਲੀ ਦੀ ਦੇਣ ਹੈ। ਇਹ ਦੇਣ ਕਿੰਨੀ ਕੁ ਹਾਂ ਪੱਖੀ ਹੈ? ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਦੱਸਣਾ ਹੈ। ਹਾਲ ਦੀ ਘੜੀ ਤਾਂ ਚਾਨਣ ਦੀ ਆਸ ਹੀ ਰਖੀ ਜਾ ਸਕਦੀ ਹੈ।

ਇਹੋ ਜਿਹੇ ਵਿਚ ਕਈ ਵਾਰੀ ਖੇਤਰੀ ਜਾਂ ਹਾਸ਼ੀਏ ਉਤੇ ਬੈਠੀਆਂ ਪਾਰਟੀਆਂ ਡਾਵਾਂਡੋਲ ਰਾਜਨੀਤੀ ਦਾ ਠੁੰਮਣਾ ਬਣ ਜਾਂਦੀਆਂ ਹਨ ਪਰ ਹਾਲ ਦੀ ਘੜੀ ਇਹੋ ਜਿਹੀ ਕੋਈ ਸਥਿਤੀ ਨਜ਼ਰ ਨਹੀਂ ਆ ਰਹੀ। ਕੁਝ ਸ਼ੁਭਚਿੰਤਕ ਦੇਸ਼ ਦੀਆਂ ਮਹਿਲਾ ਨੇਤਾਵਾਂ 'ਤੇ ਟੇਕ ਲਾਈ ਬੈਠੇ ਹਨ। ਉਨ੍ਹਾਂ ਦਾ ਮੱਤ ਹੈ ਕਿ ਭੈਣ ਜੀ, ਦੀਦੀ ਤੇ ਅੰਮਾ ਭਾਵ ਮਾਯਾਵਤੀ, ਮਮਤਾ ਬੈਨਰਜੀ ਤੇ ਜੈਲਲਿਤਾ ਇਕ ਮੁੱਠ ਹੋ ਕੇ ਜਾਂ ਇਕੱਲੀਆਂ ਇਕੱਲੀਆਂ ਅਜਿਹਾ ਪਾਸਕੂ ਬਣ ਸਕਦੀਆਂ ਹਨ ਕਿ ਦੇਸ਼ੂ ਦੀ ਰਾਜਨੀਤੀ ਵਿਚ ਸਾਵਾਂਪਨ ਆ ਜਾਵੇ। ਅਜਿਹੀ ਸੋਚ ਨੂੰ ਆਪਾਂ ਸ਼ੁਭਚਿੰਤਕ ਤਾਂ ਕਹਿ ਸਕਦੇ ਹਾਂ ਪਰ ਇਹ ਮਸਲੇ ਹੱਲ ਨਹੀਂ ਕਰਦੀ। ਉਂਜ ਸਿਆਣਿਆਂ ਦਾ ਕਥਨ ਹੈ ਕਿ ਮੌਸਮ ਵਿਗਿਆਨੀ ਕਿਸੇ ਕਾਰਨ





*ਅਰਵਿੰਦ ਕੇਜਰੀਵਾਲ*

ਭਵਿੱਖਵਾਣੀ ਠੀਕ ਨਾ ਕਰ ਸਕਣ ਤਾਂ ਨੀਲੀ ਛਤਰੀ ਦੇ ਰੰਗ ਢੰਗ ਵੇਖ ਕੇ ਮਜ਼ਾ ਲੈਣ ਵਿਚ ਹੀ ਭਲਾ ਹੈ। ਹੋਰ ਕੁਝ ਹੋਵੇ ਨਾ ਹੋਵੇ ਆਉਣ ਵਾਲੇ ਮਹੀਨੇ ਦੇਸ਼ਵਾਸੀਆਂ ਲਈ ਰੁੱਖੇ ਨਹੀਂ ਰਹਿਣ ਲੱਗੇ। ਵੇਖੋ ਕੀ ਬਣਦਾ ਹੈ। ਨਵੇਂ ਵਰ੍ਹੇ ਦਾ ਸਵਾਗਤ ਤਾਂ ਕਰੀਏ।

**ਭਾਰਤ ਦੀਆਂ ਭੱਜੀਆਂ ਬਾਹਾਂ:** ਭਾਰਤ ਨੂੰ ਸਾਰਕ ਦੇਸ਼ਾਂ ਦਾ ਜਿਸਮ ਮੰਨੀਏ ਤਾਂ ਪਾਕਿਸਤਾਨ ਤੇ ਬੰਗਲਾ ਦੇਸ਼ ਇਹਦੇ ਨਾਲੋਂ ਟੁੱਟੇ ਹੋਣ ਦੇ ਬਾਵਜੂਦ ਇਸ ਦਾ ਅੰਗ ਮਾਤਰ ਹਨ। ਜਦੋਂ ਉਨ੍ਹਾਂ ਦੀ ਚੰਗੀ ਖਬਰ ਆਉਂਦੀ ਹੈ ਤਾਂ ਵਧੀਆ ਲਗਦੀ ਹੈ। ਪਾਕਿਸਤਾਨ ਵਿਚ ਨਵਾਜ਼ ਸ਼ਰੀਫ ਤੇ



*ਸ਼ੇਖ ਹਸੀਨਾ*

ਬੰਗਲਾ ਦੇਸ਼ ਵਿਚ ਸ਼ੇਖ ਹਸੀਨਾ ਦੀ ਚੜ੍ਹਤ ਸਾਡੇ ਲਈ ਚੰਗੀ ਹਵਾ ਦੇ ਬੁਲ੍ਹੇ ਵਾਂਗ ਹੈ। ਨਵੇਂ ਸਾਲ ਵਿਚ ਇਸ ਨੂੰ 'ਜੀ ਆਇਆਂ ਨੂੰ' ਕਹਿਣਾ ਵੀ ਬਣਦਾ ਹੈ।

**ਧੁੱਪ ਦੀ ਮਹਿਫਿਲ ਇੱਕ ਸਾਹਿਤਕ ਮੇਲਾ:** ਇਸ ਵਰ੍ਹੇ ਵਾਲੀ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਨਵੇਂ ਸਾਲ ਦੀ ਆਮਦ ਉਤੇ ਨਵਯੁੱਗ ਫਾਰਮ, ਮਹਿਰੌਲੀ ਵਿਖੇ ਮਨਾਈ ਜਾਣ ਵਾਲੀ ਧੁੱਪ ਦੀ ਮਹਿਫਿਲ ਉਚੇਚੀ ਕਹੀ ਜਾ ਸਕਦੀ ਹੈ। ਮੌਸਮ ਦਾ ਪੂਰਾ ਨਿੱਘ ਮਾਨਣ ਤੇ ਗਰਮਾ-ਗਰਮ ਚਾਹ, ਕਾਫੀ, ਪਕੌੜੇ ਤੇ ਲੰਗਰ ਦਾ ਸੇਵਨ ਕਰਨ ਹਿੱਤ ਮਹਿਫਿਲ ਦੀ ਮਿਤੀ 19 ਜਨਵਰੀ ਰੱਖੀ ਗਈ ਹੈ। ਸਨਮਾਨੇ ਜਾਣ ਵਾਲੇ ਸਾਰੇ ਸੱਜਣਾਂ ਨੇ ਮਹਿਫਿਲ ਵਿਚ ਹਾਜ਼ਰ ਹੋਣ ਦਾ ਹੁੰਗਾਰਾ ਭਰਿਆ ਹੈ। ਇਨ੍ਹਾਂ ਪਤਵੰਤਿਆਂ ਵਿਚ ਅੱਸੀਆਂ ਨੂੰ ਟੱਪੇ ਪੱਤਰਕਾਰ ਕੁਲਦੀਪ ਨੱਈਅਰ ਤੇ ਸ਼ਾਇਰ ਜਸਵੰਤ ਸਿੰਘ ਨੇਕੀ ਤੋਂ ਬਿਨਾਂ ਡਾ. ਬਲਦੇਵ ਸਿੰਘ ਬੱਧਨ, ਪ੍ਰੋ. ਹਰਬੰਸ ਸਿੰਘ ਚਾਵਲਾ, ਇਤਿਹਾਸਕਾਰ ਡਾ. ਰਵੇਲ ਸਿੰਘ ਤੇ ਸ. ਪਿਆਰਾ ਸਿੰਘ ਐਮ ਏ ਵਰਗੇ ਉਹ ਨਾਮਵਰ ਸੱਜਣ ਵੀ ਸ਼ਾਮਲ ਹਨ ਜਿਨ੍ਹਾਂ ਨੇ ਇਸ ਵਰ੍ਹੇ ਪੰਜਾਬੀ ਦੇ ਅਕਾਦਮਿਕ ਵਿਦਿਅਕ ਤੇ ਰਚਨਾਤਮਿਕ ਜਗਤ ਵਿਚ ਆਪਣਾ ਭਰਪੂਰ ਯੋਗਦਾਨ ਪਾ ਕੇ ਨਵਾਂ ਮੋੜ ਕੱਟਿਆ ਹੈ ਜਾਂ ਕੱਟਣਾ ਹੈ। ਡਾ. ਬੱਧਨ ਤੇ ਡਾ. ਰਵੇਲ ਸਿੰਘ ਦੀ ਕਾਰਗੁਜ਼ਾਰੀ ਤਾਂ ਨੋਟ ਕਰਨ ਵਾਲੀ ਹੈ ਹੈ ਪਿਆਰਾ ਸਿੰਘ ਐਮ ਏ 1942 ਵਿਚ ਸਭਾ ਦੀ ਸਥਾਪਨਾ ਦੇ ਸਮੇਂ ਤੋਂ ਇਸ ਦੇ ਸਰਗਰਮ ਕਾਰਕੁਨ ਰਹੇ ਹਨ। 1980 ਵਿਚ ਬਰਤਾਨੀਆਂ ਦੀ ਧਰਤੀ ਉਤੇ ਵਿਸ਼ਵ ਪੰਜਾਬੀ ਕਾਨਫਰੰਸਾਂ ਦਾ ਮੁੱਢ ਬੰਨ੍ਹਣ ਵਾਲੇ ਸ੍ਰੀ ਰਣਜੀਤ ਧੀਰ ਦੀ ਉਚੇਚੀ ਹਾਜ਼ਰੀ ਨਾਲ ਸਨਮਾਨ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ ਸੱਤ ਹੋ ਜਾਂਦੀ ਹੈ। ਚੇਤੇ ਰਹੇ, ਪਿਛਲੇ ਸਾਲ ਸਿਰਮੌਰ ਪੱਤਰਕਾਰ ਤੇ ਲੇਖਕ ਸ. ਖੁਸ਼ਵੰਤ ਸਿੰਘ ਸਿਹਤ ਵਜੋਂ ਢਿੱਲੇ ਹੋਣ ਕਾਰਨ ਮਹਿਫਿਲ ਵਿਸ਼ ਸ਼ਾਮਲ ਨਹੀਂ ਸਨ ਹੋ ਸਕੇ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਸੁਜਾਨ ਸਿੰਘ ਪਾਰਕ ਵਾਲੇ ਘਰ ਜਾ ਕੇ ਸਨਮਾਨਤ ਕੀਤਾ ਗਿਆ ਸੀ। ਇਹ ਵਰ੍ਹਾ 1914 ਵਿਚ ਜਨਮੇ ਭਾਪਾ ਪ੍ਰੀਤਮ ਸਿੰਘ ਦੀ ਜਨਮ ਸ਼ਤਾਬਦੀ ਦਾ ਵਰ੍ਹਾ ਵੀ ਹੈ। ਇਸ ਵਰ੍ਹੇ ਮਹਿਫਿਲ ਦੀ ਪ੍ਰਧਾਨਗੀ ਕਰਨ ਲਈ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਪਟਿਆਲਾ ਤੋਂ ਉਚੇਚੇ ਆ ਰਹੇ ਹਨ। ਪਤਾ ਲੱਗਿਆ ਹੈ ਕਿ ਯਮਲਾ ਜੱਟ ਦਾ ਚੇਲਾ ਤੇ ਹਰਫਨ ਮੌਲਾ ਨਿੰਦਰ ਘੁਗਿਆਣਵੀ ਵੀ ਪਹੁੰਚ ਰਿਹਾ ਹੈ। ਹੋ ਸਕਦਾ ਹੈ ਆਪਣੀ ਤੂੰਬੀ ਲੈ ਕੇ ਆਵੇ। ਆਸ ਹੈ ਕਿ ਉਦੋਂ ਤੱਕ ਮੌਸਮ ਪੂਰਨ ਤੌਰ 'ਤੇ ਸਾਫ਼ ਹੋ ਜਾਵੇਗਾ। ਸਭਾ ਵੱਲੋਂ ਪੰਜਾਬੀ ਪਿਆਰਿਆਂ ਨੂੰ ਖੁੱਲ੍ਹਾ ਸੱਦਾ ਹੈ।

**ਅੰਤਿਕਾ:** (ਮੱਖਣ ਸਿੰਘ ਕੁਹਾੜ)
ਚਾਨਣ ਦੇ ਦੁਸ਼ਮਣੋ
ਚਾਨਣ ਕਦੇ ਮਰਦਾ ਨਹੀਂ,
ਜ਼ਖ਼ਮ ਖਾ ਸਕਦੈ
ਮਗਰ ਇਹ ਨ੍ਹੇਰ ਤੋਂ ਡਰਦਾ ਨਹੀਂ।
ਗੇੜ ਪੁੱਠਾ ਦੇਣ ਦੀ ਇਤਿਹਾਸ ਨੂੰ
ਕੋਸ਼ਿਸ਼ ਨਾ ਕਰ
ਇਹ ਉਹ ਪਹੀਆ ਹੈ ਜੁ
ਪੁੱਠਾ ਘੁੰਮਿਆ ਕਰਦਾ ਨਹੀਂ।

## ਕਾਵਿ-ਜਗਤ

### ਮੋਰਚੇ ਸਾਂਭ ਲਓ

ਮਸਜਿਦ ਹਰਿਮੰਦਰ ਢਾਹੁਣ ਵਾਲੇ
ਹੋ ਗਏ ਨੇ ਫੇਰ ਇਕੱਠੇ
ਜਨਤਾ ਨੂੰ ਗੁਮਰਾਹੁਣ ਵਾਲੇ।
ਮੂੰਹ ਵਿਚ ਸਿਪਲੇ ਬੋਲ ਧਰਨਗੇ
ਹੱਥ ਵਿਚ ਬਾਰੂਦ ਬੰਦੂਕ ਫੜਨਗੇ
ਚਰਚ ਵੱਲ ਹੁਣ ਕੂਚ ਕਰਨਗੇ
ਮੋਰਚੇ ਸਾਂਭ ਲਓ...।

ਗੁਰਜ, ਤ੍ਰਿਸ਼ੂਲ, ਕਿਰਪਾਨਾਂ, ਮਸ਼ਾਲਾਂ
ਧਰਮਾਂ ਦੇ ਨਾਂ ਸ਼ਾਂਤੀ ਮਾਰਚ
ਸਦਭਾਵਨਾ ਪੈਗ਼ਾਮ ਦਿੰਦੇ ਆਦਮ-ਬੰਬ
ਜਾਗਰੂਕਤਾ ਫੈਲਾਉਂਦੇ ਸਮਾਜ ਵਿਚ
ਚਵਾਤੀਆਂ ਲਾਉਣਗੇ
ਤਬਾਹੀ ਮਚਾਉਣਗੇ
ਦੰਗੇ ਭੜਕਾਉਣਗੇ
ਭਰਾਵਾਂ ਨੂੰ ਲੜਾਉਣਗੇ
ਮੋਰਚੇ ਸਾਂਭ ਲਓ...।

ਕਾਲੇ, ਪੀਲੇ, ਸਫ਼ੈਦਪੋਸ਼, ਨੀਲੇ
ਨਿੱਤ ਦਿਨ ਰੰਗ ਬਦਲਦੇ ਬਸਤਰ
ਝੰਡੀਆਂ ਵਾਲੀਆਂ ਲੰਮੀਆਂ ਲਿੰਮੋ
ਵੰਡਣ ਹੈਰੋਇਨ, ਸਮੈਕ, ਨਸ਼ੀਲੀਆਂ ਪੁੜੀਆਂ
ਵਾਰਨਗੇ ਤੁਹਾਡੇ ਸਿਰ ਉਤੋਂ
ਨਕਲੀ ਨੋਟਾਂ ਦੀਆਂ ਥੱਦੀਆਂ
ਜਿੱਤਣ ਲਈ ਤੁਹਾਡਾ ਵਿਸ਼ਵਾਸ
ਮੋਰਚੇ ਸਾਂਭ ਲਓ...।

ਇੱਕ ਰੁਪਏ ਕਿੱਲੋ ਚੌਲ-ਆਟਾ
ਮਿਲੇਗਾ, ਪਰ ਫਾਈਲਾਂ ਵਿਚ।
ਦਿਲ-ਲੁਭਾਊ ਆਕਰਸ਼ਕ ਨਾਅਰੇ
ਢਾਹ ਦੇਣੇ ਝੁੱਗੀਆਂ, ਕੱਚੇ ਢਾਰੇ
ਨਾ ਗ਼ਰੀਬ ਨਾ ਗ਼ੁਰਬਤ ਰਹਿਣੀ
ਮੌਲਣਗੇ ਹਰ ਥਾਂ ਮਹਿਲ ਮੁਨਾਰੇ।
ਮੋਰਚੇ ਸਾਂਭ ਲਓ...।

ਬੁੱਕਲ ਵਿਚ ਤੇਜ਼ਾਬ-ਬੋਤਲ, ਪਿਸਟਲ
ਨੀਵੇਂ ਚੱਲਦੇ ਮੁਸਕਰਾਉਂਦੇ
ਮੌਕਾ ਤਾੜਦੇ ਸ਼ਿਕਾਰੀ ਵਾਂਗ
ਸ਼ਹਿ ਮਾਰ ਕੇ ਝਪਟ ਪੈਣ ਲਈ
ਕੁੜੀਆਂ ਚਿੜੀਆਂ ਕੂੰਜਾਂ ਦੀ ਡਾਰ 'ਤੇ
ਮੋਰਚੇ ਸਾਂਭ ਲਓ...।

ਜਿਸਮ ਜ਼ਮੀਰਾਂ ਦੇ ਸੌਦਾਗਰ
ਮੰਡੀਆਂ ਵੱਲ ਨੂੰ ਕੂਚ ਕਰਨਗੇ
ਸੋਨੇ ਦੇ ਉਹ ਮਿਰਗ ਫੜਨਗੇ
ਅਬਲਾ ਬਾਜਾਰੀਂ ਪਤ ਰੁਲੇਗੀ
ਉਮੀਦਵਾਰ ਦੀ ਔਕਾਤ ਤੁਲੇਗੀ
ਸਿਆਸਤ ਦੀ ਬਿੱਡ ਖੁੱਲ੍ਹੇਗੀ
ਮੋਰਚੇ ਸਾਂਭ ਲਓ...।

ਦਸ ਰੁਪਏ ਬੁੱਕ ਪਾਣੀ ਦਾ
ਪੰਦਰਾਂ ਰੁਪਏ ਯੂਨਿਟ ਬਿਜਲੀ
ਸੌ ਰੁਪਏ ਕਿੱਲੋ ਰੇਤਾ ਬਜਰੀ
ਮਹਿੰਗਾਈ, ਬੇਕਾਰੀ, ਭ੍ਰਿਸ਼ਟਾਚਾਰੀ
ਨਵੇਂ ਭਵਨਾਂ ਦਾ ਨਿਰਮਾਣ
ਮੇਰਾ ਭਾਰਤ ਦੇਸ਼ ਮਹਾਨ
ਮੋਰਚੇ ਸਾਂਭ ਲਓ...।

ਹਵਾਵਾਂ ਦੇ ਜ਼ਖੀਰੇ ਭਰਨਗੇ
ਚਾਨਣ ਧੁੱਪਾਂ ਨੂੰ ਕੈਦ ਕਰਨਗੇ
ਸਾਹਾਂ 'ਤੇ ਉਹ ਟੈਕਸ ਲਾਉਣਗੇ
ਮਜਦੂਰਾਂ ਦਾ ਨਿਕਲੂ ਕਚੂਮਰ
ਭੁੱਖੇ ਢਿੱਡਾਂ ਦੇ ਢੋਲ ਵਜਾਉਣਗੇ
ਜਨਤਾ ਦਾ ਮਨ ਪਰਚਾਉਣਗੇ
ਮੋਰਚੇ ਸਾਂਭ ਲਓ...।
ਮੋਰਚੇ ਸਾਂਭ ਲਓ...।

***-ਚਰਨਜੀਤ ਪੰਨੂ, ਸੈਨ ਹੋਜ਼ੇ***

*To Advertise with Punjab Times*
*Call: 847-359-0746*

# ਆਮ ਆਦਮੀ ਪਾਰਟੀ ਦੇ ਦਫਤਰ 'ਤੇ ਹਮਲੇ ਲਈ ਜ਼ਿੰਮੇਵਾਰ ਧਿਰਾਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੁਰਾਣੇ ਬਾਬੇ ਇੱਕ ਸਮਝਾਉਣੀ ਅਕਸਰ ਦਿਆ ਕਰਦੇ ਸਨ ਕਿ ਜਿਸ ਬੰਦੇ ਨੂੰ ਆਪਣੀ ਗੱਲ ਉਤੇ ਯਕੀਨ ਨਾ ਹੋਵੇ, ਉਹ ਗਾਲ੍ਹ ਕੱਢਣ ਲੱਗ ਪੈਂਦਾ ਹੈ ਤੇ ਜਿਸ ਦੀ ਗਾਲ੍ਹ ਕੱਢਣ ਨਾਲ ਤਸੱਲੀ ਨਾ ਹੁੰਦੀ ਹੋਵੇ, ਉਹ ਗਲ ਪੈਣ ਦੇ ਰਾਹ ਪੈ ਜਾਂਦਾ ਹੈ। ਇਹ ਗੱਲ ਅਸੀਂ ਬੜੀ ਵਾਰ ਰਾਜਨੀਤੀ ਵਿਚ ਵੀ ਵੇਖੀ ਹੈ। ਦਿੱਲੀ ਦੇ ਨਾਲ ਲੱਗਦੇ ਕੌਸ਼ੰਬੀ ਕਸਬੇ 'ਚ ਆਮ ਆਦਮੀ ਪਾਰਟੀ ਦੇ ਦਫਤਰ 'ਤੇ ਹੋਇਆ ਹਮਲਾ ਵੀ ਇਸੇ ਸੋਚਣੀ ਦਾ ਪ੍ਰਤੀਕ ਹੈ। ਹਿੰਦੁਤਵ ਦੇ ਨਾਂ 'ਤੇ ਇੱਕ ਖਾਸ ਰੰਗ ਦੀ ਰਾਜਨੀਤੀ ਕਰਦੀ ਧਿਰ ਨੂੰ ਜਦੋਂ ਹੋਰ ਕੁਝ ਨਾ ਸੁੱਝਾ ਤਾਂ ਉਸ ਨੇ ਆਪਣੇ ਬੰਦੇ ਭੇਜ ਕੇ ਭੰਨ-ਤੋੜ ਕਰਵਾ ਦਿੱਤੀ ਜਿਨ੍ਹਾਂ ਉਥੇ ਹਾਜ਼ਰ ਔਰਤਾਂ ਨਾਲ ਵੀ ਸਿਰੇ ਦੀ ਬਦਕਲਾਮੀ ਕੀਤੀ।

ਆਮ ਆਦਮੀ ਪਾਰਟੀ ਦੇ ਵੱਲ ਸ਼ੁਭ ਭਾਵਨਾਵਾਂ ਦੇ ਬਾਵਜੂਦ ਕਈ ਗੱਲਾਂ ਬਾਰੇ ਸਾਡੇ ਮਨ ਵਿਚ ਵੀ ਵਿਸਵਿਸੇ ਹਨ। ਇਹ ਮੱਤਭੇਦ ਰੱਖਣ ਦਾ ਹੱਕ ਸਾਨੂੰ ਇਸ ਦੇਸ਼ ਦਾ ਸੰਵਿਧਾਨ ਵੀ ਦਿੰਦਾ ਹੈ ਤੇ ਲੋਕਤੰਤਰ ਦੀ ਉਹ ਮਰਿਆਦਾ ਵੀ, ਜਿਸ ਦਾ ਝੰਡਾ ਇਹ ਪਾਰਟੀ ਚੁੱਕ ਕੇ ਤੁਰੀ ਹੈ। ਮਿਸਾਲ ਦੇ ਤੌਰ ਉਤੇ ਅਸੀਂ ਇਹੋ ਗੱਲ ਸਮਝਣ ਤੋਂ ਅਸਮਰਥ ਹਾਂ ਕਿ ਇਸ ਪਾਰਟੀ ਦਾ ਨਿਸ਼ਾਨਾ ਸਿਰਫ ਇਸ ਦੇਸ਼ ਦੇ ਸੰਵਿਧਾਨ ਮੁਤਾਬਕ ਚੱਲਣਾ ਹੈ, ਕੋਈ ਨਵੀਂ ਪਿਰਤ ਪਾਉਣ ਦੀ ਗੱਲ ਉਹ ਸ਼ਾਇਦ ਇਸ ਲਈ ਨਹੀਂ ਕਰ ਰਹੀ ਕਿ ਦੇਸ਼ ਦੇ ਲੋਕਾਂ ਵਿਚ ਕੋਈ ਏਦਾਂ ਦਾ ਸੰਦੇਸ਼ ਨਾ ਚਲਾ ਜਾਵੇ ਕਿ ਇਹ ਦੇਸ਼ ਦਾ ਪ੍ਰਬੰਧ ਹੀ ਬਦਲ ਦੇਣਾ ਚਾਹੁੰਦੇ ਹਨ। ਜਦੋਂ ਉਹ ਦਿੱਲੀ ਵਿਚ ਲਾਏ ਧਰਨਿਆਂ ਦੇ ਮੰਚ ਤੋਂ 'ਇਨਕਲਾਬ ਜ਼ਿੰਦਾਬਾਦ' ਦਾ ਨਾਹਰਾ ਲਾਉਂਦੇ ਸਨ, ਭਾਰਤੀ ਜਨਤਾ ਪਾਰਟੀ ਸਣੇ ਕਈ ਪਾਰਟੀਆਂ ਦੇ ਆਗੂ ਇਹ ਕਹਿੰਦੇ ਸਨ ਕਿ ਅੰਨਾ ਹਜ਼ਾਰੇ ਦਾ ਭ੍ਰਿਸ਼ਟਾਚਾਰ ਵਿਰੋਧੀ ਮੰਚ ਅਸਲ ਵਿਚ ਮਾਓਵਾਦੀਆਂ ਦਾ ਜਨਤਕ ਮੰਚ ਹੈ। ਉਦੋਂ ਕਿਰਨ ਬੇਦੀ ਵੀ ਉਸ ਮੰਚ ਤੋਂ ਇਹੋ ਨਾਹਰੇ ਮਾਰਦੀ ਸੀ, ਪਰ ਜਦੋਂ ਕਿਰਨ ਭਾਜਪਾ ਦੇ ਵਿਹੜੇ ਜਾ ਵੜੀ ਤੇ ਅੰਨਾ ਦੇ ਮੰਚ ਤੋਂ ਭਾਸ਼ਣ ਕਰ ਚੁੱਕਾ ਭਾਰਤੀ ਫੌਜ ਦਾ ਸਾਬਕਾ ਮੁਖੀ ਜਨਰਲ ਵੀ ਕੇ ਸਿੰਘ ਵੀ ਉਥੇ ਚਲਾ ਗਿਆ ਤਾਂ ਉਹ ਇਹ ਕਹਿਣ ਲੱਗੇ ਕਿ ਅੰਨਾ ਦੇ ਅਸਲੀ ਸਾਥੀ ਸਾਡੇ ਨਾਲ ਆ ਗਏ ਹਨ।

ਅੰਨਾ ਦੇ ਸਾਥੀਆਂ ਵਿਚ ਅਸਲੀ ਕੌਣ ਲੋਕ ਹਨ ਅਤੇ ਘੁਸਪੈਠ ਕਰਨ ਵਾਲੇ ਕੌਣ, ਇਹ ਵੀ ਸਭ ਨੂੰ ਪਤਾ ਹੈ। ਆਮ ਆਦਮੀ ਪਾਰਟੀ ਵੱਲੋਂ ਇਸ ਦੇਸ਼ ਵਿਚ ਚੱਲ ਰਹੇ ਰਾਜ-ਪ੍ਰਬੰਧ ਵਿਚ ਲੁੱਟੀ ਜਾ ਰਹੀ ਜਮਾਤ ਦੀ ਰਾਖੀ ਦੇ ਸਵਾਲ ਸਣੇ ਕਈ ਗੱਲਾਂ ਬਾਰੇ ਚੁੱਪ ਰਹਿਣਾ ਸਾਨੂੰ ਵੀ ਚੁਭ ਸਕਦਾ ਹੈ, ਪਰ ਇਸ ਦਾ ਇਹ ਅਰਥ ਨਹੀਂ ਕਿ ਜੇ ਕੋਈ ਵਖਰੇਵਾਂ ਹੈ ਤਾਂ ਉਸ ਪਾਰਟੀ ਦੇ ਦਫਤਰਾਂ ਉਤੇ ਹਮਲਾ ਕਰ ਕੇ ਭੰਨ-ਤੋੜ ਕਰਨੀ ਸ਼ੁਰੂ ਕਰ ਦਿੱਤੀ ਜਾਵੇ। ਇਹ ਕੰਮ ਉਹੋ ਸਿਆਸੀ ਧਿਰਾਂ ਕਰਦੀਆਂ ਅਤੇ ਪਿੱਛੇ ਰਹਿ ਕੇ ਕਰਵਾਉਂਦੀਆਂ ਹਨ, ਜੋ ਸਿਧਾਂਤ ਦੇ ਪੱਖ ਤੋਂ ਲੋਕ-ਰਾਜੀ ਨਹੀਂ ਹਨ।

ਕੌਸ਼ੰਬੀ ਦੇ ਹਮਲੇ ਲਈ ਹਿੰਦੂ ਸੁਰੱਖਿਆ ਦਲ ਨੇ ਇਹ ਬਹਾਨਾ ਬਣਾਇਆ ਹੈ ਕਿ ਆਮ ਆਦਮੀ ਪਾਰਟੀ ਦਾ ਆਗੂ ਪ੍ਰਸ਼ਾਂਤ ਭੂਸ਼ਣ ਕਹਿੰਦਾ ਹੈ ਕਿ ਜੰਮੂ-ਕਸ਼ਮੀਰ ਵਿਚ ਫੌਜਾਂ ਰੱਖਣ ਜਾਂ ਨਾ ਰੱਖਣ ਦਾ ਫੈਸਲਾ ਕਰਨ ਵੇਲੇ ਉਸ ਰਾਜ ਵਿਚ ਵੱਸਦੇ ਲੋਕਾਂ ਦੀ ਰਾਇ ਪੁੱਛੀ ਜਾਵੇ। ਇਸ ਬਿਆਨ ਨਾਲ ਪੂਰੀ ਤਰ੍ਹਾਂ ਅਸੀਂ ਵੀ ਸਹਿਮਤ ਨਹੀਂ, ਪਰ ਇਸ ਨੂੰ ਪ੍ਰਸ਼ਾਂਤ ਦੀ ਪਾਰਟੀ ਵੀ ਉਸ ਦੀ ਨਿੱਜੀ ਰਾਇ ਕਹਿ ਕੇ ਜਦੋਂ ਆਖ ਚੁੱਕੀ ਸੀ, ਫਿਰ ਪਾਰਟੀ ਦਫਤਰ ਉਤੇ ਹਮਲਾ ਕਰਨ ਦੀ ਕੀ ਤੁਕ ਸੀ? ਕੀ ਲੋਕ-ਰਾਜ ਵਿਚ ਕਿਸੇ ਨੂੰ ਆਪਣੀ ਗੱਲ ਕਹਿਣ ਦਾ ਵੀ ਹੱਕ ਨਹੀਂ? ਜਦੋਂ ਅੰਨਾ ਹਜ਼ਾਰੇ ਦਾ ਦਿੱਲੀ ਵਿਚ ਅੰਦੋਲਨ ਚੱਲ ਰਿਹਾ ਸੀ, ਉਦੋਂ ਅੰਨਾ ਨਾਲ ਜੁੜੇ ਹੋਏ ਇੱਕ ਕਾਰਟੂਨਿਸਟ ਨੇ ਪਾਰਲੀਮੈਂਟ ਭਵਨ ਦੀ ਤਸਵੀਰ ਨੂੰ ਟਾਇਲੇਟ ਸੀਟ ਦਾ ਰੂਪ ਦੇ ਕੇ ਕਾਰਟੂਨ ਛਾਪ ਦਿੱਤਾ ਸੀ। ਉਸ ਕਾਰਟੂਨਿਸਟ ਦੇ ਖਿਲਾਫ ਦੇਸ਼-ਧਰੋਹ ਦੀ ਕਾਨੂੰਨੀ ਕਾਰਵਾਈ ਫਟਾਫਟ ਸ਼ੁਰੂ ਕਰ ਦਿੱਤੀ ਗਈ ਸੀ। ਇਹ ਮਾਮਲਾ ਨਿਆਂ ਪਾਲਿਕਾ ਤੱਕ ਵੀ ਪੁੱਜਾ ਸੀ। ਅੰਤ ਨੂੰ ਅਦਾਲਤ ਨੇ ਇਹ ਕਿਹਾ ਸੀ ਕਿ ਦੇਸ਼ ਦੇ ਲੋਕ-ਰਾਜੀ ਅਦਾਰਿਆਂ ਦਾ ਬਣਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ, ਪਰ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਲਈ ਕਿਸੇ ਨੇ ਅਜਿਹੀ ਤਸਵੀਰ ਬਣਾ ਵੀ ਲਈ ਹੈ ਤਾਂ ਇਸ ਨਾਲ ਉਹ ਦੇਸ਼-ਧਰੋਹੀ ਨਹੀਂ ਹੋ ਗਿਆ। ਪ੍ਰਸ਼ਾਂਤ ਭੂਸ਼ਣ ਵੀ ਸਿਰਫ ਇੱਕ ਬਿਆਨ ਦੇਣ ਨਾਲ ਦੇਸ਼-ਧਰੋਹੀ ਨਹੀਂ ਬਣ ਗਿਆ। ਉਸ ਵੱਲੋਂ ਵਿਚਾਰਾਂ ਦਾ ਇਹੋ ਜਿਹਾ ਪ੍ਰਗਟਾਵਾ ਕਰਨ ਕਰ ਕੇ ਅੱਗੇ ਵੀ ਇਹੋ ਲੋਕ ਉਸ ਨਾਲ ਸੁਪਰੀਮ ਕੋਰਟ ਦੇ ਅਹਾਤੇ ਵਿਚ ਕੁੱਟ-ਮਾਰ ਕਰ ਚੁੱਕੇ ਹਨ। ਵਿਚਾਰਾਂ ਦੇ ਜਵਾਬ ਵਿਚ ਵਿਚਾਰ ਪ੍ਰਗਟ ਕਰਨ ਜਾਂ ਅਦਾਲਤ ਵਿਚ ਕੇਸ ਕਰ ਦੇਣ, ਉਨ੍ਹਾਂ ਨੂੰ ਖੁੱਲ੍ਹ ਹੈ, ਪਰ ਉਨ੍ਹਾਂ ਨੂੰ ਇਹ ਹੱਕ ਕਿੱਥੋਂ ਮਿਲ ਜਾਂਦਾ ਹੈ ਕਿ ਉਹ ਭੰਨ-ਤੋੜ ਕਰਨ ਵਾਸਤੇ ਬਾਂਹਾਂ ਟੰਗ ਕੇ ਤੁਰ ਪੈਣ?

> ***ਦੇਸ਼ ਦੇ ਵੱਡੇ ਤਖਤ ਲਈ ਸਿਰ ਪਰਨੇ ਹੋਈ ਪਈ ਇੱਕ ਰਾਜਸੀ ਪਾਰਟੀ ਦੀ ਕੌਮੀ ਪੱਧਰ ਤੋਂ ਬਰਾਂਚ ਦੇ ਪ੍ਰਧਾਨ ਸਮੇਤ ਸਾਰੇ ਅਹੁਦੇਦਾਰਾਂ ਦੀ ਚੋਣ ਕਦੀ ਨਹੀਂ ਹੁੰਦੀ ਤੇ ਹਰ ਵਾਰੀ ਜਿਹੜੀ ਸੂਚੀ ਆਰ ਐਸ ਐਸ ਦੇ ਦਫਤਰ ਤੋਂ ਆਵੇ, ਉਸੇ ਨੂੰ ਚੋਣ ਮੰਨ ਲਿਆ ਜਾਂਦਾ ਹੈ। ਇਹ ਪਰਦੇ ਪਿੱਛੇ ਬੈਠ ਕੇ ਰਾਜਨੀਤੀ ਕਰਨ ਦਾ ਫਾਰਮੂਲਾ ਹੈ। ਜਿਹੜੇ ਲੋਕ ਆਮ ਆਦਮੀ ਪਾਰਟੀ ਦਾ ਦਫਤਰ ਤੋੜਨ ਗਏ ਹਨ, ਉਹ ਵਲਾਵਾਂ ਪਾ ਕੇ ਹੀ ਸਹੀ, ਆਰ ਐਸ ਐਸ ਦੇ ਇੱਕ ਜਾਂ ਦੂਸਰੇ ਸੰਗਠਨ ਨਾਲ ਜੁੜੇ ਨਿਕਲੇ ਹਨ ਤੇ ਜੋ ਕੁਝ ਉਨ੍ਹਾਂ ਨੇ ਕੀਤਾ ਹੈ, ਉਹ ਵੀ ਕਿਸੇ ਨਾ ਕਿਸੇ ਰੂਪ ਵਿਚ ਇਸ ਦੇ ਨਾਲ ਅਤੇ ਇਸ ਦੀ ਰਾਜਸੀ ਸ਼ਾਖਾ, ਭਾਜਪਾ, ਨਾਲ ਹੀ ਜੁੜਨਾ ਹੈ।***

ਹੈਰਾਨੀ ਦੀ ਗੱਲ ਇਹ ਹੈ ਕਿ ਭਾਜਪਾ ਵਾਲਿਆਂ ਨੇ ਇੱਕ ਪਾਸੇ ਇਸ ਵਿਹਾਰ ਦੀ ਨਿੰਦਾ ਕੀਤੀ ਤੇ ਦੂਸਰੇ ਪਾਸੇ ਇਸ ਹਰਕਤ ਨੂੰ ਜਾਇਜ਼ ਠਹਿਰਾਉਣ ਦਾ ਯਤਨ ਵੀ ਕੀਤਾ ਹੈ। ਕਾਰਨ ਇਹ ਹੈ ਕਿ ਜਿਨ੍ਹਾਂ ਲੋਕਾਂ ਨੇ ਇਹ ਕੁਝ ਕੀਤਾ, ਉਹ ਵਲ-ਵਲਾਵਾਂ ਪਾ ਕੇ ਉਸ ਆਰ ਐਸ ਐਸ ਨਾਲ ਜੁੜੇ ਨਿਕਲਦੇ ਹਨ, ਜਿਹੜਾ ਭਾਜਪਾ ਦੇ ਪਿੱਛੇ ਖੜਾ ਹੈ। ਇਹੋ ਜਿਹੇ ਟੋਲੇ ਕਦੀ ਵੈਲਨਟਾਈਨ ਮੌਕੇ ਤੇ ਕਦੀ ਬਾਗਾਂ ਅਤੇ ਪਾਰਕਾਂ ਵਿਚ ਬੈਠੇ ਲੋਕਾਂ ਉਤੇ ਉਂਜ ਵੀ ਹਮਲੇ ਕਰਦੇ ਹਨ। ਜਦੋਂ ਵੀ ਉਹ ਏਦਾਂ ਕਰਦੇ ਹਨ, ਉਨ੍ਹਾਂ ਦੀ ਹਰਕਤ ਨੂੰ ਭਾਜਪਾ ਵਾਲੇ ਗਲਤ ਵੀ ਕਹਿੰਦੇ ਹਨ ਤੇ ਸੱਭਿਆਚਾਰਕ ਬਹਾਨੇ ਘੜ ਕੇ ਉਨ੍ਹਾਂ ਦੇ ਕੀਤੇ ਨੂੰ ਜਾਇਜ਼ ਵੀ ਠਹਿਰਾਉਂਦੇ ਹਨ।

ਅਸੀਂ ਪਾਰਕਾਂ ਅਤੇ ਵੈਲਨਟਾਈਨ ਦੇ ਮੌਕੇ ਉਨ੍ਹਾਂ ਵੱਲੋਂ ਕੀਤੀ ਜਾਂਦੀ ਉਧੜਧੁੰਮੀ ਦੀ ਗੱਲ ਕਦੀ ਬਾਅਦ ਵਿਚ ਕਰਨ ਲਈ ਛੱਡ ਕੇ ਇਸ ਗੱਲ ਨੂੰ ਪਹਿਲਾਂ ਵਿਚਾਰਨਾ ਚਾਹੁੰਦੇ ਹਾਂ ਕਿ ਇਨ੍ਹਾਂ ਟੋਲਿਆਂ ਨੂੰ ਉਨ੍ਹਾਂ ਲੋਕਾਂ ਦੀ ਗੱਲ ਹੀ ਕਿਉਂ ਚੁਭਦੀ ਹੈ, ਜਿਨ੍ਹਾਂ ਦੇ ਭਾਜਪਾ ਨਾਲ ਮੱਤਭੇਦ ਹਨ, ਆਪਣੇ ਅੰਦਰਲੇ ਆਗੂਆਂ ਦੀ ਕਿਉਂ ਨਹੀਂ ਚੁਭਦੀ? ਇਸ ਸਬੰਧ ਵਿਚ ਕਈ ਮਿਸਾਲਾਂ ਭਾਜਪਾ ਦੇ ਆਗੂਆਂ ਦੀਆਂ ਦਿੱਤੀਆਂ ਜਾ ਸਕਦੀਆਂ ਹਨ।




ਇੱਕ ਮਿਸਾਲ ਇਹ ਹੈ ਕਿ ਭਾਜਪਾ ਦੇ ਵਿਦੇਸ਼ ਮੰਤਰੀ ਰਹਿ ਚੁੱਕੇ ਜਸਵੰਤ ਸਿੰਘ ਨੇ ਇੱਕ ਕਿਤਾਬ ਭਾਰਤ-ਪਾਕਿਸਤਾਨ ਵੰਡ ਬਾਰੇ ਲਿਖੀ ਅਤੇ ਉਸ ਵਿਚ ਸਰਦਾਰ ਪਟੇਲ ਬਾਰੇ ਕਈ ਕੁਝ ਲਿਖਿਆ ਸੀ, ਜਿਹੜਾ ਕਈ ਭਾਜਪਾ ਆਗੂਆਂ ਨੂੰ ਬਹੁਤ ਚੁਭਿਆ ਸੀ। ਉਸ ਕਿਤਾਬ ਦੇ ਜਾਰੀ ਹੋਣ ਤੋਂ ਵੀ ਪਹਿਲਾਂ ਗੁਜਰਾਤ ਦੀ ਸਰਕਾਰ ਨੇ ਪਾਬੰਦੀ ਲਾ ਦਿੱਤੀ ਤੇ ਭਾਜਪਾ ਲੀਡਰਸ਼ਿਪ ਨੇ ਜਸਵੰਤ ਸਿੰਘ ਦਾ ਪੱਖ ਵੀ ਸੁਣੇ ਬਗੈਰ ਉਸ ਨੂੰ ਪਾਰਟੀ ਵਿਚੋਂ ਬਾਹਰ ਕੱਢ ਦਿੱਤਾ ਸੀ। ਬਾਅਦ ਵਿਚ ਉਹੋ ਜਸਵੰਤ ਸਿੰਘ ਤੇ ਉਹੋ ਭਾਜਪਾ, ਉਹ ਫਿਰ ਉਨ੍ਹਾਂ ਲਈ ਵੱਡਾ ਲੀਡਰ ਆ ਬਣਿਆ ਹੈ। ਜਿਵੇਂ ਯੇਦੀਯੁਰੱਪਾ ਨੂੰ ਬਹੁਤਾ ਬੱਦੂ ਹੋਣ ਪਿੱਛੋਂ ਗਲੋਂ ਲਾਹ ਦਿੱਤਾ ਤੇ ਲੋੜ ਪਈ ਤੋਂ ਫੇਰ ਲੈ ਲਿਆ ਹੈ, ਜਸਵੰਤ ਸਿੰਘ ਨਾਲ ਵੀ ਇਹੋ ਹੋਈ ਸੀ, ਪਰ ਕਿਸੇ ਵੀ ਸੰਗਠਨ ਨੇ ਜਸਵੰਤ ਸਿੰਘ ਵੱਲੋਂ ਸਰਦਾਰ ਪਟੇਲ ਬਾਰੇ ਆਖੀ ਗੱਲ ਚੁੱਕ ਕੇ ਉਸ ਨਾਲ ਉਹ ਕੁਝ ਨਹੀਂ ਸੀ ਕੀਤਾ, ਜਿਹੜਾ ਪ੍ਰਸ਼ਾਂਤ ਭੂਸ਼ਣ ਵਾਸਤੇ ਦੋ ਵਾਰੀ ਕੀਤਾ ਜਾ ਚੁੱਕਾ ਹੈ।

ਦੂਸਰਾ ਮਾਮਲਾ ਦੇਸ਼ ਦੇ ਸਾਬਕਾ ਉਪ ਪ੍ਰਧਾਨ ਮੰਤਰੀ ਤੇ ਭਾਜਪਾ ਦੇ ਸਭ ਤੋਂ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਦਾ ਹੈ। ਉਸ ਨੇ 2005 ਵਿਚ ਪਾਕਿਸਤਾਨ ਜਾ ਕੇ ਮੁਹੰਮਦ ਅਲੀ ਜਿਨਾਹ ਨੂੰ ਧਰਮ ਨਿਰਪੱਖ ਕਿਹਾ ਸੀ ਤੇ ਭਾਜਪਾ ਨੇ ਉਸ ਦੀ ਪ੍ਰਧਾਨਗੀ ਖੋਹ ਲਈ ਸੀ। ਕੁਝ ਦਿਨ ਲੰਘਣ ਪਿੱਛੋਂ ਉਸੇ ਅਡਵਾਨੀ ਨੂੰ ਫਿਰ ਆਗੂ ਮੰਨ ਲਿਆ ਸੀ। ਅਗਲੀ ਲੋਕ ਸਭਾ ਚੋਣ ਮੌਕੇ ਅਡਵਾਨੀ ਉਸੇ ਭਾਜਪਾ ਦਾ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਵੀ ਬਣ ਗਿਆ ਸੀ। ਕਿਸੇ ਵੀ ਹਿੰਦੂ ਸੁਰੱਖਿਆ ਸੰਗਠਨ ਨੇ ਉਦੋਂ ਅਡਵਾਨੀ ਦੇ ਘਰ ਜਾਂ ਦਫਤਰ ਜਾ ਕੇ ਉਹ ਕੁਝ ਕਰਨ ਦੀ ਲੋੜ ਨਹੀਂ ਸੀ ਸਮਝੀ, ਜੋ ਆਮ ਆਦਮੀ ਪਾਰਟੀ ਦੇ ਦਫਤਰ ਜਾ ਕੇ ਕੀਤਾ ਗਿਆ ਹੈ।

ਤੀਸਰਾ ਮਾਮਲਾ ਅਟਲ ਬਿਹਾਰੀ ਵਾਜਪਾਈ ਸਰਕਾਰ ਦੇ ਵਕਤ ਦਾ ਹੈ। ਹਾਲੇ ਵਾਜਪਾਈ ਸਰਕਾਰ ਦਾ ਇੱਕ ਸਾਲ ਪੂਰਾ ਨਹੀਂ ਸੀ ਹੋਇਆ ਕਿ ਭਾਜਪਾ ਦੇ ਇੱਕ ਸਿਧਾਂਤਕਾਰ ਨੇ ਜੰਮੂ-ਕਸ਼ਮੀਰ ਸਮੱਸਿਆ ਦਾ ਪੱਕਾ ਹੱਲ ਕੱਢਣ ਦੇ ਨਾਂ ਉਤੇ ਅਸਲੋਂ ਹੀ ਅਲੋਕਾਰ ਜਾਪਦੀ ਤਜਵੀਜ਼ ਪੇਸ਼ ਕਰ ਕੇ ਵਿਵਾਦ ਛੇੜ ਦਿੱਤਾ ਸੀ। ਉਸ ਨੇ ਕਿਹਾ ਸੀ ਕਿ ਜੰਮੂ-ਕਸ਼ਮੀਰ ਦੇ ਇੱਕੋ ਰਾਜ ਦੀ ਬਜਾਏ ਤਿੰਨ ਬਣਾ ਦਿੱਤੇ ਜਾਣ; ਇੱਕ ਲੱਦਾਖ ਵਿਚ ਬੁੱਧ ਧਰਮ ਵਾਲਿਆਂ ਲਈ, ਦੂਸਰਾ ਕਸ਼ਮੀਰ ਵਿਚ ਮੁਸਲਮਾਨਾਂ ਲਈ ਤੇ ਤੀਸਰਾ ਜੰਮੂ ਵੱਖਰਾ ਹਿੰਦੂਆਂ ਲਈ ਹੋਵੇ ਤਾਂ ਸਮੱਸਿਆ ਦਾ ਹੱਲ ਨਿਕਲ ਸਕਦਾ ਹੈ। ਕਈ ਦਿਨ ਵਿਵਾਦ ਭਖਿਆ ਰਿਹਾ ਤੇ ਜਦੋਂ ਵੇਖਿਆ ਕਿ ਲੋਕਾਂ ਨੇ ਇਸ ਨਾਲ ਨਾਰਾਜ਼ਗੀ ਪ੍ਰਗਟ ਕੀਤੀ ਹੈ, ਜੰਮੂ-ਕਸ਼ਮੀਰ ਦੇ ਹਿੰਦੂ, ਮੁਸਲਮਾਨ ਤੇ ਬੋਧੀ ਵੀ ਇਸ ਨਾਲ ਸਹਿਮਤ ਨਹੀਂ, ਤਾਂ ਵਾਜਪਾਈ ਨੇ ਖੁਦ ਬਿਆਨ ਦਿੱਤਾ ਸੀ ਕਿ ਉਹ ਭਾਵੇਂ ਸਾਡਾ ਸਾਥੀ ਹੈ, ਪਰ ਇਹ ਉਸ ਬੰਦੇ ਦੀ ਨਿੱਜੀ ਰਾਇ ਹੈ। ਸਾਰੇ ਦੇਸ਼ ਵਿਚੋਂ ਕਿਸੇ ਹਿੰਦੂ ਸੁਰੱਖਿਆ ਸੰਗਠਨ ਨੇ ਉਸ ਭਾਜਪਾ ਸਿਧਾਂਤਕਾਰ ਦੇ ਖਿਲਾਫ ਕੋਈ ਰੋਸ ਪ੍ਰਗਟਾਵਾ ਨਹੀਂ ਸੀ ਕੀਤਾ, ਪਰ ਜੇ ਇਹੋ ਬਿਆਨ ਕਿਸੇ ਹੋਰ ਨੇ ਦਿੱਤਾ ਹੁੰਦਾ ਤਾਂ ਉਸ ਦੇ ਘਰ ਜਾਂ ਦਫਤਰ ਅੱਗੇ ਲੱਠ-ਮਾਰ ਪੁੱਜ ਜਾਣੇ ਸਨ।

ਚੌਥਾ ਮਾਮਲਾ ਪ੍ਰਧਾਨ ਮੰਤਰੀ ਹੁੰਦੇ ਸਮੇਂ ਖੁਦ ਅਟਲ ਬਿਹਾਰੀ ਵਾਜਪਾਈ ਵੱਲੋਂ ਲਏ ਪੈਂਤੜੇ ਦਾ ਹੈ। ਉਨ੍ਹਾਂ ਨੇ ਕਸ਼ਮੀਰ ਸਮੱਸਿਆ ਦੇ ਹੱਲ ਲਈ ਇੱਕ ਵਾਰ ਪਹਿਲ-ਕਦਮੀ ਸ਼ੁਰੂ ਕੀਤੀ ਸੀ। ਇਹ ਸਵਾਲ ਉਨ੍ਹਾਂ ਨੂੰ ਪੁੱਛਿਆ ਗਿਆ ਸੀ ਕਿ ਉਹ ਇਸ ਸਮੱਸਿਆ ਦਾ ਹੱਲ ਸੰਵਿਧਾਨਕ ਹੱਦਾਂ ਦੇ ਅੰਦਰ ਕਿੱਥੋਂ ਕੁ ਤੱਕ ਰਹਿ ਕੇ ਕਰਨਗੇ? ਜਵਾਬ ਵਿਚ ਵਾਜਪਾਈ ਨੇ ਇਹ ਕਿਹਾ ਸੀ ਕਿ ਉਹ ਇਸ ਸਮੱਸਿਆ ਦੇ ਹੱਲ ਲਈ ਸੰਵਿਧਾਨਕ ਨਹੀਂ, ਇਨਸਾਨੀ ਹੱਦਾਂ ਦੇ ਅੰਦਰ ਰਹਿ ਕੇ ਹਰ ਪਹਿਲ-ਕਦਮੀ ਕਰਨੀ ਚਾਹੁੰਦੇ ਹਨ। ਸੰਵਿਧਾਨ ਦੀ ਥਾਂ ਇਨਸਾਨੀ ਹੱਦਾਂ ਨੂੰ ਪਹਿਲ ਦੇਣ ਦੇ ਵਾਜਪਾਈ ਦੇ ਬਿਆਨ ਤੋਂ ਬਾਅਦ ਜੰਮੂ-ਕਸ਼ਮੀਰ ਵਿਚ ਭਾਰਤ ਸਰਕਾਰ ਦੀ ਇੱਕ ਟੀਮ ਭੇਜੀ ਗਈ ਅਤੇ ਰੌਲਾ ਉਸ ਟੀਮ ਤੇ ਵੱਖਵਾਦੀਆਂ ਵਿਚਾਲੇ ਗੱਲਬਾਤ ਤੋਂ ਪੈ ਗਿਆ ਸੀ। ਉਦੋਂ ਉਸ ਟੀਮ ਨਾਲ ਗੱਲ ਕਰਨ ਜਿਹੜੇ ਲੋਕ ਹੱਦੋਂ ਪਾਰਲੇ ਪਾਸੇ ਤੋਂ ਆਏ ਸਨ, ਉਨ੍ਹਾਂ ਨੇ ਮੂੰਹ ਉਤੇ ਨਕਾਬ ਪਾਏ ਹੋਏ ਸਨ ਤੇ ਇਹ ਚਰਚਾ ਆਮ ਸੀ ਕਿ ਅਸਲ ਵਿਚ ਉਹ ਬੰਦੇ ਸਾਡੇ ਦੇਸ਼ ਨੂੰ ਲੋੜੀਂਦੇ ਦਹਿਸ਼ਤਗਰਦਾਂ ਦੀ ਸੂਚੀ ਵਾਲੇ ਹੋ ਸਕਦੇ ਹਨ। ਪ੍ਰਸ਼ਾਂਤ ਭੂਸ਼ਣ ਦੇ ਬਿਆਨ ਨੂੰ ਲੈ ਕੇ ਉਬਲ ਪੈਣ ਵਾਲਿਆਂ ਨੂੰ ਉਦੋਂ ਇਸ ਗੱਲ ਵਿਚ ਕੋਈ ਇਤਰਾਜ਼ ਨਹੀਂ ਸੀ ਜਾਪਿਆ। ਕੀ ਇਸ ਤੋਂ ਇਹ ਸਾਫ ਨਹੀਂ ਹੁੰਦਾ ਕਿ ਇਸ ਤਰ੍ਹਾਂ ਦੇ ਉਬਾਲੇ ਖਾਣ ਵਾਲੇ ਲੋਕ ਕਿਸੇ ਖਾਸ ਇਸ਼ਾਰੇ ਉਤੇ ਉਦੋਂ ਹੀ ਸਾਹਮਣੇ ਆਉਂਦੇ ਹਨ, ਜਦੋਂ ਇੱਕ ਖਾਸ ਵਿਚਾਰਧਾਰਾ ਵਾਲੀ ਧਿਰ ਦੀ ਲੋੜ ਪੂਰੀ ਕਰਨੀ ਹੁੰਦੀ ਹੈ? ਹੁਣ ਜਦੋਂ ਆਰ ਐਸ ਐਸ ਦੇ ਮੁਖੀ ਮੋਹਨ ਭਾਗਵਤ ਦਾ ਇਹ ਬਿਆਨ ਆ ਚੁੱਕਾ ਸੀ ਕਿ ਆਮ ਆਦਮੀ ਪਾਰਟੀ ਨੂੰ ਹਲਕੇ ਢੰਗ ਨਾਲ ਨਹੀਂ ਲੈਣਾ ਚਾਹੀਦਾ, ਉਸ ਦੇ ਫੌਰੀ ਬਾਅਦ ਭੂਸ਼ਣ ਦੇ ਬਿਆਨ ਦੇ ਬਹਾਨੇ ਪ੍ਰਤੀਕਰਮ ਹੋਣਾ ਉਸ ਬਿਆਨ ਨਾਲ ਜੋੜਿਆ ਕਿਉਂ ਨਾ ਜਾਵੇਗਾ?

ਇਹ ਕਹਿਣ ਦੀ ਹੁਣ ਕੋਈ ਅਹਿਮੀਅਤ ਨਹੀਂ ਕਿ ਆਰ ਐਸ ਐਸ ਕੋਈ ਰਾਜਸੀ ਪਾਰਟੀ ਨਹੀਂ ਤੇ ਸਿਰਫ ਇੱਕ ਸੱਭਿਆਚਾਰਕ ਸੰਗਠਨ ਹੈ। ਦੇਸ਼ ਦੇ ਵੱਡੇ ਤਖਤ ਲਈ ਸਿਰ ਪਰਨੇ ਹੋਈ ਪਈ ਇੱਕ ਰਾਜਸੀ ਪਾਰਟੀ ਦੀ ਕੌਮੀ ਪੱਧਰ ਤੋਂ ਬਰਾਂਚ ਦੇ ਪ੍ਰਧਾਨ ਸਮੇਤ ਸਾਰੇ ਅਹੁਦੇਦਾਰਾਂ ਦੀ ਚੋਣ ਕਦੀ ਨਹੀਂ ਹੁੰਦੀ ਤੇ ਹਰ ਵਾਰੀ ਜਿਹੜੀ ਸੂਚੀ ਆਰ ਐਸ ਐਸ ਦੇ ਦਫਤਰ ਤੋਂ ਆਵੇ, ਉਸੇ ਨੂੰ ਚੋਣ ਮੰਨ ਲਿਆ ਜਾਂਦਾ ਹੈ। ਇਹ ਪਰਦੇ ਪਿੱਛੇ ਬੈਠ ਕੇ ਰਾਜਨੀਤੀ ਕਰਨ ਦਾ ਫਾਰਮੂਲਾ ਹੈ। ਜਿਹੜੇ ਲੋਕ ਆਮ ਆਦਮੀ ਪਾਰਟੀ ਦਾ ਦਫਤਰ ਤੋੜਨ ਗਏ ਹਨ, ਉਹ ਵਲਾਵਾਂ ਪਾ ਕੇ ਹੀ ਸਹੀ, ਆਰ ਐਸ ਐਸ ਦੇ ਇੱਕ ਜਾਂ ਦੂਸਰੇ ਸੰਗਠਨ ਨਾਲ ਜੁੜੇ ਨਿਕਲੇ ਹਨ ਤੇ ਜੋ ਕੁਝ ਉਨ੍ਹਾਂ ਨੇ ਕੀਤਾ ਹੈ, ਉਹ ਵੀ ਕਿਸੇ ਨਾ ਕਿਸੇ ਰੂਪ ਵਿਚ ਇਸ ਦੇ ਨਾਲ ਅਤੇ ਇਸ ਦੀ ਰਾਜਸੀ ਸ਼ਾਖਾ, ਭਾਜਪਾ, ਨਾਲ ਹੀ ਜੁੜਨਾ ਹੈ। ਬਾਬੇ ਠੀਕ ਕਹਿੰਦੇ ਸਨ ਕਿ ਜਿਸ ਬੰਦੇ ਨੂੰ ਆਪਣੀ ਗੱਲ ਉਤੇ ਯਕੀਨ ਨਾ ਹੋਵੇ, ਉਹ ਗਾਲ੍ਹ ਕੱਢਣ ਲੱਗ ਪੈਂਦਾ ਹੈ ਤੇ ਜਿਸ ਦੀ ਗਾਲ੍ਹ ਕੱਢਣ ਨਾਲ ਤਸੱਲੀ ਨਾ ਹੁੰਦੀ ਹੋਵੇ, ਉਹ ਗਲ ਪੈਣ ਦੇ ਰਾਹ ਪੈ ਜਾਂਦਾ ਹੈ। ਹੁਣ ਵੀ ਇਹੋ ਹੋ ਰਿਹਾ ਹੈ।



ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ
ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

24/7 Customer Service Available
Same rate for lanline and mobile.

ਟੌਲ ਫਰੀ ਨੰਬਰ 1-888-652-6268
732-983-4332/4333

# ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਮੂਹ ਪੰਜਾਬੀ ਭਾਈਚਾਰੇ ਨੂੰ

# ਨਵਾਂ ਵਰ੍ਹਾ 2014 ਮੁਬਾਰਕ

## ਬਿਲਾਨਾਗਾ ਪ੍ਰਕਾਸ਼ਨ ਦੇ 14 ਸ਼ਾਨਦਾਰ ਸਾਲ ਪੂਰੇ ਹੋਣ ਅਤੇ 15ਵੇਂ ਵਰ੍ਹੇ 'ਚ ਪੈਰ ਧਰਨ 'ਤੇ ਅਦਾਰਾ ਪੰਜਾਬ ਟਾਈਮਜ਼, ਇਸ ਦੇ ਸਟਾਫ, ਸਲਾਹਕਾਰੀ ਬੋਰਡ ਅਤੇ ਸਮੂਹ ਸਨੇਹੀਆਂ ਨੂੰ

# ਬਹੁਤ ਬਹੁਤ ਵਧਾਈ



ਕਿਰਪਾਲ ਸਿੰਘ ਰੰਧਾਵਾ, ਗੁਰਮੁਖ ਸਿੰਘ ਭੁੱਲਰ, ਬਲਵਿੰਦਰ (ਬੌਬ) ਸੰਧੂ, ਡਾ. ਹਰਜਿੰਦਰ ਸਿੰਘ ਖਹਿਰਾ, ਸਤਵਿੰਦਰ ਸਿੰਘ ਮਾਂਗਟ, ਜਸਵਿੰਦਰ (ਜੱਸੀ) ਸੰਧੂ ਅਤੇ ਡਾ. ਵੈਦ (ਸੇਂਟ ਲੁਇਸ)



ਕੁਲਵੰਤ ਸਿੰਘ (ਵੰਡਰਲੈਂਡ, ਜਲੰਧਰ), ਸਰਦਾਰਨੀ ਤੇ ਸਰਦਾਰ ਮਹਿੰਦਰ ਸਿੰਘ ਨਾਹਲ



ਪੰਜਾਬ ਸਪੋਰਟਸ ਕਲੱਬ, ਫੇਅਰਫੀਲਡ (ਕੈਲੀਫੋਰਨੀਆ) ਦੇ ਮੈਂਬਰ

**ਵਲੋਂ: ਬਲਵਿੰਦਰ ਸਿੰਘ (ਬਾਬ) ਸੰਧੂ, ਜਸਵਿੰਦਰ ਸਿੰਘ ਸੰਧੂ ਅਤੇ ਪਰਿਵਾਰ, ਸ਼ਿਕਾਗੋ**

# ਸਿੱਖ ਕੌਮ ਲਈ ਲਈ ਕੁਰਬਾਨੀ ਕਰਨ ਵਾਲੇ ਸ਼ਹੀਦਾਂ ਦੀ ਯਾਦ 'ਚ ਸਮਾਗਮ

**ਫਰੀਮਾਂਟ (ਬਿਊਰੋ):** ਸ਼ਹੀਦ ਭਾਈ ਸਤਵੰਤ ਸਿੰਘ, ਭਾਈ ਕੇਹਰ ਸਿੰਘ, ਸ੍ਰੀ ਅਕਾਲ ਤਖਤ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਅਤੇ ਖਾਲਿਸਤਾਨ ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਗੁਰਦੁਆਰਾ ਫਰੀਮਾਂਟ ਵਿਖੇ ਲੰਘੇ ਐਤਵਾਰ ਸ਼ਹੀਦੀ ਸਮਾਗਮ ਕਰਵਾਇਆ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਭਾਈ ਗੁਰਪ੍ਰੀਤ ਸਿੰਘ ਦੇ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਦਮਦਮੀ ਟਕਸਾਲ ਦੇ ਵਿਦਿਆਰਥੀ ਭਾਈ ਸੁਖਵਿੰਦਰ ਸਿੰਘ ਨੇ ਸ਼ਹੀਦ ਸਿੰਘਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਜਦ ਜਦ ਵੀ ਸਿੱਖ ਧਰਮ 'ਤੇ ਬਿਪਤਾ ਆਉਂਦੀ ਹੈ, ਤਦ ਤਦ ਹੀ ਸ਼ਹੀਦ ਧਰਮ ਤੋਂ ਆਪਣੀਆਂ ਜਾਨਾਂ ਕੁਰਬਾਨ ਕਰ ਦਿੰਦੇ ਹਨ।

ਖਾਲਿਸਤਾਨ ਦੇ ਸ਼ਹੀਦ ਪਰਿਵਾਰਾਂ ਅਤੇ ਖਾਲਸਾ ਰਾਜ ਕਮੇਟੀ ਵੱਲੋਂ ਭਾਈ ਬਲਵਿੰਦਰਪਾਲ





ਸਿੰਘ ਖਾਲਸਾ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਿੱਖ ਧਰਮ ਦੀ ਆਨ-ਸ਼ਾਨ ਅਤੇ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਵਾਲੇ ਨੂੰ ਸਜ਼ਾ ਦੇਣ ਦੀ ਸਿੱਖ ਰਵਾਇਤ ਅਨੁਸਾਰ ਭਾਈ ਸਤਵੰਤ ਸਿੰਘ, ਭਾਈ ਬੇਅੰਤ ਸਿੰਘ ਤੇ ਭਾਈ ਕੇਹਰ ਸਿੰਘ ਵਲੋਂ ਕੀਤੀ ਗਈ ਕੁਰਬਾਨੀ ਨੂੰ ਸਿੱਖ ਕੌਮ ਸਦਾ ਯਾਦ ਰਖੇਗੀ। ਇਸੇ ਤਰਾਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੇ ਮੀਰੀ ਪੀਰੀ ਦੇ ਮਹਾਨ ਸਿਧਾਂਤ ਲਈ ਕੁਰਬਾਨੀ ਦਿਤੀ ਤੇ ਹਾਕਮਾਂ ਦੀ ਈਨ ਨਹੀਂ ਮੰਨੀ। ਭਾਈ ਸਾਹਿਬ ਦੀ ਸ਼ਹੀਦੀ ਲਈ ਜ਼ਿੰਮੇਵਾਰ ਲੋਕਾਂ ਨੂੰ ਬਚਾ ਕੇ ਪੰਜਾਬ ਦੇ ਹੁਕਮਰਾਨਾਂ ਵਲੋਂ ਤਰੱਕੀਆਂ ਨਾਲ ਨਿਵਾਜ਼ ਕੇ ਜ਼ਾਲਮਾਂ ਦਾ ਸਾਥ ਦਿੱਤਾ ਜਾ ਰਿਹਾ ਹੈ।



ਸਕਤਰ ਭਾਈ ਦਵਿੰਦਰ ਸਿੰਘ ਨੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਦਿਆਂ ਕਿਹਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਸਦਾ ਹੀ ਸਿੱਖ ਕੌਮ ਦੇ ਸ਼ਹੀਦਾਂ ਦੇ ਸਮਾਗਮ ਕਰਵਾ ਕੇ ਸਿੱਖ ਕੌਮ ਦੇ ਮਹਾਨ ਵਿਰਸੇ ਨੂੰ ਸੰਗਤਾਂ ਤੱਕ ਪੁਜਦਾ ਕਰਨਾ ਆਪਣਾ ਪਹਿਲਾ ਫਰਜ਼ ਸਮਝਦੀ ਹੈ। ਭਾਈ ਬਲਦੇਵ ਸਿੰਘ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਦੇ ਕੀਰਤਨੀ ਜਥੇ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।












# ਈਲਾ ਗਾਂਧੀ, ਰਾਮਾਕ੍ਰਿਸ਼ਨ ਮਿਸ਼ਨ ਨੂੰ ਪਰਵਾਸੀ ਭਾਰਤੀ ਪੁਰਸਕਾਰ

**ਨਵੀਂ ਦਿੱਲੀ:** ਇਥੇ 13 ਜਣਿਆਂ ਨੂੰ ਪਰਵਾਸੀ ਭਾਰਤੀ ਪੁਰਸਕਾਰ ਦਿੱਤਾ ਗਿਆ। ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਵਿਚ ਮਹਾਤਮਾ ਗਾਂਧੀ ਦੀ ਪੋਤਰੀ ਈਲਾ ਗਾਂਧੀ, ਆਸਟ੍ਰੇਲੀਆ ਵਿਚ ਭਾਰਤੀ ਮੂਲ ਦੀ ਸੈਨੇਟਰ ਲੀਜ਼ਾ ਮਾਰੀਆ ਸਿੰਘ ਤੇ ਫ਼ੀਜ਼ੀ ਵਿਚ ਰਾਮਾਕ੍ਰਿਸ਼ਨ ਮਿਸ਼ਨ ਸ਼ਾਮਲ ਹਨ। ਈਲਾ ਗਾਂਧੀ ਨੂੰ ਜਨਤਕ ਸੇਵਾਵਾਂ ਤੇ ਭਾਰਤ ਦੀ ਸਾਖ਼ ਵਧਾਉਣ ਤੇ ਦੱਖਣੀ ਅਫ਼ਰੀਕਾ ਤੇ ਭਾਰਤ ਦਰਮਿਆਨ ਸੰਧੀਆਂ ਨੂੰ ਉਤਸ਼ਾਹਿਤ ਕਰਨ ਲਈ ਪਰਵਾਸੀ ਭਾਰਤੀ ਸਨਮਾਨ ਪੁਰਸਕਾਰ ਦਿੱਤਾ ਗਿਆ।

ਪਰਵਾਸੀ ਭਾਰਤੀ ਦਿਵਸ ਸਮਾਗਮ ਦੌਰਾਨ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਜੇਤੂਆਂ ਨੂੰ ਇਹ ਪੁਰਸਕਾਰ ਦਿੱਤੇ। ਲੀਜ਼ਾ ਮਾਰੀਆ ਸਿੰਘ ਨੂੰ ਪਰਵਾਸੀ ਭਾਰਤੀ ਸਨਮਾਨ ਪੁਰਸਕਾਰ ਜਨਤਕ ਸੇਵਾ ਤੇ ਭਾਰਤ ਤੇ ਆਸਟ੍ਰੇਲੀਆ ਦਰਮਿਆਨ ਦੋਸਤਾਨਾ ਸਬੰਧਾਂ ਨੂੰ ਉਤਸ਼ਾਹਿਤ ਕਰਨ ਲਈ ਦਿੱਤਾ ਗਿਆ। ਫ਼ਿਜ਼ੀ ਵਿਚ 1937 ਤੋਂ ਕੰਮ ਕਰ ਰਹੇ ਰਾਮਾਕ੍ਰਿਸ਼ਨ ਮਿਸ਼ਨ ਨੂੰ ਭਾਈਚਾਰੇ ਦੀ ਸੇਵਾ ਤੇ ਵਿਦੇਸ਼ਾਂ ਵਿਚ ਭਾਰਤ ਦਾ ਮਾਣ ਵਧਾਉਣ ਲਈ ਇਹ ਪੁਰਸਕਾਰ ਦਿੱਤਾ ਗਿਆ।

# ਚੀਨ ਵਿਚ 1.82 ਲੱਖ ਭ੍ਰਿਸ਼ਟ ਅਫਸਰਾਂ ਦੀ ਆਈ ਸ਼ਾਮਤ

**ਪੇਇਚਿੰਗ:** ਭ੍ਰਿਸ਼ਟਾਚਾਰ ਖ਼ਿਲਾਫ਼ ਸ਼ੁਰੂ ਕੀਤੀ ਮੁਹਿੰਮ ਤਹਿਤ ਚੀਨ ਦੇ ਰਾਸ਼ਟਰਪਤੀ ਸੀ ਜਿਨਪਿੰਗ ਵੱਲੋਂ ਪਿਛਲੇ ਵਰ੍ਹੇ ਇਕ ਲੱਖ 82 ਹਜ਼ਾਰ ਅਧਿਕਾਰੀਆਂ ਨੂੰ ਸਜ਼ਾ ਦਿੱਤੀ ਗਈ ਹੈ। ਇਹ ਅੰਕੜਾ 2012 ਨਾਲੋਂ 13.3 ਫ਼ੀਸਦੀ ਵਧ ਹੈ। ਚੀਨ ਕਮਿਊਨਿਸਟ ਪਾਰਟੀ ਦੀ ਅਨੁਸ਼ਾਸਨੀ ਜਾਂਚ ਕਮੇਟੀ ਦੇ ਉਪ ਸਕੱਤਰ ਹੁਆਂਗ ਸ਼ੂਸ਼ੀਆਨ ਮੁਤਾਬਕ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਅੱਠ ਅਸਰ ਰਸੂਖ ਵਾਲੇ ਅਧਿਕਾਰੀਆਂ ਨੂੰ ਵੀ ਸਜ਼ਾ ਦਿੱਤੀ ਗਈ ਹੈ ਅਤੇ 23 ਹੋਰਨਾਂ ਉੱਚ ਅਧਿਕਾਰੀਆਂ ਖ਼ਿਲਾਫ਼ ਜਾਂਚ ਜਾਰੀ ਹੈ। ਉਨ੍ਹਾਂ ਦੱਸਿਆ ਕਿ ਤਕਰੀਬਨ ਡੇਢ ਲੱਖ ਅਧਿਕਾਰੀਆਂ ਨੂੰ ਪਾਰਟੀ ਅਨੁਸ਼ਾਸਨ ਜਦਕਿ 48 ਹਜ਼ਾਰ 900 ਨੂੰ ਪ੍ਰਸ਼ਾਸਕੀ ਕਾਨੂੰਨਾਂ ਤਹਿਤ ਸਜ਼ਾ ਦਿੱਤੀ ਗਈ ਹੈ।

ਹਾਂਗਕਾਂਗ ਆਧਾਰਤ ਇਕ ਅਖ਼ਬਾਰ ਮੁਤਾਬਕ ਸੇਵਾਮੁਕਤ ਸੀਨੀਅਰ ਆਗੂ ਜ਼ਾਊ ਯੋਂਗਕੈਂਗ ਦੇ ਵੱਡੇ ਪੁੱਤਰ ਨੂੰ ਵੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਹਿਰਾਸਤ ਵਿਚ ਲਿਆ ਗਿਆ ਹੈ ਤੇ ਪਰਿਵਾਰ ਵੱਲੋਂ ਉਸ ਲਈ ਵਕੀਲ ਕੀਤਾ ਗਿਆ ਹੈ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਜ਼ਾਊ ਖ਼ੁਦ ਵੀ ਗ੍ਰਿਫ਼ਤਾਰ ਹੋ ਸਕਦੇ ਹਨ ਕਿਉਂਕਿ ਉਨ੍ਹਾਂ ਖ਼ਿਲਾਫ਼ ਜਾਂਚ ਮੁਕੰਮਲ ਹੋਣ ਵਾਲੀ ਹੈ। ਜੇਕਰ ਉਹ ਗ੍ਰਿਫ਼ਤਾਰ ਹੋਏ ਤਾਂ ਕਮਿਊਨਿਸਟ ਪਾਰਟੀ ਦੇ ਉਹ ਪਹਿਲੇ ਸੇਵਾਮੁਕਤ ਉੱਚ ਅਧਿਕਾਰੀ ਹੋਣਗੇ ਜਿਨ੍ਹਾਂ ਨੂੰ ਸਜ਼ਾ ਸੁਣਾਈ ਜਾਵੇਗੀ। ਗੌਰਤਲਬ ਹੈ ਕਿ ਚੀਨ ਵਿਚ ਭ੍ਰਿਸ਼ਟਾਚਾਰ ਹੁਣ ਬਹੁਤ ਭਿਆਨਕ ਰੁਖ ਅਖਤਿਆਰ ਕਰ ਗਿਆ ਹੈ। ਹੁਣ ਤਾਂ ਸੱਤਾਧਾਰੀ ਕਮਿਊਨਿਸਟ ਪਾਰਟੀ ਉਤੇ ਵੀ ਦੋਸ਼ ਲੱਗ ਰਿਹਾ ਹੈ ਕਿ ਇਸ ਦੀਆਂ ਗਲਤ ਨੀਤੀਆਂ ਕਾਰਨ ਹੀ ਭ੍ਰਿਸ਼ਟਾਚਾਰ ਨੂੰ ਹੱਲਾਸ਼ੇਰੀ ਮਿਲੀ ਹੈ।

## ਸ਼ੇਖ ਹਸੀਨਾ ਨੇ ਪ੍ਰਧਾਨ ਮੰਤਰੀ ਵਜੋਂ ਮੁੜ ਸਹੁੰ ਚੁੱਕੀ

**ਢਾਕਾ:** ਸ਼ੇਖ ਹਸੀਨਾ ਨੇ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਵਜੋਂ ਤੀਜੀ ਵਾਰ ਸਹੁੰ ਚੁੱਕ ਲਈ। ਇਸ ਮੌਕੇ ਉਨ੍ਹਾਂ ਦੇ 48 ਮੈਂਬਰੀ ਮੰਤਰੀ ਮੰਡਲ ਨੇ ਵੀ ਹਲਫ਼ ਲਿਆ। ਰਾਸ਼ਟਰਪਤੀ ਅਬਦੁਲ ਹਾਮਿਦ ਨੇ ਆਪਣੀ ਸਰਕਾਰੀ ਰਿਹਾਇਸ਼ ਬੰਗਾਭਵਨ ਵਿਖੇ ਹੋਏ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਅਵਾਮੀ ਲੀਗ ਦੀ ਆਗੂ ਸ਼ੇਖ ਹਸੀਨਾ ਨੂੰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾਈ। 66 ਸਾਲਾਂ ਹਸੀਨਾ ਦੀ 48 ਮੈਂਬਰੀ ਕੈਬਿਨਟ ਨੇ ਵੀ ਸਹੁੰ ਚੁੱਕੀ ਜਿਸ ਵਿਚ 29 ਕੈਬਨਿਟ, 17 ਰਾਜ ਤੇ ਦੋ ਉਪ ਮੰਤਰੀ ਸ਼ਾਮਲ ਹਨ।

# ਅਮਰੀਕੀ ਕਾਂਗਰਸ ਦੇ ਅੱਧਿਓਂ ਵੱਧ ਮੈਂਬਰ ਕਰੋੜਪਤੀ

**ਵਾਸ਼ਿੰਗਟਨ:** ਸਿਆਸਤ 'ਤੇ ਪੈਸੇ ਦਾ ਅਸਰ ਬਾਰੇ ਜਾਂਚ ਕਰਨ ਵਾਲੀ ਇਕ ਜਥੇਬੰਦੀ ਨੇ ਦਾਅਵਾ ਕੀਤਾ ਹੈ ਕਿ ਅਮਰੀਕੀ ਸੰਸਦ ਦੇ ਅੱਧੇ ਤੋਂ ਜ਼ਿਆਦਾ ਸੰਸਦ ਮੈਂਬਰ ਕਰੋੜਪਤੀ ਹਨ। ਅਮਰੀਕੀ ਕਾਂਗਰਸ ਦੇ ਸਾਰੇ ਮੈਂਬਰਾਂ ਵੱਲੋਂ ਜਾਇਦਾਦ ਦੇ ਦਿੱਤੇ ਵੇਰਵਿਆਂ ਵਿਚ ਕਿਹਾ ਗਿਆ ਹੈ ਕਿ ਪ੍ਰਤੀਨਿਧ ਸਭਾ ਤੇ ਸੈਨੇਟ ਲਈ ਚੁਣੇ ਗਏ 534 ਸੰਸਦ ਮੈਂਬਰਾਂ ਵਿਚੋਂ ਘੱਟੋ-ਘੱਟ 268 ਨੇ ਇਕ ਮਿਲੀਅਨ ਅਮਰੀਕੀ ਡਾਲਰ ਜਾਂ ਵੱਧ ਦੀ ਜਾਇਦਾਦ ਬਾਰੇ ਜਾਣਕਾਰੀ ਦਿੱਤੀ ਹੈ।

ਸਾਲ 2012 ਦੇ ਇਨ੍ਹਾਂ ਅੰਕੜਿਆਂ ਵਿਚ ਦੱਸਿਆ ਗਿਆ ਹੈ ਕਿ ਕੁਝ ਸੰਸਦ ਮੈਂਬਰਾਂ ਦੀ ਜਾਇਦਾਦ ਸੈਂਕੜੇ ਮਿਲੀਅਨ ਤੋਂ ਵੀ ਵੱਧ ਹੈ ਤੇ ਔਸਤਨ ਜਾਇਦਾਦ 10 ਲੱਖ ਅਮਰੀਕੀ ਡਾਲਰ ਤੋਂ ਉਪਰ ਦੱਸੀ ਗਈ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਕਰੋੜਪਤੀਆਂ ਦੀ ਗਿਣਤੀ ਵਧੀ ਹੈ।ਜ਼ਿੰਮੇਵਾਰ ਸਿਆਸਤ ਬਾਰੇ ਕੇਂਦਰ ਦੇ ਸਰਵੇਖਣ ਮੁਤਾਬਕ ਕੈਲੀਫੋਰਨੀਆ ਤੋਂ ਰਿਪਬਲਿਕਨ ਪਾਰਟੀ ਦੇ ਸੰਸਦ ਮੈਂਬਰ ਡੈਰਲ ਇੱਸਾ ਸਭ ਤੋਂ ਅਮੀਰ ਸਿਆਸਤਦਾਨ ਹਨ। ਉਨ੍ਹਾਂ ਕਾਰ ਅਲਾਰਮ ਸਿਸਟਮ ਬਣਾ ਕੇ 2012 ਵਿਚ 46.40 ਕਰੋੜ ਅਮਰੀਕੀ ਡਾਲਰ ਦੀ ਕਮਾਈ ਕੀਤੀ। ਸਭ ਤੋਂ ਮਾੜੀ ਹਾਲਤ ਵਾਲੇ ਕਾਂਗਰਸ ਮੈਂਬਰ ਡੇਵਿਡ ਵਲਾਡਾਓ ਵੀ ਕੈਲੇਫੋਰਨੀਆ ਤੋਂ ਰਿਪਬਲਿਕਨ ਪਾਰਟੀ ਦੇ ਮੈਂਬਰ ਹਨ। ਉਨ੍ਹਾਂ ਦਾ ਪਰਿਵਾਰਕ ਕਿੱਤਾ ਡੇਅਰੀ ਫਾਰਮਿੰਗ ਕਰਜ਼ੇ ਵਿਚ ਡੁੱਬਿਆ ਹੋਇਆ ਹੈ ਤੇ ਉਨ੍ਹਾਂ 'ਤੇ 12.10 ਕਰੋੜ ਅਮਰੀਕੀ ਡਾਲਰ ਦਾ ਕਰਜ਼ਾ ਹੈ।

# ਪਹਿਲੇ ਸੰਸਾਰ ਯੁੱਧ ਦੀਆਂ ਡਾਇਰੀਆਂ ਨਸ਼ਰ

**ਲੰਡਨ:** ਪਹਿਲਾ ਸੰਸਾਰ ਯੁੱਧ ਜੋ ਕਰੀਬ 100 ਸਾਲ ਪਹਿਲਾਂ ਸ਼ੁਰੂ ਹੋਇਆ ਸੀ, ਬਾਰੇ ਲਿਖੀਆਂ ਡਾਇਰੀਆਂ ਆਨਲਾਈਨ ਕਰ ਦਿੱਤੀਆਂ ਗਈਆਂ। ਇਹ ਡਾਇਰੀਆਂ ਯੁੱਧ ਨਾਲ ਸਬੰਧਤ ਅਧਿਕਾਰੀਆਂ ਵੱਲੋਂ ਲਿਖੀਆਂ ਗਈਆਂ ਹਨ ਅਤੇ ਇਨ੍ਹਾਂ ਡਾਇਰੀਆਂ ਦੇ ਕਰੀਬ ਸਾਢੇ ਦਸ ਲੱਖ ਸਫੇ ਹਨ। ਇਹ ਯੁੱਧ 1914 ਤੋਂ 1918 ਤੱਕ ਚੱਲਿਆ ਸੀ ਤੇ ਇਸ ਦੌਰਾਨ ਬਰਤਾਨਵੀ ਫੌਜ ਦੀਆਂ ਯੂਨਿਟਾਂ ਦੇ ਅਧਿਕਾਰੀਆਂ ਨੇ ਉਸ ਵੇਲੇ ਦੇ ਹਾਲਾਤ ਡਾਇਰੀਆਂ ਵਿਚ ਕਲਮਬੰਦ ਕੀਤੇ ਹਨ। ਯੁੱਧ ਦੀਆਂ ਇਨ੍ਹਾਂ ਯਾਦਾਂ ਨੂੰ ਆਨਲਾਈਨ ਪਾਉਣ ਲਈ ਬਰਤਾਨੀਆ ਨੇ ਵੱਡੀ ਗਿਣਤੀ ਵਿਚ ਇਤਿਹਾਸਕਾਰਾਂ ਦੀ ਮਦਦ ਲਈ ਹੈ।

ਬਰਤਾਨੀਆ ਦੇ ਕੌਮੀ ਪੁਰਾਤੱਤਵ ਨੇ ਆਪਣੀ ਆਨਲਾਈਨ ਸੇਵਾ ਉਪਰ ਕਰੀਬ 2000 ਫਾਈਲਾਂ ਪਾਈਆਂ ਹਨ। ਉੱਘੇ ਪੁਰਾਤੱਤਵ ਵਿਗਿਆਨੀ ਵਿਲੀਅਮਜ਼ ਸਪੈਂਸਰ ਨੇ ਕਿਹਾ ਹੈ ਕਿ ਬਹੁਤ ਸਾਰੇ ਲੋਕ ਇਹ ਸੋਚਦੇ ਹਨ ਕਿ ਯੂਨਿਟ ਡਾਇਰੀਆਂ ਵਿਚ ਸਿਰਫ ਥਾਂਵਾਂ, ਤਰੀਕਾਂ ਤੇ ਲੜਾਈ ਦੀ ਗੱਲ ਕੀਤੀ ਗਈ ਹੋਵੇਗੀ, ਪਰ ਇਸ ਆਨਲਾਈਨ ਵਿਚ ਬਹੁਤ ਕੁਝ ਹੈ। ਇਸ ਵਿਚ ਜੰਗ ਦੇ ਮੈਦਾਨ ਵਿਚ ਅਧਿਕਾਰੀਆਂ ਦੇ ਤਜਰਬੇ ਹਨ। ਅਸੀਂ ਇਨ੍ਹਾਂ ਨੂੰ ਡਿਜੀਟਲ ਕਰ ਕੇ ਨਾ ਸਿਰਫ ਆਪਣੀ ਪੀੜ੍ਹੀ ਲਈ ਸੰਭਾਲ ਲਿਆ ਹੈ, ਸਗੋਂ ਨਵੇਂ ਤਰੀਕੇ ਨਾਲ ਪੇਸ਼ ਵੀ ਕੀਤਾ ਹੈ। ਆਨਲਾਈਨ ਦੇ ਪ੍ਰਬੰਧਕਾਂ ਅਨੁਸਾਰ ਉਨ੍ਹਾਂ ਨੂੰ ਜਿੰਨੀਆਂ ਡਾਇਰੀਆਂ ਮਿਲੀਆਂ, ਉਹ ਆਨਲਾਈਨ ਕਰ ਦਿੱਤੀਆਂ। ਬਹੁਤ ਸਾਰੇ ਅਧਿਕਾਰੀਆਂ ਦਾ ਸਰਵਿਸ ਰਿਕਾਰਡ ਦੂਜੇ ਸੰਸਾਰ ਯੁੱਧ ਵਿਚ ਤਬਾਹ ਵੀ ਹੋ ਗਿਆ ਸੀ। ਇਨ੍ਹਾਂ ਡਾਇਰੀਆਂ ਵਿਚ ਸਿਰਫ ਯੁੱਧ ਦੀਆਂ ਹੀ ਗੱਲਾਂ ਨਹੀਂ, ਸਗੋਂ ਫੌਜੀਆਂ ਦੇ ਹਾਸੇ-ਮਜ਼ਾਕ, ਮੈਚਾਂ ਤੇ ਰੱਸਾਕਸ਼ੀ ਦੇ ਵੇਰਵੇ ਵੀ ਹਨ।

# ਸੈਂਟਰਲ ਵੈਲੀ ਦੇ ਗੁਰੂ ਘਰਾਂ 'ਚ ਲੋਹੜੀ ਤੇ ਮਾਘੀ ਧੂਮ ਧਾਮ ਨਾਲ ਮਨਾਈ

**ਫਰਿਜ਼ਨੋ:** ਕੈਲੀਫੋਰਨੀਆ ਦੀ ਸੈਂਟਰਲ ਵੈਲੀ ਦੇ ਵੱਖ ਵੱਖ ਗੁਰਦੁਆਰਿਆਂ ਵਿਚ ਲੋਹੜੀ ਅਤੇ ਮਾਘੀ ਦੇ ਤਿਓਹਾਰ ਮੌਕੇ ਚਾਲੀ ਮੁਕਤਿਆਂ ਦੀ ਯਾਦ ਵਿਚ ਵਿਸ਼ੇਸ਼ ਸਮਾਗਮ ਕੀਤੇ ਗਏ।

ਇਸੇ ਲੜੀ ਵਿਚ ਸਥਾਨਕ ਗੁਰਦੁਆਰਾ ਨਾਨਕਸਰ-ਚੈਰੀ ਰੋਡ ਵਿਖੇ ਹੋਏ ਸਮਾਗਮ ਵਿਚ ਸਥਾਨਕ ਕੀਰਤਨੀ ਜਥਿਆਂ ਤੋਂ ਇਲਾਵਾ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਮੇਲ ਸਿੰਘ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਕਥਾਵਾਚਕਾਂ ਅਤੇ ਪ੍ਰਚਾਰਕਾਂ ਨੇ ਸਿੱਖ ਇਤਿਹਾਸ ਅਤੇ ਗੁਰ ਸ਼ਬਦ ਵਿਆਖਿਆ ਰਾਹੀਂ ਸੰਗਤਾਂ ਨਾਲ ਸਾਂਝ ਪਾਈ। ਸਮਾਪਤੀ ਦੌਰਾਨ ਵੱਡੇ-ਵੱਡੇ ਪੰਜ ਧੂਣੇ ਲਾਏ ਗਏ।



*ਭਾਈ ਗੁਰਮੇਲ ਸਿੰਘ ਸ਼ਬਦ ਕੀਰਤਨ ਕਰਦੇ ਹੋਏ*

Pinnacle Carriers Inc., San Jose, CA

Now Hiring Company Drivers

Team and Solo (With Two Yr Experience )

Owner Operators

Specialize in Reefer & Dry Loads.

Run All 48 States



*Trailer rentals
*Get paid weekly on time.
*Fuel advance
*Also provide fuel cards

We have late model trucks and brand new refers.

ਕੰਪਨੀ ਡਰਾਈਵਰਾਂ

ਟੀਮ ਅਤੇ ਸੋਲੋ (ਘੱਟੋ ਘੱਟ ਦੋ ਸਾਲ ਦਾ ਤਜ਼ਰਬਾ)

ਓਨਰ ਅਪਰੇਟਰਾਂ ਦੀ ਲੋੜ ਹੈ

*ਰੀਫਰ ਅਤੇ ਡਰਾਈ ਲੋਡ *ਸਾਰੀਆਂ 48 ਸਟੇਟਾਂ ਦੇ ਗੇੜੇ *ਕਿਰਾਏ ਦੇ ਟਰੇਲਰ ਉਪਲਬਧ
*ਹਰ ਹਫਤੇ ਸਮੇਂ ਸਿਰ ਅਦਾਇਗੀ *ਫਿਊਲ ਐਂਡਵਾਂਸ ਅਤੇ ਫਿਊਲ ਕਾਰਡ

Sharanbeer Atwal: 408-373-4168

Manpreet and Preet: 408-835-3007

www.pinnaclecarriers.com

51-6



Upgrade to HD-SDI or IP-Camera Mega Pixel quality 1080P
Magic DVR's with HD Blue Ray resolution
Installation available in California, Texas and New York

ਮਾਡੈਸਟੋ, ਸਟਾਕਟਨ ਅਤੇ ਮਰਸਡ ਦੇ ਇਲਾਕੇ 'ਚ 8 ਕੈਮਰਿਆਂ ਵਾਲਾ ਸਕਿਉਰਿਟੀ ਸਿਸਟਮ ਸਿਰਫ $1500 ਵਿਚ ਲੁਆਓ

ਜੇ ਤੁਹਾਡੇ ਕੈਮਰੇ ਘਰੋਂ ਨਹੀਂ ਚੱਲਦੇ ਤਾਂ ਸਿਰਫ 75 ਡਾਲਰ 'ਚ ਠੀਕ ਕਰਵਾਓ

COMMERCIAL & RESIDENTIAL

Monitor Your Home or Office from Anywhere

Please Call

888-233-4566

www.dvrunlimited.com
www.security360cameras.com

BOSCH SAMSUNG VIVOTEK

DVR UNLIMITED INC. SECURITY CAMERAS

LG Life's Good

GLOBAL HAWK INSURANCE CO. RRG

# Join our 2014 Truck Compliance Seminar

FREE!

## This February 15, 2014 at 2575 Collier Canyon Road Livermore, CA 94551.



-ਅਸੀਂ ਪਿਛਲੇ 22 ਸਾਲਾਂ ਤੋਂ ਤੁਹਾਡੀ ਸੇਵਾ ਵਿਚ ਹਾਂ
-ਅਸੀਂ ਗਲੋਬਲ ਹਾਕ ਸਮੇਤ ਹੋਰ ਬਹੁਤ ਸਾਰੀਆਂ ਅੱਵਲ ਦਰਜੇ ਦੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਜੁੜੇ ਹੋਏ ਹਾਂ ਅਤੇ ਟਰੱਕਾਂ ਦੀ ਇੰਸ਼ੋਰੈਂਸ ਵਿਚ ਸਾਡੀ ਮੁਹਾਰਤ ਹੈ
-ਤੁਸੀਂ ਓਨਰ ਅਪਰੇਟਰ ਹੋ ਜਾਂ ਤੁਹਾਡੀ ਆਪਣੀ ਟਰੱਕਿੰਗ ਕੰਪਨੀ ਹੈ, ਤੁਹਾਡੇ ਕੋਲ ਇਕ ਟਰੱਕ ਹੈ ਜਾਂ ਸੈਂਕੜੇ ਟਰੱਕ ਹਨ-ਅਸੀਂ ਤੁਹਾਨੂੰ ਸਹੀ ਸਲਾਹ ਦੇ ਕੇ ਇੰਸ਼ੋਰੈਂਸ ਕਰਾਂਗੇ।
-ਆਟੋ ਤੇ ਜਨਰਲ ਲਾਇਬਿਲਿਟੀ, ਕਾਰਗੋ, ਫਿਜ਼ੀਕਲ ਡੈਮੇਜ, ਲੋਕਲ ਲਾਂਗ ਹਾਲ।
-ਬਸ ਇਕੋ ਕਾਲ 'ਤੇ ਤੁਹਾਡੀ ਮਦਦ ਲਈ ਇੰਸ਼ੋਰੈਂਸ ਟੀਮ ਹਾਜ਼ਰ ਹੋਵੇਗੀ।

-ਜਸਬੀਰ ਸਿੰਘ ਥਾਂਦੀ, ਸੀ ਈ ਓ

- CARB laws
- Hours of Service rules
- And much more!

## Come and Meet our Team







**Dominic Flamiano**
Transportation Lawyer with 25 years experience.

**BIT Consultant**
Longtime Inspector available to help with Driver Qualification Files, Interstate vs. Intrastate Regulations and Compliance Issues.

**California Highway Patrol**
An Officer will give you tips and answer all your questions.

## Our Team of Experts Can Help to Grow Your Business

**GCIB** has teamed up with the California Highway Patrol, Risk Managers, BIT Inspectors, Transportation Lawyers and other trucking professionals to help you move your trucking business forward.

**GCIB** has teamed up with **GHINS, Lloyds of London, American Safety Insurance Company** and other **A** rated companies to offer competitive rates for trucking companies of all sizes.

**We Insure**
- Auto liability
- Physical damage
- Cargo
- Local & 48 states
- Sand & gravel
- Container trucks
- Tow trucks
- Owner Operators
- Trucking Company (ies) (& drivers)
- Dump Trucks
- Seasonal Vegetable Haulers.
- Delivery Services
- CateringTrucks, Ice Cream & more

Global Century Insurance Brokers, Inc.
License No. 0E52042

**More Info Call Kelly**
**925.493.7525 Ext.115**

Faith P. Fisher, ARM
FFisher@gcib.net
www.gcib.net

# ਸ਼ਹੀਦਾਨਿ-ਵਫ਼ਾ

## ਅੱਲ੍ਹਾ ਯਾਰ ਖ਼ਾਂ ਜੋਗੀ

*ਅੱਲ੍ਹਾ ਯਾਰ ਖ਼ਾਂ ਜੋਗੀ ਦੀ ਸਾਕਾ ਸਰਹਿੰਦ ਬਾਰੇ ਲਾਸਾਨੀ ਰਚਨਾ 'ਸ਼ਹੀਦਾਨਿ-ਵਫ਼ਾ' ਲੜੀਵਾਰ ਸ਼ੁਰੂ ਕੀਤੀ ਜਾ ਰਹੀ ਹੈ। ਇਹ ਰਚਨਾ 1913 ਵਿਚ ਛਪੀ ਸੀ। ਇਸ ਰਚਨਾ ਨਾਲ ਅਸੀਂ ਉਸ ਦੌਰ ਨੂੰ ਯਾਦ ਕਰਾਂਗੇ ਜਦੋਂ ਸਿੱਖ ਮੋਢੇ ਨਾਲ ਮੋਢਾ ਜੋੜ ਕੇ ਜ਼ੁਲਮਾਂ ਖਿਲਾਫ ਜੂਝ ਰਹੇ ਸਨ। ਅੱਲ੍ਹਾ ਯਾਰ ਖ਼ਾਂ ਜੋਗੀ ਨੇ ਆਪਣੀ ਇਸ ਰਚਨਾ ਵਿਚ ਉਸੇ ਦੌਰ ਨੂੰ ਸਾਕਾਰ ਕੀਤਾ ਹੈ। ਇਹ ਉਰਦੂ ਨਜ਼ਮ ਸਾਕਾ ਸਰਹਿੰਦ ਦੀ ਦਿਲ ਕੰਬਾਊ ਝਾਕੀ ਪੇਸ਼ ਕਰਦੀ ਹੈ। ਇਸ ਨਜ਼ਮ ਦੇ 110 ਬੰਦ ਹਨ ਅਤੇ ਹਰ ਬੰਦ ਦੇ 6-6 ਮਿਸਰੇ ਹਨ। ਸ਼ਾਇਰ ਸ਼ਹਾਦਤ ਅਤੇ ਸ਼ਾਇਰੀ ਦਾ ਫ਼ਲਸਫ਼ਾ ਖ਼ੂਬ ਸਮਝਦਾ ਹੈ; ਤਾਂ ਹੀ ਤਾਂ ਉਹਨੇ ਸ਼ਹਾਦਤ ਦੀ ਘਟਨਾ ਨੂੰ ਬਿਆਨ ਕਰਨ ਲਈ ਮਰਸੀਏ ਦੀ ਸ਼ੈਲੀ ਦੀ ਚੋਣ ਕੀਤੀ ਹੈ ਅਤੇ ਕਰੁਣਾ ਤੇ ਬੀਰ ਰਸਾਂ ਤੋਂ ਇਲਾਵਾ ਅਦਭੁਤ, ਰੌਦਰ ਤੇ ਭਿਆਨਕ ਰਸਾਂ ਦੀ ਬੜੀ ਮੁਹਾਰਤ ਨਾਲ ਵਰਤੋਂ ਕੀਤੀ ਹੈ। -ਸੰਪਾਦਕ*

## ਬੇਵਜਹ ਹਮ ਤੋ ਖ਼ੁਦ ਨਹੀਂ ਚਾਹਤੇ ਕਿ ਜੰਗ ਹੋ

11
ਬੇਵਜਹ ਹਮ ਤੋ ਖ਼ੁਦ ਨਹੀਂ ਚਾਹਤੇ ਕਿ ਜੰਗ ਹੋ।
ਉਸ ਸੇ ਲੜੇਂਗੇ, ਲੜਨੇ ਕੀ ਜਿਸ ਕੋ ਉਮੰਗ ਹੋ।
ਠੋਕਰ ਸੇ ਫੇਂਕ ਦੇਂਗੇ ਜੋ ਰਸਤੇ ਮੇਂ ਸੰਗ ਹੋ।
ਸਰ ਇਸ ਕਾ ਕਾਟ ਲੇਂਗੇ, ਕਹਾ ਜਿਸ ਨੇ ਤੰਗ ਹੋ।
ਖ਼ੂੰਰੇਜ਼ੀ ਵਰਨਾ ਖ਼ਲਕ ਕੀ ਕਬ ਹਮ ਕੋ ਭਾਤੀ ਹੈ।
ਸ਼ੇਰੋਂ ਕੀ ਫ਼ੌਜ ਕਹ ਦੇ ਤੂ ਕਾਸਿਦ ਕਿ ਜਾਤੀ ਹੈ।

12
ਮਸ਼ਹੂਰ ਹੈ ਕਿ ਪਾਏ ਗਦਾ ਲੰਗ ਭੀ ਨਹੀਂ।
ਅਪਨੇ ਲੀਯੇ ਖ਼ੁਦਾ ਕੀ ਜ਼ਮੀਂ ਤੰਗ ਭੀ ਨਹੀਂ।
ਲੋਗੋਂ ਸੇ ਹਮ ਕੋ ਆਰਜ਼ੂ-ਏ-ਜੰਗ ਭੀ ਨਹੀਂ।
ਵਰਨਾ ਕੋਈ ਦਲੇਰੀ ਮੇਂ ਪਾਸੰਗ ਭੀ ਨਹੀਂ।
ਮਜਬੂਰ ਹੋ ਗਏ ਤੋ ਲੜਾਈ ਦਿਖਾਏਂਗੇ।
ਫਿਰ ਤੇਗ਼-ਏ-ਖ਼ਾਲਸਾ ਕੀ ਸਫ਼ਾਈ ਦਿਖਾਏਂਗੇ।
*(ਗਦਾ=ਫ਼ਕੀਰੀ, ਲੰਗ=ਲੰਗੜਾ, ਪਾਸੰਗ=ਪਾਸਕੂ)*

13
ਦੇਖਾ ਅੱਦੂ ਨੇ ਕਿਲਾ ਮਿਲੇਗਾ ਨ ਜ਼ੋਰ ਸੇ।
ਬਿਫਰੇਂਗੇ ਸ਼ੇਰ ਔਰ ਸ਼ਗਾਲੋਂ ਕੇ ਸ਼ੋਰ ਸੇ।
ਬੀਂਕਾ ਨਾ ਬਾਲ ਹੋਗਾ ਸੁਲੇਮਾਂ ਕਾ ਮੋਰ ਸੇ।
ਵਾਕਿਫ਼ ਥੇ ਸਤਿਗੁਰੂ ਦਿਲ-ਏ-ਆਦਾ ਕੇ ਚੋਰ ਸੇ।
ਮਿਲ ਕਰ ਦੁਆ ਕਰੇਂਗੇ ਯਿਹ ਵਅਦੇ ਕੇ ਰੰਗ ਮੇਂ।
ਸਮਝੇਂਗੇ ਹਮ ਭੀ ਕਯਾ ਹੁਆ ਮੈਦਾਨ-ਏ-ਜੰਗ ਮੇਂ।
*(ਸ਼ਗਾਲੋਂ=ਗਿੱਦੜ, ਮੋਰ=ਕੀੜੀ)*

14
ਤਾਰੋਂ ਕੀ ਛਾਓਂ ਕਿਲੇ ਸੇ ਸਤਿਗੁਰੂ ਰਵਾਂ ਹੂਏ।
ਕਸ ਕੇ ਕਮਰ ਸਵਾਰ ਥੇ ਸਾਰੇ ਜਵਾਂ ਹੂਏ।
ਆਗੇ ਲੀਏ ਨਿਸ਼ਾਂ ਕਈ ਸ਼ੇਰ-ਏ-ਯਿਆਂ ਹੂਏ।
ਕੁਛ ਪੀਛੇ ਜਾਂ-ਨਿਸਾਰ ਗੁਰੂ ਦਰਮਿਯਾਂ ਹੂਏ।
ਚਾਰੋਂ ਪਿਸਰ ਹੁਜ਼ੂਰ ਕੇ ਹਮਰਹ ਸਵਾਰ ਥੇ।
ਜ਼ੋਰਾਵਰ ਔਰ ਫ਼ਤਹ, ਅਜੀਤ ਔਰ ਜੁਝਾਰ ਥੇ।
(ਸ਼ੇਰ-ਏ-ਯਿਆਂ=ਗੁੱਸੇ ਵਾਲੇ ਸ਼ੇਰ, ਪਿਸਰ=ਪੁੱਤਰ)

15
ਸਤਿਗੁਰ ਕੀ ਮਾਏਂ ਸਾਥ ਥੀਂ ਸਤਿਗੁਰ ਕੀ ਮਾਂ ਕੇ ਸਾਥ।
ਥੀ ਹਮਰਕਾਬ ਸ਼ੇਰਨੀ ਸ਼ੇਰ-ਏ-ਯਿਆਂ ਕੇ ਸਾਥ।
ਗ਼ਰਜ਼ੇ ਕਿ ਕੂਚ ਕਰ ਦੀਯਾ ਕੁਲ ਖ਼ਾਨਦਾਂ ਕੇ ਸਾਥ।
ਕਯਾ ਬਾਵਫ਼ਾ ਮੁਰੀਦ ਥੇ ਪੀਰ-ਏ-ਜ਼ਮਾਂ ਕੇ ਸਾਥ।
ਸਤਿਗੁਰ ਜਹਾਂ ਪਿ ਅਪਨਾ ਪਸੀਨਾ ਗਿਰਾਤੇ ਥੇ।
ਸਿੰਘ ਉਸ ਜਗਹ ਪਿ ਅਪਨਾ ਲਹੂ ਤਕ ਬਹਾਤੇ ਥੇ।

16
ਦੇਖਾ ਫ਼ਰਸ ਪਿ ਜਿਸ ਘੜੀ ਆਲੀ-ਜਨਾਬ ਕੋ।
ਪਾਬੋਸੀਓਂ ਕੀ ਪੜ ਗਈ ਹਰ ਸ਼ੈਖ਼-ਓ-ਸ਼ਾਬ ਕੋ।
ਕਦਮੋਂ ਕੋ ਚੂਮਤਾ ਥਾ ਕੋਈ ਸਿਖ ਰਕਾਬ ਕੋ।
ਘੇਰਾ ਹੁਆ ਸਿਤਾਰੋਂ ਨੇ ਥਾ ਮਾਹਿਤਾਬ ਕੋ।
ਜਲਵਾ ਜੋ ਥਾ ਫ਼ਲਕ ਪਿ ਵਹੀ ਥਾ ਜਹਾਨ ਪਰ।
ਪਹੁੰਚੀ ਹੂਈ ਥੀ ਰਨ ਕੀ ਜ਼ਮੀਂ ਆਸਮਾਨ ਪਰ।
*(ਫ਼ਰਸ=ਘੋੜਾ, ਪਾਬੋਸੀਓਂ=ਪੈਰ ਚੁੰਮਣਾ, ਸ਼ੈਖ਼=ਬੁੱਢਾ, ਸ਼ਾਬ=ਜਵਾਨ, ਮਾਹਿਤਾਬ=ਚੰਨ, ਫ਼ਲਕ=ਅਸਮਾਨ)*

17
ਹੋਨੇ ਕੋ ਅਨਕਰੀਬ ਸਹਰ ਕਾ ਜ਼ੁਹੂਰ ਥਾ।
ਸਬ ਮਿਟ ਚੁਕੇ ਥੇ, ਸੁਬਹ ਕੇ ਤਾਰੇ ਪਿ ਨੂਰ ਥਾ।
ਪਾਤਾਲ ਕਰ ਚੁਕਾ ਸ਼ਹ-ਏ-ਮਸ਼ਰਿਕ ਅਬੂਰ ਥਾ।
ਥੋੜ੍ਹਾ ਮਕਾਮ ਉਫ਼ਕ ਸੇ ਖ਼ੁਰਸ਼ੇਦ ਦੂਰ ਥਾ।
ਫੀਕਾ ਫ਼ਲਕ ਕਾ ਚਾਂਦ ਥਾ ਨਾਨਕ ਕੇ ਚਾਂਦ ਸੇ।
ਚਿਹਰੇ ਉੜੇ ਹੂਏ ਥੇ ਸਿਤਾਰੇ ਥੇ ਮਾਂਦ ਸੇ।
*(ਜ਼ੁਹੂਰ=ਪ੍ਰਗਟਾਅ, ਸ਼ਹ-ਏ-ਮਸ਼ਰਿਕ=ਪੂਰਬ ਦਾ ਬਾਦਸ਼ਾਹ, ਅਬੂਰ=ਪਾਰ, ਉਫ਼ਕ=ਦੁਮੇਲ, ਖ਼ੁਰਸ਼ੇਦ=ਸੂਰਜ)*

18
ਮਸ਼ਰਿਕ ਕੀ ਸਿਮਤ ਇਤਨੇ ਮੇਂ ਪੌ ਫੂਟਨੇ ਲਗੀ।
ਮਹਤਾਬੀ ਰੁਖ਼ ਪਿ ਚਾਂਦ ਕੇ ਫਿਰ ਛੂਟਨੇ ਲਗੀ।
ਜੌਜ਼ਾ ਕੇ ਸਾਥ ਕੋਸ-ਏ-ਫ਼ਲਕ ਟੂਟਨੇ ਲਗੀ।
ਲੁਤਫ਼-ਏ-ਨਸੀਮ ਖ਼ਲਕ-ਏ-ਖ਼ੁਦਾ ਲੂਟਨੇ ਲਗੀ।
ਉਤਰਾ ਹੁਆ ਅਰੂਸ-ਏ-ਫ਼ਲਕ ਕਾ ਸਿੰਘਾਰ ਥਾ।
ਗੁਮ ਕਹਕਸ਼ਾਂ ਕੇ ਸੀਨੇ ਸੇ ਨੌ-ਲੱਖਾ ਹਾਰ ਥਾ।
*(ਸਿਮਤ=ਤਰਫ਼, ਜੌਜ਼ਾ=ਅਸਮਾਨ ਦਾ ਤੀਜਾ ਬੁਰਜ, ਕੋਸ-ਏ-ਫ਼ਲਕ=ਅਕਾਸ਼ ਦੀ ਕਮਾਣ, ਲੁਤਫ਼-ਏ-ਨਸੀਮ=ਸਵੇਰ ਦੀ ਹਵਾ ਦਾ ਅਨੰਦ, ਖ਼ਲਕ=ਲੋਕ, ਅਰੂਸ=ਵਹੁਟੀ, ਕਹਕਸ਼ਾਂ=ਅਕਾਸ਼-ਗੰਗਾ)*

19
ਜ਼ੁਹਰਾ ਕੀ ਤਾਂਕ ਝਾਂਕ ਥੀ ਬੰਦ ਆਸਮਾਨ ਸੇ।
ਗ਼ਾਇਬ ਥਾ ਮੁਸ਼ਤਰੀ ਭੀ ਫ਼ਲਕ ਕੀ ਦੁਕਾਨ ਸੇ।
ਝੂਮਰ ਭੀ ਉੜ ਚੁਕਾ ਥਾ ਸੁਰੱਯਾ ਕੇ ਕਾਨ ਸੇ।
ਬੜ੍ਹਨੇ ਲਗੀ ਸਹਰ ਕੀ ਸਪੇਦੀ ਭੀ ਸ਼ਾਨ ਸੇ।
ਲੇਕਰ ਕਿਰਨ ਕਾ ਤਾਜ ਥਾ ਸੂਰਜ ਨਿਕਲਨੇ ਕੋ।
ਮਸ਼ਰਿਕ ਸੇ ਚਸ਼ਮਾ ਨੂਰ ਕਾ ਥਾ ਉਬਲਨੇ ਕੋ।
*(ਜ਼ੁਹਰਾ, ਮੁਸ਼ਤਰੀ=ਗ੍ਰਹਿਆਂ ਜਾਂ ਤਾਰਿਆਂ ਦੇ ਨਾਂ, ਸੁਰੱਯਾ=ਅਸਮਾਨ ਦੇ ਛੇ ਮਿਲੇ ਹੋਏ ਤਾਰੇ, ਝੁਮਕਾ, ਸਪੇਦੀ=ਚਿਟਿਆਈ, ਮਸ਼ਰਿਕ=ਪੂਰਬ)*

20
ਸਤਿਗੁਰ ਅਬ ਆਨ ਪਹੁੰਚੇ ਥੇ ਸਿਰਸਾ ਨਦੀ ਕੇ ਪਾਸ।
ਥੇ ਚਾਹਤੇ ਬੁਝਾਏਂ ਬਾਰਹ ਪਹਰ ਕੀ ਪਯਾਸ।
ਇਸ਼ਨਾਨ ਕਰਕੇ ਔਰ ਬਦਲ ਕੇ ਨਯਾ ਲਿਬਾਸ।
ਵਾਹਿਗੁਰੂ ਕਾ ਨਾਮ ਜਪੇਂ ਔਰ ਕਰੇਂ ਸਪਾਸ।
ਜਪੁਜੀ ਕਾ ਜਾਪ ਇਸ ਘੜੀ ਕਰਨਾ ਜ਼ੁਰੂਰ ਥਾ।
ਪੜ੍ਹ ਕੇ ਗਰੰਥ ਔਰ ਬੜ੍ਹਾਨਾ ਸੁਰੂਰ ਥਾ।
*(ਸਪਾਸ=ਸ਼ੁਕਰ)*

**(ਚਲਦਾ)**



*ਅੱਲ੍ਹਾ ਯਾਰ ਖ਼ਾਂ ਜੋਗੀ ਦੀ ਪਿਛਲੀ ਉਮਰੇ ਕਾਜ਼ੀ ਉਨ੍ਹਾਂ ਕੋਲ ਆਇਆ ਅਤੇ ਕਿਹਾ- "ਜੋਗੀਆ, ਚੱਲ ਉਠ ਤੇ ਮੁਆਫੀ ਮੰਗ ਲੈ। ਤੂੰ ਬੁੱਢਾ ਹੋ ਗਿਆ ਹੈਂ। ਤੈਨੂੰ ਸੱਚੇ ਮੁਸਲਮਾਨ ਵਜੋਂ ਇਸ ਜੱਗ ਤੋਂ ਜਾਣਾ ਚਾਹੀਦਾ ਹੈ।"... ਜੋਗੀ ਦਾ ਜਵਾਬ ਸੀ- "ਮੈਂ ਕਿਸੇ ਲਈ ਕਾਫਰ ਹੋਵਾਂਗਾ ਪਰ ਗੁਰੂ ਗੋਬਿੰਦ ਸਿੰਘ ਲਈ ਮੈਂ ਉਨ੍ਹਾਂ ਦਾ ਸੱਚਾ ਸ਼ਰਧਾਲੂ ਹਾਂ। ਮੈਂ ਉਨ੍ਹਾਂ ਨੂੰ ਮੰਨਦਾ ਹਾਂ ਅਤੇ ਉਨ੍ਹਾਂ ਦੇ ਸਿੱਖ ਵਜੋਂ ਹੀ ਮਰਨਾ ਲੋੜਦਾ ਹਾਂ।"*

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਜਨਵਰੀ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-100



*ਗੱਡਿਆ ਖੇਤਾਂ ਦੇ ਵਿਚਕਾਰ, ਰਾਖੀ ਕਰਦਾ ਆਪੇ ਯਾਰ।*
*ਮਾਲਕ ਦਾ ਵੀ ਫਿਕਰ ਹੈ ਲੱਥਾ, ਕਰਦਾ 'ਕੱਲਾ ਮਾਰੋ-ਮਾਰ।*

## ਕੈਪਸ਼ਨ ਮੁਕਾਬਲਾ-98



ਅਕਾਸ਼ ਦੀ ਖੁਲ੍ਹੀ ਛੱਤ ਦੇ ਥੱਲੇ,
ਰੈਣ ਬਸੇਰਾ ਅਸੀਂ ਬਣਾਇਆ।
ਢਿੱਲੀ ਮੱਠੀ ਬੇਬੇ ਖਾਤਰ,
ਟੁੱਟਿਆ ਹੋਇਆ ਮੰਜਾ ਡਾਹਿਆ।
ਇਧਰੋਂ ਉਧਰੋਂ ਭਾਲ ਕੇ ਮੋਹੜੀ,
ਟੰਗਣਾਂ ਭਾਂਡਿਆਂ ਲਈ ਬਣਾਇਆ।
'ਹਰੇਕ ਦੇ ਸਿਰ ਤੇ ਛੱਤ' ਦੇਣ ਦਾ,
ਲੀਡਰਾਂ ਝੂਠਾ ਲਾਰਾ ਲਾਇਆ।
**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਚੜ੍ਹ ਵੇ ਸੂਰਜ ਚੜ੍ਹ ਵੇ ਸੂਰਜ,
ਕਰ ਦੇ ਦੂਰ ਹਨ੍ਹੇਰੇ।
ਖੌਰੇ ਕਿਹੜੀ ਮਾਰ ਪਈ ਹੈ,
ਕੱਚੇ ਦਿਸਣ ਬਨੇਰੇ।
ਰੋਜ਼ ਸਵੇਰੇ ਚੜ੍ਹਦੀਆਂ ਆਵਣ,
ਫਿਕਰਾਂ ਲੱਦੀਆਂ ਘੜੀਆਂ,
ਦਿਲ ਘਬਰਾਵੇ ਕਿੱਦਾਂ ਦਿਨ ਲੰਘੂ,
ਚਿੰਤਾ ਨਿੱਤ ਨਿੱਤ ਘੇਰੇ।
**-ਜਸਬੀਰ ਸਿੰਘ ਸ਼ਿਕਾਗੋ**

---

ਗਰੀਬੀ ਦੀ ਜੂਨ ਹੰਢਾਉਣੀ
ਸੱਜਣੋ ਨਹੀਂ ਸੌਖੀ,
ਹੋ ਜਾਂਦੀ ਏ ਔਖੀ ਕਮਾਉਣੀ
ਦੋ ਡੰਗ ਦੀ ਰੋਟੀ।
ਗਰੀਬੀ ਨਿਰਾ ਹੈ ਕੋਹੜ
ਕਿਸੇ ਨੂੰ ਆਵੇ ਨਾ,
ਰੱਬ ਬੰਦੇ ਨੂੰ ਇਨ੍ਹਾਂ
ਗੇੜਾਂ ਵਿਚ ਪਾਵੇ ਨਾ।
ਕਰਦਾ ਹਾਂ ਅਰਦਾਸ
ਸੱਚੇ ਰੱਬ ਅੱਗੇ,
ਨੇੜੇ ਆ ਕੇ ਸੁਣ ਲਈਂ ਵੇ।
ਧੀ ਦੇਣੀ ਤਾਂ ਦਈਂ ਨਾ ਗਰੀਬੀ,
ਗਰੀਬੀ ਦਿੱਤੀ ਤਾਂ ਧੀ ਨਾ ਦਈਂ ਵੇ!
**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-690-8403**

---

ਦੇਖੀ ਇਹ ਮੈਂ ਅਜਬ ਕਹਾਣੀ।
ਨਾ ਕੋਈ ਰਾਜਾ ਨਾ ਕੋਈ ਰਾਣੀ।
ਹੋਂਠ ਤਿਹਾਏ ਲੱਭਣ ਪਾਣੀ।
ਧੁੱਪ ਚੜ੍ਹੀ ਪਰ ਗਈ ਨਾ ਮਾਣੀ।
ਕੰਮ ਦੀ ਘੁੰਮਦੀ ਰਹੀ ਮਧਾਣੀ।
ਫਿਰ ਵੀ ਰੁੱਖੀ-ਮਿੱਸੀ ਖਾਣੀ।
ਲਗਦੀ ਨਹੀਂ ਇਹ ਵੰਡ ਹੈ ਕਾਣੀ?
ਕੌਣ ਆਖੇ ਇਹ ਗਲਤ ਕਹਾਣੀ?
ਕੇਹੀ ਬੁਝਾਰਤ ਜੋ ਬੁੱਝੀ ਨਾ ਜਾਣੀ।
ਆਓ ਸਾਥੀ, ਆਓ ਹਾਣੀ।
ਬੁਣੀਏ ਐਸੀ ਪਿਆਰ ਕਹਾਣੀ।
ਜਿਸ ਦੀ ਕਦੀ ਨਾ ਟੁੱਟੇ ਤਾਣੀ।
**-ਪਲਵਿੰਦਰ ਸਿੰਘ**
**ਮਿਲਪੀਟਸ, ਕੈਲੀਫੋਰਨੀਆ।**

## ਕੈਪਸ਼ਨ ਮੁਕਾਬਲਾ-97

ਇਕ ਰੁੱਖ ਸੌ ਸੁੱਖ
ਕਹਿੰਦੇ ਲੋਕ ਸਿਆਣੇ।
ਹੁਣ ਨਾ ਸੱਥਾਂ ਜੁੜਦੀਆਂ
ਨਾ ਖੇਡਣ ਏਥੇ ਨਿਆਣੇ।
ਖੁਸ਼ਕਿਸਮਤ ਦਰਵੇਸ਼ ਹੈ
ਜੋ ਛਾਂ ਰੁੱਖ ਦੀ ਮਾਣੇ।
**-ਗੁਰਦੇਵ ਸਿੰਘ ਵਿਰਦੀ, ਕੈਨੇਡਾ**
**ਫੋਨ: 226-345-7126**

# ਫੋਰਬਜ਼ ਯੁਵਾ ਸਿਤਾਰਿਆਂ ਦੀ ਸੂਚੀ ਵਿਚ 20 ਭਾਰਤੀ ਚਮਕੇ

**ਨਿਊ ਯਾਰਕ:** ਫੋਰਬਜ਼ ਰਸਾਲੇ ਦੀ ਸਭ ਤੋਂ ਪ੍ਰਤਿਭਾਸ਼ਾਲੀ ਯੁਵਾ ਸਿਤਾਰਿਆਂ ਦੀ ਸਾਲਾਨਾ ਸੂਚੀ ਵਿਚ ਭਾਰਤੀ ਮੂਲ ਦੇ 20 ਤੋਂ ਵੱਧ ਨੌਜਵਾਨ ਤੇ ਮੁਟਿਆਰਾਂ ਸ਼ਾਮਲ ਹਨ। ਰਸਾਲੇ ਨੇ ਵਿੱਤ, ਮੀਡੀਆ, ਖੇਡਾਂ ਤੇ ਸਿੱਖਿਆ ਵਰਗੇ ਵੱਖ-ਵੱਖ ਖੇਤਰਾਂ ਦੇ 30 ਸਾਲ ਤੋਂ ਘੱਟ ਉਮਰ ਦੇ ਇਨ੍ਹਾਂ ਨੌਜਵਾਨਾਂ ਨੂੰ 'ਵਿਲੱਖਣ' ਕਰਾਰ ਦਿੱਤਾ ਜੋ ਆਪਣੇ ਢੰਗ ਨਾਲ ਦੁਨੀਆਂ ਵਿਚ ਸਾਕਾਰਾਤਮਕ ਬਦਲਾਅ ਲਿਆ ਰਹੇ ਹਨ।



ਫੋਰਬਜ਼ ਦੀ 30 ਸਾਲ ਤੋਂ ਘੱਟ ਉਮਰ 30 ਦੇ ਸਭ ਤੋਂ ਸਫਲ ਨੌਜਵਾਨਾਂ (30 ਅੰਡਰ-30) ਦੀ ਸੂਚੀ ਵਿਚ 15 ਵੱਖ-ਵੱਖ ਖੇਤਰਾਂ ਵਿਚ ਸਭ ਤੋਂ ਸਫਲ ਨੌਜਵਾਨ ਸ਼ਾਮਲ ਹਨ ਜਿਨ੍ਹਾਂ ਵਿਚ ਪੌਪ ਗਾਇਕ ਜਸਟਿਨ ਬੀਵਰ, ਮਿਲੀ ਸਾਇਰਸ, ਟੇਲਰ ਸਵਿਫਟ, ਬਲੌਗਿੰਗ ਪਲੈਟਫਾਰਮ ਟੰਬਲਰ ਡੇਵਿਡ ਕਰੈਪ, ਟੈਨਿਸ ਖਿਡਾਰਨ ਮਾਰੀਆ ਸ਼ਾਰਾਪੋਵਾ ਤੇ ਪਾਕਿਸਤਾਨ ਦੀ ਮਲਾਲਾ ਯੂਸਫ਼ਜ਼ਈ ਸ਼ਾਮਲ ਹਨ। ਫੋਰਬਜ਼ ਦਾ ਕਹਿਣਾ ਹੈ ਕਿ ਇਹ ਦੌਰ ਪ੍ਰਤਿਭਾਸ਼ਾਲੀ ਨੌਜਵਾਨਾਂ ਦਾ ਹੈ। ਇਸ ਤੋਂ ਪਹਿਲਾਂ ਨੌਜਵਾਨਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਅਜਿਹਾ ਮੌਕਾ ਨਹੀਂ ਸੀ ਮਿਲਿਆ।

ਰਸਾਲੇ ਦੀ 450 ਸਾਲ ਤੋਂ ਸਫਲ ਨੌਜਵਾਨਾਂ ਦੀ ਸੂਚੀ ਵਿਚ ਭਾਰਤੀ ਮੂਲ ਦੇ 23 ਨੌਜਵਾਨ ਤੇ ਮੁਟਿਆਰਾਂ ਸ਼ਾਮਲ ਹਨ। ਇਨ੍ਹਾਂ ਵਿਚੋਂ ਕਈ ਭਾਰਤ ਵਿਚ ਗਿਆਨ ਕੇਂਦਰ ਜਾਂ ਸਾਫਟਵੇਅਰ ਕੰਪਨੀ ਦੀ ਸਥਾਪਨਾ ਕਰ ਰਿਹਾ ਹੈ ਜਿਸ ਨਾਲ ਅਧਿਆਪਕਾਂ ਨੂੰ ਜਮਾਤ ਵਿਚ ਹੋ ਰਹੀਆਂ ਸਰਗਰਮੀਆਂ 'ਤੇ ਨਜ਼ਰ ਰੱਖਣ ਵਿਚ ਮਦਦ ਮਿਲ ਸਕੇ, ਕੋਈ ਅਮਰੀਕੀ ਫੁਟਬਾਲ ਟੀਮ ਦਾ ਉਪ ਪ੍ਰਧਾਨ ਹੈ ਤੇ ਕੋਈ ਚਾਕਲੇਟ ਬਿਊਟੀ ਦਾ ਮਾਲਕ ਹੈ।

ਵਿੱਤੀ ਖੇਤਰਾਂ ਦੇ ਨੌਜਵਾਨਾਂ ਵਿਚ 28 ਸਾਲਾਂ ਦਾ ਗਣੇਸ਼ ਬੇਤਨ ਭਟਲਾ ਸ਼ਾਮਲ ਹੈ ਜੋ ਨਿਵੇਸ਼ ਫਰਮ ਤਲਰਾ ਕੈਪੀਟਲ ਦਾ ਐਮ.ਡੀ. ਹੈ। 29 ਸਾਲਾ ਰਿਸ਼ਭ ਦੋਸ਼ੀ ਵਿੱਤੀ ਫਰਮ ਡੀ ਡਬਲਿਊ ਇਵੈਸਟਮੈਂਟ ਮੈਨੇਜਮੈਂਟ ਦਾ ਟਰੇਡਰ ਹੈ। 28 ਸਾਲਾ ਚੇਤਨਿਆ ਮਹਿਰਾ ਨਿਵੇਸ਼ ਫਰਮ ਵਿਚ ਜ਼ਿੱਫ ਕੈਪੀਟਲ ਮੈਨੇਜਮੈਂਟ ਵਿਚ ਪੋਰਟਫੋਲੀਓ ਮੈਨੇਜਰ ਹੈ। 29 ਸਾਲਾ ਨੀਲ ਮਹਿਤਾ ਹਾਰੀਨੋਅਟਿਕ ਕੈਪੀਟਲ ਦਾ ਬਾਨੀ ਹੈ। ਇਹ ਫਰਮ 60 ਕਰੋੜ ਡਾਲਰ ਦੇ ਨਿਵੇਸ਼ ਦੀ ਦੇਖ-ਰੇਖ ਕਰ ਰਹੀ ਹੈ। 21 ਸਾਲਾ ਸਾਹਿਲ ਲਾਵਿੰਗੀਆ ਗੁਗਰੋਡ ਦਾ ਬਾਨੀ ਤੇ ਸੀਈਓ ਹੈ। ਇਸ ਵੈੱਬ ਰਹੀਂ ਵਪਾਰੀ ਆਪਣਾ ਡਿਜੀਟਲ ਉਤਪਾਦ ਛੇਤੀ ਵੇਚ ਸਕਦਾ ਹੈ। 29 ਸਾਲਾ ਕਰਨ ਚੋਪੜਾ ਵੀ ਇਸ ਸੂਚੀ ਵਿਚ ਹੈ। ਇਹ ਰਾਡਕੋ ਨਾਮਕ ਫਰਮ ਦਾ ਸਹਿਬਾਨੀ ਹੈ। ਇਹ ਫਰਮ ਘਾਨਾ ਦੀ ਸਭ ਤੋਂ ਵੱਡੀ ਚੌਲ ਉਤਪਾਦਨ ਕੰਪਨੀ ਹੈ। 28 ਸਾਲਾ ਕ੍ਰਿਸ਼ਨਾ ਰਾਮ ਕੁਮਾਰ ਅਵੰਤੀ ਦੀ ਸਹਿਬਾਨੀ ਹੈ। ਇਹ ਗਰੁੱਪ ਸਾਇੰਸ ਤੇ ਗਣਿਤ ਦੇ ਭਾਰਤ ਦੇ ਕਈ ਹਿੱਸਿਆਂ ਵਿਚ ਕਈ ਕੇਂਦਰ ਚਲਾ ਰਿਹਾ ਹੈ। ਇਹ ਉਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਉਂਦਾ ਹੈ ਜਿਹੜੇ ਪ੍ਰਤਿਭਾਸ਼ਾਲੀ ਪਰ ਗਰੀਬ ਹਨ। ਸੂਚੀ ਵਿਚ 29 ਸਾਲਾ ਅਜੈਤਾ ਸ਼ਾ, ਕਵਿਤਾ ਸ਼ੁਕਲਾ, ਮੇਘਾ ਪਾਰੇਖ, ਆਮਿਰ ਰਾਓ, ਦਿਵਿਆ ਨਾਸ, ਰਘੂ ਦਿਵੁਕੁਲਾ, ਸੁਰਤੀ ਸਰਨਾ, ਸੈਮ ਚੌਧਰੀ, ਐਸ. ਦਾਸ ਗੁਪਤਾ, ਪ੍ਰਦਵ ਯਾਦਵ, ਟੀਸ਼ਾ ਖਰੇ ਤੇ ਅਦਿਤੀ ਮਲਹੋਤਰਾ ਦੇ ਨਾਂ ਸ਼ਾਮਲ ਹਨ।

## ਭੈਣਾਂ ਨੇ ਬੈਂਕ ਦੇ ਸਾਹਮਣੇ ਸਾੜੇ 17 ਲੱਖ ਰੁਪਏ

**ਇਸਲਾਮਾਬਾਦ:** ਲਹਿੰਦੇ ਪੰਜਾਬ ਦੇ ਜ਼ਿਲ੍ਹੇ ਜੇਹਲਮ ਵਿਖੇ ਦੋ ਭੈਣਾਂ ਨੇ ਸਰੇ-ਬਾਜ਼ਾਰ 17 ਲੱਖ ਰੁਪਏ ਫੂਕ ਦਿੱਤੇ ਤੇ ਅੱਗ ਬੁਝਾਉਣ ਲਈ ਅੱਗੇ ਆਏ ਲੋਕਾਂ ਨੂੰ ਪਿਸਤੌਲ ਦਿਖਾ ਕੇ ਉਥੋਂ ਭਜਾ ਦਿੱਤਾ। ਅੱਗ ਲੱਗਣ ਮਗਰੋਂ ਮੌਕੇ 'ਤੇ ਪੁੱਜੀ ਪੁਲਿਸ ਸੜਕ ਤੋਂ ਨੋਟਾਂ ਦੀ ਸੁਆਹ ਹੀ ਇਕੱਠੀ ਕਰਦੀ ਰਹੀ। 40 ਸਾਲਾ ਨਾਹੀਦ ਤੇ 35 ਸਾਲਾ ਰੁਬੀਨਾ ਜੇਹਲਮ ਦੇ ਬਿਲਾਲ ਇਲਾਕੇ ਵਿਚ ਭਰਾਵਾਂ ਤੋਂ ਵੱਖ ਹੋ ਕੇ ਇਕੱਠੀਆਂ ਰਹਿੰਦੀਆਂ ਹਨ। ਘਟਨਾ ਵਾਲੇ ਦਿਨ ਦੋਵੇਂ ਅਣਵਿਆਹੀਆਂ ਭੈਣਾਂ ਨੇ ਨੈਸ਼ਨਲ ਬੈਂਕ ਆਫ਼ ਪਾਕਿਸਤਾਨ ਗਈਆਂ ਤੇ ਫਿਕਸਡ ਡਿਪਾਜ਼ਿਟ ਵਿਚ ਪਏ 17 ਲੱਖ ਰੁਪਏ ਕਢਵਾਏ। ਬਰਾਂਚ ਦੇ ਬਾਹਰ ਹੀ ਉਨ੍ਹਾਂ ਸੜਕ 'ਤੇ 17 ਲੱਖ ਰੁਪਇਆਂ ਨੂੰ ਅੱਗ ਲਗਾ ਦਿੱਤੀ।

ਪੁਲਿਸ ਮੁਤਾਬਕ ਇਨ੍ਹਾਂ ਭੈਣਾਂ ਨੇ ਆਪਣੀ ਜੱਦੀ ਜਾਇਦਾਦ ਵੇਚ ਕੇ 28 ਲੱਖ ਰੁਪਏ ਬੈਂਕ ਵਿਚ ਜਮ੍ਹਾਂ ਕਰਵਾਏ ਸਨ। ਉਨ੍ਹਾਂ ਦੇ ਪਿਤਾ ਰਾਜਾ ਮੁਹੰਮਦ ਇਕਬਾਲ ਦੀ ਕੁਝ ਸਾਲ ਪਹਿਲਾਂ ਭੇਤਭਰੀ ਹਾਲਤ ਵਿਚ ਹੱਤਿਆ ਹੋ ਗਈ ਸੀ। ਇਹ ਦੋਵੇਂ ਭੈਣਾਂ ਆਪਣੇ ਦੋ ਭਰਾਵਾਂ ਤੋਂ ਵੱਖ ਰਹਿੰਦੀਆਂ ਹਨ। ਕੁਝ ਲੋਕ ਆਖ ਰਹੇ ਹਨ ਕਿ ਇਹ ਦੋਵੇਂ ਭੈਣਾਂ ਦਿਮਾਗੀ ਤੌਰ 'ਤੇ ਠੀਕ ਨਹੀਂ।


M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



COMMERCIAL GRADE
SECURITY SOLUTIONS
MORE THAN SECURITY







LICENCE PLATE READER
BILL READER
LONG RANGE
CASH REGISTER INTERFACE
HD SERIES CAMERAS

SPECIAL OFFER 4 CAMERAS WITH 4 CH DVR LED MONITOR INCLUDED $1349 +Tax
SPECIAL OFFER 8 CAMERAS INSTALLATION INCLUDED LED MONITOR INCLUDED $2349 +Tax
SPECIAL OFFER 12 CAMERAS INSTALLATION INCLUDED LED MONITOR INCLUDED $3749 +Tax

Buy Online : www.ezchase.com
Email : commvision@sbcglobal.net
Vista CCTV TECHNOLOGY
Call Sukhpal
661-586-5080

# ਜਥੇਦਾਰਾਂ ਦੀ ਨਿਯੁਕਤੀ ਤੇ ਸੇਵਾਮੁਕਤੀ ਬਾਰੇ ਛਿੜੀ ਚਰਚਾ

**ਅੰਮ੍ਰਿਤਸਰ:** ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਗੁਰਪੁਰਬ ਮੌਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਦੋ ਸਿੱਖ ਧੜਿਆਂ ਵੱਲੋਂ ਇਕ ਦੂਜੇ 'ਤੇ ਕਿਰਪਾਨਾਂ ਚਲਾਉਣ ਤੇ ਦਸਤਾਰਾਂ ਉਤਾਰਨ ਦੀ ਵਾਪਰੀ ਮੰਦਭਾਗੀ ਘਟਨਾ ਪਿੱਛੋਂ ਜਥੇਦਾਰਾਂ ਦੀ ਨਿਯੁਕਤੀ, ਯੋਗਤਾ, ਸੇਵਾ ਮੁਕਤੀ ਤੇ ਕਾਰਜ ਖੇਤਰ ਬਾਰੇ ਨਿਯਮ ਬਣਾਉਣ ਦੀ ਮੰਗ ਉੱਠੀ ਹੈ। ਇਸ ਘਟਨਾ ਪਿੱਛੇ ਵੀ ਇਕ ਜਥੇਦਾਰ ਨੂੰ ਅਹੁਦੇ ਤੋਂ ਹਟਾਉਣਾ ਤੇ ਦੂਜੇ ਨੂੰ ਉਸ ਦੀ ਥਾਂ ਨਿਯੁਕਤ ਕਰਨ ਦਾ ਹੀ ਮਾਮਲਾ ਹੈ।



ਇਸੇ ਤਰ੍ਹਾਂ ਪਹਿਲਾਂ ਵੀ ਕਈ ਜਥੇਦਾਰਾਂ ਨੂੰ ਇਸ ਸਨਮਾਨਯੋਗ ਅਹੁਦੇ ਤੋਂ ਅਪਮਾਨਜਨਕ ਢੰਗ ਨਾਲ ਹਟਾਇਆ ਜਾ ਚੁੱਕਾ ਹੈ ਤੇ ਇਸ ਕਾਰਵਾਈ ਕਾਰਨ ਸਿੱਖ ਕੌਮ ਦੀ ਹਾਲਤ ਹਾਸੋਹੀਣੀ ਬਣਦੀ ਰਹੀ ਹੈ। ਇਸ ਬਾਰੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਆਖਿਆ ਕਿ ਜਥੇਦਾਰਾਂ ਦੀ ਨਿਯੁਕਤੀ, ਸੇਵਾ ਮੁਕਤੀ, ਯੋਗਤਾ ਅਤੇ ਕਾਰਜ ਖੇਤਰ ਬਾਰੇ ਨਿਯਮ ਬਣਾਉਣ ਦੀ ਲੋੜ ਹੈ। ਉਨ੍ਹਾਂ 2000 ਵਿਚ, ਜਦੋਂ ਉਹ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨਿਯੁਕਤ ਕੀਤੇ ਗਏ ਸੀ, ਉਸ ਵੇਲੇ ਵੀ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਸੀ ਕਿ ਇਹ ਨਿਯਮ ਤਿਆਰ ਕੀਤੇ ਜਾਣ ਤਾਂ ਜੋ ਭਵਿੱਖ ਵਿਚ ਇਹ ਸਨਮਾਨਯੋਗ ਅਹੁਦਿਆਂ ਦਾ ਸਨਮਾਨ ਬਹਾਲ ਰਹੇ। ਸਿੱਖ ਸੰਸਥਾ ਵੱਲੋਂ ਇਨ੍ਹਾਂ ਨਿਯਮਾਂ ਨੂੰ ਹੁਣ ਤੱਕ ਨਹੀਂ ਬਣਾਇਆ ਗਿਆ। ਇਹੀ ਕਾਰਨ ਹੈ ਕਿ ਸਿੰਘ ਸਾਹਿਬਾਨ ਦੀ ਨਿਯੁਕਤੀ ਤੇ ਸੇਵਾ ਮੁਕਤੀ ਦੀ ਕਾਰਵਾਈ ਵਿਚ ਪਾਰਦਰਸ਼ਤਾ ਦੀ ਘਾਟ ਬਣੀ ਰਹਿੰਦੀ ਹੈ।

ਉਨ੍ਹਾਂ ਆਖਿਆ ਕਿ ਇਹ ਨਿਯਮ ਬਣਾਉਣ ਦੀ ਵੱਡੀ ਲੋੜ ਹੈ ਜੋ ਪੰਜਾਂ ਤਖ਼ਤਾਂ 'ਤੇ ਲਾਗੂ ਹੋਣੇ ਚਾਹੀਦੇ ਹਨ ਜਾਂ ਫਿਰ ਸਾਰੇ ਤਖ਼ਤਾਂ ਦੀਆਂ ਪ੍ਰਬੰਧਕ ਕਮੇਟੀਆਂ ਅਜਿਹੇ ਸਾਂਝੇ ਨਿਯਮ ਤਿਆਰ ਕਰਨ ਤੇ ਉਨ੍ਹਾਂ ਨੂੰ ਲਾਗੂ ਕੀਤਾ ਜਾਵੇ। ਉਨ੍ਹਾਂ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਵਾਪਰੀ ਘਟਨਾ ਦੀ ਨਿੰਦਾ ਕਰਦਿਆਂ ਆਖਿਆ ਕਿ ਜੇਕਰ ਇਕ ਵੀ ਧਿਰ ਵੱਲੋਂ ਸੰਜਮ ਨਾਲ ਕੰਮ ਲਿਆ ਜਾਂਦਾ ਤਾਂ ਇਹ ਇਸ ਘਟਨਾ ਨੂੰ ਵਾਪਰਨ ਤੋਂ ਰੋਕਿਆ ਜਾ ਸਕਦਾ ਸੀ। ਦਲ ਖਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ ਪਟਨਾ ਸਾਹਿਬ ਵਿਖੇ ਵਾਪਰੀ ਘਟਨਾ ਮੰਦਭਾਗੀ ਹੈ ਜਿਸ ਨੇ ਸਮੁੱਚੀ ਕੌਮ ਨੂੰ ਸ਼ਰਮਸਾਰ ਕੀਤਾ ਹੈ।ਉਨ੍ਹਾਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਤਖ਼ਤ ਸ੍ਰੀ ਹਜ਼ੂਰ ਸਾਹਿਬ ਤੇ ਤਖਤ ਸ੍ਰੀ ਪਟਨਾ ਸਾਹਿਬ ਦੀਆਂ ਕਮੇਟੀਆਂ ਦੇ ਪ੍ਰਧਾਨਾਂ ਅਤੇ ਪ੍ਰਬੰਧਕਾਂ ਨੂੰ ਭਰੋਸੇ ਵਿਚ ਲੈ ਕੇ ਜਥੇਦਾਰਾਂ ਦੀ ਨਿਯੁਕਤੀ, ਸੇਵਾ-ਮੁਕਤੀ, ਭੂਮਿਕਾ, ਕਾਰਜ ਖੇਤਰ ਅਤੇ ਹੋਰ ਸੇਵਾ ਨਿਯਮ ਬਣਾਉਣ ਬਾਰੇ ਕਾਰਵਾਈ ਸ਼ੁਰੂ ਕਰਨ। ਇਸ ਬਾਰੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਪਟਨਾ ਸਾਹਿਬ ਵਿਖੇ ਜੋ ਕੁਝ ਵਾਪਰਿਆ ਹੈ, ਉਹ ਮੰਦਭਾਗਾ ਸੀ ਤੇ ਇਸ ਕਾਰਨ ਕੌਮ ਨੂੰ ਭਾਰੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਪਟਨਾ ਸਾਹਿਬ ਵਿਖੇ ਨਵੇਂ ਮੀਤ ਜਥੇਦਾਰ ਦੀ ਨਿਯੁਕਤੀ ਦੇ ਢੰਗ ਤਰੀਕੇ ਤੇ ਇਤਰਾਜ਼ ਦਾ ਪ੍ਰਗਟਾਵਾ ਕਰ ਚੁੱਕੇ ਹਨ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ 1999 ਵਿਚ ਭਾਈ ਰਣਜੀਤ ਸਿੰਘ, 2000 ਵਿਚ ਗਿਆਨੀ ਪੂਰਨ ਸਿੰਘ ਅਤੇ 2008 ਵਿਚ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੂੰ ਜਬਰੀ ਸੇਵਾ ਮੁਕਤ ਕੀਤਾ ਜਾ ਚੁੱਕਾ ਹੈ। 1999 ਵਿਚ ਜਦੋਂ ਭਾਈ ਰਣਜੀਤ ਸਿੰਘ ਨੂੰ ਜਬਰੀ ਸੇਵਾ ਮੁਕਤ ਕੀਤਾ ਗਿਆ ਸੀ ਤਾਂ ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੋਹੜਾ ਵਿਚਾਲੇ ਖਿੱਚੋਤਾਣ ਚੱਲ ਰਹੀ ਸੀ ਜਿਸ ਵਿਚ ਉਸ ਵੇਲੇ ਦੇ ਜਥੇਦਾਰ ਭਾਈ ਰਣਜੀਤ ਸਿੰਘ ਨਿਸ਼ਾਨਾ ਬਣ ਗਏ। ਇਸੇ ਤਰ੍ਹਾਂ 2008 ਵਿਚ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੂੰ ਵੀ ਕੁਝ ਕਾਰਨਾਂ ਕਰਕੇ ਰਾਤੋ-ਰਾਤ ਜਬਰੀ ਸੇਵਾ ਮੁਕਤ ਕਰ ਦਿੱਤਾ ਗਿਆ ਸੀ।

### ਪਟਨਾ ਸਾਹਿਬ ਕੇਸ ਦੇ ਜ਼ਿੰਮੇਵਾਰਾਂ ਖਿਲਾਫ ਹੋਵੇ ਕਾਰਵਾਈ

**ਅੰਮ੍ਰਿਤਸਰ:** ਪਟਨਾ ਸਾਹਿਬ ਵਿਖੇ ਵਾਪਰੀ ਮੰਦਭਾਗੀ ਘਟਨਾ ਬਾਰੇ ਭਾਵੇਂ ਦੋਵਾਂ ਧਿਰਾਂ ਵਿਚਾਲੇ ਸਮਝੌਤੇ ਦਾ ਦਾਅਵਾ ਕੀਤਾ ਜਾ ਰਿਹਾ ਹੈ ਪਰ ਸਿੱਖ ਵਿਦਵਾਨਾਂ ਦਾ ਮਤ ਹੈ ਕਿ ਇਸ ਘਟਨਾ ਦੌਰਾਨ ਮਰਿਆਦਾ ਦੇ ਹੋਏ ਘਾਣ ਤੇ ਸਿੱਖ ਕੌਮ ਨੂੰ ਹੋਈ ਨਮੋਸ਼ੀ ਲਈ ਦੋਵੇਂ ਧਿਰਾਂ ਖਿਲਾਫ਼ ਪੰਥਕ ਮਰਿਆਦਾ ਮੁਤਾਬਕ ਕਾਰਵਾਈ ਹੋਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਇਸ ਘਟਨਾ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮੰਚ ਤੋਂ ਦੋਵਾਂ ਧਿਰਾਂ ਨੇ ਇਕ ਦੂਜੇ ਖ਼ਿਲਾਫ਼ ਕਿਰਪਾਨਾਂ ਚਲਾਈਆਂ ਤੇ ਦਸਤਾਰਾਂ ਉਤਾਰੀਆਂ ਗਈਆਂ ਸਨ। ਘਟਨਾ ਵਿਚ ਜਥੇਦਾਰ ਗਿਆਨੀ ਇਕਬਾਲ ਸਿੰਘ ਸਮੇਤ ਪੰਜ ਵਿਅਕਤੀ ਜ਼ਖ਼ਮੀ ਹੋ ਗਏ ਸਨ। ਇਸ ਧਾਰਮਿਕ ਸਮਾਗਮ ਦਾ ਉਸ ਵੇਲੇ ਟੀ.ਵੀ ਚੈਨਲਾਂ ਤੋਂ ਸਿੱਧਾ ਪ੍ਰਸਾਰਨ ਵੀ ਚੱਲ ਰਿਹਾ ਸੀ, ਜਿਸ ਰਾਹੀਂ ਲੋਕਾਂ ਨੇ ਇਸ ਸਾਰੀ ਘਟਨਾ ਨੂੰ ਦੇਖਿਆ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਫਿਲਹਾਲ ਉਨ੍ਹਾਂ ਕੋਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਗਈ ਪੰਜ ਮੈਂਬਰੀ ਜਾਂਚ ਕਮੇਟੀ ਦੀ ਰਿਪੋਰਟ ਨਹੀਂ ਪੁੱਜੀ ਹੈ ਪਰ ਇਹ ਰਿਪੋਰਟ ਮਿਲਣ ਮਗਰੋਂ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕਾਰਵਾਈ ਕਰਨ ਬਾਰੇ ਜ਼ਰੂਰ ਵਿਚਾਰ ਕੀਤਾ ਜਾਵੇਗਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਆਖਿਆ ਕਿ ਇਸ ਘਟਨਾ ਨਾਲ ਸਬੰਧਤ ਧਿਰਾਂ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਅਖੰਡ ਪਾਠ ਕਰਵਾ ਕੇ ਖਿਮਾ ਜਾਚਨਾ ਦੀ ਅਰਦਾਸ ਕਰਨੀ ਚਾਹੀਦੀ ਹੈ। ਜਾਂਚ ਕਮੇਟੀ ਨੇ ਵੀ ਸੁਝਾਅ ਦਿੱਤਾ ਹੈ ਕਿ ਇਸ ਘਟਨਾ ਲਈ ਖਿਮਾ ਜਾਚਨਾ ਕੀਤੀ ਜਾਵੇ। ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ ਇਸ ਘਟਨਾ ਦੀ ਜਾਂਚ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਆਪਣੇ ਭਰੋਸੇਯੋਗ ਸੂਤਰਾਂ ਤੋਂ ਵੀ ਕਰਾਉਣੀ ਚਾਹੀਦੀ ਹੈ ਤੇ ਜ਼ਿੰਮੇਵਾਰ ਵਿਅਕਤੀਆਂ ਦਾ ਪਤਾ ਲਾਉਣਾ ਚਾਹੀਦਾ ਹੈ। ਦੋਵਾਂ ਧਿਰਾਂ ਖਿਲਾਫ਼ ਕਾਰਵਾਈ ਦੀ ਥਾਂ ਸਿਰਫ ਜ਼ਿੰਮੇਵਾਰ ਧਿਰ ਖਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ।

## ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਹੋਵੇਗੀ ਰਜਿਸਟ੍ਰੇਸ਼ਨ

**ਅੰਮ੍ਰਿਤਸਰ:** ਵੱਖ-ਵੱਖ ਦੇਸ਼ਾਂ ਦੇ ਪੜ੍ਹੇ ਲਿਖੇ ਸਿੱਖਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸ਼ਰਧਾ ਤੇ ਸਤਿਕਾਰ ਨੂੰ ਬਰਕਰਾਰ ਰੱਖਣ ਲਈ ਪਾਵਨ ਸਰੂਪਾਂ ਦੀ ਰਜਿਸਟ੍ਰੇਸ਼ਨ ਦੀ ਯੋਜਨਾ ਬਣਾਈ ਗਈ ਹੈ। ਸ਼੍ਰੋਮਣੀ ਕਮੇਟੀ ਅਧਿਕਾਰੀਆਂ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਯੋਜਨਾ ਦੀ ਸ਼ਲਾਘਾ ਕਰਦਿਆਂ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ ਹੈ। ਆਸਟ੍ਰੇਲੀਆ, ਕੈਨੇਡਾ ਤੇ ਇੰਗਲੈਂਡ ਦੇ ਕੰਪਿਊਟਰ ਇੰਜਨੀਅਰਿੰਗ ਨਾਲ ਸਬੰਧਤ ਤੇ ਸਿੱਖ ਧਰਮ ਨਾਲ ਭਾਵਨਾਤਮਿਕ ਸਾਂਝ ਰੱਖਣ ਵਾਲੇ ਇਨ੍ਹਾਂ ਸਿੱਖਾਂ ਨੇ ਪਾਵਨ ਸਰੂਪਾਂ ਦੀ ਮਾਣ ਮਰਿਆਦਾ ਤੇ ਸੇਵਾ ਸੰਭਾਲ ਨੂੰ ਪ੍ਰਪੱਕ ਕਰਨ ਲਈ ਸਮੂਹ ਸਰੂਪਾਂ ਦਾ ਲੇਖਾ-ਜੋਖਾ ਇਕੱਠਾ ਕਰਕੇ ਰਜਿਸਟ੍ਰੇਸ਼ਨ ਕਰਦਿਆਂ ਕੰਪਿਊਟਰਾਈਜ਼ਡ ਰਿਕਾਰਡ ਰੱਖਣ ਦਾ ਪ੍ਰਾਜੈਕਟ ਤਿਆਰ ਕੀਤਾ ਹੈ। ਮੈਲਬਰਨ ਵਾਸੀ ਕੰਪਿਊਟਰ ਇੰਜਨੀਅਰ ਸੁਰਜੀਤ ਸਿੰਘ ਨੇ ਤਕਰੀਬਨ ਦੋ ਸਾਲ ਪਹਿਲਾਂ ਸ਼ੁਰੂ ਕੀਤੇ ਪ੍ਰਾਜੈਕਟ ਬਾਰੇ ਦੱਸਿਆ ਕਿ ਇਸ ਤਹਿਤ ਪਾਵਨ ਸਰੂਪ ਦੇ ਹਰੇਕ ਅੰਕ 'ਤੇ ਲੁਕਵਾਂ ਸੀਰੀਅਲ ਨੰਬਰ ਦਰਜ ਕੀਤਾ ਜਾਵੇਗਾ। ਇਸ ਨਾਲ ਹਰੇਕ ਪਾਵਨ ਸਰੂਪ ਦਾ ਵੇਰਵਾ ਕੰਪਿਊਟਰ ਵਿਚ ਦਰਜ ਕਰਦੇ ਸਮੇਂ ਉਸ ਦੀ ਮਾਣ ਮਰਿਆਦਾ ਤੇ ਦੇਖ ਭਾਲ ਬਾਰੇ ਜਾਣਕਾਰੀ ਰੱਖੀ ਜਾਵੇਗੀ। ਪੰਜੀਕਰਨ ਕੀਤੇ ਗਏ ਸਮੂਹ ਪਾਵਨ ਸਰੂਪ ਰੱਖਣ ਵਾਲੇ ਸ਼ਰਧਾਲੂਆਂ ਕੋਲੋਂ ਹਲਫੀਆ ਬਿਆਨ ਲਿਆ ਜਾਵੇਗਾ ਕਿ ਉਹ ਸਰੂਪ ਦੀ ਦੁਰਵਰਤੋਂ ਨਹੀਂ ਹੋਣ ਦੇਣਗੇ ਤੇ ਜੇਕਰ ਫਿਰ ਵੀ ਕੋਈ ਮਾਣ ਮਰਿਆਦਾ ਨਾਲ ਸਮਝੌਤਾ ਕਰੇਗਾ ਤਾਂ ਉਸ ਵਿਰੁੱਧ ਹਲਫੀਆ ਬਿਆਨ ਦੇ ਆਧਾਰ 'ਤੇ ਕਾਰਵਾਈ ਕੀਤੀ ਜਾ ਸਕੇਗੀ। ਹਰੇਕ ਪਾਵਨ ਸਰੂਪ ਰੱਖਣ ਵਾਲੇ ਸ਼ਰਧਾਲੂ ਨੂੰ ਸਵੈ ਚਲਿਤ ਈ-ਮੇਲ ਰਾਹੀਂ ਹਰੇਕ ਛੇ ਮਹੀਨੇ ਬਾਅਦ ਪਾਵਨ ਸਰੂਪ ਬਾਰੇ ਜਾਣਕਾਰੀ ਦੇਣ ਲਈ ਨਿਯਮਤ ਕੀਤਾ ਜਾਵੇਗਾ। ਉਕਤ ਪ੍ਰਾਜੈਕਟ ਦੀ ਜਾਣਕਾਰੀ ਲੈਣ ਉਪਰੰਤ ਪ੍ਰਧਾਨ ਸ਼੍ਰੋਮਣੀ ਕਮੇਟੀ ਜਥੇਦਾਰ ਅਵਤਾਰ ਸਿੰਘ ਨੇ ਪਰਵਾਸੀ ਸਿੱਖਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਪ੍ਰਾਜੈਕਟ ਨੂੰ ਲਾਗੂ ਕਰਨ ਲਈ ਭਰਵੀਂ ਸਹਾਇਤਾ ਦੇਵੇਗੀ।

## 'ਹਿਸਟਰੀ ਆਫ਼ ਦਿ ਸਿੱਖਸ' ਉਤੇ ਪਾਬੰਦੀ ਮੰਗੀ

***ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਉਠਾਏ ਇਤਰਾਜ਼***
***ਸਿੱਖ ਗੁਰੂਆਂ ਅਤੇ ਸਿੱਖੀ ਬਾਰੇ ਗਿਆਨ ਤੋਂ ਬਿਲਕੁਲ ਕੋਰਾ ਹੈ ਲੇਖਕ***
***ਦੂਜੇ ਧਰਮਾਂ ਦੇ ਪੈਰੋਕਾਰਾਂ ਬਾਰੇ ਵੀ ਤੱਥ ਰਹਿਤ ਤੇ ਇਤਰਾਜ਼ਯੋਗ ਲਿਖਿਆ***

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 'ਰੂਪਾ ਪਬਲੀਕੇਸ਼ਨ ਅਨਸਾਰੀ ਰੋਡ ਦਰੀਆਗੰਜ, ਨਿਊ ਦਿੱਲੀ' ਨਾਂ ਦੀ ਕੰਪਨੀ ਵੱਲੋਂ ਪ੍ਰਕਾਸ਼ਿਤ ਅਖੌਤੀ ਅੰਗਰੇਜ਼ ਲੇਖਕ ਮਿਸਟਰ ਡਬਲਯੂ.ਐਲ. ਮੈਗਰੇਗਰ ਦੀ ਲਿਖੀ ਅੰਗਰੇਜ਼ੀ ਪੁਸਤਕ 'ਹਿਸਟਰੀ ਆਫ਼ ਦਿ ਸਿੱਖਸ' ਉਤੇ ਪਾਬੰਧੀ ਲਾਉਣ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਹੈ ਕਿ ਇਸ ਲੇਖਕ ਵੱਲੋਂ ਸਿਰਫ ਸਿੱਖ ਗੁਰੂਆਂ ਤੇ ਸਿੱਖਾਂ ਬਾਰੇ ਹੀ ਨਹੀਂ ਸਗੋਂ ਦੂਜੇ ਧਰਮਾਂ ਦੇ ਪੈਰੋਕਾਰਾਂ ਬਾਰੇ ਵੀ ਬਹੁਤ ਕੁਝ ਤੱਥ ਰਹਿਤ ਤੇ ਇਤਰਾਜ਼ਯੋਗ ਲਿਖਿਆ ਗਿਆ ਹੈ।

ਲੇਖਕ ਵੱਲੋਂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਬਾਰੇ ਲਿਖਿਆ ਹੈ ਕਿ ਗੁਰੂ ਨਾਨਕ ਆਪਣੇ ਆਪ ਨੂੰ ਹਜ਼ਰਤ ਮੁਹੰਮਦ ਦਾ ਅਵਤਾਰ ਸਮਝਦੇ ਸਨ ਤੇ ਇਸਲਾਮ ਦੀ ਵਿਚਾਰਧਾਰਾ ਨੂੰ ਪ੍ਰਚਾਰਦੇ ਸਨ। ਉਸ ਨੇ ਇਹ ਵੀ ਦਾਅਵਾ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਗੁਰੂ ਨਾਨਕ ਦੇਵ ਆਪਣੇ ਪੈਰੋਕਾਰਾਂ ਨੂੰ ਅਕਸਰ ਕੁਰਾਨ ਪੜ੍ਹਨ ਲਈ ਕਿਹਾ ਕਰਦੇ ਸਨ। ਉਸ ਨੇ ਇਕ ਹੋਰ ਟਿੱਪਣੀ ਕਰਦਿਆਂ ਲਿਖਿਆ ਹੈ ਕਿ ਜ਼ਾਲਮ ਕੌਮਾਂ ਵਾਂਗ ਆਪਣੀ ਸ਼ੈਤਾਨੀ ਆਦਤਾਂ ਕਾਰਨ ਸਿੱਖ ਜ਼ੁਲਮ ਦੀਆਂ ਹੱਦਾਂ ਟੱਪ ਗਏ।

ਗੁਰੂ ਤੇਗ ਬਹਾਦਰ ਬਾਰੇ ਲੇਖਕ ਕਹਿੰਦਾ ਹੈ ਕਿ ਗੁਰੂ ਤੇਗ ਬਹਾਦਰ ਨੇ ਕਸ਼ਮੀਰੀ ਪੰਡਤਾਂ ਖਾਤਰ ਕੁਰਬਾਨੀ ਨਹੀਂ ਦਿੱਤੀ ਸਗੋਂ ਰਾਮਰਾਏ ਦੀ ਦੁਸ਼ਮਣੀ ਕਾਰਨ ਸ਼ਹੀਦ ਹੋਏ।ਇਸ ਲੇਖਕ ਵੱਲੋਂ ਗੁਰੂ ਗੋਬਿੰਦ ਸਿੰਘ ਨੂੰ ਦੇਵੀ ਦਾ ਪੁਜਾਰੀ ਕਿਹਾ ਹੈ ਤੇ ਉਸੇ ਖਾਤਰ ਹੀ ਉਨ੍ਹਾਂ ਨੇ ਆਪਣੇ ਪੁੱਤਰਾਂ ਦੀ ਕੁਰਬਾਨੀ ਦਿੱਤੀ। ਲੇਖਕ ਨੇ ਖੰਡੇ ਬਾਟੇ ਦੀ ਪਾਹੁਲ ਅੰਮ੍ਰਿਤ ਲਈ ਆਪਣੀ ਪੁਸਤਕ ਵਿਚ ਸ਼ਰਬਤ ਸ਼ਬਦ ਵਰਤਿਆ ਹੈ।

ਲੇਖਕ ਨੇ ਗੁਰੂ ਗੋਬਿੰਦ ਸਿੰਘ ਦੇ ਅਖ਼ਰੀਲੇ ਸਮੇਂ ਬਾਰੇ ਵੀ ਬਹੁਤ ਕੁਝ ਅਜਿਹਾ ਲਿਖਿਆ ਹੈ ਜਿਸ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ।ਉਨ੍ਹਾਂ ਕਿਹਾ ਕਿ ਇਸ ਲੇਖਕ ਦੇ ਸਿੱਖ ਗੁਰੂਆਂ ਤੇ ਸਿੱਖਾਂ ਪ੍ਰਤੀ ਇਸ ਤਰ੍ਹਾਂ ਦੇ ਕੋਝੇ ਵਿਚਾਰ ਦੂਸਰੀਆਂ ਕੌਮਾਂ ਵਿਚ ਸਿੱਖਾਂ ਪ੍ਰਤੀ ਨਫ਼ਰਤ ਪੈਦਾ ਕਰਦੇ ਹਨ। ਇਹ ਇਕ ਸੋਚੀ ਸਮਝੀ ਸਾਜ਼ਿਸ਼ ਤਹਿਤ ਸਿੱਖਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਪੁਸਤਕ 'ਤੇ ਪਾਬੰਦੀ ਲੱਗਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ 'ਹਿਸਟਰੀ ਆਫ਼ ਦਿ ਸਿੱਖਸ' ਪੁਸਤਕ ਦੀ ਬਾਰੀਕੀ ਨਾਲ ਘੋਖ-ਪੜਤਾਲ ਕੀਤੀ ਜਾ ਰਹੀ ਹੈ, ਮੁਕੰਮਲ ਪੜਤਾਲ ਤੋਂ ਬਾਅਦ ਪੁਸਤਕ ਦੇ ਲੇਖਕ ਤੇ ਪਬਲਿਸ਼ਰ, ਜੋ ਬਰਾਬਰ ਦੇ ਜ਼ਿੰਮੇਵਾਰ ਹਨ, ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਪੁਸਤਕ ਦੀ ਜਾਂਚ-ਪੜਤਾਲ ਵਾਸਤੇ ਇਕ ਸਬ ਕਮੇਟੀ ਗਠਿਤ ਕੀਤੀ ਗਈ ਹੈ, ਜਿਸ ਦੇ ਕੋ-ਆਰਡੀਨੇਟਰ ਜਗਜੀਤ ਸਿਘ ਮੀਤ ਸਕੱਤਰ ਸ਼੍ਰੋਮਣੀ ਕਮੇਟੀ ਨੂੰ ਬਣਾਇਆ ਗਿਆ ਹੈ। ਕਮੇਟੀ ਦੀ ਮੁਕੰਮਲ ਰਿਪੋਰਟ ਆਉਣ ਉਪਰੰਤ ਅਖੌਤੀ ਲੇਖਕ ਤੇ ਪਬਲਿਸ਼ਰ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਵਿਰਾਸਤ-ਏ-ਖਾਲਸਾ ਦੀ ਮਕਬੂਲੀਅਤ ਨੇ ਤੋੜੇ ਰਿਕਾਰਡ

### ਦੋ ਸਾਲਾਂ ਵਿਚ 38 ਲੱਖ ਤੋਂ ਵੱਧ ਲੋਕਾਂ ਕੀਤੇ ਦਰਸ਼ਨ



**ਅਨੰਦਪੁਰ ਸਾਹਿਬ:** ਵਿਰਾਸਤ-ਏ-ਖਾਲਸਾ 25 ਨਵੰਬਰ ਨੂੰ ਆਪਣੇ ਦੋ ਸਾਲ ਪੂਰੇ ਕਰ ਚੁੱਕਾ ਹੈ। ਇਨ੍ਹਾਂ ਦੋ ਸਾਲਾਂ ਵਿਚ ਦੇਸ਼ਾਂ-ਵਿਦੇਸ਼ਾਂ ਤੋਂ ਹੁਣ ਤੱਕ 38 ਲੱਖ ਤੋਂ ਵੱਧ ਸੈਲਾਨੀ ਵਿਰਾਸਤ-ਏ-ਖਾਲਸਾ ਨੂੰ ਦੇਖ ਚੁੱਕੇ ਹਨ। ਇਨ੍ਹਾਂ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਸਮੇਤ ਹਿੰਦੁਸਤਾਨ ਦੇ ਕਈ ਅਹੁਦਿਆਂ 'ਤੇ ਪਹੁੰਚੇ ਮੁੱਖ ਮੰਤਰੀ, ਰਾਜਪਾਲ ਤੇ ਹੋਰ ਸ਼ਖ਼ਸੀਅਤਾਂ ਵੀ ਸ਼ਾਮਲ ਹਨ।

ਦੱਸਣਯੋਗ ਹੈ ਕਿ ਦੁਨੀਆ ਵਿਚ ਅੱਠਵੇਂ ਅਜੂਬੇ ਦੇ ਤੌਰ 'ਤੇ ਜਾਣਿਆ ਜਾਂਦਾ ਵਿਰਾਸਤ-ਏ-ਖਾਲਸਾ ਨੂੰ ਬਣਾਉਣ ਦਾ ਕੰਮ 300 ਸਾਲਾ ਖਾਲਸਾ ਸਾਜਨਾ ਦਿਵਸ ਮੌਕੇ 1999 ਵਿਚ ਸ਼ੁਰੂ ਹੋਇਆ ਸੀ। ਦੋ ਪੜਾਵਾਂ ਵਿਚ ਬਣਨ ਵਾਲੇ ਇਸ ਅਜਾਇਬ ਘਰ ਦੇ ਪਹਿਲੇ ਪੜਾਅ ਨੂੰ 25 ਨਵੰਬਰ, 2011 ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਦਘਾਟਨ ਕਰਕੇ ਲੋਕ ਅਰਪਣ ਕੀਤਾ ਸੀ। ਵਿਰਾਸਤ-ਏ-ਖਾਲਸਾ ਦੇ ਦੂਜੇ ਪੜਾਅ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਜਿਸ ਵਿਚ ਭਾਰਤ-ਪਾਕਿਸਤਾਨ ਦੀ ਵੰਡ, ਮਹਾਰਾਜਾ ਰਣਜੀਤ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਤੇ ਆਜ਼ਾਦੀ ਦੀ ਲੜਾਈ ਨੂੰ ਦਰਸਾਉਂਦੀਆਂ ਗੈਲਰੀਆਂ ਦਾ ਨਿਰਮਾਣ ਕੀਤਾ ਜਾਵੇਗਾ ਜਿਸ ਲਈ ਪੰਜਾਬ ਸਰਕਾਰ ਨੇ 77 ਕਰੋੜ ਦੀ ਰਕਮ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਇਸ ਦਾ ਡਿਜ਼ਾਇਨ ਵੀ ਤਿਆਰ ਹੋ ਚੁੱਕਾ ਹੈ ਜਦੋਂਕਿ ਪਹਿਲੇ ਪੜਾਅ ਦੇ ਕੰਮ 'ਤੇ ਤਕਰੀਬਨ 350 ਕਰੋੜ ਰੁਪਏ ਖਰਚ ਆਏ ਸਨ। ਇਸ ਦੇ ਨਾਲ ਹੀ ਸੈਲਾਨੀਆਂ ਦੀ ਸਹੂਲਤ ਲਈ ਉਡੀਕ ਘਰ, ਛਾਂ ਤੇ ਸਾਫ਼ ਪੀਣ ਵਾਲੇ ਪਾਣੀ ਦਾ ਕੰਮ ਵੀ ਮੁਕੰਮਲ ਹੋ ਚੁੱਕਾ ਹੈ ਤੇ ਛੇਤੀ ਹੀ ਉਡੀਕ ਘਰ ਨੂੰ ਸੈਲਾਨੀਆਂ ਲਈ ਖੋਲ੍ਹ ਦਿੱਤਾ ਜਾਵੇਗਾ। ਵਿਰਾਸਤ-ਏ-ਖਾਲਸਾ ਦੇ ਪਹਿਲੇ ਭਾਗ ਨੂੰ ਦੇਖਣ ਲਈ ਸਵਾ ਘੰਟਾ ਲੱਗਦਾ ਹੈ ਤੇ ਦੂਸਰੇ ਪੜਾਅ ਲਈ ਵੀ ਤਕਰੀਬਨ ਇੰਨਾ ਹੀ ਸਮਾਂ ਲੱਗੇਗਾ। ਇਹ ਅਜਾਇਬ ਘਰ ਦੁਨੀਆ ਦੇ ਸਭ ਤੋਂ ਵੱਧ ਦੇਖਣ ਵਾਲੇ ਅਜਾਇਬ ਘਰਾਂ ਵਿਚ ਗਿਣਿਆ ਜਾਣ ਲੱਗਾ ਹੈ ਜਿਸ ਦੇ ਹੁਣ ਤੱਕ ਦੇ ਦੇਖੇ ਜਾਣ ਵਾਲੇ ਅੰਕੜਿਆਂ ਮੁਤਾਬਕ 20 ਫੀਸਦੀ ਸੈਲਾਨੀ ਵਿਦੇਸ਼ੀ ਜਾਂ ਪਰਵਾਸੀ ਭਾਰਤੀ ਹੁੰਦੇ ਹਨ। ਜਦੋਂ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਪੰਜਾਂ ਤਖ਼ਤਾਂ ਨੂੰ ਜੋੜਨ ਵਾਲੀ ਰੇਲ ਗੱਡੀ ਦੀਦਾਰ-ਏ-ਤਖ਼ਤ, ਸ਼ਾਨ-ਏ-ਖਾਲਸਾ ਸ੍ਰੀ ਅਨੰਦਪੁਰ ਸਾਹਿਬ ਪੁੱਜੀ ਸੀ ਤਾਂ ਉਸ ਵਿਚ ਸਵਾਰ ਪਰਵਾਸੀ ਭਾਰਤੀ ਵੀ ਇਸ ਵਿਰਾਸਤ ਨੂੰ ਵੇਖ ਕੇ ਇਸ ਦੀ ਭਰਪੂਰ ਪ੍ਰਸੰਸਾ ਕਰਦੇ ਸਨ।

# ਦੇਵਯਾਨੀ ਮਾਮਲੇ ‘ਤੇ ਰੇੜਕਾ ਅਜੇ ਵੀ ਬਰਕਰਾਰ

**ਨਿਊ ਯਾਰਕ:** ਭਾਰਤ ਨੇ ਸੀਨੀਅਰ ਡਿਪਲੋਮੈਟ ਦੇਵਯਾਨੀ ਖੋਬਰਗੜੇ ਉਪਰ ਵੀਜ਼ਾ ਜਾਅਲਸਾਜ਼ੀ ਤੇ ਝੂਠਾ ਬਿਆਨ ਦੇਣ ਦੇ ਦੋਸ਼ ਆਇਦ ਹੋਣ ਤੋਂ ਬਾਅਦ ਨਾਖੁਸ਼ੀ ਜਾਹਿਰ ਕਰਦਿਆਂ ਨਵੀਂ ਦਿੱਲੀ ਵਿਚੋਂ ਇਕ ਅਮਰੀਕੀ ਸਫੀਰ ਨੂੰ ਕੱਢ ਦਿੱਤਾ ਹੈ। 33 ਸਾਲ ਪਹਿਲਾਂ ਅਮਰੀਕਾ ਨੇ ਪ੍ਰਭਾਕਰ ਮੈਨਨ ਨਾਮਕ ਭਾਰਤੀ ਡਿਪਲੋਮੈਟ ਨੂੰ ਕੱਢ ਦਿੱਤਾ ਸੀ ਤੇ ਉਸ ਦਾ ਜੈਸੇ-ਕੋ-ਤੈਸਾ ਜਵਾਬ ਦਿੰਦਿਆਂ ਜਾਰਜ ਹਾਰੀਫਨ ਨਾਮਕ ਅਮਰੀਕੀ ਡਿਪਲੋਮੈਟ ਨੂੰ ਕੱਢ ਦਿੱਤਾ ਸੀ। ਇਹ ਦੂਜਾ ਮੌਕਾ ਹੈ ਜਦੋਂ ਭਾਰਤ ਨੇ ਹਿਸਾਬ ਬਰਾਬਰ ਕੀਤਾ ਹੈ।

ਅਮਰੀਕੀ ਅਟਾਰਨੀ ਪ੍ਰੀਤ ਭਰਾੜਾ ਨੇ ਜ਼ਿਲ੍ਹਾ ਜੱਜ ਸ਼ੀਰਾ ਸ਼ੈਂਡਲਿਨ ਨੂੰ ਭੇਜੇ ਪੱਤਰ ਵਿਚ ਕਿਹਾ ਕਿ 39 ਸਾਲਾ ਭਾਰਤੀ ਡਿਪਲੋਮੈਟ ਖਿਲਾਫ਼ ਦੋਸ਼ ਬਰਕਰਾਰ ਰਹਿਣਗੇ। ਉਹ ਜਦੋਂ ਕਦੇ ਵੀ ਬਗੈਰ ਡਿਪਲੋਮੈਟ ਛੋਟ ਤੋਂ ਅਮਰੀਕਾ ਆਏ ਤਾਂ ਉਨ੍ਹਾਂ ਖਿਲਾਫ ਮੁਕੱਦਮਾ ਸ਼ੁਰੂ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਗਰੈਂਡ ਜਿਊਰੀ ਨੇ ਸ੍ਰੀਮਤੀ ਦੇਵਯਾਨੀ ਨੂੰ ਆਪਣੀ ਨੌਕਰਾਣੀ ਸੰਗੀਤਾ ਰਿਚਰਡ ਬਾਰੇ ਵੀਜ਼ਾ ਜਾਅਲਸਾਜ਼ੀ ਕਰਨ ਤੇ ਝੂਠਾ ਬਿਆਨ ਦੇਣ ਵਰਗੇ ਦੋ ਦੋਸ਼ ਲਾਏ ਹਨ। ਭਾਰਤੀ ਡਿਪਲੋਮੈਟ ਨੂੰ ਵਿਸ਼ੇਸ਼ ਛੋਟ ਹੋਣ ਕਾਰਨ ਉਨ੍ਹਾਂ ਖਿਲਾਫ ਕੇਸ ਨਹੀਂ ਚੱਲ ਸਕਦਾ ਪਰ ਉਨ੍ਹਾਂ ਵਿਰੁੱਧ ਦੋਸ਼ ਬਰਕਰਾਰ ਰਹਿਣਗੇ।

ਭਾਰਤ ਤੇ ਅਮਰੀਕੀ ਹੈੱਡ ਕੁਆਰਟਰਜ਼ ਸਮਝੌਤੇ ਤਹਿਤ ਸ੍ਰੀਮਤੀ ਦੇਵਯਾਨੀ ਨੂੰ ਅੱਠ ਜਨਵਰੀ ਨੂੰ ਪੂਰੀ ਡਿਪਲੋਮੈਟ ਛੋਟ ਦੇ ਦਿੱਤੀ ਗਈ ਸੀ। ਇਸ 1999 ਬੈਚ ਦੀ ਆਈ.ਐਫ.ਐਸ ਅਧਿਕਾਰੀ ਨੂੰ 12 ਦਸੰਬਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੂੰ ਮੌਕੇ ‘ਤੇ ਹੱਥਕੜੀ ਲਾ ਕੇ ਥਾਣੇ ਵਿਚ ਆਮ ਅਪਰਾਧੀਆਂ ਵਿਚਾਲੇ ਖੜਾਇਆ ਗਿਆ ਸੀ। ਬਆਦ ਵਿਚ ਢਾਈ ਲੱਖ ਦੇ ਜਾਤੀ ਮੁਚੱਲਕੇ ‘ਤੇ ਰਿਹਾਅ ਕਰ ਦਿੱਤਾ। ਗ੍ਰਿਫਤਾਰੀ ਦੌਰਾਨ ਉਨ੍ਹਾਂ ਦੀ ਕਈ ਵਾਰ ਜਾਮਾ-ਤਲਾਸ਼ੀ ਲਈ ਗਈ।

ਸ੍ਰੀਮਤੀ ਦੇਵਯਾਨੀ ਦੇ ਵਕੀਲ ਡੇਨੀਅਲ ਅਰਸ਼ੈਕ ਨੇ ਦੱਸਿਆ ਕਿ ਦੇਵਯਾਨੀ ਨੇ ਆਪਣੇ ‘ਤੇ ਲੱਗੇ ਦੋਸ਼ ਬੇਬੁਨਿਆਦ ਕਰਾਰ ਦਿੱਤੇ ਹਨ। ਉਹ ਇਨ੍ਹਾਂ ਨੂੰ ਝੂਠਾ ਸਾਬਤ ਕਰਨ ਲਈ ਸਬੂਤ ਪੇਸ਼ ਕਰੇਗੀ। ਉਨ੍ਹਾਂ ਨਿਯਮਾਂ ਮੁਤਾਬਕ ਹੀ ਨੌਕਰਾਣੀ ਨੂੰ ਤਨਖਾਹ ਦਿੱਤੀ। ਜਾਂਚ ਟੀਮ ਨੇ ਕੇਸ ਵਿਚ ਕਈ ਗੰਭੀਰ ਕੁਤਾਹੀਆਂ ਮੰਨੀਆਂ ਹਨ ਤੇ ਅਸੀਂ ਇਨ੍ਹਾਂ ਬੱਜਰ ਗਲਤੀਆਂ ਬਾਰੇ ਸਬੂਤ ਪੇਸ਼ ਕਰਾਂਗੇ। ਦੋਸ਼ਾਂ ਦੇ ਵੇਰਵੇ 21 ਸਫਿਆਂ ਵਿਚ ਦਿੱਤੇ ਗਏ ਹਨ ਤੇ ਇਨ੍ਹਾਂ ਵਿਚ ਕਿਹਾ ਗਿਆ ਹੈ ਕਿ ਸ੍ਰੀਮਤੀ ਦੇਵਯਾਨੀ ਆਪਣੀ ਨੌਕਰਾਣੀ ਨੂੰ ਨਿਯਮਾਂ ਮੁਤਾਬਕ ਭੁਗਤਾਨ ਨਹੀਂ ਸੀ ਕਰਨਾ ਚਾਹੁੰਦੀ। ਉਨ੍ਹਾਂ ਨੇ ਸੰਗੀਤਾ ਦੀ ਵੀਜ਼ਾ ਅਰਜ਼ੀ ਨਾਲ ਉਸ ਨੂੰ 4500 ਡਾਲਰ ਭੁਗਤਾਨ ਕਰਨ ਦੀ ਗੱਲ ਕਹੀ ਪਰ ਇਸ ਦਾ ਸਬੂਤ ਨਹੀਂ ਮਿਲਿਆ। ਭਾਰਤੀ ਡਿਪਲੋਮੈਟ ਨੇ ਪੂਰੀ ਤਰ੍ਹਾਂ ਜਾਅਲੀ ਕੰਟਰੈਕਟ ਤਿਆਰ ਕੀਤਾ।

ਉਧਰ, ਭਾਰਤ ਦੇ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੇ ਜ਼ੋਰ ਦੇ ਕਿਹਾ ਹੈ ਕਿ ਅਮਰੀਕਾ ਭਾਰਤ ਦੀ ਡਿਪਲੋਮੈਟ ਦੇਵਯਾਨੀ ਖੋਬਰਗੜੇ ਖ਼ਿਲਾਫ਼ ਵੀਜ਼ਾ ਧੋਖਾਧੜੀ ਦੇ ਸਾਰੇ ਕੇਸ ਵਾਪਸ ਲਵੇ। ਸ੍ਰੀਮਤੀ ਖੋਬਰਗੜੇ ਬੀਤੇ ਦਿਨੀਂ ਭਾਰਤ ਪਰਤ ਆਈ ਸੀ ਤੇ ਉਨ੍ਹਾਂ ਸ੍ਰੀ ਖੁਰਸ਼ੀਦ ਤੇ ਵਿਦੇਸ਼ ਸਕੱਤਰ ਸੁਜਾਤਾ ਸਿੰਘ ਨਾਲ ਮੁਲਾਕਾਤ ਕੀਤੀ।

## ਭਾਰਤ ਨੇ ਅਮਰੀਕੀ ਡਿਪਲੋਮੈਟ ਕੱਢਿਆ



## ਭਾਰਤੀ ਕਾਰਵਾਈ ਤੋਂ ਅਮਰੀਕਾ ਖਫਾ

ਵਾਸ਼ਿੰਗਟਨ: ਅਮਰੀਕੀ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਇਹ ਬੜੇ ਅਫਸੋਸ ਦੀ ਗੱਲ ਹੈ ਕਿ ਭਾਰਤ ਨੇ ਸਾਡੇ ਡਿਪਲੋਮੈਟ ਨੂੰ ਕੱਢ ਦਿੱਤਾ ਹੈ। ਦੋਵੇਂ ਮੁਲਕਾਂ ਦੇ ਸਬੰਧਾਂ ਲਈ ਇਹ ਬੜਾ ਚੁਣੌਤੀ ਭਰਪੂਰ ਸਮਾਂ ਹੈ। ਆਸ ਹੈ ਇਹ ਸਬੰਧ ਖ਼ਤਮ ਨਹੀਂ ਹੋਣਗੇ ਤੇ ਭਾਰਤ ਅਹਿਮ ਕਦਮ ਚੁੱਕੇਗਾ। ਅਮਰੀਕਾ ਦੇ ਸਰਕਾਰੀ ਵਕੀਲ ਪ੍ਰੀਤ ਭਰਾੜਾ ਨੇ ਵੀਜ਼ਾ ਧੋਖਾਧੜੀ ਮਾਮਲੇ ਵਿਚ ਭਾਰਤੀ ਡਿਪਲੋਮੈਟ ਦੇਵਯਾਨੀ ਖੋਬਰਗੜੇ ਵੱਲੋਂ ਆਪਣੀ ਨੌਕਰਾਣੀ ਨਾਲ ਕੀਤੇ ਦੋ ਕੰਟਰੈਕਟ ਅਦਾਲਤ ਵਿਚ ਪੇਸ਼ ਕੀਤੇ। ਸ੍ਰੀ ਭਰਾੜਾ ਨੇ ਕਿਹਾ ਕਿ ਸ੍ਰੀਮਤੀ ਦੇਵਯਾਨੀ ਨੇ ਆਪਣੀ ਨੌਕਰਾਣੀ ਸੰਗੀਤਾ ਰਿਚਰਡ ਨੂੰ ਵੀਜ਼ਾ ਦਿਵਾਉਣ ਲਈ ਨਵੀਂ ਦਿੱਲੀ ਵਿਖੇ ਅਮਰੀਕੀ ਸਫ਼ਾਰਤਖਾਨੇ ਵਿਚ ਪੂਰੀ ਤਨਖਾਹ ਤੇ ਭੱਤੇ ਦੇਣ ਵਾਲਾ ਕੰਟਰੈਕਟ ਪੇਸ਼ ਕਰਵਾਇਆ ਤੇ ਅਸਲ ਵਿਚ ਘੱਟ ਤਨਖਾਹ ਵਾਲਾ ਇਕ ਹੋਰ ਕੰਟਰੈਕਟ ਅਮਲ ਵਿਚ ਲਿਆਂਦਾ।

## ਅਮਰੀਕਾ ਵੱਲੋਂ ਗ੍ਰਿਫਤਾਰੀ ਵਾਰੰਟ ਦੀ ਤਿਆਰੀ

**ਵਾਸ਼ਿੰਗਟਨ:** ਅਮਰੀਕਾ ਵੱਲੋਂ ਭਾਰਤੀ ਡਿਪਲੋਮੈਟ ਦੇਵਯਾਨੀ ਖੋਬਰਗੜੇ ਦੀ ਗ੍ਰਿਫ਼ਤਾਰੀ ਲਈ ਵਾਰੰਟ ਜਾਰੀ ਕੀਤੇ ਜਾ ਸਕਦੇ ਹਨ। ਭਾਰਤ ਪੁੱਜ ਚੁੱਕੀ ਖੋਬਰਗੜੇ ਦੇ ਅਮਰੀਕਾ ਵਿਚ ਦਾਖਲੇ ‘ਤੇ ਪਾਬੰਦੀ ਲਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਵੀਜ਼ਾ ਨਾ ਦੇਣ ਦਾ ਫੈਸਲਾ ਕੀਤਾ ਗਿਆ ਹੈ। ਉਧਰ ਭਾਰਤੀ ਡਿਪਲੋਮੈਟ ਨੇ ਆਪਣੇ ਖ਼ਿਲਾਫ਼ ਵੀਜ਼ਾ ਧੋਖਾਧੜੀ ਕੇਸ ਰੱਦ ਕਰਾਉਣ ਲਈ ਅਮਰੀਕਾ ਸੰਘੀ ਅਦਾਲਤ ਦਾ ਦਰਵਾਜ਼ਾ ਖੜਕਾ ਦਿੱਤਾ ਹੈ। ਅਮਰੀਕਾ ਵਿਦੇਸ਼ ਮੰਤਰਾਲੇ ਦੀ ਤਰਜ਼ਮਾਨ ਜੇਨ ਸਾਕੀ ਨੇ ਕਿ ਖੋਬਰਗੜੇ ਇਥੋਂ ਭਾਰਤ ਚਲੇ ਗਏ ਹਨ। ਉਨ੍ਹਾਂ ਨੂੰ ਭਵਿੱਖ ਵਿਚ ਅਮਰੀਕਾ ਆਉਣ ਤੋਂ ਰੋਕਣ ਲਈ ਵੀਜ਼ਾ ਨਾ ਦੇਣ ਦਾ ਹੁਕਮ ਕਰ ਦਿੱਤਾ ਹੈ। ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਹੋ ਸਕਦੇ ਹਨ। ਅਮਰੀਕੀ ਵਿਦੇਸ਼ ਮੰਤਰਾਲੇ ਦੀ ਤਰਜ਼ਮਾਨ ਦੀ ਟਿੱਪਣੀ ਤੋਂ ਸਾਫ਼ ਹੈ ਕਿ ਉਸ ਮੁਲਕ ਨੇ ਭਾਰਤੀ ਡਿਪਲੋਮੈਟ ਨੂੰ ਵਿਸ਼ੇਸ਼ ਛੋਟ ਨਹੀਂ ਦਿੱਤੀ।

# ਬਰਤਾਨੀਆ ‘ਚ ਵੀ ਭੁਗਤਦੀਆਂ ਨੇ ਜਾਅਲੀ ਵੋਟਾਂ

**ਲੰਡਨ:** ਬਰਤਾਨੀਆ ਵਰਗੇ ਵਿਕਸਤ ਮੁਲਕ ਵਿਚ ਵੀ ਜਾਅਲੀ ਵੋਟਾਂ ਭੁਗਤਾਈਆਂ ਜਾਂਦੀਆਂ ਹਨ। ਇਹ ਰੁਝਾਨ ਦੱਖਣੀ ਏਸ਼ਿਆਈ ਭਾਈਚਾਰਿਆਂ ਵਿਚ ਸਭ ਤੋਂ ਵੱਧ ਹੈ। ਪਾਕਿਸਤਾਨ ਜਾਂ ਬੰਗਲਾਦੇਸ਼ ਨਾਲ ਸਬੰਧ ਰੱਖਣ ਵਾਲੇ ਫਿਰਕਿਆਂ ਵਿਚ ਜਾਅਲੀ ਵੋਟਾਂ ਭੁਗਤਾਨ ਦਾ ਮਾਮਲਾ ਸਾਹਮਣੇ ਆਇਆ ਹੈ। ਬਰਤਾਨੀਆ ਦੇ ਚੋਣ ਕਮਿਸ਼ਨ ਨੇ ਸਖ਼ਤੀ ਵਰਤਦਿਆਂ ਐਲਾਨ ਕੀਤਾ ਹੈ ਕਿ ਉਥੋਂ ਦੇ ਵੋਟਰਾਂ ਨੂੰ ਹੁਣ ਆਪਣੇ ਹੱਕ ਦੀ ਵਰਤੋਂ ਕਰਨ ਤੋਂ ਪਹਿਲਾਂ ਆਪਣਾ ਫੋਟੋ ਸ਼ਨਾਖਤੀ ਕਾਰਡ ਦਿਖਾਉਣਾ ਪਵੇਗਾ।

ਚੋਣ ਕਮਿਸ਼ਨ ਦੇ ਚੇਅਰਪਰਸਨ ਜੇਨੀ ਵਾਟਸਨ ਨੇ ਕਿਹਾ ਹੈ ਕਿ ਬੋਗਸ ਵੋਟਾਂ ਭੁਗਤਾਉਣ ਦੇ ਮਾਮਲੇ ਘੱਟ ਹੀ ਹਨ ਪਰ ਜਦੋਂ ਜਾਅਲੀ ਵੋਟਾਂ ਪੈਂਦੀਆਂ ਹਨ ਤਾਂ ਲੋਕ ਆਪਣੇ ਆਪ ਨੂੰ ਉਮੀਦਵਾਰ ਦੱਸਦੇ ਹਨ ਜਾਂ ਉਨ੍ਹਾਂ ਦੇ ਹਮਾਇਤੀ ਅਖਵਾਉਂਦੇ ਹਨ। ਵੋਟਰਾਂ ਨਾਲ ਇਕਸ਼ਾਫ਼ ਨਹੀਂ ਹੁੰਦਾ ਤੇ ਹੁਣ ਜਾਅਲਸਾਜ਼ੀ ਨੂੰ ਰੋਕਣ ਲਈ ਢੁਕਵੇਂ ਕਦਮ ਚੁੱਕਣੇ ਪੈਣਗੇ। ਕਮਿਸ਼ਨ ਵੱਲੋਂ ਜਾਰੀ ਕੀਤੇ ਗਏ ਦਸਤਾਵੇਜ਼ ਵਿਚ ਵੋਟਰਾਂ ਨੂੰ ਕਿਹਾ ਗਿਆ ਹੈ ਕਿ ਇੰਗਲੈਂਡ, ਸਕਾਟਲੈਂਡ ਤੇ ਵੇਲਜ਼ ਵਿਚ ਪੋਲਿੰਗ ਬੂਥਾਂ ‘ਤੇ ਫੋਟੋ ਸ਼ਨਾਖ਼ਤੀ ਕਾਰਡ ਦਿਖਾਉਣੇ ਲਾਜ਼ਮੀ ਹੋਣਗੇ। ਉੱਤਰੀ ਆਇਰਲੈਂਡ ਵਿਚ ਪਹਿਲਾਂ ਹੀ ਫੋਟੋ ਸ਼ਨਾਖ਼ਤੀ ਕਾਰਡ ਦਿਖਾ ਕੇ ਵੋਟਾਂ ਪਾਈਆਂ ਜਾਂਦੀਆਂ ਹਨ। ਦੱਖਣੀ ਏਸ਼ਿਆਈ ਲੋਕਾਂ ਦੀ ਜ਼ਿਆਦਾਤਰ ਗਿਣਤੀ ਬਰਮਿੰਘਮ, ਬਲੈਕਬਰਨ, ਡਾਰਵਿਨ, ਬ੍ਰੈਡਫੋਰਡ, ਵਾਰਨਲੇ, ਕਾਲਡਰਡੇਲ, ਕੋਵੈਂਟਰੀ, ਡਰਬੀ, ਹਾਈਡਨਬਰਨ, ਕਿਰਕਲੀਸ, ਓਲਡਹੈਮ, ਪੀਟਰ ਬੋਰੋਹ, ਸਲੋਹ, ਟਾਵਰ ਹੈਮਲੈਟਸ ਵਾਲਸਾਲ ਤੇ ਵੋਕਿੰਗ ਵਿਚ ਵਸਦੀ ਹੈ।

# ਲਾਦਿਨ ‘ਤੇ ਹਮਲੇ ਲਈ ਤਿਆਰ ਸੀ ਅਮਰੀਕਾ

**ਵਾਸ਼ਿੰਗਟਨ:** ਪਾਕਿਸਤਾਨ ਦੇ ਸ਼ਹਿਰ ਐਬਟਾਬਾਦ ਵਿਚ ਅਲਕਾਇਦਾ ਮੁਖੀ ਉਸਾਮਾ ਬਿਨ ਲਾਦਿਨ ‘ਤੇ ਹਮਲਾ ਕਰਨ ਵੇਲੇ ਅਮਰੀਕੀ ਨੇਵੀ ਸੀਲਜ਼ (ਕਮਾਂਡੋ) ਹਰ ਤਰ੍ਹਾਂ ਦੇ ਹਾਲਾਤ ਦਾ ਟਾਕਰਾ ਕਰਨ ਲਈ ਤਿਆਰ ਬਰ ਤਿਆਰ ਸਨ। ਇਥੋਂ ਤੱਕ ਕਿ ਪਾਕਿ ਵੱਲੋਂ ਵਿਰੋਧ ਕੀਤੇ ਜਾਣ ‘ਤੇ ਵੀ ਕਾਰਵਾਈ ਬਾਰੇ ਰਣਨੀਤੀ ਤਿਆਰ ਕੀਤੀ ਗਈ ਸੀ। ਇਹ ਖ਼ੁਲਾਸਾ ਅਮਰੀਕਾ ਦੇ ਸਾਬਕਾ ਰੱਖਿਆ ਸਕੱਤਰ ਰਾਬਰਟ ਗੇਟਸ ਵੱਲੋਂ ਲਿਖੀ ਨਵੀਂ ਕਿਤਾਬ ‘ਡਿਊਟੀ: ਮੈਮਾਇਰਜ਼ ਆਫ਼ ਏ ਸੈਕਰਟਰੀ ਐਟ ਵਾਰ’ ਵਿਚ ਕੀਤਾ ਗਿਆ ਹੈ।

ਗੇਟਸ ਨੇ ਲਿਖਿਆ ਹੈ ਕਿ ਲਾਦਿਨ ਦੀ ਰਿਹਾਇਸ਼ ‘ਤੇ ਛਾਪਾਮਾਰੀ ਦੌਰਾਨ ਜੇਕਰ ਪਾਕਿਸਤਾਨੀ ਫੌਜਾਂ, ਅਮਰੀਕੀ ਕਮਾਂਡੋਆਂ ‘ਤੇ ਵਾਰ ਕਰਦੀਆਂ ਤਾਂ ਆਪਣੇ ਬਚਾਅ ਲਈ ਨੇਵੀ ਸੀਲਜ਼ ਨੂੰ ਕਾਰਵਾਈ ਕਰਨ ਦੇ ਹੁਕਮ ਸਨ। ਗੇਟਸ ਨੇ ਲਿਖਿਆ ਹੈ ਕਿ ਫ਼ਿਕਰ ਸੀ ਕਿ ਪਾਕਿਸਤਾਨੀ ਖ਼ੁਫੀਆ ਏਜੰਸੀ ਆਈ.ਐਸ.ਆਈ ਨੂੰ ਬਿਨ ਲਾਦਿਨ ਦੇ ਟਿਕਾਣੇ ਦੀ ਪੂਰੀ ਜਾਣਕਾਰੀ ਹੋਵੇਗੀ ਤੇ ਉਸ ਦੇ ਘਰ ਬਾਹਰ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਹੋਣਗੇ। ਖ਼ਦਸ਼ਾ ਸੀ ਕਿ ਪਾਕਿਸਤਾਨੀ ਫ਼ੌਜ ਲਾਦਿਨ ਦੇ ਟਿਕਾਣੇ ਵੱਲ ਪਹੁੰਚ ਸਕਦੀ ਹੈ ਤੇ ਕਮਾਂਡੋਆਂ ਨੂੰ ਰੋਕ ਕੇ ਬੰਦੀ ਬਣਾ ਸਕਦੀ ਹੈ।

ਗੇਟਸ ਨੇ ਲਿਖਿਆ ਹੈ ਕਿ ਜਦੋਂ ਉਨ੍ਹਾਂ ਵਾਈਸ ਐਡਮਿਰਲ ਵਿਲੀਅਮ ਮੈਕਰੈਵਨ ਤੋਂ ਪੁੱਛਿਆ ਕਿ ਜੇਕਰ ਲਾਦਿਨ ਖ਼ਿਲਾਫ਼ ਕਾਰਵਾਈ ਦੌਰਾਨ ਪਾਕਿਸਤਾਨੀ ਫ਼ੌਜ ਮੌਕ ‘ਤੇ ਪਹੁੰਚ ਜਾਂਦੀ ਹੈ ਤਾਂ ਅੱਗੇ ਕੀ ਰਣਨੀਤੀ ਰਹੇਗੀ। ਮੈਕਰੈਵਨ ਨੇ ਕਿਹਾ ਕਿ ਕਮਾਂਡੋ ਉਥੇ ਰਹਿਣਗੇ ਤੇ ਕੂਟਨੀਤੀ ਰਾਹੀਂ ਉਥੋਂ ਨਿਕਲਣ ਲਈ ਇੰਤਜ਼ਾਰ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਕਾਫ਼ੀ ਵਿਚਾਰ-ਵਟਾਂਦਰੇ ਤੋਂ ਬਾਅਦ ਇਹ ਤੈਅ ਹੋਇਆ ਕਿ ਲਾਦਿਨ ਨੂੰ ਮਾਰਨ ਦੇ ਮਿਸ਼ਨ ਵਿਚ ਐਮ.ਐਚ.-47 ਹੈਲੀਕਾਪਟਰਾਂ ਤੇ ਹੋਰ ਕਮਾਂਡੋਆਂ ਨੂੰ ਨਾਲ ਤਿਆਰ ਕੀਤਾ ਜਾਵੇ। ਐਬਟਾਵਾਦ ਵਿਚ ਛਾਪੇਮਾਰੀ ਤੋਂ ਪਹਿਲਾਂ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਇਸ ਮਿਸ਼ਨ ਦੌਰਾਨ ਪਾਕਿਸਤਾਨ ਤੋਂ ਮਦਦ ਲੈਣ ਬਾਰੇ ਕੋਈ ਗੱਲਬਾਤ ਨਹੀਂ ਕੀਤੀ। ਉਨ੍ਹਾਂ ਕਿਹਾ ਹੈ ਕਿ ਜਦ ਵੀ ਪਾਕਿਸਤਾਨ ਨਾਲ ਕਿਸੇ ਹਮਲੇ ਬਾਰੇ ਅਗਾਊਂ ਗੱਲਬਾਤ ਕੀਤੀ ਗਈ ਤਾਂ ਨਿਸ਼ਾਨੇ ਵਾਲੇ ਵਿਅਕਤੀ ਮੌਕੇ ਤੋਂ ਪਹਿਲਾਂ ਭੱਜ ਗਏ ਜਾਂ ਫਿਰ ਪਕਿਸਤਾਨੀ ਫ਼ੌਜਾਂ ਨੇ ਬਿਨਾਂ ਕਿਸੇ ਤਿਆਰੀ ਦੇ ਅਸਫ਼ਲਤਾਪੂਰਬਕ ਕਾਰਵਾਈ ਨੂੰ ਅੰਜ਼ਾਮ ਦਿੱਤਾ।

Auto, Home, Life, Business, Workers Comp., Fixed & Variable Annuities, 401-K, IRA

ਆਪਣੀਆਂ ਸਾਰੀਆਂ ਇੰਸ਼ੋਰੈਂਸ ਲੋੜਾਂ ਲਈ ਸੰਪਰਕ ਕਰੋ

Nationwide Insurance

Call Rajinder 209-275-2094

ਜਾਇਦਾਦ ਦੀ ਖਰੀਦ-ਵੇਚ

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੂਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਲੇਖਕ ਜੀ! ਪੇਪਰ ਹੀ ਕਾਲੇ ਕਰਦੇ ਹੋ ਜਾਂ...?

## ਪਾਠਕਾਂ ਦੀ ਰਾਏ

'ਪੰਜਾਬ ਟਾਈਮਜ਼' ਦੇ 14 ਦਸੰਬਰ ਦੇ ਅੰਕ ਵਿਚ ਮੇਜਰ ਕੁਲਾਰ ਦਾ ਲੇਖ 'ਚਲੋ ਕੱਟੀਏ ਪਖੰਡਾਂ ਵਾਲੀ ਡੋਰ' ਦੋ ਵਾਰ ਪੜ੍ਹਿਆ। ਸਿਰਲੇਖ ਤੋਂ ਲੱਗਦਾ ਹੈ ਕਿ ਲੇਖਕ ਪਾਠਕਾਂ ਨੂੰ ਪਖੰਡਾਂ ਬਾਰੇ ਜਾਗਰੂਕ ਕਰਨਾ ਚਾਹੁੰਦਾ ਹੈ ਪਰ ਮੇਰੀ ਇਸ ਆਸ ਨੂੰ ਬੂਰ ਨਹੀਂ ਪਿਆ। ਲੇਖ ਦੇ ਅੰਤ ਵਿਚ ਲੇਖਕ ਨੇ ਲਿਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਯਕੀਨ ਪੱਕਾ ਕਰਨਾ ਚਾਹੀਦਾ ਹੈ। ਇਹ ਸਭ ਠੀਕ ਹੈ, ਪਰ ਸਵਾਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਪਮਾ ਅਤੇ ਸਿੱਖਿਆਵਾਂ ਲੇਖਕ ਨੂੰ ਉਦੋਂ ਯਾਦ ਨਹੀਂ ਸਨ ਜਦੋਂ ਉਸ ਨੂੰ ਇਹ ਪਤਾ ਲੱਗ ਗਿਆ ਸੀ ਕਿ ਪਾਠਕ ਮਾਤਾ ਦੇ ਘਰ ਕਿਸੇ ਸਾਧ ਨੇ ਆਉਣਾ ਹੈ? ਉਹ ਤਾਂ ਸਗੋਂ ਸੇਬ ਵਾਲੇ ਫੋਨ ਦਾ ਭਾਅ ਵੀ ਪਤਾ ਕਰ ਆਇਆ।

'ਪੰਜੇ ਉਂਗਲਾਂ ਇਕੋ ਜਿਹੀਆਂ ਨਹੀਂ' ਦੀ ਸੋਚ ਨਾਲ ਚੱਲੋ ਲੇਖਕ ਪਾਠਕ ਮਾਤਾ ਦੇ ਘਰੇ ਪਹੁੰਚ ਵੀ ਗਿਆ ਪਰ ਉਥੇ ਦਾ ਜੋ ਹਾਲ ਉਸ ਨੇ ਲਿਖਿਆ ਹੈ, ਉਹ ਧਿਆਨ ਮੰਗਦਾ ਹੈ। ਸਾਧ ਚੌਂਕੜਾ ਮਾਰੀ ਸੋਫੇ ਉਪਰ ਬੈਠਾ ਹੈ, ਫੋਨ ਉਪਰ ਹੀ 'ਗਿਆਰਾਂ ਸੌ ਲੱਗੂ, ਕੰਮ ਹੋ ਜਾਊ' ਕਹਿੰਦਾ ਹੈ, ਤੇ ਕਿਸੇ ਟਰੱਕਾਂ ਵਾਲੇ ਵੀਰ ਦਾ ਗਿਆਰਾਂ ਸੌ ਡਾਲਰ ਵਿਚ ਪਾਠ ਕਰ ਕੇ ਟਰੱਕਾਂ ਦੀ ਰਿਪੇਅਰ ਕਰੀ ਜਾਂਦਾ ਹੈ, ਕਿਸੇ ਸ਼ਰਧਾਲੂ ਦੀ ਲੜਕੀ ਦਾ ਰਿਸ਼ਤਾ ਵੀ ਕਰੀ ਜਾਂਦਾ, ਕਿਸੇ ਸ਼ਰਧਾਲੂ ਬੀਬੀ ਭੈਣ ਨੂੰ ਪੰਜ ਸੌ ਡਾਲਰ ਵਿਚ ਪਾਠ ਕਰ ਕੇ ਔਲਾਦ ਬਖ਼ਸ਼ੀ ਜਾਂਦਾ, ਕਿਸੇ ਸ਼ਰਧਾਲੂ ਜੋੜੇ ਤੋਂ ਪੰਜ ਸੌ ਡਾਲਰ ਲੈ ਕੇ ਬੱਚੇ ਕਹਿਣੇਕਾਰ ਬਣਾਈ ਜਾਂਦਾ ਹੈ; ਤਾਂ ਫਿਰ ਵੀ ਕਿਹੜੀ ਸ਼ੱਕ ਬਾਕੀ ਰਹਿ ਗਈ ਸੀ? ਸਾਫ਼ ਹੋ ਚੁੱਕਾ ਸੀ ਕਿ ਸਾਧ ਪਖੰਡੀ ਹੀ ਨਹੀਂ, ਭੋਲੇ ਲੋਕਾਂ ਨੂੰ ਲੁੱਟ ਵੀ ਰਿਹਾ ਹੈ।

ਲੇਖਕ ਲਈ ਉਹੀ ਵਕਤ ਸੀ ਉਠਣ ਦਾ; ਚਲਦੇ ਪਖੰਡ ਦੀ ਡੋਰ ਤੋੜਨ ਦਾ; ਉਨ੍ਹਾਂ ਸ਼ਰਧਾਲੂਆਂ ਦੀ ਹੋ ਰਹੀ ਲੁੱਟ ਰੋਕਣ ਦਾ, ਜਿਨ੍ਹਾਂ ਨੂੰ ਇਹ ਵੀ ਪਤਾ ਨਹੀਂ ਸੀ ਕਿ ਉਹ ਲੁੱਟੇ ਜਾ ਰਹੇ ਹਨ। ਉਠ ਕੇ ਟਰੱਕ ਵਾਲੇ ਨੂੰ ਕਹਿੰਦਾ ਕਿ ਟਰੱਕਾਂ ਦੀ ਰਿਪੇਅਰ ਸਾਧ ਨੂੰ ਗਿਆਰਾਂ ਸੌ ਡਾਲਰ ਦੇਣ ਨਾਲ ਨਹੀਂ ਹੋਣੀ, ਕਿਸੇ ਚੰਗੀ ਵਰਕਸ਼ਾਪ ਵਿਚ ਜਾਹ। ਬੀਬੀ ਨੂੰ ਕਹਿੰਦਾ, ਆਪਣਾ ਤੇ ਪਤੀ ਦਾ ਚੰਗੇ ਡਾਕਟਰ ਤੋਂ ਚੈਕਅੱਪ ਕਰਵਾ, ਵਾਹਿਗੁਰੂ 'ਤੇ ਭਰੋਸਾ ਰੱਖੋ। ਜੇ ਇਸ ਤਰ੍ਹਾਂ ਵੀ ਨਹੀਂ ਸੀ ਕਰ ਸਕਦਾ ਤਾਂ ਉਥੋਂ ਉਠ ਕੇ ਹੀ ਆ ਜਾਂਦਾ। ਫਿਰ ਤਾਂ ਇਹ ਕਿੱਸਾ ਅਖਬਾਰ ਵਿਚ ਲਿਖਣ ਦੀ ਕੋਈ ਤੁਕ ਬਣਦੀ; ਨਹੀਂ ਤਾਂ ਇਹ ਲੇਖਕ ਦਾ ਨਿਰੋਲ ਜ਼ਾਤੀ ਮਸਲਾ ਹੀ ਸੀ।

ਨਾਲੇ ਪਾਖੰਡ ਜਾਂ ਪਤੰਗ ਦੀ ਡੋਰ ਪੇਚੇ ਲਾ ਕੇ ਹੀ ਕੱਟੀ ਜਾਂਦੀ ਹੈ। ਪੇਚਾ ਲਾਉਣਾ ਤਾਂ ਬਹੁਤ ਦੂਰ, ਲੇਖਕ ਤਾਂ ਸੋਫੇ 'ਤੇ ਚੌਂਕੜਾ ਮਾਰੀ ਬੈਠੇ ਸਾਧ ਅੱਗੇ ਖੁਦ ਚੌਂਕੜਾ ਮਾਰੀ ਬੈਠਾ ਰਿਹਾ। ਸ਼ਰਧਾਲੂਆਂ ਦੀ ਹੁੰਦੀ ਲੁੱਟ ਦੇਖਦਾ ਰਿਹਾ। ਅਖੀਰ 'ਚ ਪਾਠਕ ਮਾਤਾ ਦੁਆਰਾ ਲੇਖਕ ਦੀ ਗਰੀਨ ਕਾਰਡ ਦਾ ਮਸਲਾ ਵੀ ਸਾਧ ਅੱਗੇ ਆ ਜਾਂਦਾ ਹੈ। ਲੇਖਕ ਨੇ ਮਾਤਾ ਨੂੰ ਆਪਣੀ ਮੁਸ਼ਕਿਲ ਸਾਧ ਅੱਗੇ ਰੱਖਣ ਤੋਂ ਰੋਕਿਆ ਕਿਉਂ ਨਹੀਂ? ਸਾਫ਼ ਹੈ, ਉਹ ਵੀ ਗਰੀਨ ਕਾਰਡ ਵੱਟੇ ਵਸਤਰ ਦੇਣ ਲਈ ਤਾਂ ਤਿਆਰ ਸੀ; ਪਰ ਸਾਧੂ ਨੂੰ ਨਹੀਂ, ਘਰ ਦੇ ਮੈਂਬਰ ਰਾਹੀਂ ਕਿਸੇ ਹੋਰ ਨੂੰ। ਵਾਹ ਲੇਖਕ ਜੀ, ਵਾਹ!

ਬਾਕੀ ਰਹੀ ਲੇਖਕ ਦੀ ਹੁਸ਼ਿਆਰ ਰੇਡਰ ਵਾਂਗ ਕੈਂਚੀ ਨਾ ਲੱਗਣ ਦੇਣ ਦੀ ਗੱਲ; ਲੇਖਕ ਉਚੀ ਸੋਚ ਵਾਲਾ ਅਤੇ ਲੇਖਕ ਦੇ ਤੌਰ 'ਤੇ ਵੀ ਕਾਫ਼ੀ ਕੱਦ ਵਾਲਾ ਹੈ, ਇਸ ਲਈ ਸਾਧ ਨੇ ਉਥੇ ਜਿੰਨੀਆਂ ਵੀ ਕੈਂਚੀਆਂ ਉਨ੍ਹਾਂ ਭੋਲੇ ਸ਼ਰਧਾਲੂਆਂ ਨੂੰ ਮਾਰੀਆਂ, ਉਹ ਕੈਂਚੀਆਂ ਉਸ ਦੀ ਉਥੇ ਚੌਂਕੜਾ ਮਾਰੀ ਬੈਠਿਆਂ ਸੋਚ ਅਤੇ ਅਕਲ ਨੂੰ ਵੀ ਲੱਗ ਰਹੀਆਂ ਸਨ। ਕਿਸੇ ਵੀ ਲੇਖਕ ਨੂੰ ਸੋਚ ਅਤੇ ਅਕਲ ਨੂੰ ਲੱਗੀ ਕੈਂਚੀ ਦਾ ਦੁੱਖ, ਜੇਬ ਨੂੰ ਲੱਗੀ ਸੌ ਦੋ ਸੌ ਦੀ ਕੈਂਚੀ ਨਾਲੋਂ ਕਿਤੇ ਜ਼ਿਆਦਾ ਹੋਣਾ ਚਾਹੀਦਾ ਹੈ। ਲੇਖਕ ਨੇ ਜੇਬ ਨੂੰ ਕੈਂਚੀ ਨਹੀਂ ਲੱਗਣ ਦਿੱਤੀ ਤਾਂ ਕੀ ਹੋ ਗਿਆ; ਸਾਧ ਨੇ ਉਸ ਨੂੰ ਸਿੱਖੀ ਦੀ ਵਿਚਾਰਧਾਰਾ ਵਿਚੋਂ ਹੀ ਆਉਣ ਕਰ ਕੇ ਨੰਬਰ ਆਪਣੇ ਨਾਂ ਕਰ ਲਿਆ।

ਉਹ ਪਾਠਕ ਜਿਸ ਨੂੰ ਲੇਖਕ ਮਾਤਾ ਕਹਿ ਕੇ ਸਤਿਕਾਰ ਦੇ ਰਿਹਾ ਹੈ, ਉਹਨੂੰ ਵੀ ਉਹ ਸੂਝਵਾਨ ਪੁੱਤਰ ਵਾਂਗ ਸਾਧ ਦੀ ਲੁੱਟ ਤੋਂ ਬਚਾਅ ਨਹੀਂ ਸਕਿਆ। ਸਭ ਕੁਝ ਜਾਣਦੇ ਹੋਏ ਵੀ ਕਿ ਸੇਬ ਵਾਲਾ ਫੋਨ ਪਖੰਡੀ ਸਾਧ ਨੂੰ ਭੇਟ ਹੋਵੇਗਾ, ਉਹ ਆਪ ਹੀ ਉਸ ਦਾ ਭਾਅ ਪੁੱਛ ਕੇ ਆਇਆ ਅਤੇ ਆਪ ਹੀ ਲਿਆ ਕੇ ਦਿੱਤਾ। ਸਮਝ ਹੀ ਨਹੀਂ ਆਈ ਕਿ ਉਸ ਨੇ ਪਖੰਡ ਦੀ ਡੋਰ ਕਿਥੇ ਅਤੇ ਕਦੋਂ ਕੱਟੀ ਹੈ? ਬੇਨਤੀ ਹੈ ਕਿ ਆਪਣੇ ਇਸ ਲੇਖ ਨੂੰ ਮੇਜਰ ਕੁਲਾਰ ਦੁਆਰਾ ਪੜ੍ਹੇ ਅਤੇ ਸਾਨੂੰ ਵੀ ਸਮਝਾਵੇ ਕਿ ਉਸ ਨੇ ਸਿੱਖੀ ਸੋਚ 'ਤੇ ਪਹਿਰਾ ਕਿਥੇ ਦਿੱਤਾ ਹੈ? ਹੁਣ ਰਹੀ ਜੋਤ ਵਾਲੀ ਗੱਲ।... ਪਖੰਡੀ ਸਾਧ ਅੱਗੇ ਉਸ ਦੀ ਖਾਮੋਸ਼ੀ ਬਾਰੇ ਪੜ੍ਹ ਕੇ ਯਕੀਨ ਕਰਨਾ ਮੁਸ਼ਕਿਲ ਹੈ ਕਿ ਉਸ ਨੇ ਫੂਕ ਮਾਰ ਕੇ ਜੋਤ ਬੁਝਾ ਦਿੱਤੀ ਹੋਵੇਗੀ। ਚਲੋ, ਜੇ ਸੱਚ ਵੀ ਹੈ ਤਾਂ ਲਗਦਾ ਹੈ, ਮਕਸਦ ਘਿਉ ਬਚਾਉਣਾ ਹੋਵੇਗਾ; ਪਖੰਡ ਬੰਦ ਕਰਨਾ ਨਹੀਂ! ਇਹੀ ਤਾਂ ਵਿਚੋਂ ਸੋਚਣ ਵਾਲੀ ਗੱਲ ਹੈ ਕੁਲਾਰ ਵੀਰ ਜੀ!

ਇਸੇ ਮੁੱਦੇ ਨਾਲ ਮਿਲਦੀ-ਜੁਲਦੀ ਘਟਨਾ ਦੱਸਣਾ ਚਾਹੁੰਦਾ ਹਾਂ। ਬਾਪੂ ਦੇ ਅਪਰੇਸ਼ਨ ਕਰ ਕੇ ਇੰਡੀਆ ਸੱਤ ਅੱਠ ਦਿਨ ਇਕ ਹਸਪਤਾਲ ਵਿਚ ਰਿਹਾ। ਉਥੇ ਪੰਦਰਾਂ ਸੋਲਾਂ ਸਾਲ ਦਾ ਇਕ ਮੁੰਡਾ ਵੀ ਦਾਖ਼ਲ ਸੀ। ਉਸ ਪਰਿਵਾਰ ਤੋਂ ਅੰਦਾਜ਼ਾ ਲਗਾਉਣਾ ਔਖਾ ਨਹੀਂ ਸੀ ਕਿ ਉਨ੍ਹਾਂ ਦਾ ਗੁਜ਼ਾਰਾ ਔਖਾ ਹੈ। ਉਹ ਇਲਾਜ ਲਈ ਵੀ ਸ਼ਾਇਦ ਪੈਸੇ ਫੜ ਫੜਾ ਕੇ ਲਿਆਏ ਹੋਣਗੇ। ਇਕ ਸ਼ਾਮ ਇਕ ਸਾਧ ਅਤੇ ਉਹਦਾ ਚੇਲਾ ਮੁੰਡੇ ਦੀ ਖ਼ਬਰ ਨੂੰ ਆਏ। ਮੁੰਡੇ ਦਾ ਪਰਿਵਾਰ ਸਾਧ ਦਾ ਸ਼ਰਧਾਲੂ ਸੀ। ਮੁੰਡੇ ਦੀ ਮਾਂ ਨੇ ਆਪਣੀ ਚੁੰਨੀ ਦੇ ਲੜ ਨਾਲ ਬੰਨ੍ਹੇ ਦੋ ਸੌ ਰੁਪਏ ਖੋਲ੍ਹੇ ਅਤੇ ਸਾਧ ਨੂੰ ਮੱਥਾ ਟੇਕ ਦਿੱਤਾ। ਨਾਲ ਹੀ ਚਾਹ ਦਾ ਆਰਡਰ ਕਰ ਦਿੱਤਾ। ਸਾਧ 'ਆ ਜਾਊ ਅਰਾਮ ਆ ਜਾਊ' ਕਹਿੰਦਾ ਚਾਹ ਦੀਆਂ ਚੁਸਕੀਆਂ ਭਰੀ ਜਾਵੇ। ਬਾਪੂ ਆਪਣੇ ਬਿਸਤਰ 'ਤੇ ਬੈਠਾ ਸਭ ਕੁਝ ਦੇਖ ਰਿਹਾ ਸੀ। ਉਹ ਬੈਡ ਤੋਂ ਉਠ ਖਲੋਤਾ। ਮੈਂ ਕਾਰਨ ਪੁੱਛਿਆ ਤਾਂ ਬਾਪੂ ਕਹਿੰਦਾ, "ਪੁੱਤ, ਹੁਣ ਹੀ ਉਠਣ ਦਾ ਵਕਤ ਹੈ। ਅੱਖਾਂ ਸਾਹਮਣੇ ਸਾਧ ਲੁੱਟ ਰਿਹਾ ਹੈ, ਗਰੀਬ ਮਾਰ ਹੋ ਰਹੀ ਹੈ।" ਇਹ ਕਹਿ ਕੇ ਮੇਰਾ ਅਨਪੜ੍ਹ, ਛੋਟੇ ਅਤੇ ਕਮਜ਼ੋਰ ਸਰੀਰ ਦਾ ਮਾਲਕ ਬਾਪੂ ਚਪਲਾਂ ਘੜੀਸਦਾ ਉਸ ਸਾਧ ਅੱਗੇ ਜਾ ਖਲੋਤਾ, ਬੇਝਿਜਕ ਕਹਿਣ ਲੱਗਾ, "ਤੂੰ ਫਲਾਣਾ ਏਂ?" ਸਾਧ ਨਾਲ ਆਇਆ ਚੇਲਾ ਮੰਤਰੀ ਨਾਲ ਆਏ ਗੰਨਮੈਨ ਵਾਂਗ ਕਹਿਣ ਲੱਗਾ, "ਹਾਂ ਜੀ, ਇਹ ਪਰਿਵਾਰ ਇਨ੍ਹਾਂ ਦਾ ਸ਼ਰਧਾਲੂ ਹੈ। ਤੁਸੀਂ ਵੀ ਕੁਝ ਪੁੱਛਣਾ ਹੈ?" ਬਾਪੂ ਨੇ ਮੂੰਹ ਘੁਮਾ ਕੇ ਮੁੰਡੇ ਦੀ ਮਾਂ ਵੱਲ ਕੀਤਾ ਤੇ ਕਿਹਾ, "ਮੈਂ ਪੁੱਛਣਾ ਨਹੀਂ, ਇਸ ਭੈਣ ਜੀ ਨੂੰ ਕੁਝ ਦੱਸਣਾ ਹੈ... ਭੈਣ ਜੀ, ਇਹ ਸਾਧ ਸਾਡੇ ਲਾਗਲੇ ਪਿੰਡ ਦਾ ਫਲਾਣੇ ਦਾ ਮੁੰਡਾ ਹੈ। ਇਹਦਾ ਦਾਦਾ ਮਿਹਨਤੀ ਅਤੇ ਸ਼ਰੀਫ਼ ਬੰਦਾ ਸੀ, ਆਹ ਪੁੱਛਾਂ ਦੇਣ ਦਾ ਕੰਮ ਇਹਦੇ ਨਸ਼ਈ ਤੇ ਕੰਮਚੋਰ ਬਾਪੂ ਨੇ ਚਾਲੂ ਕੀਤਾ ਸੀ। ਉਹਦੇ ਮਰ ਜਾਣ ਬਾਅਦ ਹੁਣ ਇਹ ਲੋਕਾਂ ਨੂੰ ਲੁੱਟਣ ਲੱਗ ਪਿਆ ਹੈ। ਤੇਰੇ ਮੱਥਾ ਟੇਕੇ ਪੈਸਿਆਂ ਦੀ ਇਨ੍ਹਾਂ ਸ਼ਰਾਬ ਅਤੇ ਮੱਛੀ ਖਰੀਦਣੀ ਹੈ।" ਫਿਰ ਬਾਪੂ ਸਾਧ ਵੱਲ ਸਿੱਧਾ ਹੋਇਆ, "ਤੈਨੂੰ ਸ਼ਰਮ ਨ੍ਹੀਂ ਆਉਂਦੀ? ਉਹ ਵਿਚਾਰੇ ਪਤਾ ਨਹੀਂ ਕਿਵੇਂ ਔਖੇ ਹੋ ਕੇ ਬਿਮਾਰ ਪੁੱਤ ਦਾ ਇਲਾਜ ਕਰਵਾ ਰਹੇ ਆ, ਤੂੰ ਦੋ ਸੌ ਜੇਬ ਵਿਚ ਪਾ ਲਿਆ।... ਮੋੜ ਉਨ੍ਹਾਂ ਦੇ ਪੈਸੇ, ਨਹੀਂ ਤਾਂ ਮੈਂ ਕਰਦਾਂ ਪੁਲਿਸ ਨੂੰ ਫੋਨ। ਸੱਦਦਾ ਹਾਂ ਅਖ਼ਬਾਰ ਵਾਲਿਆਂ ਨੂੰ ਹੁਣੇ।" ਸਾਧ ਬਾਪੂ ਦੀਆਂ ਖਰੀਆਂ ਖਰੀਆਂ ਅੱਗੇ ਟਿਕ ਨਾ ਸਕਿਆ ਤੇ ਚੁੱਪ-ਚਾਪ ਪੈਸੇ ਮੋੜ ਦਿੱਤੇ।

ਇਹ ਅਨਪੜ੍ਹ ਤੇ ਸਾਧਾਰਨ ਆਦਮੀ ਦੀ ਸੋਚ 'ਤੇ ਹੌਸਲਾ ਸੀ। ਮੇਜਰ ਕੁਲਾਰ ਪੜ੍ਹਿਆ-ਲਿਖਿਆ ਹੈ ਅਤੇ ਉਹ ਸਿੱਖੀ ਸੋਚ ਤੇ ਦਲੀਲਾਂ ਨਾਲ ਉਸ ਸਾਧੂ ਦੇ ਸਾਰੇ ਚਿੱਬ ਕੱਢ ਸਕਦਾ ਸੀ। ਅਗਾਂਹ ਹੋਰ ਲੋਕਾਂ ਦੀ ਲੁੱਟ ਵੀ ਠੱਲ੍ਹੀ ਜਾਂਦੀ। ਉਂਜ, ਉਸ ਸਾਧ ਨੇ ਇਕ ਸੱਚ ਵੀ ਬੋਲਿਆ ਹੈ, "ਲੇਖਕ ਜੀ, ਪੇਪਰ ਹੀ ਕਾਲੇ ਕਰਦੇ ਹੋ?" ਜੀ ਹਾਂ! ਇਹ ਸੱਚ ਹੀ ਹੈ। ਮੇਜਰ ਕੁਲਾਰ ਨੇ ਉਦੋਂ ਕੁਝ ਕਰਨ ਦਾ ਮੌਕਾ ਗੁਆ ਦਿੱਤਾ। ਉਸ ਲੁੱਟ ਤੋਂ ਇਕ ਮਹੀਨਾ ਬਾਅਦ ਉਹ ਪੇਪਰ ਹੀ ਕਾਲਾ ਕਰ ਸਕਦਾ ਸੀ, ਤੇ ਪੇਪਰ ਹੀ ਕਾਲਾ ਕੀਤਾ।

ਮੇਰਾ ਮੇਜਰ ਕੁਲਾਰ ਨਾਲ ਕੋਈ ਜ਼ਾਤੀ ਵਿਰੋਧ ਨਹੀਂ। ਉਸ ਨੂੰ ਲਿਖਣ ਦੀ ਜਾਚ ਹੈ ਅਤੇ ਮੈਂ ਉਸ ਦੀਆਂ ਕਈ ਲਿਖਤਾਂ ਬੜੇ ਚਾਅ ਨਾਲ ਪੜ੍ਹੀਆਂ ਹਨ। ਮੈਂ ਤਾਂ ਚੰਗੀ ਲਿਖਤ ਦੀ ਉਪਮਾ ਕਰਨ, ਜਾਂ ਕਿਸੇ ਲਿਖਤ ਦੀ ਉਸਾਰੂ ਆਲੋਚਨਾ ਦਾ ਹਾਮੀ ਹਾਂ। ਮੈਂ ਉਨ੍ਹਾਂ ਸਭ ਲੇਖਕਾਂ ਦੀ ਗੱਲ ਕਰ ਰਿਹ ਹਾਂ ਜੋ ਗੱਲ ਤਾਂ ਕਰਦੇ ਹਨ ਪਰ ਜਦੋਂ ਉਸ 'ਤੇ ਅਮਲ ਕਰਨ ਦਾ ਵੇਲਾ ਆਉਂਦਾ ਹੈ ਤਾਂ ਖੁੰਝ ਜਾਂਦੇ ਹਨ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਗਰੀਨ ਕਾਰਡਾਂ ਦੀ ਮੁਸ਼ਕਿਲ ਸਭ ਦੀ ਹੱਲ ਹੋਵੇ; ਸਭ ਪੱਕੇ ਹੋ ਕੇ ਆਪੋ ਆਪਣੇ ਪਿੰਡ ਜਾ ਕੇ ਭੈਣਾਂ-ਭਰਾਵਾਂ, ਮਾਂ-ਬਾਪ ਤੇ ਪੇਂਡੂਆਂ ਨੂੰ ਮਿਲਣ; ਤੇ ਫਿਰ ਕਿਸੇ ਨੂੰ ਵੀ ਸਾਧਾਂ ਅੱਗੇ ਚੌਂਕੜਾ ਮਾਰ ਕੇ ਬੈਠਣ ਦੀ ਲੋੜ ਨਾ ਪਵੇ ਤੇ ਨਾ ਹੀ ਕੋਈ ਲਿਖਾਰੀ ਕਿਸੇ ਪਖੰਡੀ ਸਾਧ ਤੋਂ ਇਹ ਅਖਵਾਏ, "ਲੇਖਕ ਜੀ! ਪੇਪਰ ਹੀ ਕਾਲੇ ਕਰਦੇ ਹੋ।"

***-ਰਾਮ ਲਾਲ ਝੱਲੀ, ਸ਼ਿਕਾਗੋ***
***ਫੋਨ: 312-405-0623***

# ਬੱਲ ਦਾ ਚੁਰਾਸੀ(ਆਂ) ਦਾ ਗੇੜ

**ਪ੍ਰਭਸ਼ਰਨਦੀਪ ਸਿੰਘ**

ਪੰਜਾਬ ਟਾਈਮਜ਼ ਵਿਚ ਟ੍ਰਾਟਸਕੀ ਬਾਰੇ ਛਪੇ ਅੰਮ੍ਰਿਤਪਾਲ ਸਿੰਘ ਦੇ ਇੱਕ ਲੰਮੇ ਲੇਖ ਦੇ ਜੁਆਬ ਵਿਚ ਜੱਗ ਜਹਾਨ ਤੋਂ ਨਿਆਰੇ ਚਿੰਤਕ ਗੁਰਦਿਆਲ ਸਿੰਘ ਬੱਲ ਨੇ ਇੱਕ (ਅ)ਲੇਖ ਲਿਖਿਆ। ਇਸ ਦੀ ਵਿਲੱਖਣਤਾ ਹੈ ਕਿ ਇਹ ਲੇਖਕ ਵੱਲੋਂ ਅਖਤਿਆਰ ਕੀਤੀ ਗਈ ਸਾਹਿਤ-ਵਿਧਾ, ਜੋ ਖੁਸ਼ਕ, ਉਕਤਾਊ, ਅਤੇ ਇੱਕ ਵਿਸ਼ੇ ਤੱਕ ਸੀਮਤ ਹੈ, ਦੇ ਘੇਰੇ ਤੱਕ ਸੀਮਤ ਰਹਿਣ ਦੀ ਬਜਾਏ, ਆਜ਼ਾਦਾਨਾ ਪ੍ਰਵਾਜ਼ ਲੈਂਦਿਆਂ, ਵਿਖੰਡਨਵਾਦੀ ਪਹੁੰਚ ਦੀ ਵਿਧਾ ਹੀ ਨਵੀਂ ਅਪਨਾ ਲੈਂਦਾ ਹੈ। ਕੀ ਮਜਾਲ ਕਿ ਅਗਲੇ ਵੱਲੋਂ ਅਪਨਾਈ ਸਾਹਿਤ ਵਿਧਾ ਦਾ ਪ੍ਰਛਾਵਾਂ ਵੀ ਬੱਲ ਸਾਹਿਬ ਦੀ ਲਿਖਤ ਨੂੰ ਪੋਹ ਸਕੇ। ਇਹ (ਅ)ਲੇਖ ਨਾ ਸਿਰਫ ਸਾਹਿਤ ਰਚਨਾ ਦੀ ਨਵੀਂ ਵਿਧਾ ਹੈ, ਸਗੋਂ ਮਨੁੱਖੀ ਮਨ ਦੀ ਤ੍ਰੈਲੋਕੀ ਤੋਂ ਨਿਆਰੀ, ਚੱਕਰਵਰਤੀ ਅਵਸਥਾ ਨੂੰ ਵੀ ਰੂਪਮਾਨ ਕਰਦਾ ਹੈ।

ਸ਼ੁੱਧ ਸੈਕੂਲਰ ਪਹੁੰਚ 'ਚੋਂ ਪੈਦਾ ਹੋਈ ਇਹ ਲਿਖਤ ਵਿਚਾਰ ਅਧੀਨ ਰਚਨਾ ਨੂੰ ਕੋਈ ਖਾਸ ਮਹੱਤਵ ਦੇ ਕੇ ਉਸ ਦਾ ਬ੍ਰਾਹਮਣੀਕਰਨ ਕਰਨ ਤੋਂ ਪਰਹੇਜ਼ ਕਰਦੀ ਹੈ, ਤੇ ਦੁਨੀਆਂ ਭਰ ਦੇ ਸਾਰੇ ਮਸਲਿਆਂ ਨੂੰ ਬਰਾਬਰ ਦਾ ਰੁਤਬਾ ਮੁਹੱਈਆ ਕਰਵਾਉਂਦੀ ਹੈ: ਟ੍ਰਾਟਸਕੀ, ਸਟਾਲਿਨ, ਗੋਰਬਾਚੇਵ, ਹਰਿੰਦਰ ਸਿੰਘ ਮਹਿਬੂਬ, ਅਫਗਾਨਿਸਤਾਨ ਤੋਂ ਗੁਰਭਗਤ ਸਿੰਘ ਤੱਕ ਹਰ ਸ਼ਖਸੀਅਤ ਜਾਂ ਉਸ ਨਾਲ ਸਬੰਧਤ ਮੁੱਦਿਆਂ ਨੂੰ ਬਰਾਬਰ ਦੀ ਥਾਂ ਦਿੱਤੀ ਗਈ ਹੈ। ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਗਿਆ। ਲੇਖਕ ਦੀ ਜ਼ਿੰਦਗੀ ਨਾਲ ਪਾਲ਼ੀ ਮੁਹੱਬਤ ਇੱਥੇ ਅਮਲੀ ਰੂਪ ਵਿਚ ਜ਼ਾਹਰ ਹੋਈ ਹੈ। ਤੇ ਆਪਾਂ ਸਾਰੇ ਜਾਣਦੇ ਹਾਂ ਕਿ ਨਬੇੜੇ ਅੰਤ ਨੂੰ ਅਮਲਾਂ 'ਤੇ ਹੀ ਹੋਣੇ ਹਨ। ਲਿਖਤ ਵਿਚ ਕੁੱਲ ਚੁਰਾਸੀ ਨਾਂਵਾਂ ਦਾ ਜ਼ਿਕਰ ਹੈ। ਇੱਕ ਸਾਧਾਰਨ ਅਖਬਾਰੀ ਲੇਖ ਵਿਚ ਐਡੇ ਮਿਆਰੀ ਹਸਤਾਖਰਾਂ ਦੇ ਨਾਂ ਐਨੀ ਵੱਡੀ ਗਿਣਤੀ ਵਿਚ ਆ ਜਾਣੇ ਬੱਲ ਦੀ ਕਰਾਮਾਤੀ ਸ਼ਖਸੀਅਤ ਦਾ ਸਹਿਜ ਪ੍ਰਗਟਾਵਾ ਹੈ, ਇਨਸਾਨੀ ਹਸਤੀ ਦੇ ਜਲਾਲ ਦਾ ਅਦੁੱਤੀ ਜਲਵਾ ਹੈ। ਇਸ ਲਿਖਤ 'ਚੋਂ ਸਾਹਮਣੇ ਆਉਂਦੇ ਚੁਰਾਸੀ ਦੇ ਗੇੜ ਬਾਰੇ ਜ਼ਰਾ ਅਟਕ ਕੇ ਗੱਲ ਕਰਦੇ ਹਾਂ, ਪਹਿਲਾਂ ਲਿਖਤ ਵਿਚੋਂ ਸਹਿਜ ਆਬਸ਼ਾਰ ਜਿਉਂ ਨਮੂਦਾਰ ਹੋਏ ਪੂਰੇ ਚੁਰਾਸੀ ਨਾਂਵਾਂ ਦੀ ਸੂਚੀ 'ਤੇ ਗੌਰ ਫੁਰਮਾਓ:

ਲਿਓਨ ਤ੍ਰਾਤਸਕੀ, ਜੋਸਿਫ ਸਤਾਲਿਨ, ਭਗਵਾਨ ਬੁੱਧ, ਪਰਸਰਾਮ, ਭਗਵਾਨ ਈਸਾ, ਪੈਗੰਬਰ ਮੁਹੰਮਦ, ਸੁਕਰਾਤ, ਕਾਰਲ ਮਾਰਕਸ, ਵਲਾਦੀਮੀਰ ਇਲੀਅਚ ਲੈਨਿਨ, ਅਲੈਗਜੈਂਡਰ ਹਰਜ਼ਨ, ਬੈਲਿੰਸਕੀ, ਨਿਕੋਲਾਈ ਚੇਰਨੀਸ਼ੇਵਸਕੀ, ਪਿਸਾਰੇਵ ਪਲੈਖਾਨੋਵ, ਪੁਸ਼ਕਿਨ, ਲਿਓ ਤਾਲਸਤਾਏ, ਤੁਰਗਨੇਵ, ਐਂਤੋਨ ਚੈਖੋਵ, ਫਿਓਦੋਰ ਦਾਸਤੋਵਸਕੀ, ਫਰੈਡਰਿਕ ਨੀਤਸ਼ੇ, ਕਾਰਲ ਜੈਸਪਰਸ, ਡੇਲੀਊਸ਼, ਮਿਸ਼ੇਲ ਫੂਕੋ, ਯੱਕ ਦੈਰਿਦਾ, ਨਿਕੀਤਾ ਖਰੁਸ਼ਚੇਵ, ਲਿਓਨਿਦ ਬਰੈਜ਼ਨੇਵ, ਮਿਖਾਈਲ ਸੁਸਲੋਵ, ਅਲੈਕਸੀ ਕੋਸੀਲਿਨ, ਯੂਰੀ ਆਂਦਰੋਪੋਵ, ਵਲਾਦੀਮੀਰ ਸੋਲੋਵਲੀਯੋਵ, ਇਲੇਨਾ ਕਲੈਪੀਕੋਵਾ, ਮਿਖਾਈਲ ਗੋਰਬਾਚੇਵ, ਯੇਗੋਰ ਲਿਗਾਚੇਵ, ਬੋਰਿਸ ਯੇਲਤਸਿਨ, ਸ਼ੇਵਰਦਨਾਦਜ਼ੇ, ਆਈਜੈਕ ਡਿਊਸ਼ਰ, ਅਲੈਗਜੈਂਡਰ ਯਕੋਵਲੇਵ, ਟਿਮੋਥੀ ਜੇ ਕੋਲਟਨ, ਬਿਲ ਕਲਿੰਟਨ, ਗੇਇਓਂ (Guenon), ਜਰਮਨ ਆਗੂ ਕੋਹਲ, ਜਾਰਜ ਬੁਸ਼, ਲੇਕ ਵਾਲੇਸਾ, ਰੋਨਾਲਡ ਰੀਗਨ, ਜ਼ੁਲਫਿਕਾਰ ਅਲੀ ਭੁੱਟੋ, ਜ਼ਿਆ-ਉਲ-ਹੱਕ, ਹਾਫਿਜ਼-ਉਲਾ ਅਮੀਨ, ਨੂਰ ਮੁਹੰਮਦ ਤਾਰਾਕੀ, ਬਬਰਾਕ ਕਾਰਮਲ, ਅਲੈਕਸੀ ਕੋਸੀਲਿਨ, ਰੌਡਰਿਕ ਬਰੈਥਵੇਟ, ਜੌਨਾਥਨ ਸਟੀਲ, ਸਈਦ ਮੁਹੰਮਦ ਗੁਲਾਬਜ਼ੋਈ, ਅਸਲਮ ਮੁਹੰਮਦ, ਵਤਨਯਾਰ, ਸ਼ੇਰਜਾਨ ਮਜ਼ਦੂਰਯਾਰ, ਅਸਦ-ਉਲਾ ਸਰਵਰੀ, ਮਾਰਖੇਜ ਦੀ ਸਾਦ, ਬਾਤਈ, ਮਹਾਂਰਿਸ਼ੀ ਅਰਵਿੰਦੋ, ਸਈਦ ਹੁਸੈਨ ਨਾਸਰ, ਮਾਰਟਿਨ ਲਿੰਗਜ਼, ਆਰੀ ਕੋਰਬਿਨ, ਫਰਿਟਜੋਫ ਸ਼ੂਨ, ਮਾਓ ਜੇ ਤੁੰਗ, ਡਾ. ਗੁਰਭਗਤ ਸਿੰਘ, ਡਾ. ਅੰਮ੍ਰਿਤਪਾਲ ਸਿੰਘ, ਗੁਰਦੀਪ ਦੇਹਰਾਦੂਨ, ਵਰਿਆਮ ਸਿੰਘ ਸੰਧੂ, ਸੋਹਣ ਸਿੰਘ ਸੀਤਲ, ਕਰਤਾਰ ਸਿੰਘ ਕਲਾਸਵਾਲੀਆ, ਬਾਬਾ ਪ੍ਰੇਮ ਸਿੰਘ ਹੋਤੀ, ਬਾਬਾ ਬਘੇਲ ਸਿੰਘ ਬੱਲ, ਨਰਿੰਦਰ ਭੁੱਲਰ, ਧਰਮਜੀਤ ਸਿੰਘ, ਪ੍ਰੋ. ਰਣਧੀਰ ਸਿੰਘ, ਪ੍ਰੋ. ਗੁਰਤਰਨ ਸਿੰਘ, ਪ੍ਰੋ. ਹਰਿੰਦਰ ਸਿੰਘ ਮਹਿਬੂਬ, ਪ੍ਰੋ. ਹਰਪਾਲ ਸਿੰਘ ਪੰਨੂ, ਪ੍ਰੋ. ਭੁਪਿੰਦਰ ਸਿੰਘ, ਕਰਮਜੀਤ ਸਿੰਘ ਚੰਡੀਗੜ੍ਹ, ਡਾ. ਬਲਕਾਰ ਸਿੰਘ, ਪ੍ਰੋ. ਕੁਲਵੰਤ ਸਿੰਘ, ਮਣੀ ਕੌਲ ਅਤੇ ਕਰਨੈਲ ਸਿੰਘ।

ਇੱਕ ਲਿਖਤ ਵਿਚ ਐਨੇ ਨਾਂਵਾਂ ਦਾ ਜ਼ਿਕਰ ਲਿਖਤ ਦੀ ਪ੍ਰਾਪਤੀ ਹੈ ਜਾਂ ਲੇਖਕ ਦੀ, ਜਾਂ ਫਿਰ ਪੰਜਾਬੀ ਸਾਹਿਤ ਦੀ, ਇਹ ਪਟਾਰੀ ਖੋਲ੍ਹਣ ਤੋਂ ਪਹਿਲਾਂ ਪਾਠਕਾਂ ਦੀ ਗੱਲ ਦੇ ਪ੍ਰਸੰਗ ਨਾਲ ਜਾਣ-ਪਛਾਣ ਕਰਵਾ ਦੇਈਏ।

ਪ੍ਰਸੰਗ ਇਹ ਸੀ ਕਿ ਇੱਕ ਸਟਾਲਿਨਵਾਦੀ ਜਾਪਦੇ ਕਾਮਰੇਡ ਅੰਮ੍ਰਿਤਪਾਲ ਸਿੰਘ ਨੇ ਟ੍ਰਾਟਸਕੀ ਦੀ ਪਹੁੰਚ ਬਾਰੇ ਇੱਕ ਲੇਖ ਲਿਖਿਆ ਅਤੇ ਉਸ ਦੀ ਪਹੁੰਚ ਦੀ ਵਿਆਖਿਆ ਕਰਦਿਆਂ ਉਸ ਦੀਆਂ ਸੀਮਤਾਈਆਂ ਦੀ, ਖਾਸ ਕਰ ਲੈਨਿਨ ਅਤੇ ਸਟਾਲਿਨ ਦੀ ਪਹੁੰਚ ਦੇ ਪ੍ਰਸੰਗ ਵਿਚ ਚਰਚਾ ਕੀਤੀ। ਗੁਰਦਿਆਲ ਬੱਲ ਨੂੰ ਇਹ ਗੱਲ ਪ੍ਰੇਸ਼ਾਨੀ ਵਾਲ਼ੀ ਲੱਗੀ। ਉਨ੍ਹਾਂ ਅਨੁਸਾਰ ਸਟਾਲਿਨ ਨੂੰ ਵਾਜਬ ਠਹਿਰਾਉਣ ਜਾਂ ਉਹਦੀ ਪ੍ਰਾਸੰਗਿਕਤਾ ਨੂੰ ਮੁੜ ਸਥਾਪਤ ਕਰਨ ਦਾ ਰੁਝਾਨ, ਮਨੁੱਖ ਜਾਤੀ ਲਈ ਖਤਰਨਾਕ ਰੁਝਾਨ ਹੈ। ਘੱਟੋ-ਘੱਟ ਮੇਰੀ ਬੱਲ ਸਾਹਿਬ ਦੇ ਇਸ ਵਿਚਾਰ ਨਾਲ ਕੋਈ ਅਸਹਿਮਤੀ ਨਹੀਂ। ਇਸ ਲਈ ਬੱਲ ਸਾਹਿਬ ਵੱਲੋਂ ਇਸ ਲਿਖਤ ਦਾ ਜਵਾਬ ਦੇਣਾ ਦਾਸ ਦੀ ਤੁੱਛ ਬੁੱਧੀ ਅਨੁਸਾਰ ਸਹੀ ਫੈਸਲਾ ਸੀ। ਮੈਂ ਪਾਠਕਾਂ ਨੂੰ ਦੱਸ ਦਿਆਂ ਕਿ ਸਿਰਜਣਾਤਮਕ ਜਲਵੇ ਇੱਕੋ ਵਾਰ ਹੀ ਪੈਦਾ ਹੁੰਦੇ ਹਨ, ਦੁਹਰਾਏ ਨਹੀਂ ਜਾਂਦੇ, ਇਸ ਲਈ ਬੱਲ ਸਾਹਿਬ ਦੀ ਲਿਖਤ ਅੰਦਰਲੇ ਚਾਨਣ ਨਾਲ ਸਰਸ਼ਾਰ ਹੋਣ ਲਈ ਪਾਠਕਾਂ ਦੀ ਚੇਤਨਾ ਨੂੰ ਇਸ ਲਿਖਤ ਵਿਚ ਆਪ ਹੀ ਚੁੱਭੀ ਲਾਉਣੀ ਪੈਣੀ ਹੈ।

ਬੱਲ ਸਾਹਿਬ ਦੀ ਲਿਖਤ ਦੀ ਤਬੀਅਤ ਮੂਲ ਰੂਪ ਵਿਚ ਫਲਸਫਾਨਾ ਨਾ ਹੋ ਕੇ ਸਾਹਿਤਕ ਹੈ। ਪੰਜਾਬ ਵਿਚ ਪੜ੍ਹਾਈ ਲਿਖਾਈ ਨਾਲ ਸਬੰਧਤ ਮਜਲਸਾਂ ਵੀ ਸਾਹਿਤਕ ਬਿਰਤੀ ਵਾਲ਼ੀਆਂ ਹੀ ਹਨ। ਜ਼ਿੰਦਗੀ ਦੇ ਸਮੂਹ ਮਸਲਿਆਂ ਨੂੰ ਵਿਚਾਰਨ ਦਾ ਸ਼ੁਰੂਆਤੀ ਕੇਂਦਰ ਸਾਹਿਤ ਹੀ ਬਣਦਾ ਹੈ। ਸਾਹਿਤਕ ਲਿਖਤਾਂ ਦੀ ਪੈਦਾਇਸ਼ ਦਾ ਆਧਾਰ ਵੀ ਸਾਹਿਤ ਹੀ ਬਣਦਾ ਹੈ। ਫਲਸਫੇ ਦੀ ਪੜਾਈ, ਫਲਸਫਾਨਾ ਮੁਹਾਵਰੇ ਤੇ ਪਕੜ ਬਣਾਉਣ ਦਾ ਸੱਭਿਆਚਾਰ, ਅਸਲੋਂ ਹੀ ਦੁਰਲੱਭ ਹੈ। ਜ਼ਿੰਦਗੀ ਦੇ ਮਸਲਿਆਂ ਬਾਰੇ, ਇਸ ਨੂੰ ਪ੍ਰਭਾਵਿਤ ਕਰਨ ਵਾ਼ਲੇ, ਦਿਸ਼ਾ ਦੇਣ ਵਾ਼ਲੇ ਜਾਂ ਇਸ ਦੇ ਪਿੱਛੇ ਕਾਰਜਸ਼ੀਲ ਫਲਸਫਾਨਾ ਰੁਝਾਨਾਂ ਦੀ ਪੜਚੋਲ ਕਰਨ ਦਾ ਨਾ ਤਾਂ ਰਿਵਾਜ ਹੈ, ਨਾ ਹੀ ਬਹੁਤੇ ਬੰਦੇ ਇਸ ਦੇ ਸਮਰੱਥ ਹਨ। ਇੱਕ ਫਰਕ ਜ਼ਰੂਰ ਪਿਆ ਹੈ: ਪਹਿਲਾਂ ਆਪਣੇ ਵਿਖਿਆਨ ਜਾਂ ਲਿਖਤ ਨੂੰ ਚਾਰ ਚੰਦ ਲਾਉਣ ਲਈ ਸਿਰਫ ਸਾਹਿਤਕਾਰਾਂ ਦੇ ਨਾਂ ਉਚਾਰੇ ਜਾਂਦੇ ਸਨ, ਹੁਣ ਫਿਲਾਸਫਰਾਂ ਦੇ ਨਾਂ ਵੀ ਖੁੱਲ੍ਹ-ਦਿਲੀ ਨਾਲ ਉਲ਼ੱਦ ਦਿੱਤੇ ਜਾਂਦੇ ਹਨ। ਮੁਹਾਵਰਾ ਉਹੀ ਹੈ, ਗੱਲਾਂ ਵੀ ਉਹੀ ਹਨ, ਬੱਸ ਚੁਰਾਸੀ ਦੇ ਗੇੜ ਵਿਚ ਫਿਲਾਸਫਰ ਸ਼ਾਮਲ ਹੋ ਗਏ ਹਨ। ਫਲਸਫੇ ਤੇ ਸਾਹਿਤ ਦੇ ਇਸ ਮਸਲੇ ਵਿਚ ਮੈਂ ਵੀ ਆਪਣੇ ਆਪ ਨੂੰ ਸਾਹਿਤ ਵਾ਼ਲੇ ਪਾਸੇ ਹੀ ਰੱਖਦਾ ਹਾਂ। ਮੇਰੀ ਸਮਝ ਇਹੀ ਹੈ ਕਿ ਸਾਹਿਤ ਮਨੁੱਖੀ ਅਨੁਭਵ ਅਤੇ ਬੋਲੀ ਦੀਆਂ ਪਰਤਾਂ ਜਿਸ ਸ਼ਿੱਦਤ, ਤੀਖਣਤਾ ਅਤੇ ਗੰਭੀਰਤਾ ਨਾਲ ਜਗਾਉਂਦਾ ਹੈ, ਉਹ ਫਲਸਫੇ ਦੇ ਵੱਸ ਦੀ ਗੱਲ ਨਹੀਂ। ਫਲਸਫਾਨਾ ਬਿਰਤਾਂਤ ਆਪਣੀ ਮੈਟਾਫਿਜ਼ੀਕਲ ਬਿਰਤੀ 'ਚੋਂ ਬਾਹਰ ਨਹੀਂ ਨਿੱਕ਼ਲਦਾ। ਕਹਿਣ ਤੋਂ ਭਾਵ ਸਾਰੇ ਦਾ ਸਾਰਾ ਫਲਸਫਾਨਾ ਬਿਰਤਾਂਤ ਜ਼ਿੰਦਗੀ ਨੂੰ ਇੱਕ ਸਾਂਚੇ ਵਿਚ ਢਾਲਣ ਦੀ, ਜਾਂ ਸਭ ਕੁੱਝ ਪਹਿਲਾਂ ਹੀ ਹਾਸਲ ਕੀਤੇ ਚੌਖਟਿਆਂ ਵਿਚ ਜੜ ਦੇਣ ਦੀ ਹੋੜ ਤੋਂ ਮੁਕਤ ਨਹੀਂ ਹੁੰਦਾ।

ਪਰ ਸਾਹਿਤ ਤੇ ਫਲਸਫੇ ਦਾ ਇਹ ਮਸਲਾ ਇੱਕ ਵੱਖਰੇ ਨੁਕਤੇ ਤੋਂ ਸਮਝਣ ਦੀ ਵੀ ਲੋੜ ਹੈ। ਇਹ ਨੁਕਤਾ ਹੈ ਸਾਹਿਤ ਨੂੰ ਪਰਖਣ ਦੇ ਮਿਆਰ, ਜਾਂ ਸਾਹਿਤਕਾਰ ਹੋਣ ਦੇ ਦਾਅਵੇ ਦਾ ਆਧਾਰ। ਫਲਸਫਾ ਅੱਜ ਪਹਿਲਾਂ ਤੋਂ ਵੀ ਵੱਡੀਆਂ ਬੁਲੰਦੀਆਂ ਛੋਹ ਰਿਹਾ ਹੈ, ਪਰ ਕੇਵਲ ਦੁਨੀਆਂ ਦੇ ਉਨ੍ਹਾਂ ਹਿੱਸਿਆਂ ਵਿਚ ਜਿਨ੍ਹਾਂ ਨੇ ਵਿੱਦਿਅਕ ਅਤੇ ਖੋਜ ਸੰਸਥਾਵਾਂ ਦੇ ਮਿਆਰ ਨੂੰ ਲਗਾਤਾਰ ਬਰਕਰਾਰ ਰੱਖਿਆ ਹੈ। ਸੰਸਥਾਵਾਂ ਦੇ ਮਿਆਰ ਨੂੰ ਬਰਕਰਾਰ ਰੱਖਣ ਦਾ ਅਰਥ ਹੈ ਧੋਖਾਧੜੀ ਦੀ ਓਨੀ ਗੁੰਜਾਇਸ਼ ਨਹੀਂ ਰਹਿੰਦੀ। ਬੰਦੇ ਨੂੰ ਵਿੱਦਿਅਕ ਢਾਂਚੇ ਵਿਚ ਵੜਨ ਲਈ, ਤੇ ਫਿਰ ਆਪਣੀ ਥਾਂ ਬਣਾਈ ਰੱਖਣ ਲਈ ਇੱਕ ਹੱਦ ਤੱਕ ਮਿਹਨਤ ਕਰਨੀ ਹੀ ਪੈਂਦੀ ਹੈ। ਮਿਹਨਤ ਦੇ ਨਾ਼ਲ-ਨਾ਼ਲ, ਡੂੰਘੀ ਧਿਆਨੀ ਬਿਰਤੀ ਦੇ ਮਾਹਰ, ਸਾਧ ਸੁਭਾ ਬੰਦੇ ਹੀ ਵੱਡੇ ਫਿਲਾਸਫਰ ਬਣਦੇ ਹਨ।

ਇਸ ਦੇ ਉਲ਼ਟ ਸਾਹਿਤ ਵਿਚ ਠੱਗੀ-ਠੋਰੀ ਚੱਲ ਜਾਂਦੀ ਹੈ। ਸਾਹਿਤ ਵਿਚ ਵਿਚਾਰ ਫੈਸ਼ਨ ਵਜੋਂ ਅਪਨਾਏ ਜਾਂਦੇ ਹਨ, ਤੁੱਕੇ ਮਾਰੇ ਜਾਂਦੇ ਹਨ, ਬੇਸਿਰ ਪੈਰ ਦੀਆਂ ਛੱਡੀਆਂ ਜਾਂਦੀਆਂ ਹਨ। ਸਾਹਿਤਕ ਹਲਕਿਆਂ ਵਿਚ ਅਜਿਹੇ ਅਨਸਰਾਂ ਦੇ ਆ ਜਾਣ ਦੀ ਵਧੇਰੇ ਗੁੰਜਾਇਸ਼ ਹੈ ਜੋ ਬਿਨਾਂ ਜਾਣੇ ਸਮਝੇ ਵੱਡੇ-ਵੱਡੇ ਮਸਲਿਆ ਬਾਰੇ ਫੈਸਲੇ ਦਿੰਦੇ ਰਹਿੰਦੇ ਹਨ। ਪੰਜਾਬੀ ਸਾਹਿਤਕ ਹਲਕਿਆਂ ਵਿਚ ਅਜਿਹੇ ਅਨਸਰਾਂ ਦੀ ਹੀ ਭਰਮਾਰ ਹੈ, ਤੇ ਇਸ ਭੀੜ-ਭੜੱਕੇ ਰੌਲ਼ੇ-ਰੱਪੇ ਵਿਚ, ਕਦੇ ਕਦੇ ਕੋਈ ਸੁਰੀਲੀ ਸਾਹਿਤਕ ਅਵਾਜ਼ ਵੀ ਬੁਲੰਦ ਹੋ ਜਾਂਦੀ ਹੈ।

ਬੱਲ ਸਾਹਿਬ ਦੇ ਇਸ ਲੇਖ ਜਾਂ ਇਸ ਕਿਸਮ ਦੀਆਂ ਲਿਖਤਾਂ ਪ੍ਰਤੀ ਮੇਰਾ ਮੂਲ ਇਤਰਾਜ਼ ਇਹੀ ਹੈ ਕਿ ਗੱਲ ਦੇ ਸੰਦਰਭ 'ਤੇ ਸਿੱਧੀ ਅਤੇ ਸਪੱਸ਼ਟ ਪਕੜ ਬਣਾਏ ਬਗੈਰ ਖਾਹਮਖਾਹ ਫਤਵੇਬਾਜ਼ੀ ਕਰ ਦਿੱਤੀ ਜਾਂਦੀ ਹੈ। ਠੀਕ ਹੈ, ਸਾਹਿਤ ਦੀ ਆਜ਼ਾਦ ਹਸਤੀ ਹੈ ਪਰ ਇਹ ਫਲਸਫੇ ਤੋਂ ਅਲਹਿਦਗੀ ਵਿਚ ਨਹੀਂ ਵਿਚਰਦਾ। ਜਦ ਸਾਹਿਤਕਾਰ ਜਨਤਕ ਪੱਧਰ 'ਤੇ ਚਲੰਤ ਜਿਹੇ ਵਿਚਾਰਾਂ ਨੂੰ ਆਪਣੇ ਸੁੰਦਰ ਕਥਨਾਂ ਦਾ ਸਰੋਤ, ਜਾਂ ਆਪਣੇ ਉਚ-ਗਿਆਨ ਦਾ ਸੋਮਾ ਬਣਾ ਕੇ ਵਰਤਦੇ ਹਨ, ਤਾਂ ਉਹ ਗੱਲ ਨੂੰ ਬਹੁਤ ਸਿੱਧੜ ਜਿਹੀ ਬਣਾ ਧਰਦੇ ਹਨ। ਸਾਹਿਤਕ ਮੁਹਾਵਰੇ ਵਿਚ ਲਿਖਣ ਵਾ਼ਲੇ ਬੰਦੇ ਨੂੰ ਵੀ ਪਤਾ ਹੋਣਾ ਚਾਹੀਦਾ ਹੈ ਕਿ ਜੋ ਉਹ ਕਹਿ ਰਿਹਾ ਹੈ ਉਸ ਦਾ ਮੂੰਹ ਸਿਰ ਕੀ ਹੈ? ਘੱਟੋ-ਘੱਟ ਵਾਰਤਕ ਵਿਚ ਗੱਲ ਕਿਸੇ ਜ਼ਾਬਤੇ ਵਿਚ ਚੱਲਣੀ ਚਾਹੀਦੀ ਹੈ। ਬਿਨਾਂ ਕੋਈ ਸੰਦਰਭ ਸਿਰਜੇ, ਬਿਨਾ ਕੋਈ ਦਿਸ਼ਾ ਉਲੀਕਣ ਦੇ ਦੁਨੀਆਂ ਭਰ ਦੇ ਮਸਲਿਆਂ ਬਾਰੇ ਫੈਸਲੇ ਕੱਢ ਮਾਰਨੇ ਜ਼ਿਆਦਤੀ ਹੈ, ਪਾਠਕਾਂ ਨਾਲ ਵੀ ਆਪਣੇ-ਆਪ ਨਾਲ ਵੀ। ਮਜ਼ਲੂਮ ਪਾਠਕਾਂ ਦੇ ਅਣਵਰਤੇ ਸਿਰਾਂ ਨੂੰ ਚੁਰਾਸੀ ਫਿਲਾਸਫਰਾਂ, ਸਾਹਿਤਕਾਰਾਂ ਤੇ ਸਿਆਸਤਦਾਨਾਂ ਦੇ ਭਾਰੇ-ਭਾਰੇ ਨਾਂਵਾਂ ਥੱਲੇ ਦਰੜ ਧਰਨਾ, ਲਿਖਾਰੀ ਦੀ ਕਲਮ ਵਿਚ ਸਟਾਲਿਨੀ ਬਿਰਤੀ ਦੇ ਚੁੱਪ-ਚੁਪੀਤੇ ਘੁਸਪੈਠ ਕਰਨ ਦਾ ਲਖਾਇਕ ਹੈ। ਤੇ ਜਦੋਂ ਲੇਖਕ ਸਟਾਲਿਨ ਦੇ (ਇੰਦਰਾ ਗਾਂਧੀ ਦੇ ਨਹੀਂ) ਜ਼ੁਲਮਾਂ ਖਿਲਾਫ ਕੁਰਲਾਹਟ ਭਰਿਆ ਨਾਅਰਾ ਬੁਲੰਦ ਕਰਦੀ ਮਨੁੱਖਤਾ ਦੀ ਨੁਮਾਇੰਦਗੀ ਕਰਨ ਦਾ ਦਾਅਵੇਦਾਰ ਹੋਵੇ, ਉਦੋਂ ਅਜਿਹੀ ਲੇਖਣੀ ਦਾ ਦੁਖਾਂਤ ਹੋਰ ਡੂੰਘਾ ਹੋ ਜਾਂਦਾ ਹੈ। ਲੇਖਕ ਤਾਂ ਕਿਸੇ ਆਈਜ਼ੈਕ ਡਿਊਸ਼ਰ ਦੀਆਂ ਲਿਖਤਾਂ ਪੜ੍ਹ ਕੇ ਦਰਦ ਭਰੀ ਚੀਕ ਮਾਰ ਲੈਂਦਾ ਹੈ, ਪਾਠਕ ਤਾਂ ਵਿਚਾਰੇ ਸੰਘੋਂ 'ਵਾਜ ਕੱਢਣ ਤੋਂ ਪਹਿਲਾਂ ਹੀ ਦਰੜੇ ਜਾਂਦੇ ਹਨ।

ਚੁਰਾਸੀ ਦਾ ਇਹ ਗੇੜ ਬਿਨਾਂ ਸ਼ੱਕ ਪਾਠਕਾਂ 'ਤੇ ਘੋਰ ਜ਼ੁਲਮ ਹੈ, ਉਨ੍ਹਾਂ ਨੂੰ ਭੈਅ-ਭੀਤ ਕਰਕੇ ਆਪਣੀ ਗੱਲ ਮਨਾਉਣ ਦੇ ਸਟਾਲਿਨੀ ਮਨਸੂਬੇ ਦਾ ਸਿੱਟਾ ਹੈ। ਪਰ ਇਸ ਦੇ ਨਾਲ ਹੀ ਇਹ ਲੇਖਕ ਦੀ ਚਹੁੰ ਕੂਟੀਂ ਭਉਂਦੀ ਫਿਰਦੀ ਆਵਾਗਵਣੀ ਰੂਹ ਦਾ ਵੀ ਲਖਾਇਕ ਹੈ। ਮਸਲਾ ਗੰਭੀਰ ਹੈ, ਚੁਰਾਸੀ ਦਾ ਚੱਕਰ ਡੂੰਘਾ ਹੈ।

*ਬਲਬੀਰ ਮਾਧੋਪੁਰੀ ਨੇ ਸ਼ਾਇਰੀ ਵੀ ਕੀਤੀ ਹੈ ਅਤੇ ਹੋਰ ਨਿੱਕ-ਸੁੱਕ ਵੀ ਲਿਖਿਆ ਹੈ ਪਰ ਉਸ ਨੇ 'ਛਾਂਗਿਆ ਰੁੱਖ' ਵਿਚ ਜਿਹੜੀ ਹੱਡਬੀਤੀ ਬਿਆਨ ਕੀਤੀ ਹੈ, ਉਹ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਜਾਤ ਕਰ ਕੇ ਉਸ ਨੂੰ ਅਤੇ ਉਸ ਦੇ ਟੱਬਰ ਨੂੰ ਜਿਨ੍ਹਾਂ ਹਾਲਾਤ ਵਿਚੋਂ ਲੰਘਣਾ ਪਿਆ, ਉਹ ਬਲਬੀਰ ਨੇ ਬੜੇ ਦਿਲ-ਗੁਰਦੇ ਅਤੇ ਦਰਦ ਨਾਲ ਸਾਹਮਣੇ ਲਿਆਂਦਾ ਹੈ। ਪੈਰ ਪੈਰ 'ਤੇ ਪੈਂਦੇ ਅੜਿੱਕੇ ਪਾਰ ਕਰ ਕੇ ਉਸ ਨੇ ਕਿਸ ਤਰ੍ਹਾਂ ਉਡਾਣ ਭਰੀ, ਪੁਸਤਕ 'ਛਾਂਗਿਆ ਰੁੱਖ' ਉਸੇ ਦਾ ਖੂਬਸੂਰਤ ਬਿਰਤਾਂਤ ਹੈ। ਇਸ ਵਿਚਲੇ ਲੇਖ 'ਭੁੱਖ-ਪਿਆਸ ਨਾ ਪੁੱਛੇ ਜਾਤ' ਵਿਚ ਉਸ ਨੇ ਆਰਥਿਕ ਥੁੜ੍ਹਾਂ ਦਾ ਜ਼ਿਕਰ ਕੀਤਾ ਹੈ। -ਸੰਪਾਦਕ*

# ਭੁੱਖ-ਪਿਆਸ ਨਾ ਪੁੱਛੇ ਜਾਤ

ਧੁੰਦ ਦੇ ਬੱਦਲ ਦੌੜ-ਦੌੜ ਸੂਰਜ ਨੂੰ ਚੁਫੇਰਿਓਂ ਘੇਰ ਰਹੇ ਸਨ। ਦੁਪਹਿਰ ਹੋਣ ਵਾਲੀ ਸੀ ਪਰ ਬੱਦਲ ਛਟਣ ਦਾ ਆਸਾਰ ਨਜ਼ਰ ਨਹੀਂ ਸੀ ਆਉਂਦਾ। ਠੰਢੀ-ਯੱਖ ਵਗਦੀ ਹਵਾ ਕਾਰਨ ਸਕੂਲ ਦੇ ਬਹੁਤੇ ਨਿਆਣੇ ਅਜੇ ਵੀ ਠੁਰ-ਠੁਰ ਕਰ ਰਹੇ ਸਨ। ਤਫ਼ਰੀਹ (ਅੱਧੀ ਛੁੱਟੀ) ਤੋਂ ਪਹਿਲਾਂ ਵੱਜੀ ਘੰਟੀ ਸੁਣ ਕੇ ਸਾਰੇ ਹੱਕੇ-ਬੱਕੇ ਰਹਿ ਗਏ। ਕਿਸੇ ਨੇ ਕੋਈ ਅੰਦਾਜ਼ਾ ਲਾਇਆ ਤੇ ਕਿਸੇ ਨੇ ਕੋਈ। ਮੇਰੇ ਚਿੱਤ ਵਿਚ ਆਇਆ ਕਿ ਮੋਹਨ ਲਾਲ ਜ਼ਰੂਰ ਆਪਣੀ ਡਾਕ-ਥੈਲੀ ਵਿਚ ਅਜਿਹੀ ਕੋਈ ਖ਼ਬਰ ਲਿਆਇਆ ਹੋਵੇਗਾ



**ਬਲਬੀਰ ਮਾਧੋਪੁਰੀ**
**ਫੋਨ: 91-93505-48100**

ਜਿਸ ਦੀ ਵਜ੍ਹਾ ਕਰਕੇ ਬੇਵਕਤੀ ਘੰਟੀ ਵੱਜੀ ਹੈ।

ਪੰਜਾਂ ਹੀ ਜਮਾਤਾਂ ਦੇ ਵਿਦਿਆਰਥੀ ਪਾਲਾਂ ਬਣਾ ਕੇ ਇਵੇਂ ਬੈਠ ਗਏ ਜਿਵੇਂ ਸਵੇਰ ਦੀ ਪ੍ਰਾਰਥਨਾ ਸਭਾ ਜੁੜੀ ਹੋਵੇ। ਹੈਡਮਾਸਟਰ ਚੇਤ ਰਾਮ ਸ਼ਰਮਾ ਸਾਨੂੰ ਮੁਖ਼ਾਤਿਬ ਹੋਏ, "ਬੜੇ ਅਫ਼ਸੋਸ ਨਾਲ ਦੱਸ ਰਿਹਾ ਹਾਂ ਕਿ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਜੀ ਕੱਲ੍ਹ (10 ਜਨਵਰੀ 1966) ਤਾਸ਼ਕੰਦ ਵਿਖੇ ਹਿੰਦ-ਪਾਕਿ ਸਮਝੌਤੇ ਤੋਂ ਥੋੜ੍ਹਾ ਚਿਰ ਬਾਅਦ ਗੁਜ਼ਰ ਗਏ ਹਨ।"

ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਚਿਹਰਿਆਂ ਉਤੇ ਵਗਦੇ ਠੱਕੇ ਨੇ ਜਿਵੇਂ ਠੰਢੀ ਧੁੰਦ ਦੀ ਇਕ ਹੋਰ ਪਰਤ ਚੜ੍ਹਾ ਦਿੱਤੀ ਹੋਵੇ। ਉਹ ਬੇਹਰਕਤ ਖੜ੍ਹੇ ਬੁੱਤ ਲਗਦੇ ਸਨ।

ਹੈਡਮਾਸਟਰ ਜੀ ਦੱਸਣ ਲੱਗੇ, "ਜਿਵੇਂ ਕਿ ਤੁਹਾਨੂੰ ਪਤਾ ਹੀ ਹੈ ਕਿ ਸ਼ਾਸਤਰੀ ਜੀ ਬਹੁਤ ਗਰੀਬ ਪਰਿਵਾਰ ਵਿਚ ਪੈਦਾ ਹੋਏ ਸਨ। ਉਹ ਇਕ ਸਾਲ ਦੇ ਸਨ ਕਿ ਉਨ੍ਹਾਂ ਦੇ ਪਿਤਾ ਜੀ ਪੂਰੇ ਹੋ ਗਏ। ਵਾਰਾਨਸੀ ਪੜ੍ਹਨ ਜਾਣ ਲਈ ਉਨ੍ਹਾਂ ਨੂੰ ਕਈ ਵਾਰ ਗੰਗਾ ਨਦੀ ਤਰ ਕੇ ਜਾਣਾ ਪੈਂਦਾ ਸੀ, ਕਿਉਂਕਿ ਉਨ੍ਹਾਂ ਕੋਲ ਕਿਸ਼ਤੀ ਰਾਹੀਂ ਦੂਜੇ ਕਿਨਾਰੇ ਜਾਣ ਲਈ ਭਾੜਾ ਨਹੀਂ ਹੁੰਦਾ ਸੀ। ਉਹ ਬਹੁਤ ਗੰਭੀਰ ਤੇ ਸਖ਼ਤ ਮਿਹਨਤੀ ਸੁਭਾਅ ਦੇ ਸ਼ਾਗਿਰਦ ਸਨ। ਉਨ੍ਹਾਂ ਚੜ੍ਹਦੀ ਜਵਾਨੀ ਵਿਚ ਦੇਸ਼ ਦੀ ਆਜ਼ਾਦੀ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਅਹਿੰਸਾ ਵਿਚ ਯਕੀਨ ਰੱਖਣ ਅਤੇ ਸਾਦਾ ਜ਼ਿੰਦਗੀ ਬਤੀਤ ਕਰਨ ਵਾਲੇ ਇਨਸਾਨ ਸਨ। ਉਹ ਕਈ ਮਹਿਕਮਿਆਂ ਦੇ ਵਜ਼ੀਰ ਰਹੇ। ਛੋਟੇ ਕੱਦ ਦੇ ਸ਼ਾਸਤਰੀ ਜੀ ਨੂੰ ਉਨ੍ਹਾਂ ਦੀਆਂ ਵੱਡੀਆਂ ਪ੍ਰਾਪਤੀਆਂ ਸਦਕਾ ਹਮੇਸ਼ਾ ਯਾਦ ਰੱਖਿਆ ਜਾਵੇਗਾ। ਹੁਣ ਮੈਂ ਉਨ੍ਹਾਂ ਦਾ ਦਿੱਤਾ ਨਾਹਰਾ ਤਿੰਨ ਵਾਰ ਲਾਵਾਂਗਾ, ਤੁਸੀਂ ਪਿੱਛੇ-ਪਿੱਛੇ ਜੋਸ਼ ਨਾਲ ਬੋਲਣਾ, 'ਜੈ ਜਵਾਨ ਜੈ ਕਿਸਾਨ', 'ਸ੍ਰੀ ਲਾਲ ਬਹਾਦਰ ਸ਼ਾਸਤਰੀ ਅਮਰ ਰਹੇ।'

ਹਾਜ਼ਰ ਵਿਦਿਆਰਥੀਆਂ, ਇਕ ਮਾਸਟਰ ਤੇ ਭੈਣ ਜੀ ਨੇ ਇਕ ਆਵਾਜ਼ ਵਿਚ ਉਚੀ-ਉਚੀ ਨਾਹਰੇ ਬੋਲਦਿਆਂ ਆਪਣੇ ਸੱਜੇ ਹੱਥਾਂ ਦੀਆਂ ਮੁੱਠਾਂ ਹਵਾ ਵਿਚ ਉਲਾਰੀਆਂ। ਫਿਰ ਹੈਡਮਾਸਟਰ ਜੀ ਨੇ ਸਲਾਹ ਵਰਗਾ ਹੁਕਮ ਕੀਤਾ, "ਹੁਣ ਆਪਾਂ ਦੋ ਮਿੰਟ ਦਾ ਮੋਨ ਰੱਖਾਂਗੇ!"

ਸਾਰੇ ਜਣੇ ਨੀਵੀਂ ਪਾ ਕੇ ਚੁੱਪ-ਚਾਪ ਖੜ੍ਹੇ ਸਨ, ਖ਼ਾਮੋਸ਼ੀ ਦਾ ਪਹਿਰਾ ਪਸਰਿਆ ਹੋਇਆ ਸੀ। ਮਾਸਟਰ ਰਾਮ ਕਿਸ਼ਨ ਜੀ ਦੇ 'ਵਿਸ਼ਰਾਮ' ਆਖਣ ਪਿੱਛੋਂ ਹੈਡਮਾਸਟਰ ਸ਼ਰਮਾ ਨੇ ਦੋ ਦਿਨ ਦੀ ਛੁੱਟੀ ਮਰਹੂਮ ਪ੍ਰਧਾਨ ਮੰਤਰੀ ਦੇ ਸੋਗ ਵਜੋਂ ਐਲਾਨੀ। ਭਰਿਆ ਸਕੂਲ ਪਲ ਵਿਚ ਖਾਲੀ ਹੋ ਗਿਆ। ਵਿਦਿਆਰਥੀ ਝੋਲੇ-ਫੱਟੀਆਂ ਚੁੱਕੀ ਦੌੜਦੇ ਇਉਂ ਜਾ ਰਹੇ ਸਨ ਜਿਵੇਂ ਜੇਲ੍ਹਖ਼ਾਨੇ ਤੋਂ ਛੁੱਟੇ ਕੈਦੀ, ਜਿਵੇਂ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਚਲਾਣੇ ਕਾਰਨ ਹੋਈ ਛੁੱਟੀ ਵਕਤ ਖ਼ੁਸ਼ੀਆਂ ਮਨਾਉਂਦੇ ਦੌੜੇ ਸਨ।

ਖ਼ੈਰ, ਮੈਂ ਇਕੱਲਾ ਤੁਰਿਆ ਰਿਹਾ। ਸ਼ਾਸਤਰੀ ਕੋਲ ਪੈਸਿਆਂ ਖੁਣੋਂ ਕਿਸ਼ਤੀ ਰਾਹੀਂ ਨਦੀ ਨਾ ਪਾਰ ਕਰ ਸਕਣ ਦੀ ਹਕੀਕਤ ਨੇ ਮੈਨੂੰ ਬੇਚੈਨ ਤੇ ਪ੍ਰੇਸ਼ਾਨ ਕਰ ਦਿੱਤਾ। ਖ਼ਿਆਲ ਆਇਆ, 'ਕੀ ਹੋਇਆ ਜੇ ਨਾਲ ਪੜ੍ਹਦੇ ਮੁੰਡੇ ਜਾਤ ਦਾ ਮਿਹਣਾ ਮਾਰਦੇ ਆ, ਸ਼ਾਸਤਰੀ ਕਿਹੜਾ ਬ੍ਰਾਹਮਣ ਸੀ! ਕੀ ਹੋਇਆ ਜੇ ਮੇਰੇ ਕੋਲ ਹੋਰ ਕੱਪੜੇ ਨਹੀਂ, ਮੇਰੇ ਨਾਲ ਮੇਰਾ ਭਾਈਆ ਹੈ, ਸ਼ਾਸਤਰੀ ਕੋਲ ਤਾਂ ਉਹ ਵੀ ਨਹੀਂ ਸੀ। ਜੇ ਸ਼ਾਸਤਰੀ ਆਪਣੀ ਗਰੀਬੀ ਦੌਰਾਨ ਮਿਹਨਤ ਤੇ ਦ੍ਰਿੜਤਾ ਨਾਲ ਇੱਥੇ ਤਕ ਪਹੁੰਚ ਸਕਦਾ ਹੈ ਤਾਂ ਮੈਨੂੰ ਹਿੰਮਤ ਨਾਲ ਪੜ੍ਹਾਈ ਕਰਨੀ ਚਾਹੀਦੀ ਹੈ।'

ਘਰ ਦੀ ਸਰਦਲ ਟੱਪਦਿਆਂ ਮੇਰੀਆਂ ਸੋਚਾਂ ਦੀ ਮਾਲ ਗੱਡੀ ਥਾਂ ਹੀ ਰੁਕ ਗਈ। ਦੋ-ਤਿੰਨ ਦਿਨ ਪਹਿਲਾਂ ਮਿਲਣ ਆਈ ਹੋਈ ਮੇਰੀ ਕਰਮੀ ਭੂਆ ਰੋ ਰਹੀ ਸੀ। ਉਹਦੀਆਂ ਲਾਲ ਹੋਈਆਂ ਅੱਖਾਂ ਤੋਂ ਲਗਦਾ ਸੀ ਕਿ ਉਹ ਚਿਰੋਕਣੀ ਹੰਝੂ ਵਹਾਉਂਦੀ ਹੋਵੇਗੀ। ਮੇਰੀ ਮਾਂ ਤੇ ਦਾਦੀ ਉਹਦੇ ਕੋਲ ਬੈਠੀਆਂ ਸਨ। ਭੂਆ ਦੁਪੱਟੇ ਨਾਲ ਅੱਖਾਂ ਪੂੰਝਦੀ ਬੋਲੀ, "ਰੱਬ ਉਹ ਦਿਨ ਕਿਸੇ ਵੈਰੀ-ਦੁਸ਼ਮਣ ਨੂੰ ਨਾ ਦਖਾਲੇ, ਮਾਂਵਾਂ ਦੇ ਸਾਹਮਣੇ ਉਨ੍ਹਾਂ ਦੇ ਸਰੂਆਂ ਅਰਗੇ ਪੁੱਤ ਮਾਰ'ਤੇ, ਧੀਆਂ-ਭੈਣਾਂ ਦੀਆਂ ਦੇਹੀਆਂ ਵੱਢ'ਤੀਆਂ। ਲੋਕਾਂ ਨੇ ਆਪਣੇ ਹੱਥੀਂ ਧੀਆਂ ਨੂੰ ਵੱਢ ਕੇ ਖੂਹਾਂ 'ਚ ਸਿੱਟਤਾ, ਬਹੁਤੀਆਂ ਨੂੰ ਜ਼ਹਿਰਾਂ ਦੇ'ਤੀਆਂ।"

ਭੂਆ ਨੇ ਫਿਰ ਅੱਖਾਂ ਪੂੰਝੀਆਂ ਤੇ ਦੱਸਣ ਲੱਗੀ, "ਸਾਡੇ ਕਾਫ਼ਲੇ ਦੇ ਕਈ ਬੰਦੇ ਰਾਹ 'ਚ ਮਰ-ਖਪ ਗਏ। ਲੋਥਾਂ ਦੇ ਦੇਖੇ ਢੇਰ ਜਦੋਂ ਰਾਤ ਨੂੰ ਅੱਖਾਂ ਮੋਹਰੇ ਆਉਂਦੇ ਆ ਤਾਂ ਹਾਲੇ ਬੀ ਨੀਂਦ ਨਈਂ ਆਉਂਦੀ।...ਪਤਾ ਨਈਂ ਵਸਦੇ-ਰਸਦੇ ਲੋਕਾਂ ਦਾ ਲਹੂ ਦਿਨਾਂ 'ਚ ਕਿੱਦਾਂ ਪਾਣੀ ਬਣ ਗਿਆ, ਜਿਹਦਾ ਕਦੀ ਚਿੱਤ-ਚੇਤਾ ਨਈਂ ਸੀ। ਨਿੱਜ ਹੋਣਾ ਨਾ ਪਾਕਸਤਾਨ ਬਣਦਾ, ਨਾ ਲੋਕਾਂ ਦੀ ਇੱਦਾਂ ਦੁਰਦਸ਼ਾ ਹੁੰਦੀ...।"

ਭੂਆ ਦੀਆਂ ਗੱਲਾਂ ਸੁਣਦਿਆਂ ਮੇਰੀ ਮਾਂ ਜ਼ਾਰੋਜ਼ਾਰ ਰੋਣ ਲੱਗ ਪਈ, ਤੇ ਮੇਰੀਆਂ ਭੁੱਬਾਂ ਨਿਕਲ ਗਈਆਂ। ਮੈਨੂੰ ਲੱਗਿਆ ਕਿ ਭੂਆ ਦੇ ਮਨ ਉਤੇ ਪਏ ਟੱਕ ਅਜੇ ਅੱਲੇ ਹਨ। ਇਹ ਸੱਲ ਉਹਨੂੰ ਜਦੋਂ ਯਾਦ ਆਉਂਦਾ ਹੈ ਤਾਂ ਉਹ ਫਿੱਸ ਪੈਂਦੀ ਹੈ।

ਮਾਂ ਨੇ ਮੈਨੂੰ ਆਪਣੇ ਕਲਾਵੇ ਵਿਚ ਲੈ ਕੇ, ਤੇ ਭੂਆ ਨੂੰ ਦਿਲਾਸਾ ਦਿੰਦਿਆਂ ਆਖਿਆ, "ਬੀਬੀ ਕਿਸੇ ਦੇ ਵੱਸ ਦੀ ਗੱਲ ਨਈਂ, ਜੋ ਕਿਸਮਤ 'ਚ ਲਿਖਿਆ ਉਹ ਹੋ ਕੇ ਰਹਿੰਦਾ...!"

"ਜਦੋਂ ਆਉਨੀ ਆਂ ਇਹੋ ਝੋਰਾ ਲੈ ਕੇ ਬਹਿ ਜਾਨੀ ਆਂ, ਤੂੰ ਸ਼ੁਕਰ ਮਨਾ ਪਈ ਤੇਰਾ ਸਾਰਾ ਟੱਬਰ ਸਹੀ ਸਲਾਮਤ ਪਹੁੰਚ ਗਿਆ!" ਦਾਦੀ ਨੇ ਆਪਣੀ ਚੁੱਪ ਤੋੜੀ।

"ਮੈਂ ਰੋਨੀ ਆਂ ਪਈ ਹਿੰਦਸਤਾਨ-ਪਾਕਸਤਾਨ ਬਣ ਗਿਆ, ਆਪਣੇ ਘਰ ਰਾਜ਼ੀ-ਖ਼ੁਸ਼ੀ ਰਹਿਣ। ਲੋਕਾਂ ਨੂੰ ਚੈਨ ਨਾਲ ਵਸਣ ਦੇਣ। ਇਕ-ਦੂਏ ਤੋਂ ਬਦਲਾ ਲਈਂਦੇ ਆ ਲੜਾਈ ਛੇੜ ਕੇ। ਪਤਾ ਨਈਂ ਕਿੰਨੀਆਂ ਮਾਂਵਾਂ ਦੇ ਪੁੱਤ ਇਸ ਕਲਹਿਣੀ ਕਲ੍ਹਾ ਦੀ ਬਲੀ ਚੜ੍ਹੇ ਹੋਣਗੇ। ਮੈਂ ਦਿਨ-ਰਾਤ ਸੁੱਖਾਂ-ਸੁੱਖਦੀ ਰਹੀ, ਪਈ ਮੇਰਾ ਭਰਾ-ਭਤੀਜਾ (ਮੇਰਾ ਤਾਇਆ ਦੀਵਾਨ ਚੰਦ ਤੇ ਵੱਡੇ ਤਾਏ ਦਾ ਪੁੱਤ ਮੋਹਨ ਲਾਲ) ਸੁੱਖ-ਸੁਖੀਲੀ ਨਾਲ ਘਰ ਮੁੜ ਆਉਣ। ਰੱਬ ਦਾ ਸ਼ੁਕਰ, ਪਈ ਲੜਾਈ (ਸਤੰਬਰ 1965 ਦੀ ਜੰਗ) ਬੰਦ ਹੋ ਗਈ।" ਭੂਆ ਦੀਆਂ ਅੱਖਾਂ ਥਾਣੀਂ ਪਰਲ-ਪਰਲ ਵਗਦਾ ਪਾਣੀ ਪਤਾ ਨਹੀਂ ਕਿੱਥੋਂ ਆ ਰਿਹਾ ਸੀ। ਉਹਦੀ ਭਾਰੀ ਹੋਈ ਜ਼ੁਬਾਨ ਕਾਰਨ ਮੇਰਾ ਮਨ ਇਕ ਵਾਰ ਫਿਰ ਭਰ ਆਇਆ।

ਇਸੇ ਦੌਰਾਨ ਭਾਈਏ ਨੇ ਥੋੜ੍ਹਾ ਨੀਵਾਂ ਹੋ ਕੇ ਦਲਾਨ ਦਾ ਬੂਹਾ ਲੰਘਦਿਆਂ ਆਟੇ ਦਾ ਬੋਰਾ ਦੁਵੱਲਿਓਂ ਹੱਥਾਂ ਵਿਚ ਫੜ ਕੇ ਭੁੰਜੇ ਰੱਖਿਆ ਜੋ ਰਾਸ਼ਨ ਕਾਰਡ 'ਤੇ ਭੋਗਪੁਰ ਤੋਂ ਮਿਲਿਆ ਸੀ। ਉਹਨੇ ਲੱਸੀ ਗਟਗਟ ਚਾੜ੍ਹਨ ਮਗਰੋਂ ਖਾਲੀ ਗਲਾਸ ਮਾਂ ਨੂੰ ਫੜਾਉਂਦਿਆਂ ਕਿਹਾ, "ਮਰ ਜਾਣਾ ਦੁਨੀਆਂ ਨੇ ਲੜ-ਭਿੜ ਕੇ, ਕੁਛ ਹਮਲਿਆਂ (1947 ਵਿਚ ਮਿਲੀ ਆਜ਼ਾਦੀ ਜਿਸ ਨਾਲ ਭਾਰਤ-ਪਾਕਿਸਤਾਨ ਵੰਡ ਵੀ ਹੋਈ) 'ਚ ਮਰ ਗਏ, ਕੁਛ ਪਲੇਗ ਨਾਲ ਮਰ ਗਏ, ਕੁਛ ਆਹ ਲੜਾਈ 'ਚ ਮਰ ਗਏ ਤੇ ਰਹਿੰਦੇ-ਖੂੰਹਦੇ ਪਰ੍ਹੂੰ ਦੀ ਪਈਓ ਔੜ-ਸੋਕੇ ਨਾਲ ਭੁੱਖੇ ਮਰ ਜਾਣੇ ਆ। ਖੂਹਾਂ ਦੇ ਤਲੇ ਸੁੱਕ ਗਏ ਆ। ਫ਼ਸਲਾਂ ਨੇ ਝਾੜ ਕੀ ਦੇਣਾ!"

ਘਰ ਬੈਠੇ ਦੀ ਮੇਰੀ ਨਿਗ੍ਹਾ ਨਬੀਏ ਅਰਾਈਂ (ਪਾਕਿਸਤਾਨ ਬਣਨ ਵਕਤ ਲਹਿੰਦੇ ਪੰਜਾਬ ਚਲਾ ਗਿਆ) ਦੇ ਅੰਬ ਵਾਲੇ ਖੂਹ ਅੰਦਰ ਗਈ ਜਿਸ ਦੇ ਨਿੰਤਰੇ ਪਾਣੀ ਤੇ ਗੋਲ-ਚੱਕ ਉਤੇ ਕੀਤੀ ਵੱਖਰੀ ਤੇ ਚੌੜੀ ਚਿਣਾਈ ਦਿਸਣ ਲੱਗੀ। ਪੇਤਲੇ ਜਿਹੇ ਪਾਣੀ ਅੰਦਰ-ਬਾਹਰ ਕੁਝ ਸੁੱਕੀਆਂ ਟਹਿਣੀਆਂ ਕਿਸੇ ਆਦਮੀ ਦੇ ਪਿੰਜਰ ਵਰਗੀਆਂ ਲਗਦੀਆਂ ਸਨ ਜੋ ਸਕਿੰਟ ਵਿਚ ਹੀ ਮੇਰੇ ਮਨ ਵਿਚ ਕਲਪਤ ਨਬੀਏ ਦੀ ਯਾਦ ਵਿਚ ਬਦਲ ਗਈਆਂ।

ਭਾਈਏ ਨੇ ਸਾਡੇ ਸਾਰਿਆਂ ਵੱਲ ਦੇਖਦਿਆਂ ਫਿਰ ਆਖਿਆ, "ਸ਼ਹਿਰ ਅਖ਼ਬਾਰਾਂ ਪੜ੍ਹਦੇ ਲੋਕ ਦੱਸਦੇ ਸੀ, ਪਈ ਹਾਲਾਤ ਬੰਗਾਲ ਦੇ ਕਾਲ (1943) ਅਰਗੇ ਬਣਦੇ ਜਾਂਦੇ ਆ, ਉਦੋਂ ਟੱਬਰਾਂ ਦੇ ਟੱਬਰ ਮਰ ਗਏ, ਘਰਾਂ ਦੇ ਘਰ ਖਾਲੀ ਹੋ ਗਏ। ਲੋਕਾਂ ਨੇ ਦਸ-ਦਸ ਕਿੱਲੋ ਆਟੇ ਬਦਲੇ ਆਪਣੇ ਬੱਚੇ ਵੇਚ ਦਿੱਤੇ ਸੀ ਤੇ ਕੁੜੀਆਂ ਦਾ ਮੁੱਲ ਵੱਟਿਆ ਸੀ। ਧੀਆਂ-ਭੈਣਾਂ ਘਰ ਛੱਡਣ ਲਈ ਮਜਬੂਰ ਹੋ ਗਈਆਂ, ਕਈ ਸ਼ਹਿਰਾਂ 'ਚ ਧੰਦਾ ਕਰਨ ਲਗ ਪਈਆਂ। ਟਾਵੀਆਂ-ਟਾਵੀਆਂ ਪੰਜਾਬ ਆ ਗਈਆਂ। ਹਾਅ ਭਾਈ ਬਲਬੀਰ ਲੰਡੇ (ਸਾਡੇ ਘਰ ਦੀ ਪਿਛਾੜੀ ਰਹਿੰਦਾ ਪਰਿਵਾਰ) ਨੇ ਨਈਂ ਬੰਗਾਲਣ ਲਿਆਂਦੀਓ...।"

ਭਾਈਏ ਦੀ ਅਗਲੀ ਗੱਲ ਸ਼ਾਇਦ ਮੈਨੂੰ ਸੁਣੀ ਨਹੀਂ ਸੀ। ਮੇਰੇ ਮਨ ਦੇ ਸ਼ੀਸ਼ੇ ਉਤੇ 'ਭਾਈ ਰਾਣੀ', ਤਾਈ ਆਤੋ ਦੇ ਕੋਠੇ ਦੀ ਛੱਤ ਉਤੋਂ ਹੇਠਾਂ ਵਿਹੜੇ ਵਿਚ ਉਹਦੇ ਨਾਲ ਗੱਲਾਂ ਕਰਦੀ ਉਭਰੀ। ਉਹ ਪੱਕੇ ਰੰਗ ਦੀ ਗੁੰਦਵੇਂ ਤੇ ਗੱਦਰ ਸਰੀਰ ਦੀ ਉਚੀ-ਲੰਮੀ ਜੁਆਨ ਤੇ ਚੜ੍ਹਦੇ ਤੋਂ ਚੜ੍ਹਦਾ ਕੱਪੜਾ ਪਾਉਂਦੀ, ਸੁਰਖੀ-ਬਿੰਦੀ ਲਾ ਕੇ ਰੱਖਦੀ। ਜਦੋਂ ਉਹ ਥੋੜ੍ਹਾ ਹਿੰਦੀ ਲਹਿਜ਼ੇ ਵਿਚ ਪੰਜਾਬੀ ਬੋਲਦੀ, ਜਾਂ ਹੱਸ-ਹੱਸ ਗੱਲ ਕਰਦੀ ਤਾਂ ਉਹਦੇ ਚਿੱਟੇ ਦੰਦਾਂ ਦਾ ਮੋਤੀਆਂ ਵਾਂਗ ਜੜਿਆ ਪੀੜ੍ਹ ਫੱਬਦਾ। ਭਾਈ ਰਾਣੀ ਦਾ ਮੇਰੇ ਮਨ ਤੋਂ ਅਕਸ ਉਦੋਂ ਲੋਪ ਹੋ ਗਿਆ ਜਦੋਂ ਬਾਹਰਲੇ ਬੂਹੇ ਤੋਂ ਮਰਦਾਨਾ ਤੇ ਜ਼ਨਾਨਾ ਆਵਾਜ਼ ਸੁਣੀ।

ਮੈਂ ਬਾਹਰ ਨੂੰ ਅਹੁਲਦੇ ਵਕਤ ਦੇਖਿਆ ਕਿ ਮੇਰੀ ਮਾਂ, ਭੂਆ ਤੇ ਦਾਦੀ ਦੇ ਚਿਹਰੇ ਉਡੇ ਹੋਏ ਸਨ ਜਿਵੇਂ ਘਰ ਵਿਚ ਕੋਈ ਤਾਜ਼ਾ ਸੋਗੀ ਭਾਣਾ ਵਰਤਿਆ ਹੋਵੇ। ਮਾਹੌਲ ਵਿਚਲੀ ਗਹਿਰੀ ਖ਼ਾਮੋਸ਼ੀ ਤੋਂ ਕੋਈ ਓਪਰਾ ਬੰਦਾ ਅੰਦਾਜ਼ਾ ਲਾ ਸਕਦਾ ਸੀ ਕਿ ਘਰ ਵਿਚ ਕੋਈ ਜੀਅ ਨਹੀਂ ਰਹਿੰਦਾ। ਭੂਆ ਖੱਬੇ ਗੋਡੇ ਉਤੇ ਖੱਬੀ ਕੂਹਣੀ ਟਿਕਾ ਕੇ ਸਿਰ ਨੂੰ ਹੱਥ ਦਾ ਸਹਾਰਾ ਦੇ ਕੇ ਬੈਠੀ ਸੱਚਮੁਚ ਕੋਈ ਅਹਿੱਲ ਮੂਰਤੀ ਜਾਂ ਤਸਵੀਰ ਲਗਦੀ ਸੀ।

ਪਲ ਭਰ ਦੀ ਇਸ ਰੁਕਣੀ ਮਗਰੋਂ ਮੈਂ ਫੁਰਤੀ ਨਾਲ ਬਾਹਰਲੇ ਬੂਹੇ ਵਲ ਗਿਆ ਜਦੋਂ ਤਰਲੇ ਭਰੀ ਆਵਾਜ਼ ਕੰਨਾਂ ਵਿਚ ਮੁੜ ਪਈ। ਇਕ ਜੁਆਨ ਬੰਦੇ ਨੇ ਬੂਟੀਆਂ ਵਾਲੀ ਪੱਗ ਦੇ ਪੋਲੇ ਜਿਹੇ ਉਘੜ-ਦੁਘੜੇ ਲਪੇਟ ਮਾਰੇ ਹੋਏ ਸਨ। ਗਲ ਚਿੱਟਾ ਕੁੜਤਾ ਤੇ ਤੇੜ ਧੋਤੀ ਬੰਨ੍ਹੀ ਹੋਈ ਸੀ। ਉਹਦੇ ਘਰਵਾਲੀ ਸੁਹਣੀ-ਸੁਨੱਖੀ ਤੇ ਲਾਲ ਭਾ ਮਾਰਦਾ ਚਿਹਰਾ। ਉਹਨੇ ਬਹੁ-ਰੰਗੀ ਸਾੜ੍ਹੀ, ਤੇ ਉਤੋਂ ਦੀ ਗਰਮ ਸ਼ਾਲ ਦੀ ਬੁੱਕਲ ਮਾਰੀ ਹੋਈ ਸੀ। ਲੱਕ ਦੁਆਲੇ ਚਾਂਦੀ ਦੀ ਪੇਟੀ ਬੰਨ੍ਹੀ ਹੋਈ ਸੀ। ਨੰਗੇ ਡੌਲਿਆਂ, ਬਾਹਾਂ ਤੇ ਗਿੱਟਿਆਂ ਵਿਚ ਚਾਂਦੀ ਦੇ ਮੋਟੇ ਗਜਰੇ, ਕੜੇ, ਛੱਲੇ ਤੇ ਕੰਙਣ ਪਾਏ ਹੋਏ ਸਨ। ਉਨ੍ਹਾਂ ਦੀਆਂ ਗਾਚਣੀ ਰੰਗ ਦੀਆਂ ਦੇਸੀ ਜੁੱਤੀਆਂ ਦੀ ਦਿੱਖ ਖ਼ੂਬਸੂਰਤ ਸੀ। ਉਨ੍ਹਾਂ ਦੋਹਾਂ ਨੇ ਇਕ-ਇਕ ਬੱਚਾ ਆਪੋ-ਆਪਣੀ ਹਿੱਕ ਨਾਲ ਲਾਇਆ ਹੋਇਆ ਸੀ।

ਇਹ ਸਭ ਕੁਝ ਤੱਕਦਿਆਂ ਮੇਰੀ ਮਾਂ ਆਈ। ਉਹ ਦੋਵੇਂ ਜਣੇ ਤਰਲੇ ਕਰਨ ਲੱਗੇ, "ਬੀਬੀ ਦੋ-ਦੋ ਰੋਟੀਆਂ ਦੇ ਦੇ, ਯਾ ਆਟੇ ਕੀ ਦੋ ਮੁੱਠਾਂ ਦੇ ਦੇ, ਹਮ ਔਰ ਯੇਹ ਹਮਾਰੇ ਬੱਚੇ ਭੂਖੇ ਹੈਂ। ਸੋਕਾ ਪੜ ਰਹਾ ਹੈ, ਫਸਲ ਨਹੀਂ ਹੋ ਰਹੀ, ਹਮ ਮਾਂਗਨੇ ਵਾਲੇ ਨਹੀਂ ਹੈਂ, ਬਸ ਦੋ ਰੋਟੀਆਂ ਯਾ...।"

ਇਸ ਅਜਨਬੀ ਜੋੜੇ ਦੇ ਮਿੰਨਤਾਂ-ਤਰਲੇ ਦੇਖ ਕੇ ਮੈਨੂੰ ਤਰਸ ਆ ਗਿਆ। ਛੋਟੇ ਬੱਚੇ ਨੇ ਆਪਣੀ ਮਾਂ ਦੀ ਬੁੱਕਲ ਵਿਚੋਂ ਸਾਡੇ ਵਲ ਓਪਰੀ ਜਿਹੀ ਨਜ਼ਰ ਮਾਰਦਿਆਂ ਤੇ ਆਪਣੀ ਮਾਂ ਦੇ ਮੋਢੇ ਨਾਲ ਸਿਰ ਲਾਉਂਦਿਆਂ ਉਹਨੂੰ ਘੁੱਟ ਲਿਆ।

ਸਾਨੂੰ ਮਾਂ-ਪੁੱਤ ਨੂੰ ਦਲਾਨ ਅੰਦਰ ਵੜਦਿਆਂ ਦੇਖ ਭਾਈਏ ਨੇ ਪਹਿਲਾਂ ਵਰਗੀ ਗੱਲ ਫਿਰ ਤੋਰੀ, "ਦੇਖੋ ਹਾਅ ਜੋਰਾਵਰ ਕਈਂਦੇ ਕਹਾਉਂਦੇ ਰਾਜਪੂਤ ਭੁੱਖ ਨੇ ਕਿੱਦਾਂ ਔਝੇ ਕਰ'ਤੇ ਆ। ਇਨ੍ਹਾਂ ਨੂੰ ਸਾਡੇ ਬਿਹੜੇ-ਮੁਹੱਲੇ ਦਾ ਪਤਾ ਬੀ ਆ। ਇਨ੍ਹਾਂ ਨੇ ਕਦੀ ਕੋਲ ਨਈਂ ਢੁੱਕਣ ਦਿੱਤਾ। ਜਦੋਂ ਅਸੀਂ ਗੰਗਾ ਨਗਰ ਕਣਕ-ਛੋਲੇ ਵੱਢਣ ਜਾਈਦਾ, ਪਾਣੀ ਪੀਣ ਲਈ ਕਹੀਏ ਤਾਂ ਪਈਲਾਂ ਜਾਤ ਪੁੱਛਦੇ, ਤੇ ਹੁਣ ਸਾਡੇ ਦਰਾਂ 'ਤੇ ਮੰਗਦੇ ਫਿਰਦੇ ਆ। ਕੋਈ ਪੁੱਛਣ ਆਲਾ ਹੋਬੇ, ਪਈ ਹੁਣ ਧੁਆਡੀ ਆਕੜ, ਹੰਕਾਰ ਤੇ ਦਬਦਬਾ ਕਿੱਥੇ ਗਿਆ? ਕਈਂਦੇ ਆ ਪਈ ਭੁੱਖ-ਮੁਸੀਬਤ ਬੇਲੇ ਕਿਸੇ ਨੇ ਆਪਣੀ ਮਾਂ ਦੇ ਯਾਰ ਨੂੰ ਬੀ ਬਾਪ ਬਣਾ ਲਿਆ ਸੀ।"

ਹੁੱਕੇ ਦੇ ਦੋ ਕਾਹਲੇ ਘੁੱਟ ਭਰਨ ਪਿੱਛੋਂ ਭਾਈਏ ਨੇ ਫਿਰ ਆਖਿਆ, "ਸਾਡੀ ਗੱਲ ਸਮਝਣ ਦਾ ਕਿਸੇ ਕੋਲ ਟੈਮ ਈ ਨਈਂ, ਪਈ ਜਾਤਾਂ-ਪਾਤਾਂ ਦਾ ਸਾਰਾ ਤਾਣਾ-ਬਾਣਾ ਰੱਬ ਨੇ ਨਈਂ, ਬੰਦੇ ਨੇ ਆਪਣੇ ਮੁਫ਼ਾਦ ਬਾਸਤੇ ਘੜਿਆ ਹੋਇਆ।"



ਭਾਈਏ ਵਲੋਂ ਲਗਾਤਾਰ ਕੀਤੀਆਂ ਜਾ ਰਹੀਆਂ ਗੱਲਾਂ ਨੂੰ ਘਰ ਦੇ ਜੀਆਂ ਨੇ ਗਹੁ ਨਾਲ ਸੁਣਿਆ, ਪਰ ਭਰਵਾਂ ਹੁੰਗਾਰਾ ਕਿਸੇ ਨਾ ਭਰਿਆ। ਮਾਂ ਨੇ ਮੇਰੀ ਨਵ-ਜੰਮੀ ਭੈਣ ਨੂੰ ਦੁੱਧ ਚੁੰਘਾਉਣ ਤੇ ਉਹਨੂੰ ਸੁੱਤੀ ਨੂੰ ਮੰਜੇ ਉਤੇ ਪਾਉਣ ਮਗਰੋਂ ਆਖਿਆ, "ਗੱਲ ਇਥੇ ਨਿਬੜਦੀ ਆ, ਪਈ ਲਿਖੀਆਂ ਅੱਗੇ ਕਿਸੇ ਦਾ ਜੋਰ ਨਈਂ ...। ਦੇਖੋ ਕਾਲ ਨੇ ਕਈਆਂ ਨੂੰ ਰਾਜਿਆਂ ਤੋਂ ਰੰਕ ਬਣਾ'ਤਾ!"

ਭੂਆ ਨੇ ਸਿਰ ਹਿਲਾ ਕੇ ਮਾਂ ਦੇ ਬੋਲਾਂ ਦੀ ਹਾਮੀ ਭਰੀ, ਤੇ ਦਾਦੀ ਮਾਂ ਨੇ ਪੈਰੀਂ ਜੁੱਤੀ ਪਾ ਕੇ ਹੱਥ 'ਚ ਸੋਟਾ ਫੜ ਲਿਆ।

"ਇਹਨੂੰ ਹੋਰਾਂ ਦੀ ਚਿੰਤਾ, ਆਪਣੀ ਨਈਂ। ਅਸੀਂ ਨਿੱਤ ਫਾਕੇ ਕੱਟਦੇ ਆਂ, ਸਾਡੇ 'ਤੇ ਕਿਸੇ ਨੂੰ ਦਇਆ ਨਈਂ ਆਉਂਦੀ, ਪਈ ਬਲੂਰ ਵਿਲਕਦੇ ਆ, ਮਣ-ਮਣ ਅੰਨ ਦੇ ਦਈਏ, ਹਿਸਾਬ ਅੱਗੇ ਪਿੱਛੇ ਹੋ ਜਾਊ। ਔਖੇ ਬੇਲੇ ਕੀਤੀ ਨੇਕੀ ਨੂੰ ਕਿਹੜਾ ਕੋਈ ਭੁੱਲਦਾ? ਅਖੇ ਰੱਬ ਦਾ ਭਾਣਾ, ਸਾਲਾ ਰੱਬ-ਨਿਰਾ ਜੱਬ੍ਹ। ਹੋਬੇ ਤਾਂ ਸਾਡੀ ਫ਼ਰਿਆਦ ਨਾ ਸੁਣੇ? ਇਹੋ ਜਿਹੇ ਜਾਲਮ ਤਾਂ ਦੂਰ ਈ ਚੰਗੇ...!" ਭਾਈਏ ਨੇ ਮਨ ਦੀ ਭੜਾਸ ਕੱਢਦਿਆਂ ਆਪਣਾ ਦੋ-ਟੁੱਕ ਫੈਸਲਾ ਸੁਣਾਇਆ।

ਮਾਂ ਨੂੰ ਚਾਣਚੱਕ ਜਿਵੇਂ ਕੁਝ ਚੇਤਾ ਆ ਗਿਆ ਸੀ। ਉਹਨੇ ਆਪਣੇ ਵਲ ਆਉਣ ਲਈ ਹੱਥ ਦਾ ਇਸ਼ਾਰਾ ਕੀਤਾ। ਫਿਰ ਉਹਨੇ ਸਿਲਵਰ ਦੀ ਬਾਲਟੀ ਵੱਲ ਦੇਖਦਿਆਂ ਮੂੰਹੋਂ ਆਖਿਆ, "ਮੰਤਰੀਆਂ ਦਿਓਂ ਮੈਲ ਦੀ ਬਾਲਟੀ ਭਰਾ ਲਿਆ, ਇਹਦੀਆਂ ਨਈਂ ਗੱਲਾਂ ਮੁੱਕਣੀਆਂ!"

ਨੱਕੋ ਨੱਕ ਭਰੀ ਮੈਲ ਦੀ ਬਾਲਟੀ ਲਿਆਉਂਦਿਆਂ ਬਾਲਟੀ ਦੇ ਛਲਕਣ ਕਾਰਨ ਮੇਰੇ ਸੱਜੇ ਪੈਰ ਉਤੇ (ਗੁੜ ਦੀ) ਮੈਲ਼ ਡਿਗ ਪਈ ਜਦੋਂ ਮੈਂ ਬਾਲਟੀ ਦੂਜੇ ਹੱਥ ਬਦਲਣ ਲੱਗਾ। ਨਿੱਕੇ-ਨਿੱਕੇ ਛਾਲੇ ਅਕਸਰ ਹੀ ਪੈਂਦੇ ਰਹਿੰਦੇ। ਮਨ ਅਫ਼ਸੋਸ ਦੇ ਡੂੰਘੇ ਪਾਣੀਆਂ ਵਿਚ ਡੁੱਬਦਾ-ਘਿਰਦਾ, ਦੁੱਖ ਮਨਾਉਂਦਾ, ਸ਼ਰਮਿੰਦਗੀ ਦਾ ਅਹਿਸਾਸ ਹੋਰ ਤਿੱਖਾ ਤੇ ਤੀਬਰ ਹੁੰਦਾ ਜਦੋਂ ਜਮਾਤੀ ਜੱਟ ਮੁੰਡੇ ਬੇਪਰਵਾਹੀ ਨਾਲ ਕਦੀ ਸਹਿਜ ਤੇ ਕਦੀ ਤਲਖ਼ੀ ਨਾਲ ਫਿਕਰੇ ਕੱਸਦੇ, "ਮੈਲ ਪੀਣ ਨਾਲ ਧੁਆਡੇ ਰੰਗ ਮੈਲ਼ ਅਰਗੇ ਹੋਇਓ ਆ!... ਮੈਲ਼ ਪੀਣੀ ਜਾਤ ਕੇ ਬੀ ਸਾਨੂੰ ਆਂਙੂ ਆਕੜਦੀ ਰਹਿੰਦੀ ਆ...ਇਸ ਸਿਆਲ ਚੰਗਾ ਦਾਅ ਲੱਗਾ ਹੋਣਾ ਮਾਸ ਖਾਣ ਨੂੰ, ਬਥੇਰੇ ਕੱਟੇ-ਬੱਛੇ ਮਰਦੇ ਆ ਸੁੱਕੀ ਠੰਢ 'ਚ, ਕਿਉਂ ਗੁੱਡ?"

ਮੈਂ ਖਿਝ ਗਿਆ। ਮਨ ਸੜ-ਬਲ ਗਿਆ ਜਿਵੇਂ ਆਲੂਆਂ ਦੀਆਂ ਵੇਲਾਂ ਜਾਂ ਛੋਟੇ ਨਰਮ ਪੌਦੇ ਠੰਢ ਨਾਲ ਝੁਲਸ ਗਏ ਸਨ। ਚਿੱਤ ਵਿਚ ਆਉਂਦਾ ਕਿ ਕਹਿਣ ਵਾਲੇ ਦਾ ਸਿਰ-ਮੱਥਾ ਇੱਟ-ਰੋੜਾ ਮਾਰ ਕੇ ਪਾੜ ਦਿਆਂ ਤੇ ਕਹਾਂ, ਸਾਡੀ ਮਜਬੂਰੀ ਆ, ਕੋਈ ਸ਼ੌਕ ਥੋੜ੍ਹੋ? ਧੁਆਨੂੰ ਸਾਡੀ ਭੁੱਖ ਦਾ ਕੀ ਦੁੱਖ! ਤੁਸੀਂ ਖਾ-ਖਾ ਪਾਟਣ ਨੂੰ ਫਿਰਦੇ ਆਂ, ਤੇ ਸਾਡੇ ਲੱਕੇ ਲਗਦੇ ਜਾਂਦੇ ਆ, ਲਿੱਸੇ ਬੌਲਦਾਂ ਵਾਂਗੂੰ।

ਮਨ ਵਿਚ ਖ਼ਿਆਲਾਂ ਦੀ ਲੜੀ ਸਕੂਲ ਦੀ ਹਲਟੀ ਦੀਆਂ ਟਿੰਡਾਂ ਦੀ ਮਾਲ੍ਹ ਵਾਂਗ ਮੁੱਕਣ ਵਿਚ ਹੀ ਨਹੀਂ ਆ ਰਹੀ ਸੀ। ਸੋਚਦਾ, ਬਸ ਥੋੜ੍ਹਾ ਚਿਰ ਰਹਿ ਗਿਆ ਪਿੰਡ ਦੀ ਜੂਹ ਵਿਚ ਜਾਤ ਦੇ ਮਿਹਣੇ ਸੁਣਨ ਤੇ ਝੱਲਣ ਦਾ। ਜਦੋਂ ਗੀਗਨਵਾਲ ਸਕੂਲੇ ਪੜ੍ਹਨ ਲੱਗ ਪੈਣਾ, ਉਦੋਂ ਨਾ ਕੋਈ ਮੈਲ ਪੀਣ ਤੇ ਮਰੇ ਪਸ਼ੂਆਂ ਦੇ ਮਾਸ ਬਾਰੇ ਤਾਹਨੇ ਮਾਰੇਗਾ, ਤੇ ਨਾ ਹੀ ਰਾਹਾਂ ਵਿਚੋਂ ਬਾਲਣ ਲਈ ਕੱਖ-ਪੱਤ ਹੂੰਝਦੇ ਨੂੰ ਦੇਖੇਗਾ। ਜਦੋਂ ਹੈਡਮਾਸਟਰ ਚੇਤ ਰਾਮ ਸ਼ਰਮਾ ਵਲੋਂ ਦੱਸੀਆਂ ਸ਼ਾਸਤਰੀ ਦੀ ਜ਼ਿੰਦਗੀ ਦੀਆਂ ਤਲਖ਼-ਹਕੀਕਤਾਂ ਦਾ ਚੇਤਾ ਆਇਆ ਤਾਂ ਮੇਰਾ ਹੌਸਲਾ ਹੋਰ ਬੁਲੰਦ ਹੋ ਗਿਆ। ਜਦੋਂ ਭਾਈਏ ਦਾ ਬਿਆਨ ਯਾਦ ਆਇਆ ਕਿ ਜਹਿਮਤ, ਭੁੱਖ-ਪਿਆਸ ਨਾ ਪੁੱਛੇ ਜਾਤ। ਇਨ੍ਹਾਂ ਥੁੜਾਂ-ਥੋੜਾਂ ਕਰਕੇ ਸਾਡੇ ਲੋਕ ਲਿਫ਼ ਕੇ ਰਹੁੰਦੇ ਆ, ਮੈਂ ਤਾਂ ਚਾਹੁੰਨਾ ਭਲਕੇ ਸਾਡੀ ਔਲਾਦ ਆਪਣੇ ਪੈਰਾਂ 'ਤੇ ਖੜ੍ਹੀ ਹੋਵੇ, ਧੌਣ ਅਕੜਾ ਕੇ ਅਣਖ ਨਾਲ ਤੁਰੇ, ਚਾਰ ਸਿਆੜ ਖਰੀਦੇ ਜਾਂ ਸਰਕਾਰ ਨਾਲ ਲੜ ਭਿੜ ਕੇ ਲਵੇ।

ਭਾਈਏ ਦੀਆਂ ਖ਼ਾਹਿਸ਼ਾਂ ਉਤੇ ਖਰਾ ਉਤਰਨ ਲਈ ਮੈਂ ਲਗਾਤਾਰ ਤਰਲੋਮੱਛੀ ਹੁੰਦਾ ਰਹਿੰਦਾ। ਮੈਨੂੰ ਲਗਦਾ ਕਿ ਦਿਨ ਪੁਰ ਦਿਨ ਮੇਰਾ ਰਾਹ ਰੌਸ਼ਨ ਹੁੰਦਾ ਜਾ ਰਿਹਾ ਹੈ ਜਿਸ ਸਦਕਾ ਮਨ ਹੀ ਮਨ ਮੈਂ ਅੰਬਰੋਂ ਤਾਰੇ ਤੋੜਨ ਦੀਆਂ ਵਿਉਂਤਾਂ ਬਣਾਉਂਦਾ ਨਾ ਥੱਕਦਾ।

ਗੁਰਮਤਿ ਵਿਚਾਰ

# ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ



ਡਾ. ਗੁਰਨਾਮ ਕੌਰ, ਕੈਨੇਡਾ

ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਸਿਧਾਂਤਾਂ ਦੇ ਅਮਲੀ ਪ੍ਰਕਾਸ਼ਨ ਲਈ ਸਭ ਤੋਂ ਕਾਰਗਰ ਸਾਧਨ ਗੁਰਮੁਖਾਂ ਦੀ ਸੰਗਤ ਨੂੰ ਮੰਨਿਆ ਹੈ, ਜਿੱਥੇ ਮਨੁੱਖ ਸੇਵਾ, ਨਾਮ ਸਿਮਰਨ, ਵੰਡ ਛਕਣ ਅਤੇ ਕਿਰਤ ਕਰਨ ਦੀ ਜਾਚ ਸਿੱਖਦਾ ਹੈ। ਆਸਾ ਦੀ ਵਾਰ ਦੀ ਦਸਵੀਂ ਪਉੜੀ ਵਿਚ ਉਹ ਗੁਰਮੁਖਾਂ ਦੀ ਸੰਗਤ ਕਰਨ 'ਤੇ ਜ਼ੋਰ ਦਿੰਦੇ ਹਨ ਕਿ ਗੁਰਮੁਖਾਂ ਦੇ ਪੈਰਾਂ ਦੀ ਮਿੱਟੀ ਵੀ ਮਿਲੇ ਤਾਂ ਇਸ ਨੂੰ ਮੱਥੇ ਲਾ ਲੈਣਾ ਚਾਹੀਦਾ ਹੈ। ਭਾਵ ਜਿਸ ਮਨੁੱਖ ਨੂੰ ਚੰਗੇ ਗੁਰਮੁਖ ਬੰਦਿਆਂ ਦੀ ਸੰਗਤ ਕਰਨ ਨੂੰ ਮਿਲੇ, ਉਸ ਦੇ ਵੱਡੇ ਭਾਗ ਹੁੰਦੇ ਹਨ। ਮਨੁੱਖ ਨੂੰ ਮਾਇਆ ਦਾ ਲਾਲਚ ਛੱਡ ਦੇਣਾ ਚਾਹੀਦਾ ਹੈ ਕਿਉਂਕਿ ਇਹ ਮਨੁੱਖ ਨੂੰ ਆਪਣੇ ਜਾਲ ਵਿਚ ਫਸਾਉਂਦੀ ਹੈ। ਅਕਾਲ ਪੁਰਖ ਦਾ ਨਾਮ ਸਿਮਰਨਾ ਚਾਹੀਦਾ ਹੈ, ਉਸ ਦੀ ਭਗਤੀ ਕਰਨੀ ਚਾਹੀਦੀ ਹੈ। ਮਨੁੱਖ ਜਿਸ ਕਿਸਮ ਦੇ ਕੰਮ ਕਰਦਾ ਹੈ, ਜਿਹੋ ਜਿਹੀ ਕਾਰ ਕਰਦਾ ਹੈ, ਉਸ ਨੂੰ ਉਹੋ ਜਿਹਾ ਹੀ ਫਲ ਪ੍ਰਾਪਤ ਹੁੰਦਾ ਹੈ। (ਇਹ ਮਨੁੱਖ ਦੇ ਆਪਣੇ ਹੱਥ ਹੈ ਕਿ ਉਸ ਨੇ ਲਾਲਚ ਛੱਡ ਕੇ ਚੰਗੇ ਕੰਮ ਕਰਨੇ ਹਨ ਜਾਂ ਮਾੜੇ)। ਮਨੁੱਖ ਨੂੰ ਗੁਰਮੁਖਾਂ ਦੀ ਸੰਗਤ ਤਦ ਹੀ ਮਿਲਦੀ ਹੈ ਜੇ ਉਸ ਦੇ ਚੰਗੇ ਭਾਗ ਹੋਣ। ਜੇ ਮਨੁੱਖ ਗੁਰਮੁਖਾਂ ਦੀ ਸੰਗਤ ਦਾ ਆਸਰਾ ਛੱਡ ਕੇ ਆਪਣੀ ਥੋੜੀ ਅਰਥਾਤ ਹੋਛੀ ਬੁੱਧੀ ਦੇ ਮਗਰ ਲੱਗਦਾ ਹੈ ਤਾਂ ਉਸ ਦੀ ਕੀਤੀ ਹੋਈ ਘਾਲ ਕਮਾਈ ਵਿਅਰਥ ਜਾਂਦੀ ਹੈ, ਅਜਾਈਂ ਜਾਂਦੀ ਹੈ,

ਦਾਨੁ ਮਹਿੰਡਾ ਤਲੀ ਖਾਕੁ
ਜੇ ਮਿਲੈ ਤ ਮਸਤਕਿ ਲਾਈਐ॥
ਕੂੜਾ ਲਾਲਚੁ ਛਡੀਐ
ਹੋਇ ਇਕ ਮਨਿ ਅਲਖੁ ਧਿਆਈਐ॥
(ਪੰਨਾ 468)

ਗੁਰੂ ਨਾਨਕ ਸਾਹਿਬ ਦੇ ਦਿੱਤੇ ਸਿਧਾਂਤ ਕਿਧਰੇ ਵੀ ਤਰਕ/ਵਿਚਾਰ ਦਾ ਪੱਲਾ ਨਹੀਂ ਛੱਡਦੇ। ਇੱਥੋਂ ਕਿ ਉਨ੍ਹਾਂ ਨੇ ਤਾਂ ਸ਼ਬਦ ਨੂੰ ਵੀ ਵਿਚਾਰ ਜਾਂ ਦਲੀਲ ਰਾਹੀਂ ਸਮਝਣ ਦਾ ਅਦੇਸ਼ ਕੀਤਾ ਹੈ ਤਾਂ ਕਿ ਉਹ ਮਨੁੱਖ ਦੀ ਵਿਚਾਰਧਾਰਾ ਦਾ ਹਿੱਸਾ ਬਣ ਸਕੇ। ਨਾਮ ਸਿਮਰਨ ਦਾ ਅਰਥ ਨਾਮ ਨੂੰ ਸਮਝ ਕੇ ਆਪਣੇ ਅੰਦਰ ਵਸਾਉਣਾ ਹੈ, ਨਾ ਕਿ ਤੋਤੇ-ਰੱਟ, ਜੋ ਅੱਜ ਦੇ ਬਹੁਤੇ ਡੇਰੇਦਾਰ ਲੋਕਾਂ ਨੂੰ 'ਗੁਪਤ' ਨਾਮ ਦੇ ਕੇ ਕਰਨ ਲਈ ਕਹਿੰਦੇ ਹਨ। ਇਸੇ ਤਰਕ ਦੀ ਪ੍ਰੋੜਤਾ ਗੁਰੂ ਨਾਨਕ ਸਾਹਿਬ ਦਾ ਅਗਲਾ ਸਲੋਕ ਕਰਦਾ ਹੈ ਜਿਸ ਵਿਚ ਉਨ੍ਹਾਂ ਨੇ ਆਪਣੇ ਤਰਕ ਨੂੰ ਸਮਝਾਉਣ ਲਈ ਪਹਿਲਾ ਦ੍ਰਿਸ਼ਟਾਂਤ ਖੇਤੀ ਬੀਜਣ ਦੇ ਕਾਰਜ ਵਿਚੋਂ ਦਿੱਤਾ ਹੈ ਅਤੇ ਦੂਜਾ ਕਪੜਾ ਰੰਗਣ ਦੇ ਕੰਮ ਵਿਚੋਂ। ਕਲਿਜੁਗ ਦੀ ਗੱਲ ਕਰਦਿਆਂ ਗੁਰੂ ਸਾਹਿਬ ਕਹਿੰਦੇ ਹਨ ਕਿ ਅਜਿਹਾ ਸਮਾਂ ਆ ਗਿਆ ਹੈ ਜਦੋਂ ਸੰਸਾਰਕ ਜੀਵਾਂ ਦੇ ਮਨ ਵਿਚੋਂ ਸੱਚ ਖਤਮ ਹੋ ਗਿਆ ਹੈ ਤੇ ਝੂਠ-ਫਰੇਬ ਹੀ ਪ੍ਰਧਾਨ ਹੋ ਗਿਆ ਹੈ, ਕਲਿਜੁਗ ਦੇ ਇਸ ਵਰਤਾਰੇ ਕਾਰਨ ਮਨੁੱਖ ਆਪਣੀ ਚੰਗੀ ਮਤ ਛੱਡ ਕੇ ਭੂਤਨੇ ਬਣ ਗਏ ਹਨ (ਗੁਰਮਤਿ ਅਨੁਸਾਰ ਕਲਿਜੁਗ ਕਿਸੇ ਖ਼ਾਸ ਸਮੇਂ ਅਤੇ ਸਥਾਨ ਵਿਚ ਨਹੀਂ ਵਾਪਰਦਾ। ਕਲਿਜੁਗ ਉਦੋਂ ਵਾਪਰਦਾ ਹੈ ਜਦੋਂ ਮਨੁੱਖ ਦੇ ਮਨ ਨੂੰ ਕਾਮ, ਕ੍ਰੋਧ, ਲੋਭ, ਮੋਹ, ਅੰਹਕਾਰ ਆਦਿ ਵਿਕਾਰ ਦੱਬ ਲੈਂਦੇ ਹਨ, ਜਿਨ੍ਹਾਂ ਦੇ ਅਧੀਨ ਹੋ ਕੇ ਮਨੁੱਖ ਚੰਗਿਆਈ ਛੱਡ ਕੇ ਬੁਰੇ ਕੰਮ ਕਰਨ ਲੱਗ ਪੈਂਦਾ ਹੈ। ਇਹ ਕਿਸੇ ਵੀ ਸਮੇਂ ਅਤੇ ਸਥਾਨ 'ਤੇ ਵਾਪਰ ਸਕਦਾ ਹੈ)।

ਇਥੇ ਖੇਤੀ ਦੇ ਦ੍ਰਿਸ਼ਟਾਂਤ ਰਾਹੀਂ ਗੁਰੂ ਨਾਨਕ ਦੱਸਦੇ ਹਨ ਕਿ ਫਸਲ ਉਗਾਉਣ ਲਈ ਖੇਤ ਨੂੰ ਵੱਤਰ ਕਰਕੇ ਸਮੇਂ ਸਿਰ ਸਾਬਤ ਦਾਣਾ ਬੀਜਣਾ ਹੁੰਦਾ ਹੈ। ਜੇ ਖੇਤ ਵੱਤਰ ਨਾ ਹੋਵੇ, ਸਮਾਂ ਢੁਕਵਾਂ ਨਾ ਹੋਵੇ ਅਤੇ ਟੁੱਟਿਆ ਹੋਇਆ ਬੀਜ ਪਾਇਆ ਜਾਵੇ ਤਾਂ ਫਸਲ ਨਹੀਂ ਉਗਦੀ। ਗੁਰੂ ਸਾਹਿਬ ਕਹਿੰਦੇ ਹਨ ਕਿ ਜਿਨ੍ਹਾਂ ਨਾਮ-ਰੂਪੀ ਸਾਬਤ ਦਾਣਾ ਆਪਣੇ ਮਨ ਵਿਚ ਬੀਜਿਆ ਸੀ, ਅਰਥਾਤ ਸੱਚ ਦੇ ਮਾਰਗ 'ਤੇ ਤੁਰੇ ਸੀ, ਉਹ ਇਸ ਦਾ ਲਾਹਾ ਲੈ ਗਏ ਹਨ ਅਤੇ ਸੰਸਾਰ ਤੋਂ ਸੋਭਾ ਖੱਟ ਗਏ ਹਨ। ਪਰ ਜਿਨ੍ਹਾਂ ਨੇ ਦਾਲ ਬੀਜੀ ਹੈ ਅਰਥਾਤ ਜਿਨ੍ਹਾਂ ਦੇ ਮਨ ਵਿਚ ਕੂੜ ਹੈ, ਮਨ ਸੱਚ ਵਾਲੇ ਪਾਸੇ ਨਹੀਂ ਲੱਗਿਆ ਹੋਇਆ, ਮਨ ਵਿਚ ਅਕਾਲ ਪੁਰਖ ਦਾ ਨਾਮ ਨਹੀਂ ਵੱਸਿਆ ਹੋਇਆ ਉਨ੍ਹਾਂ ਨੂੰ ਹੁਣ ਇਸ ਦਾ ਲਾਹਾ ਕਿਉਂ ਮਿਲੇਗਾ? ਹੁਣ ਅੰਕੁਰ ਫੁੱਟਣੋ ਰਹਿ ਗਿਆ ਹੈ। ਦੋਫਾੜ ਹੋਇਆ ਮਨ ਅਰਥਾਤ ਦੁਬਿਧਾ ਵਿਚ ਪਏ ਮਨ ਵਿਚ ਚੰਗਿਆਈ ਕਿਵੇਂ ਪਲ੍ਹਰੇਗੀ? ਟੁੱਟਾ ਹੋਇਆ ਬੀਜ ਕਿਉਂ ਉਗੇਗਾ? ਇਸੇ ਤਰ੍ਹਾਂ ਕਪੜੇ ਨੂੰ ਰੰਗ ਦੇਣ ਵਾਸਤੇ ਪਹਿਲਾਂ ਉਸ ਨੂੰ ਖੁੰਭ ਚੜ੍ਹਾਈ ਜਾਂਦੀ ਹੈ ਅਤੇ ਫਿਰ ਉਸ ਨੂੰ ਪਾਹ ਲਾਇਆ ਜਾਂਦਾ ਹੈ। ਉਸ ਤੋਂ ਪਿੱਛੋਂ ਹੀ ਉਸ ਨੂੰ ਰੰਗ ਚੜ੍ਹਦਾ ਹੈ। ਕੋਰੇ ਕਪੜੇ 'ਤੇ ਰੰਗ ਨਹੀਂ ਚੜ੍ਹਦਾ। ਇਸੇ ਤਰ੍ਹਾਂ ਕੋਰੇ ਮਨ ਨੂੰ ਜੇ ਰੱਬ ਦੇ ਸੋਹਣੇ ਰੰਗ ਵਿਚ ਰੰਗਣਾ ਹੋਵੇ ਤਾਂ ਪਹਿਲਾਂ ਇਸ ਨੂੰ ਰੱਬ ਦੇ ਡਰ ਰੂਪ ਖੁੰਬ ਤੇ ਧਰੀਏ ਅਤੇ ਫਿਰ ਇਸ ਨੂੰ ਮਿਹਨਤ ਤੇ ਉਦਮ ਦੀ ਪਾਹ ਦੇਈਏ। ਇਸ ਤੋਂ ਪਿੱਛੋਂ ਹੀ ਜੇ ਇਸ ਨੂੰ ਰੱਬ ਦੀ ਭਗਤੀ ਦੇ, ਨਾਮ-ਰੂਪੀ ਰੰਗ ਵਿਚ ਰੰਗਿਆ ਜਾਵੇ ਤਾਂ ਹੀ ਇਹ ਮਾਇਆ ਆਦਿ ਛਲ ਤੋਂ ਬਚ ਸਕਦਾ ਹੈ,

ਸਚਿ ਕਾਲੁ ਕੂੜੁ ਵਰਤਿਆ
ਕਲਿ ਕਾਲਖ ਬੇਤਾਲ॥
ਬੀਉ ਬੀਜਿ ਪਤਿ ਲੈ ਗਏ
ਅਬ ਕਿਉ ਉਗਵੈ ਦਾਲਿ॥
ਜੇ ਇਕੁ ਹੋਇ ਤਾ ਉਗਵੈ
ਰੁਤੀ ਹੂ ਰੁਤਿ ਹੋਇ॥ (ਪੰਨਾ 468)

ਆਸਾ ਦੀ ਵਾਰ ਵਿਚ ਜਿੱਥੇ ਗੁਰੂ ਨਾਨਕ ਉਸ ਵੇਲੇ ਦੇ ਹਾਲਾਤ ਦਾ ਜ਼ਿਕਰ ਕਰ ਰਹੇ ਹਨ, ਉਸ ਦੇ ਨਾਲ ਹੀ ਉਸ ਸਦੀਵੀ ਸੱਚ ਦੀ ਸੋਝੀ ਵੀ ਮਨੁੱਖ ਨੂੰ ਕਰਾ ਰਹੇ ਹਨ ਕਿ ਜਦੋਂ ਸੁੱਚੀਆਂ ਕੀਮਤਾਂ ਗੁਆਚ ਜਾਂਦੀਆਂ ਹਨ, ਕੂੜ ਦਾ ਵਰਤਾਰਾ ਹੁੰਦਾ ਹੈ ਤਾਂ ਹਾਲਾਤ ਕਿਹੋ ਜਿਹੇ ਬਣ ਜਾਂਦੇ ਹਨ। ਸੰਸਾਰ 'ਤੇ ਉਦੋਂ ਕਲਿਜੁਗ ਦਾ ਪਸਾਰਾ ਹੋ ਜਾਂਦਾ ਹੈ। ਅਗਲੇ ਸਲੋਕ ਵਿਚ ਗੁਰੂ ਸਾਹਿਬ ਦੱਸਦੇ ਹਨ ਕਿ ਜੀਭ ਦਾ ਚਸਕਾ ਮਨੁੱਖਾਂ ਲਈ ਇੱਕ ਤਰ੍ਹਾਂ ਨਾਲ ਰਾਜਾ ਬਣ ਗਿਆ ਹੈ, ਪਾਪ ਵਜ਼ੀਰ ਬਣ ਗਿਆ ਹੈ ਅਤੇ ਝੂਠ ਦੀ ਚੌਧਰ ਹੋ ਗਈ ਹੈ। ਅਜਿਹੇ ਦਰਬਾਰ ਵਿਚ ਕਾਮ ਨਾਇਬ ਹੈ, ਕਾਮ ਇਨ੍ਹਾਂ ਦਾ ਵੱਡਾ ਸਲਾਹਕਾਰ ਹੈ। ਪਰਜਾ ਗਿਆਨ ਤੋਂ ਸੱਖਣੀ ਹੋਣ ਦੇ ਕਾਰਨ ਅੰਨੀ ਹੋਈ ਹੋਈ ਹੈ ਅਤੇ ਤ੍ਰਿਸ਼ਨਾ ਦੀ ਚੱਟੀ ਭਰ ਰਹੀ ਹੈ। ਜਿਹੜੇ ਮਨੁੱਖ ਆਪਣੇ ਆਪ ਨੂੰ ਗਿਆਨੀ ਅਖਵਾਉਂਦੇ ਹਨ, ਉਹ ਨੱਚਦੇ ਹਨ ਅਤੇ ਵਾਜੇ ਵਜਾਉਂਦੇ ਹਨ, ਕਈ ਤਰ੍ਹਾਂ ਦੇ ਭੇਸ ਵਟਾ ਕੇ ਸ਼ਿੰਗਾਰ ਕਰਦੇ ਹਨ। ਉਹ ਗਿਆਨੀ ਉਚੀ ਉਚੀ ਕੂਕਦੇ ਹਨ, ਜੁੱਧਾਂ ਦੇ ਪ੍ਰਸੰਗ ਸੁਣਾਉਂਦੇ ਹਨ ਅਤੇ ਜੋਧਿਆਂ ਦੀਆਂ ਵਾਰਾਂ ਦੀ ਵਿਆਖਿਆ ਕਰਦੇ ਹਨ। ਪੰਡਿਤ ਅਰਥਾਤ ਪੜ੍ਹੇ-ਲਿਖੇ ਮੂਰਖ ਨਿਰੀਆਂ ਚਲਾਕੀਆਂ ਜਾਣਦੇ ਹਨ ਅਤੇ ਮਾਇਆ ਇਕੱਠੀ ਕਰਨ ਵਿਚ ਲੱਗੇ ਹੋਏ ਹਨ। ਆਪਣੇ ਆਪ ਨੂੰ ਧਰਮੀ ਸਮਝਣ ਵਾਲੇ ਆਪਣੇ ਵੱਲੋਂ ਤਾਂ ਧਰਮ ਦਾ ਕੰਮ ਕਰ ਰਹੇ ਹਨ ਪਰ ਧਰਮ-ਕਰਮ ਦੇ ਬਦਲੇ ਵਿਚ ਮੁਕਤੀ ਦਾ ਦਰ ਮੰਗਦੇ ਹਨ ਜਿਸ ਕਰਕੇ ਆਪਣਾ ਸਾਰਾ ਕੀਤਾ-ਕਰਾਇਆ ਅਜਾਈਂ ਗੁਆ ਰਹੇ ਹਨ। ਕਹਿਣ ਤੋਂ ਭਾਵ ਹੈ ਕਿ ਧਰਮ ਦਾ ਕੰਮ ਤਾਂ ਕਰਦੇ ਹਨ ਪਰ ਇਹ ਨਿਸ਼ਕਾਮ ਨਹੀਂ, ਨਿਜੀ ਸਵਾਰਥ ਨਾਲ ਜੁੜਿਆ ਹੋਇਆ ਹੈ। ਕਈ ਆਪਣੇ ਆਪ ਨੂੰ ਜਤੀ ਅਖਵਾਉਂਦੇ ਹਨ ਪਰ ਜਤੀ ਹੋਣ ਦੀ ਜੁਗਤ ਨਹੀਂ ਜਾਣਦੇ ਅਤੇ ਇਸੇ ਲਈ ਘਰ-ਬਾਰ ਛੱਡ ਕੇ ਜੰਗਲਾਂ ਵਿਚ ਜਾ ਬੈਠਦੇ ਹਨ। ਅਜਿਹੇ ਲੱਬ, ਪਾਪ, ਕੂੜ ਅਤੇ ਕਾਮ ਦੇ ਵਰਤਾਰੇ ਕਾਰਨ ਹਰ ਕੋਈ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਿਆਣਾ ਸਮਝ ਰਿਹਾ ਹੈ, ਕੋਈ ਵੀ ਆਪਣੇ ਆਪ ਨੂੰ ਊਣਾ ਨਹੀਂ ਮੰਨ ਰਿਹਾ ਕਿ ਉਸ 'ਚ ਵੀ ਕੋਈ ਘਾਟ ਹੈ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਮਨੁੱਖ ਪੂਰਾ ਤਾਂ ਹੀ ਉਤਰੇਗਾ ਜੇ ਤੱਕੜੀ ਦੇ ਦੂਸਰੇ ਪੱਲੇ ਵਿਚ ਇੱਜ਼ਤ-ਰੂਪ ਵੱਟਾ ਪਾਇਆ ਜਾਵੇ ਅਤੇ ਮਨੁੱਖ ਰੱਬ ਦੀ ਨਜ਼ਰ ਵਿਚ ਵੀ ਪੂਰਾ ਉਤਰੇ। ਇਹ ਇੱਕ ਤਰ੍ਹਾਂ ਨਾਲ ਉਸ ਵੇਲੇ ਦੇ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਵਰਤਾਰੇ ਦਾ ਚਿਤਰਣ ਹੈ। ਵਰਤਮਾਨ ਸਮੇਂ ਨੂੰ ਵੀ ਇਸੇ ਕਸਵੱਟੀ 'ਤੇ ਪਰਖਿਆ ਜਾ ਸਕਦਾ ਹੈ,

ਲਬੁ ਪਾਪੁ ਦੁਇ ਰਾਜਾ ਮਹਤਾ
ਕੂੜੁ ਹੋਆ ਸਿਕਦਾਰੁ॥
ਕਾਮੁ ਨੇਬੁ ਸਦਿ ਪੁਛੀਐ
ਬਹਿ ਬਹਿ ਕਰੇ ਬੀਚਾਰੁ॥
ਅੰਧੀ ਰਯਤਿ ਗਿਆਨ ਵਿਹੂਣੀ
ਭਾਹਿ ਭਰੇ ਮੁਰਦਾਰੁ॥ (ਪੰਨਾ 468)

ਹਿੰਦੂ ਧਰਮ-ਸ਼ਾਸਤਰਾਂ ਅਨੁਸਾਰ ਮਨੁੱਖ ਨੂੰ ਜਾਤ ਅਤੇ ਜਨਮ ਦੇ ਆਧਾਰ 'ਤੇ ਵੰਡਿਆ ਹੋਇਆ ਹੈ। ਮਨੁੱਖ ਜਿਸ ਜਾਤ ਵਿਚ ਜਨਮ ਲੈਂਦਾ ਹੈ, ਉਸ ਅਨੁਸਾਰ ਹੀ ਉਸ ਨੂੰ ਊਚਾ ਜਾਂ ਨੀਵਾਂ ਮੰਨਿਆ ਜਾਂਦਾ ਹੈ। ਗੁਰਮਤਿ ਅਨੁਸਾਰ ਮਨੁੱਖ ਆਪਣੀ ਜਾਤ ਜਾਂ ਜਨਮ ਕਰਕੇ ਉਚਾ ਜਾਂ ਨੀਵਾਂ ਨਹੀਂ ਹੁੰਦਾ। ਮਨੁੱਖ ਜਿਸ ਕਿਸਮ ਦੇ ਕਰਮ ਕਰਦਾ ਹੈ, ਉਨ੍ਹਾਂ ਅਨੁਸਾਰ ਹੀ ਉਹ ਉਚਾ ਜਾਂ ਨੀਵਾਂ ਹੁੰਦਾ ਹੈ ਅਤੇ ਉਸੇ ਅਨੁਸਾਰ ਹੀ ਰੱਬ ਦੀ ਦਰਗਾਹ ਵਿਚ ਉਹ ਸਤਿਕਾਰਿਆ ਜਾਂ ਦੁਰਕਾਰਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਅਗਲੇ ਸਲੋਕ ਵਿਚ ਦੱਸਦੇ ਹਨ ਕਿ ਕਰਤਾ ਪੁਰਖ ਨੇ ਜੋ ਗੱਲ ਸਥਾਪਤ ਕਰ ਦਿੱਤੀ ਹੈ, ਉਹੀ ਹੋ ਕੇ ਰਹੇਗੀ ਕਿਉਂਕਿ ਉਹ ਸੱਚਾ ਅਕਾਲ ਪੁਰਖ ਹੀ ਹਰ ਜੀਵ ਦੀ ਸੰਭਾਲ ਕਰ ਰਿਹਾ ਹੈ। ਸਾਰੇ ਜੀਵ ਆਪਣੇ ਵੱਲੋਂ ਆਪਣਾ ਆਪਣਾ ਪੂਰਾ ਤਾਣ ਲਾਉਂਦੇ ਹਨ ਪਰ ਹੁੰਦਾ ਉਹੀ ਹੈ ਜੋ ਅਕਾਲ ਪੁਰਖ ਕਰਦਾ ਹੈ। ਰੱਬ ਦੇ ਦਰਬਾਰ ਵਿਚ ਕਿਸੇ ਜਾਤ ਜਾਂ ਜਨਮ ਦਾ ਜ਼ੋਰ ਨਹੀਂ ਹੁੰਦਾ, ਇਸ ਲਈ ਕਿਸੇ ਦੀ ਕੋਈ ਜਾਤ-ਜਨਮ ਦੀ ਧੌਂਸ ਨਹੀਂ ਚਲਦੀ। ਉਥੇ ਉਹੀ ਵਿਰਲੇ ਮਨੁੱਖ ਭਲੇ ਗਿਣੇ ਜਾਂਦੇ ਹਨ, ਜਿਨ੍ਹਾਂ ਨੂੰ ਆਪਣੇ ਇਸ ਸੰਸਾਰ 'ਤੇ ਕੀਤੇ ਕੰਮਾਂ ਕਾਰਨ ਸਤਿਕਾਰ ਮਿਲਦਾ ਹੈ। ਮਨੁੱਖ ਇਸ ਸੰਸਾਰ 'ਤੇ ਕੀਤੇ ਚੰਗੇ ਕੰਮਾਂ ਕਰਕੇ ਉਚਾ ਹੈ ਅਤੇ ਮਾੜੇ ਕੰਮਾਂ ਕਰਕੇ ਨੀਵਾਂ ਹੁੰਦਾ ਹੈ (ਗੁਰਮਤਿ ਵਿਚ ਕਿਸੇ ਵੀ ਕਿਸਮ ਦੀ ਕੀਤੀ ਕਿਰਤ ਨੂੰ ਮਾੜਾ ਜਾਂ ਨੀਵਾਂ ਨਹੀਂ ਮੰਨਿਆ ਗਿਆ। ਮੰਦੇ ਕਰਮਾਂ ਤੋਂ ਭਾਵ ਹੈ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਬਿਰਤੀਆਂ ਦੇ ਅਧੀਨ ਕੀਤੇ ਬੁਰੇ ਕੰਮ),

ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ॥
ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ॥
ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥
ਜਿਨ੍ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥3॥
(ਪੰਨਾ 469)

ਗੁਰਮਤਿ ਦਾ ਮਾਰਗ ਨਾਮ ਸਿਮਰਨ ਦਾ ਸਹਿਜ ਮਾਰਗ ਹੈ ਜਿਸ 'ਤੇ ਚੱਲ ਸਕਣਾ ਹਰ ਮਨੁੱਖ ਲਈ ਸੰਭਵ ਹੈ ਜੇ ਉਹ ਕੋਸ਼ਿਸ਼ ਕਰੇ। ਕੋਸ਼ਿਸ਼ ਦਾ ਅਰਥ ਹੈ ਕਿ ਉਹ ਚੰਗੇ ਕੰਮ ਕਰਕੇ ਵਾਹਿਗੁਰੂ ਦੀ ਕਿਰਪਾ ਦਾ ਪਾਤਰ ਬਣੇ। ਉਸ ਦੀ ਬਖਸ਼ਿਸ਼ ਹੀ ਉਸ ਦੀ ਪ੍ਰਾਪਤੀ ਹੈ। ਅਗਲੀ ਪਉੜੀ ਵਿਚ ਗੁਰੂ ਨਾਨਕ ਸਾਹਿਬ ਇਸ ਤੱਥ ਨੂੰ ਉਜਾਗਰ ਕਰਦੇ ਹਨ ਕਿ ਜਿਨ੍ਹਾਂ ਮਨੁੱਖਾਂ ਉਤੇ ਵਾਹਿਗੁਰੂ ਨੇ ਧੁਰੋਂ ਬਖਸ਼ਿਸ਼ ਕੀਤੀ ਹੈ, ਉਹ ਹੀ ਉਸ ਦੇ ਨਾਮ ਦਾ ਸਿਮਰਨ ਕਰਦੇ ਹਨ। ਇਨ੍ਹਾਂ ਜੀਵਾਂ ਦੇ ਆਪਣੇ ਵੱਸ ਵਿਚ ਕੁਝ ਵੀ ਨਹੀਂ ਹੈ। ਕਰਤਾ ਪੁਰਖ ਨੇ ਇਹ ਸੰਸਾਰ ਬੇਅੰਤ ਰੰਗਾਂ ਵਿਚ ਬਣਾਇਆ ਹੈ। ਕਈ ਜੀਵਾਂ ਨੂੰ ਉਹ ਆਪਣੇ ਨਾਮ ਵਿਚ ਜੋੜੀ ਰੱਖਦਾ ਹੈ, ਪਰ ਕਈਆਂ ਨੂੰ ਉਸ ਨੇ ਆਪਣੇ ਨਾਲੋਂ ਵਿਛੋੜਿਆ ਹੋਇਆ ਹੈ। ਜਿਸ ਭਾਗਾਂ ਵਾਲੇ ਮਨੁੱਖ ਦੇ ਹਿਰਦੇ ਵਿਚ ਅਕਾਲ ਪੁਰਖ ਨੇ ਜੀਵਨ-ਸੋਝੀ ਪਾ ਦਿੱਤੀ ਹੈ, ਉਸ ਨੇ ਕਰਤਾ ਪੁਰਖ ਨੂੰ ਪਛਾਣ ਲਿਆ ਹੈ, ਉਸ ਨੇ ਆਪਣੇ ਜੋਤਿ-ਸਰੂਪ ਹੋਣ ਦਾ ਅਨੁਭਵ ਕਰ ਲਿਆ ਹੈ। ਅਜਿਹਾ ਮਨੁੱਖ ਸਹਿਜ ਸੁਭਾਅ ਹੀ ਆਪਣੇ ਅਸਲੇ, ਆਪਣੇ ਸੋਮੇ ਰੱਬੀ ਜੋਤਿ ਨਾਲ ਇੱਕ-ਮਿੱਕ ਹੋ ਗਿਆ ਹੈ,

ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ
ਤਾ ਤਿਨੀ ਖਸਮੁ ਧਿਆਇਆ॥
ਏਨਾ ਜੰਤਾ ਕੈ ਵਸਿ ਕਿਛੁ ਨਾਹੀ
ਤੁਧੁ ਵੇਕੀ ਜਗਤੁ ਉਪਾਇਆ॥ (ਪੰਨਾ 469)

ਗੁਰਮਤਿ ਅਨੁਸਾਰ ਇਸ ਸੰਸਾਰ ਦੀ ਰਚਨਾ ਕਰਤਾ ਪੁਰਖ ਨੇ ਆਪਣੇ ਆਪ ਤੋਂ ਕੀਤੀ ਹੈ ਅਤੇ ਉਹ ਆਪਣੀ ਰਚਨਾ ਦੇ ਜ਼ੱਰੇ ਜ਼ੱਰੇ ਵਿਚ, ਹਰ ਜੀਵ ਵਿਚ ਵਿਆਪਕ ਹੈ। ਅਗਲੇ ਸਲੋਕ ਵਿਚ ਗੁਰੂ ਨਾਨਕ ਉਸ ਅਕਾਲ ਪੁਰਖ ਦੀ ਸਰਬਵਿਆਪਕਤਾ ਦੀ ਗੱਲ ਕਰਦਿਆਂ ਕਹਿੰਦੇ ਹਨ ਕਿ ਉਸ ਦੀ ਕੁਦਰਤਿ ਅਨੋਖੀ ਹੈ, ਵਿਲੱਖਣ ਹੈ। ਹੁੰਦਾ ਇਸ ਤਰ੍ਹਾਂ ਹੈ ਕਿ ਕਈ ਵਾਰ ਮਨੁੱਖ 'ਤੇ ਪਈ ਹੋਈ ਬਿਪਤਾ, ਉਸ ਦਾ ਦੁੱਖ ਉਸ ਲਈ ਦਵਾ ਬਣ ਜਾਂਦਾ ਹੈ, ਬਿਪਤਾ ਹੀ ਜੀਵ ਦੇ ਰੋਗ ਦਾ ਇਲਾਜ ਬਣ ਜਾਂਦੀ ਹੈ। ਇਸ ਦੇ ਉਲਟ ਕਈ ਵਾਰ ਮਨੁੱਖ ਨੂੰ ਮਿਲਿਆ ਹੋਇਆ ਸੁੱਖ ਹੀ ਉਸ ਦੇ ਦੁੱਖ ਦਾ ਕਾਰਨ ਬਣ ਜਾਂਦਾ ਹੈ। ਪਰ ਜੇ ਮਨੁੱਖ ਨੂੰ ਅਸਲੀ ਆਤਮਕ ਸੁੱਖ ਮਿਲ ਜਾਵੇ ਤਾਂ ਫਿਰ ਦੁੱਖ ਨਹੀਂ ਰਹਿੰਦਾ। ਮਨੁੱਖ ਦੀ ਏਨੀ ਸਮਰੱਥਾ ਨਹੀਂ ਹੈ ਕਿ ਉਹ ਉਸ ਕਰਤਾ ਪੁਰਖ ਨੂੰ ਸਮਝ ਸਕੇ। ਜੇ ਮਨੁੱਖ ਇਹ ਸਮਝਣ ਲੱਗ ਪਵੇ ਕਿ ਉਹ ਸਭ ਕੁਝ ਸਮਝਦਾ ਹੈ ਤਾਂ ਇਹ ਸਹੀ ਨਹੀਂ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਉਹ ਤਾਂ ਕੁਦਰਤਿ ਵਿਚ ਵੱਸ ਰਹੇ ਉਸ ਕਰਤਾਰ ਤੋਂ ਸਦਕੇ ਜਾਂਦੇ ਹਨ। ਸਾਰੀ ਸ੍ਰਿਸ਼ਟੀ ਵਿਚ ਉਸ ਅਕਾਲ ਪੁਰਖ ਦਾ ਹੀ ਨੂਰ ਵੱਸ ਰਿਹਾ ਹੈ। ਸਾਰੇ ਜੀਵ ਉਸ ਦੀ ਰੋਸ਼ਨੀ ਨਾਲ ਹੀ ਰੋਸ਼ਨ ਹਨ, ਜੋ ਸਰਬ-ਵਿਆਪਕ ਹੈ। ਉਹ ਅਕਾਲ ਪੁਰਖ ਸਦੀਵੀ ਕਾਇਮ ਰਹਿਣ ਵਾਲੀ ਹਸਤੀ ਹੈ ਅਤੇ ਉਸ ਦੀਆਂ ਵਡਿਆਈਆਂ ਸੋਹਣੀਆਂ ਹਨ। ਜਿਸ ਕਿਸੇ ਨੇ ਵੀ ਉਸ ਦੇ ਗੁਣਾਂ ਦਾ ਗਾਇਨ ਕੀਤਾ ਹੈ ਉਹ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਿਆ ਹੈ। ਗੁਰੂ ਸਾਹਿਬ ਮਨ ਨੂੰ ਪਰਮਾਤਮਾ ਦੇ ਗੁਣ-ਗਾਨ ਦਾ ਆਦੇਸ਼ ਕਰਦਿਆਂ ਉਸ ਦੇ ਕੀਤੇ ਨੂੰ ਭਲਾ ਕਰਕੇ ਮੰਨਣ ਦਾ ਉਪਦੇਸ਼ ਦਿੰਦੇ ਹਨ,

ਦੁਖੁ ਦਾਰੂ ਸੁਖੁ ਰੋਗੁ ਭਇਆ
ਜਾ ਸੁਖੁ ਤਾਮਿ ਨ ਹੋਈ॥
ਤੂੰ ਕਰਤਾ ਕਰਣਾ ਮੈ ਨਾਹੀ
ਜਾ ਹਉ ਕਰੀ ਨ ਹੋਈ॥1॥ (ਪੰਨਾ 469)

# ਗੁਰਬਾਣੀ ਸ਼ਬਦ-ਜੋੜ ਗਿਆਨ

**ਸਰਮ, ਸਰਮੁ ਜਾਂ ਸਰਮਾ**

'ਸਰਮ' ਸ਼ਬਦ ਦੇ ਅਰਥ 'ਲੱਜਾ' ਹੋਣ ਤਾਂ ਫ਼ਾਰਸੀ ਭਾਸ਼ਾ ਦਾ ਇਹ ਸ਼ਬਦ ਉਚਾਰਣ ਵਿਚ 'ਸ਼ਰਮ', 'ਸ਼ਰਮੁ' ਜਾਂ 'ਸ਼ਰਮਾ' ਹੁੰਦਾ ਹੈ। ਪ੍ਰਮਾਣ ਵਜੋਂ ਪੜ੍ਹੋ,

ਸਰਣਿ ਪਰੇ ਕੀ ਰਾਖਹੁ ਸਰਮਾ॥
(ਗੁਰੂ ਗ੍ਰੰਥ ਸਾਹਿਬ, ਪੰਨਾ 12)
ਸਰਮ ਧਰਮ ਕਾ ਡੇਰਾ ਦੂਰਿ॥(ਪੰਨਾ 471)
ਸਰਮ ਸੁਰਤਿ ਦੁਇਸ ਸੁਰਿਭਏ॥
(ਪੰਨਾ 152)
ਸਰਮ ਸੁੰਨਤਿ ਸੀਲ ਰੋਜਾ
ਹੋਹੁ ਮੁਸਲਮਾਣੁ॥ (ਪੰਨਾ 140)
ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ॥ (ਪੰਨਾ 722)

ਫ਼ਾਰਸੀ ਸ਼ਬਦ 'ਸ਼ਰਮਾ' ਨੂੰ ਭਾਸ਼ਾ ਦੀ ਨਾ-ਸਮਝੀ ਕਾਰਣ ਸੰਸਕ੍ਰਿਤ ਸ਼ਬਦ 'ਸਰਮਾ' ਬੋਲਣ 'ਤੇ ਠੀਕ ਅਰਥ ਨਹੀਂ ਬਣਨਗੇ ਕਿਉਂਕਿ 'ਸਰਮਾ' ਦਾ ਅਰਥ 'ਕੁੱਤੀ' ਹੈ ਜੋ ਯਮ ਰਾਜ ਦੇ ਚਾਰ ਅੱਖਾਂ ਵਾਲੇ ਦੋ ਕੁੱਤਿਆਂ ਦੀ ਮਾਂ ਹੈ (ਰਿਗਵੇਦ)। ਉਪਰ ਪਹਿਲੀ ਤੁਕ ਵਿਚ 'ਰਾਖਹੁ ਸਰਮਾ' ਬੋਲਣ 'ਤੇ 'ਲਾਜ ਰੱਖ ਲਓ ਜੀ' ਠੀਕ ਅਰਥ ਬਣੇਗਾ। ਲਾਜ ਰੱਖਣ ਲਈ ਬੇਨਤੀ ਹੈ, 'ਕੁੱਤੀ' ਰੱਖਣ ਲਈ ਨਹੀਂ।

**ਸ੍ਰਮ, ਸ੍ਰਮੁ, ਸਰਮ**

ਜਿੱਥੇ 'ਸ੍ਰਮ', 'ਸ੍ਰਮੁ' ਜਾਂ 'ਸਰਮ' ਸ਼ਬਦ ਉਦਮ, ਮਿਹਨਤ ਜਾਂ ਦੌੜ-ਭੱਜ ਦਾ ਬੋਧ ਕਰਾਉਣ ਲਈ ਵਰਤੇ ਜਾਂਦੇ ਹਨ, ਉਥੇ ਇਹ ਸ਼ਬਦ ਸ਼ ਧੁਨੀ ਨਾਲ ਹੀ ਬੋਲੇ ਜਾਂਦੇ ਹਨ ਜੋ ਸੰਸਕ੍ਰਿਤ ਭਾਸ਼ਾ ਵਿਚੋਂ ਆਏ ਹਨ। ਜਿਵੇਂ,

ਸਰਮ ਖੰਡ ਕੀ ਬਾਣੀ ਰੂਪੁ॥ (ਪੰਨਾ 8)
ਸ੍ਰਮੁ ਕਰਤੇ ਦਮ ਆਢ ਕਉ
ਤੇ ਗਨੀ ਧਨੀਤਾ॥ (ਪੰਨਾ 810)
ਸ੍ਰਮੁ ਪਾਵੈ ਸਗਲੇ ਬਿਰਥਾਰੇ॥ (ਪੰਨਾ 278)
ਸ੍ਰਮੁ ਮਿਟਿਆ ਮੇਰੀ ਹਤੀ ਬਲਾਇ॥ (ਪੰਨਾ 189)
ਸ੍ਰਮੁ ਥਾਕਾ ਪਾਏ ਬਿਸਰਾਮਾ
ਮਿਟਿ ਗਈ ਸਗਲੀ ਧਾਈ॥ (ਪੰਨਾ 1000)

*-ਕਸ਼ਮੀਰਾ ਸਿੰਘ*
*ਫੋਨ: 801-414-0171*

ਗੁਰਬਾਣੀ ਗਿਆਨ

# ਸਾਹਿਬੁ ਗੁਨੀ ਗਹੇਰਾ

**ਸੋਰਠਿ ਮਹਲਾ ੫**

ਸਾਹਿਬੁ ਗੁਨੀ ਗਹੇਰਾ॥
ਘਰੁ ਲਸਕਰੁ ਸਭੁ ਤੇਰਾ॥
ਰਖਵਾਲੇ ਗੁਰ ਗੋਪਾਲਾ॥
ਸਭਿ ਜੀਅ ਭਏ ਦਇਆਲਾ॥੧॥
ਜਪਿ ਅਨਦਿ ਰਹਉ ਗੁਰ ਚਰਣਾ॥
ਭਉ ਕਤਹਿ ਨਹੀ ਪ੍ਰਭ ਸਰਣਾ॥ਰਹਾਉ॥
ਤੇਰਿਆ ਦਾਸਾ ਰਿਦੈ ਮੁਰਾਰੀ॥
ਪ੍ਰਭਿ ਅਬਿਚਲ ਨੀਵ ਉਸਾਰੀ॥
ਬਲੁ ਧਨੁ ਤਕੀਆ ਤੇਰਾ॥
ਤੂ ਭਾਰੋ ਠਾਕੁਰੁ ਮੇਰਾ॥੨॥
ਜਿਨਿ ਜਿਨਿ ਸਾਧਸੰਗੁ ਪਾਇਆ॥
ਸੋ ਪ੍ਰਭਿ ਆਪਿ ਤਰਾਇਆ॥
ਕਰਿ ਕਿਰਪਾ ਨਾਮੁ ਰਸੁ ਦੀਆ॥
ਕੁਸਲ ਖੇਮ ਸਭ ਥੀਆ॥੩॥
ਹੋਏ ਪ੍ਰਭੂ ਸਹਾਈ॥
ਸਭ ਉਠਿ ਲਾਗੀ ਪਾਈ॥
ਸਾਸਿ ਸਾਸਿ ਪ੍ਰਭੂ ਧਿਆਈਐ॥
ਹਰਿ ਮੰਗਲੁ ਨਾਨਕ ਗਾਈਐ॥੪॥

ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸ਼ਬਦ ਰਾਹੀਂ ਮਿਹਰਵਾਨ ਪ੍ਰਭੂ ਦੀਆਂ ਸਿਫ਼ਤਾਂ ਕਰਦੇ ਹਨ, ਹੇ ਮੇਰੇ ਮਾਲਕ ਸਾਹਿਬ ਜੀਓ! ਤੂੰ ਤਾਂ ਸਾਰੇ ਗੁਣਾਂ ਦਾ ਮਾਲਕ ਹੈਂ! ਅਤੇ ਅਤਿ ਡੂੰਘੇ ਜਿਗਰੇ ਵਾਲਾ ਹੈਂ। ਹੇ ਪ੍ਰਭ ਜੀਓ! ਇਹ ਘਰ ਇਹ ਪਰਿਵਾਰ ਤੇ ਬਾਕੀ ਸਭ ਕੁਝ, ਸਭ ਤੇਰਾ ਹੀ ਦਿਤਾ ਹੋਇਆ ਹੈ; ਰਖਵਾਲੇ ਗੁਰ ਗੋਪਾਲਾ, ਹੇ ਜਗਤ ਦੇ ਪਾਲਣਹਾਰ! ਤੂੰ ਹੀ ਤਾਂ ਸਭ ਜੀਵਾਂ ਦਾ ਰਖਵਾਲਾ ਹੈਂ ਅਤੇ ਸਾਰੇ ਜੀਵਾਂ ਉਤੇ ਤੂੰ ਹਰ ਵੇਲੇ ਦਇਆਵਾਨ ਵੀ ਰਹਿੰਦਾ ਹੈਂ।

ਜਪਿ ਅਨਦਿ ਰਹਉ ਗੁਰ ਚਰਣਾ॥
ਭਉ ਕਤਹਿ ਨਹੀ ਪ੍ਰਭ ਸਰਣਾ॥ਰਹਾਉ॥

ਹੁਣ ਗੁਰਦੇਵ ਆਖਦੇ ਹਨ, ਹੇ ਭਾਈ! ਸੁਣੋ ਮੈਂ ਉਸ ਮਿਹਰਵਾਨ ਪ੍ਰਭ ਦੇ ਚਰਨਾਂ ਨੂੰ ਆਪਣੇ ਅੰਦਰ ਵਸਾ ਕੇ ਆਤਮਿਕ ਅਨੰਦ ਅਤੇ ਟਿਕਾਉ ਵਿਚ ਆ ਗਿਆ ਹਾਂ; ਭਉ ਕਤਹਿ ਨਹੀ ਪ੍ਰਭ ਸਰਣਾ, ਹੇ ਭਾਈ ਜਦੋਂ ਉਸ ਜਗਤ ਦੇ ਮਾਲਕ ਦੀ ਸ਼ਰਨ ਵਿਚ ਪੈ ਜਾਈਏ ਤਾਂ ਜਗਤ ਦੇ ਵਿਕਾਰਾਂ ਦੇ ਸਾਰੇ ਡਰ ਭਉ ਕਦੀ ਵੀ ਨੇੜੇ ਨਹੀਂ ਆ ਸਕਦੇ। ਇਸ ਲਈ ਪੂਰੇ ਗੁਰੂ ਦੀ ਮੱਤ ਲੈ ਕੇ ਆਓ, ਪ੍ਰਭੂ ਦੇ ਨਾਮ ਸਿਮਰਨ ਨਾਲ ਜੁੜ ਜਾਈਏ।

ਤੇਰਿਆ ਦਾਸਾ ਰਿਦੈ ਮੁਰਾਰੀ॥
ਪ੍ਰਭਿ ਅਬਿਚਲ ਨੀਵ ਉਸਾਰੀ॥
ਬਲੁ ਧਨੁ ਤਕੀਆ ਤੇਰਾ॥
ਤੂ ਭਾਰੋ ਠਾਕੁਰੁ ਮੇਰਾ॥੨॥

ਗੁਰਦੇਵ ਜੀ ਆਖਦੇ ਹਨ, ਮੇਰੇ ਪ੍ਰਭ ਜੀਓ! ਤੇਰੇ ਪਿਆਰੇ ਸੇਵਕਾਂ ਦੇ ਅੰਦਰ ਤੇਰਾ ਹੀ ਨਾਮ ਵਸਦਾ ਹੈ। ਹੇ ਮਿਹਰਵਾਨ ਪ੍ਰਭ ਜੀਓ! ਤੁਸੀਂ ਤਾਂ ਆਪਣੇ ਸੇਵਕਾਂ ਦੇ ਅੰਦਰ ਕਦੀ ਵੀ ਨਾ ਹਿਲਣ ਵਾਲੀ ਪੱਕੀ ਨੀਂਹ ਰੱਖ ਦਿੱਤੀ ਹੋਈ ਹੈ; ਬਲੁ ਧਨੁ ਤਕੀਆ ਤੇਰਾ, ਭਾਵ ਹੇ ਮੇਰੇ ਪ੍ਰੀਤਮ ਜੀਓ! ਮੇਰਾ ਬਲ ਵੀ ਤੂੰ ਹੈਂ ਤੇ ਮੇਰਾ ਧਨ ਵੀ ਤੂੰ ਹੀ ਹੈਂ, ਤੇ ਮੈਨੂੰ ਸਦਾ ਹੀ ਤੇਰਾ ਆਸਰਾ ਹੈ। ਪ੍ਰਭੂ ਜੀ! ਮੇਰਾ ਸਭ ਤੋਂ ਵੱਡਾ ਠਾਕੁਰ ਅਤੇ ਮਾਲਕ ਹੀ ਤੂੰ ਹੈਂ।

ਜਿਨਿ ਜਿਨਿ ਸਾਧਸੰਗੁ ਪਾਇਆ॥
ਸੋ ਪ੍ਰਭਿ ਆਪਿ ਤਰਾਇਆ॥
ਕਰਿ ਕਿਰਪਾ ਨਾਮੁ ਰਸੁ ਦੀਆ॥
ਕੁਸਲ ਖੇਮ ਸਭ ਥੀਆ॥੩॥

ਗੁਰਦੇਵ ਜੀ ਆਖਦੇ ਹਨ, ਹੇ ਭਾਈ! ਜਿਸ ਜਿਸ ਜੀਵ ਨੇ ਵੀ ਪੂਰੇ ਗੁਰੂ ਦੀ ਸੰਗਤ ਪ੍ਰਾਪਤ ਕਰ ਲਈ ਹੈ; ਸੋ ਪ੍ਰਭਿ ਆਪਿ ਤਰਾਇਆ, ਫਿਰ ਉਸ ਜੀਵ ਨੂੰ ਪ੍ਰਭ ਜੀ ਨੇ ਆਪ ਮਿਹਰਾਂ ਕਰ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦਿੱਤਾ, ਤਾਰ ਦਿੱਤਾ; ਕਰਿ ਕਿਰਪਾ ਨਾਮੁ ਰਸੁ ਦੀਆ, ਭਾਵ ਜਿਸ ਜੀਵ 'ਤੇ ਪ੍ਰਭੂ ਨੇ ਕਿਰਪਾ ਕਰ ਕੇ ਆਪਣੇ ਨਾਮ ਦਾ ਰਸ ਸੁਆਦ ਬਖ਼ਸ਼ ਦਿੱਤਾ ਹੈ; ਕੁਸਲ ਖੇਮ ਸਭ ਥੀਆ, ਉਸ ਜੀਵ ਦੇ ਅੰਦਰ ਸਦਾ ਲਈ ਹੀ ਸੁਖ ਅਤੇ ਅਨੰਦ ਆ ਕੇ ਬੈਠ ਗਏ।

ਹੋਏ ਪ੍ਰਭੂ ਸਹਾਈ॥
ਸਭ ਉਠਿ ਲਾਗੀ ਪਾਈ॥
ਸਾਸਿ ਸਾਸਿ ਪ੍ਰਭੂ ਧਿਆਈਐ॥
ਹਰਿ ਮੰਗਲੁ ਨਾਨਕ ਗਾਈਐ॥੪॥

ਸ਼ਬਦ ਦੇ ਅਖੀਰ 'ਚ ਗੁਰੂ ਸਾਹਿਬ ਆਖਦੇ ਹਨ, ਪ੍ਰਭੂ ਜਿਸ ਜੀਵ ਦੀ ਆਪ ਸਹਾਇਤਾ ਕਰਦਾ ਹੈ; ਸਭ ਉਠਿ ਲਾਗੀ ਪਾਈ, ਫਿਰ ਇਹ ਸਾਰੀ ਸ੍ਰਿਸ਼ਟੀ ਜਾਂ ਲੋਕਾਈ ਉਠ ਕੇ ਉਸ ਦੇ ਪੈਰਾਂ 'ਤੇ ਆ ਡਿੱਗਦੀ ਹੈ; ਸਾਸਿ ਸਾਸਿ ਪ੍ਰਭ ਧਿਆਈਐ, ਇਸ ਲਈ ਹੇ ਭਾਈ ਇਸ ਜਗਤ ਵਿਚ ਰਹਿਣ ਵਾਲਿਓ! ਹਰ ਇਕ ਸਾਹ ਨਾਲ ਉਸ ਪਤਿਤ ਪਾਵਨ ਪ੍ਰਭੂ ਦਾ ਧਿਆਨ ਧਰ ਕੇ ਸਿਮਰਨ ਕਰੀਏ; ਉਸ ਨਾਨਕ ਦੀ ਸਿਫ਼ਤ ਸਾਲਾਹ ਦੇ ਗੀਤ ਸਦਾ ਹੀ ਗਾਇਨ ਕਰਨੇ ਚਾਹੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਦਰੋਪਦੀ

**ਪੁਰਾਤਨ ਭਾਰਤ ਵਿਚ ਦੋ ਪਰੰਪਰਾਵਾਂ ਬਰਾਬਰ ਚੱਲੀਆਂ-ਇਕ ਪਿਤਾ ਪ੍ਰਧਾਨ ਤੇ ਦੂਜੀ ਮਾਤਾ ਪ੍ਰਧਾਨ। ਪਿਤਾ ਪ੍ਰਧਾਨ ਸਮਾਜ ਵਿਚ ਪਰਿਵਾਰ ਦਾ ਮੁਖੀ ਮਰਦ ਹੁੰਦਾ ਸੀ ਜਿਸ ਨੂੰ ਇਕ ਤੋਂ ਵਧੀਕ ਪਤਨੀਆਂ ਰੱਖਣ ਦਾ ਹੱਕ ਸੀ ਤੇ ਖਾਨਦਾਨ ਦਾ ਨਾਮ ਉਸ ਦੇ ਨਾਮ ਨਾਲ ਚਲਦਾ ਸੀ। ਇਨ੍ਹਾਂ ਦਾ ਦੇਵਤਾ ਮਰਦ ਹੁੰਦਾ ਸੀ। ਦੂਜੇ ਪਾਸੇ ਔਰਤ ਪ੍ਰਧਾਨ ਸਮਾਜ ਵਿਚ ਧਰਮ ਮਾਤਾਰਾਣੀ ਰਾਹੀਂ ਚਲਦਾ ਸੀ, ਪਰਿਵਾਰ ਦੀ ਮਾਲਕ ਔਰਤ ਇਕ ਤੋਂ ਵਧੀਕ ਮਰਦਾਂ ਨਾਲ ਵਿਆਹ ਕਰਨ ਦੀ ਹੱਕਦਾਰ ਹੁੰਦੀ ਅਤੇ ਪਰਿਵਾਰ ਦਾ ਨਾਮ ਮਾਂ ਅਧੀਨ ਚਲਦਾ ਸੀ। ਪਹਿਲੀ ਪਰੰਪਰਾ ਵਿਚ ਜੇ ਬੱਚੇ ਨੂੰ ਪੁੱਛਿਆ ਜਾਂਦਾ-ਤੂੰ ਕਿਸਦਾ ਪੁੱਤਰ ਹੈ ਤਾਂ ਉਤਰ ਵਿਚ ਪਿਤਾ ਦਾ ਨਾਮ ਦਸਦਾ, ਦੂਜੀ ਪਰੰਪਰਾ ਵਿਚਲਾ ਬੱਚਾ ਮਾਂ ਦਾ ਨਾਮ ਦਸਦਾ। ਮਹਾਭਾਰਤ ਵਿਚ ਪਾਂਡਵ ਮਾਂ-ਪ੍ਰਧਾਨ ਪਰੰਪਰਾ ਅਤੇ ਕੌਰਵ ਪਿਤਰ ਪ੍ਰਧਾਨ ਪਰੰਪਰਾ ਦੇ ਪ੍ਰਤੀਨਿੱਧ ਹਨ।**

ਮਹਾਭਾਰਤ ਜਹਾਨ ਦਾ ਅਜਿਹਾ ਕਲਾਸਿਕ ਗ੍ਰੰਥ ਹੈ ਜਿਸ ਦੀਆਂ ਹਰ ਸਦੀ ਵਿਚ ਨਵੀਆਂ ਵਿਆਖਿਆਵਾਂ ਹੋਣਗੀਆਂ। ਇਸ ਵਿਚਲਾ ਕੋਈ ਪਾਤਰ ਅਜਿਹਾ ਨਹੀਂ ਜਿਸ ਵਿਚ ਵਿਚਿਤਰਤਾ ਦੀ ਘਾਟ ਹੋਵੇ। ਅਜਿਹੀ ਰਚਨਾ ਸ਼ਾਇਦ ਹੀ ਕੋਈ ਹੋਰ ਹੋਵੇ ਜਿਸ ਵਿਚ ਧਰਮ ਪੁੱਤਰ ਜੂਆ ਖੇਲ੍ਹੇ, ਜੂਏ ਵਿਚ ਔਰਤ ਸਮੇਤ ਹਰ ਵਸਤ ਹਾਰ ਦਏ ਤੇ ਧਰਮ ਯੁੱਧ ਕਰਦਿਆਂ ਝੂਠ ਬੋਲੇ, ਜਿਸ ਵਿਚ ਰੱਬ ਦਾ ਇਕੋ ਇਕ ਮਨੋਰਥ ਯੁੱਧ ਜਿੱਤਣਾ ਹੈ, ਇਸ ਮਨੋਰਥ ਦੀ ਪ੍ਰਾਪਤੀ ਵਾਸਤੇ ਬੇਸ਼ਕ ਸਾਜ਼ਿਸ਼ਾਂ ਰਚਣੀਆਂ ਪੈਣ, ਨੈਤਿਕਤਾ ਤਿਆਗਣੀ ਪਵੇ। ਜਿਨ੍ਹਾਂ ਕੌਰਵਾਂ ਨੂੰ ਖਲਨਾਇਕ ਵਜੋਂ ਪੇਸ਼ ਕੀਤਾ

ਹਰਪਾਲ ਸਿੰਘ ਪੰਨੂ
ਫੋਨ: 91-94642- 51454


ਜਾਵੇ, ਉਹ ਸਦਾਚਾਰ ਉਪਰ ਕਾਇਮ ਰਹਿਣ ਅਤੇ ਉਨ੍ਹਾਂ ਵਿਚ ਕਰਣ ਵਰਗਾ ਦਾਨਵੀਰ ਵੀ ਹੋਵੇ, ਜਿਹੜਾ ਸ਼ਾਜ਼ਿਸ਼ਾਂ ਤੋਂ ਵਾਕਫ ਹੋਣ ਦੇ ਬਾਵਜੂਦ ਆਪਣੀ ਜਾਨ ਦੀ ਬਾਜ਼ੀ ਹਾਰ ਜਾਵੇ। ਕਿਸੇ ਕਿਸੇ ਪਾਤਰ ਉਪਰ ਕਦੀ ਕਦਾਈਂ ਪਾਠਕ/ਦਰਸ਼ਕ ਨੂੰ ਗੁੱਸਾ ਆ ਜਾਂਦਾ ਹੈ, ਨਫ਼ਰਤ ਪੈਦਾ ਨਹੀਂ ਹੁੰਦੀ। ਕੌਰਵ ਅਤੇ ਪਾਂਡਵ ਇਕੋ ਖਾਨਦਾਨ ਦੇ ਬੱਚੇ ਹਨ ਤਾਂ ਵੀ ਉਹ ਦੋ ਸੱਭਿਅਤਾਵਾਂ ਦੇ ਪ੍ਰਤੀਨਿੱਧ ਹਨ, ਮਹਾਭਾਰਤ ਇਕ ਪਰਿਵਾਰ ਵਿਚਲਾ ਝਗੜਾ ਨਹੀਂ, ਦੋ ਸੱਭਿਅਤਾਵਾਂ ਦੀ ਟੱਕਰ ਵੀ ਹੈ। ਦੇਖੀਏ ਇਹ ਕੀ ਭਾਣਾ ਵਾਪਰਿਆ ਹੈ।

ਮੇਰੀ ਇਹ ਲਿਖਤ ਕਿਸੇ ਖੋਜ ਗ੍ਰੰਥ 'ਤੇ ਆਧਾਰਿਤ ਬੌਧਿਕ ਟਿੱਪਣੀ ਨਹੀਂ, ਇਸ ਕਰਕੇ ਇਸ ਅੰਦਰਲੇ ਅੰਦਾਜ਼ਿਆਂ ਉਪਰ ਨੁਕਤਾਚੀਨੀ ਹੋ ਸਕਦੀ ਹੈ, ਉਨ੍ਹਾਂ ਨੂੰ ਰੱਦ ਕੀਤਾ ਜਾ ਸਕਦਾ ਹੈ। ਬਚਪਨ ਵਿਚ ਰਾਮਾਇਣ, ਮਹਾਭਾਰਤ ਦੀਆਂ ਸਾਖੀਆਂ ਵਡੇਰਿਆਂ ਤੋਂ ਸੁਣੀਆਂ, ਪੜ੍ਹੀਆਂ, ਰਾਮਲੀਲਾ ਖੂਬ ਦੇਖੀ ਜਿਸ ਵਿਚ ਮਖੌਲੀਏ ਤੋਂ ਬਿਨਾਂ ਮੇਰੀ ਹੋਰ ਕਿਸੇ ਪਾਤਰ ਵਿਚ ਦਿਲਚਸਪੀ ਨਹੀਂ ਹੁੰਦੀ ਸੀ। ਜਦੋਂ ਦਿੱਸਣ ਲਗਦਾ, ਸਰੋਤੇ ਉਕਤਾ ਰਹੇ ਹਨ, ਨੀਂਦ ਆਉਣ ਲੱਗੀ ਹੈ, ਮਖੌਲੀਆ ਮੰਚ ਉਪਰ ਆ ਪ੍ਰਗਟ ਹੁੰਦਾ, ਉਨੀਂਦਰੇ ਦਰਸ਼ਕਾਂ ਨੂੰ ਆਖਦਾ, "ਆਓ ਭਾਈਓ ਭੈਣੋ ਜੈਆਂ ਬੁਲਾਈਏ- ਬੋਲ ਸੀਆਪਤੀ ਰਾਮ ਚੰਦਰ ਕੀ ਜੈ, ਬੋਲ ਧਰਤੀ ਮਾਤਾ ਕੀ ਜੈ, ਬੋਲ ਮਹਾਂਬਲੀ ਹਨੂਮਾਨ ਕੀ ਜੈ।" ਦਰਸ਼ਕ ਜੈਆਂ ਦਾ ਹੁੰਗਾਰਾ ਮੱਠਾ ਦਿੰਦੇ ਤਾਂ ਮਖੌਲੀਆ ਜੋਸ਼ ਨਾਲ ਆਖਦਾ, "ਜਦੋਂ ਜੈਆਂ ਦੀ ਬੱਸ ਹੋ ਜਾਵੇ, ਉਦੋਂ ਜੈਕਾਰਾ ਕੰਮ ਕਰਦਾ ਹੈ-ਜੋ ਬੋਲੇ ਸੋ ਨਿਹਾਲ।" ਸਰੋਤਿਆਂ ਵਲੋਂ ਗਰਜਵੀਂ ਆਵਾਜ਼ ਵਾਪਸ ਆਉਂਦੀ, "ਸਤਿ ਸ੍ਰੀ ਅਕਾਲ।" ਜੈਕਾਰੇ ਉਪਰੰਤ ਫੇਰ ਰਾਮਲੀਲਾ ਸ਼ੁਰੂ ਹੋ ਜਾਂਦੀ।

ਪੁਰਾਤਨ ਭਾਰਤ ਵਿਚ ਦੋ ਪਰੰਪਰਾਵਾਂ ਬਰਾਬਰ ਚੱਲੀਆਂ-ਇਕ ਪਿਤਾ ਪ੍ਰਧਾਨ ਤੇ ਦੂਜੀ ਮਾਤਾ ਪ੍ਰਧਾਨ। ਪਿਤਾ ਪ੍ਰਧਾਨ ਸਮਾਜ ਵਿਚ ਪਰਿਵਾਰ ਦਾ ਮੁਖੀ ਮਰਦ ਹੁੰਦਾ ਸੀ ਜਿਸ ਨੂੰ ਇਕ ਤੋਂ ਵਧੀਕ ਪਤਨੀਆਂ ਰੱਖਣ ਦਾ ਹੱਕ ਸੀ ਤੇ ਖਾਨਦਾਨ ਦਾ ਨਾਮ ਉਸ ਦੇ ਨਾਮ ਨਾਲ ਚਲਦਾ ਸੀ। ਇਨ੍ਹਾਂ ਦਾ ਦੇਵਤਾ ਮਰਦ ਹੁੰਦਾ ਸੀ।

ਦੂਜੇ ਪਾਸੇ ਔਰਤ ਪ੍ਰਧਾਨ ਸਮਾਜ ਵਿਚ ਧਰਮ ਮਾਤਾਰਾਣੀ ਰਾਹੀਂ ਚਲਦਾ ਸੀ, ਪਰਿਵਾਰ ਦੀ ਮਾਲਕ ਔਰਤ ਇਕ ਤੋਂ ਵਧੀਕ ਮਰਦਾਂ ਨਾਲ ਵਿਆਹ ਕਰਨ ਦੀ ਹੱਕਦਾਰ ਹੁੰਦੀ ਅਤੇ ਪਰਿਵਾਰ ਦਾ ਨਾਮ ਮਾਂ ਅਧੀਨ ਚਲਦਾ ਸੀ। ਪਹਿਲੀ ਪਰੰਪਰਾ ਵਿਚ ਜੇ ਬੱਚੇ ਨੂੰ ਪੁੱਛਿਆ ਜਾਂਦਾ-ਤੂੰ ਕਿਸਦਾ ਪੁੱਤਰ ਹੈ ਤਾਂ ਉਤਰ ਵਿਚ ਪਿਤਾ ਦਾ ਨਾਮ ਦਸਦਾ, ਦੂਜੀ ਪਰੰਪਰਾ ਵਿਚਲਾ ਬੱਚਾ ਮਾਂ ਦਾ ਨਾਮ ਦਸਦਾ। ਮਹਾਭਾਰਤ ਵਿਚ ਪਾਂਡਵ ਮਾਂ-ਪ੍ਰਧਾਨ ਪਰੰਪਰਾ ਅਤੇ ਕੌਰਵ ਪਿਤਰ ਪ੍ਰਧਾਨ ਪਰੰਪਰਾ ਦੇ ਪ੍ਰਤੀਨਿੱਧ ਹਨ।

ਜੇ ਇਲਾਕਾਈ ਵੰਡ ਕਰਨੀ ਹੋਵੇ ਤਾਂ ਕੁਰੂਕਸ਼ੇਤਰ ਤੋਂ ਲੈ ਕੇ ਪੱਛਮ ਵਾਲੇ ਪਾਸੇ ਸਿੰਧ ਤੱਕ ਤੇ ਉਤਰ ਵੱਲ ਅਫਗਾਨਿਸਤਾਨ ਤੱਕ ਦਾ ਇਲਾਕਾ ਪਿਤਰ ਪ੍ਰਧਾਨ ਸਮਾਜ ਦਾ ਹੈ। ਅੱਜ ਇਸ ਵਿਚ ਹਰਿਆਣਾ, ਹਿਮਾਚਲ, ਪੰਜਾਬ, ਪਾਕਿਸਤਾਨ, ਅਫਗਾਨਿਸਤਾਨ ਅਤੇ ਈਰਾਨ ਸ਼ਾਮਲ ਕਰ ਸਕਦੇ ਹਾਂ। ਕੁਰੂਕਸ਼ੇਤਰ ਦੇ ਪੂਰਬ ਅਤੇ ਦੱਖਣ ਵੱਲ ਦਾ ਇਲਾਕਾ ਮਾਂ ਪ੍ਰਧਾਨ ਪਾਂਡਵਾਂ ਦੀ ਪਰੰਪਰਾ ਦਾ ਹੈ। ਇਨ੍ਹਾਂ ਦੋ ਸਭਿਆਚਾਰਾਂ ਨੂੰ ਆਰੀਆ ਅਤੇ ਦਰਾਵੜ ਸਭਿਆਚਾਰ ਦੇ ਨਾਂਵਾਂ ਅਧੀਨ ਵੰਡਣਾ ਵੀ ਮੁਨਾਸਬ ਨਹੀਂ ਲਗਦਾ ਕਿਉਂਕਿ ਮੱਧਭਾਰਤ ਦਰਾਵੜ ਨਹੀਂ ਹੈ। ਕੌਰਵਾਂ ਦੀ ਮਾਂ ਗੰਧਾਰੀ ਹੈ। ਗੰਧਾਰੀ ਦਾ ਨਾਮ ਉਸ ਦੇ ਸ਼ਹਿਰ ਤੋਂ ਪਿਆ ਹੈ। ਅੱਜ ਦੇ ਕੰਧਾਰ ਦਾ ਪੁਰਾਤਨ ਨਾਮ ਗੰਧਾਰ ਸੀ, ਯਾਨਿ ਸੁਗੰਧੀਆਂ ਦਾ ਦੇਸ। ਗੰਧਾਰ ਦੀ ਗੰਧਾਰੀ। ਕੌਰਵਾਂ ਵਿਚਲਾ ਮਰਦ ਕਈ ਔਰਤਾਂ ਨਾਲ ਵਿਆਹ ਕਰਵਾਉਂਦਾ ਹੈ। ਉਧਰ ਪਾਂਡਵ ਭਰਾ ਆਪਣੇ ਪਿਤਾ ਦੀ ਸੰਤਾਨ, ਯਾਨਿ ਪਾਂਡੂ ਪੁੱਤਰ ਨਹੀਂ, ਕੁੰਤੀ ਪੁੱਤਰ ਹਨ। ਅਰਜਨ ਨਾਲ ਗੀਤਾ ਵਿਚ ਸੰਵਾਦ ਰਚਾਉਂਦੇ ਕ੍ਰਿਸ਼ਨ ਜੀ ਉਸ ਨੂੰ ਕਦੀ ਕਦੀ 'ਕੌਂਤੇਅ' ਆਖਦੇ ਹਨ ਜਿਸ ਦਾ ਅਰਥ ਹੈ, ਕੁੰਤੀ-ਪੁੱਤਰ। ਪਾਂਡੂ ਸੰਤਾਨ ਉਤਪਤੀ ਕਰਨ ਦੇ ਸਮਰੱਥ ਨਹੀਂ ਤਦ ਵੀ ਕੁੰਤੀ, ਚਾਰ ਪੁੱਤਰਾਂ ਦੀ ਮਾਂ ਹੈ। ਦਰੋਪਦੀ ਪੰਜ ਮਰਦਾਂ ਦੀ ਔਰਤ ਹੋਣ ਦੇ ਬਾਵਜੂਦ ਸਤਿਕਾਰਯੋਗ ਹੈ। ਇਥੇ ਯਾਦ ਰੱਖਣਯੋਗ ਤੱਥ ਇਹ ਹੈ ਕਿ ਦਰੋਪਦੀ ਪਾਂਡਵ ਕਲਚਰ ਵਿਚ ਸਤਿਕਾਰਯੋਗ ਹੈ, ਕੌਰਵ ਕਲਚਰ ਵਿਚ ਨਹੀਂ। ਚੀਰ-ਹਰਨ ਦੀ ਘਟਨਾ ਵਕਤ ਦੁਸ਼ਾਸਨ, ਦੁਰਯੋਧਨ ਅਤੇ ਕਰਣ ਜਿਹੜੇ ਲਫਜ਼ ਦਰੋਪਦੀ ਵਾਸਤੇ ਇਸਤੇਮਾਲ ਕਰਦੇ ਹਨ ਉਹ ਬੇਇਜ਼ਤੀਪੂਰਨ ਹਨ, ਵਧੀਕ ਮਰਦਾਂ ਦੀ ਪਤਨੀ ਹੋਣ ਦੀ ਗਾਹਲ ਵਜੋਂ ਸਭ ਤੋਂ ਘਿਨਾਉਣਾ ਵਿਸ਼ੇਸ਼ਣ ਵੈਸ਼ਿਆ ਵਰਤਿਆ ਗਿਆ ਹੈ।



ਯੁਧਿਸ਼ਟਰ ਖੁਸ਼ਹਾਲ ਦੇਸ਼ ਦਾ ਸੁਖੀ ਮਹਾਰਾਜਾ ਹੈ। ਉਸ ਦੇ ਮੁਕਾਬਲੇ ਦੁਰਯੋਧਨ ਦਾ ਰਾਜ ਛੋਟਾ ਵੀ ਹੈ, ਕਮਜ਼ੋਰ ਵੀ। ਆਪਣੀ ਸ਼ਾਨੋ-ਸ਼ੌਕਤ ਦਿਖਾਉਣ ਹਿਤ ਪਾਂਡਵਾਂ ਵਲੋਂ ਦੁਰਯੋਧਨ ਨੂੰ ਮਹਿਲ ਆਉਣ ਦਾ ਸੱਦਾ ਦੇਣਾ ਸਹੀ ਹੈ ਪਰ ਸੁੱਕੇ ਥਾਂ ਨੂੰ ਪਾਣੀ ਅਤੇ ਵਗਦੇ ਪਾਣੀ ਨੂੰ ਸੁੱਕਾ ਮੈਦਾਨ ਸਮਝਣ ਦਾ ਭੁਲੇਖਾ ਉਸ ਨੇ ਇਸ ਲਈ ਖਾਧਾ ਕਿ ਮਹਿਲ ਬਣਾਇਆ ਹੀ ਇਸ ਤਰ੍ਹਾਂ ਦਾ ਸੀ ਕਿ ਭੁਲੇਖਾ ਲੱਗ ਜਾਏ। ਭੁਲੇਖਾ ਖਾਧੇ ਮਹਾਰਾਜੇ ਉਪਰ ਹੱਸਣ ਦਾ ਅਧਿਕਾਰ ਤਾਂ ਬਰਦਾਸ਼ਤ ਕੀਤਾ ਜਾ ਸਕਦਾ ਹੈ, 'ਅੰਨੇ ਦਾ ਪੁੱਤਰ ਅੰਨਾ' ਵਾਕ ਇਸਤੇਮਾਲ ਕਰਨਾ ਚੰਗੀ ਸਭਿਅਤਾ ਦੀ ਨਿਸ਼ਾਨੀ ਨਹੀਂ।

ਚੀਰ-ਹਰਨ ਦੀ ਘਟਨਾ ਵਧੀਕ ਦੁਖਦਾਇਕ ਹੈ। ਇਹ ਘਟਨਾ ਮਹਾਭਾਰਤ ਕਥਾ ਨੂੰ ਦੁਫਾੜ ਕਰ ਦਿੰਦੀ ਹੈ। ਇਕ ਚੀਰਹਰਨ ਤੋਂ ਪਹਿਲਾਂ ਦਾ ਮਹਾਭਾਰਤ ਹੈ, ਦੂਜਾ ਚੀਰਹਰਨ ਤੋਂ ਬਾਅਦ ਵਾਲਾ। ਚੀਰ-ਹਰਨ ਤੋਂ ਪਹਿਲਾਂ ਕੌਰਵ ਅਤੇ ਪਾਂਡਵ ਸ਼ਰੀਕ ਹਨ, ਚੀਰਹਰਨ ਤੋਂ ਬਾਦ ਇਕ ਦੂਜੇ ਦੇ ਖੂਨ ਦੇ ਪਿਆਸੇ ਦੁਸ਼ਮਣ, ਆਖਰ ਖਾਨਦਾਨਾਂ ਦੀ ਖੌਫਨਾਕ ਤਬਾਹੀ। ਚੀਰਹਰਨ ਵਕਤ ਦੇ ਸੰਵਾਦ ਜਜ਼ਬਾਤੀ ਤਾਂ ਹਨ ਹੀ, ਦਰਸ਼ਕਾਂ ਨੂੰ ਉਲਝਣ ਵਿਚ ਵੀ ਪਾਉਂਦੇ ਹਨ। ਦੁਸ਼ਾਸਨ ਹੱਥੋਂ ਨਿਰਵਸਤਰ ਹੋਣ ਵਕਤ ਦਰੋਪਦੀ ਭੀਸ਼ਮ ਪਿਤਾਮਾ ਨੂੰ ਆਖਦੀ ਹੈ, "ਧਰਮ ਦੀ ਰਾਖੀ ਕਰੋ ਪਿਤਾਮਾ। ਖਾਮੋਸ਼ ਦਰਸ਼ਕ ਬਣ ਕੇ ਨਾ ਬੈਠੋ।" ਭੀਸ਼ਮ ਪਿਤਾਮਾ ਆਖਦੇ ਹਨ, "ਧਰਮ ਡੂੰਘੀ ਚੀਜ਼ ਹੈ ਦਰੋਪਦੀ। ਇਹ ਸੌਖਿਆ ਸਮਝ ਵਿਚ ਨਹੀਂ ਆਉਂਦਾ।" ਫਿਰ ਦਰੋਪਦੀ ਦੀ ਤਾਕਤਵਰ ਦਲੀਲ ਹੈ, "ਯੁਧਿਸ਼ਟਰ ਪਹਿਲਾਂ ਖੁਦ ਨੂੰ ਜੂਏ ਵਿਚ ਦਾਅ 'ਤੇ ਲਾ ਕੇ ਹਾਰ ਚੁੱਕਾ ਹੈ। ਹਾਰੇ ਹੋਏ ਬੰਦੇ ਨੂੰ ਕੀ ਹੱਕ ਹੈ ਕਿ ਮੈਨੂੰ, ਦਰੋਪਦੀ ਨੂੰ ਦਾਅ ਉਤੇ ਲਾਏ ਤੇ ਹਾਰੇ।" ਵਿਦੁਰ ਅਤੇ ਦੁਰਯੋਧਨ ਦਾ ਛੋਟਾ ਭਰਾ ਵਿਕਰਣ, ਕੇਵਲ ਦੋ ਜਣੇ ਉਸ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦੇ ਹਨ, ਬਾਕੀ ਦੀ ਮਜਲਿਸ ਬੇਬਸ ਹੋ ਕੇ ਬੈਠੀ ਰਹਿੰਦੀ ਹੈ।

ਕੌਰਵ ਆਖਦੇ ਹਨ, "ਕਿਉਂ? ਕੀ ਔਰਤ, ਮਰਦ ਦੀ ਸੰਪਤੀ ਨਹੀਂ? ਯੁਧਿਸ਼ਟਰ ਕੋਲ ਅਜੇ ਬਚੀ ਹੋਈ ਜਾਇਦਾਦ ਬਕਾਇਆ ਸੀ ਜੋ ਉਹ ਦਾਅ 'ਤੇ ਲਾ ਸਕਦਾ ਸੀ।"

ਦਰੋਪਦੀ ਦਾ ਦੁਖ ਸਮਝ ਵਿਚ ਆਉਂਦਾ ਹੈ, ਉਸ ਦੀਆਂ ਦਲੀਲਾਂ ਕਾਇਲ ਨਹੀਂ ਕਰਦੀਆਂ। ਦਰੋਪਦੀ ਉਸ ਵਕਤ ਦੀ ਔਰਤ ਹੈ ਜਿਸ ਵਕਤ ਵਰਣ-ਆਸ਼ਰਮ ਪ੍ਰਥਾ ਕੇਵਲ ਪ੍ਰਵਾਨਿਤ ਨਹੀ, ਸਤਿਕਾਰਯੋਗ ਸੀ, ਵਰਣ-ਆਸ਼ਰਮ ਨੂੰ ਮੰਨਣਾ ਹੀ ਧਰਮ ਸੀ। ਇਸ ਪ੍ਰਥਾ ਵਿਚ ਔਰਤ, ਪਸ਼ੂ, ਜ਼ਮੀਨ ਆਦਿਕ ਸਭ ਧਨ ਹਨ। ਗੁਰਬਾਣੀ ਵਿਚ ਔਰਤ ਧਨੁ ਹੈ ਤੇ ਰੱਬ ਪਤੀ, ਸਾਰੀ ਬਾਣੀ ਧਨੁ-ਪਿਰ ਦੇ ਵਿਜੋਗ ਸੰਜੋਗ ਦੀ ਕਥਾ ਹੈ। ਦਰੋਪਦੀ ਇਸ ਪ੍ਰਥਾ ਅਨੁਸਾਰ ਸਵੰਬਰ ਦੌਰਾਨ ਕਰਣ ਬਾਰੇ ਪੁੱਛਦੀ ਹੈ-ਇਹ ਕਿਸ ਕੁਲ ਦਾ ਜੁਆਨ ਹੈ? ਜਦੋਂ ਦੱਸਿਆ ਜਾਂਦਾ ਹੈ ਇਹ ਉਚ ਕੁਲ ਦਾ ਰਾਜ-ਕੁਮਾਰ ਨਹੀਂ, ਸਵੰਬਰ ਵਿਚੋਂ ਬਾਹਰ ਕੱਢ ਦਿੰਦੀ ਹੈ। ਦੁਰਯੋਧਨ ਐਲਾਨ ਕਰਦਾ ਹੈ-ਮੈਂ ਇਸ ਨੂੰ ਅੰਗਦੇਸ ਦਿੱਤਾ, ਇਹ ਅੰਗਰਾਜ ਕਰਣ ਹੈ, ਸਾਡਾ ਸਤਿਕਾਰਯੋਗ ਰਾਜਾ। ਤਦ ਵੀ ਉਹ ਸੂਤ-ਪੁੱਤਰ ਹੈ, ਰਾਜਾ ਹੋ ਗਿਆ ਤਾਂ ਕੀ? ਹੈ ਤਾਂ ਨੀਵੀਂ ਕੁਲ ਦਾ। ਬੇਇੱਜ਼ਤ ਹੋ ਕੇ ਆਖਰ ਕਰਣ ਮੁਕਾਬਲੇ ਵਿਚੋਂ ਆਊਟ ਹੋਇਆ।

ਕ੍ਰਿਸ਼ਨ ਜੀ ਖਤਰਨਾਕ ਦਾਉ ਖੇਡਦਿਆਂ ਆਖਰ ਕਰਣ ਕੋਲ ਜਾ ਕੇ ਉਸ ਨੂੰ ਦਸਦੇ ਹਨ ਕਿ ਉਹ ਸੂਤਪੁਤਰ ਨਹੀਂ, ਕੁੰਤੀਪੁੱਤਰ ਹੈ, ਤਾਂ ਵੀ ਕਰਣ ਡੋਲਦਾ ਨਹੀਂ, ਆਖਦਾ ਹੈ, "ਮੇਰੇ ਮਾਪੇ ਉਹ ਨਹੀਂ ਜਿਹੜੇ ਮੈਨੂੰ ਸੁੱਟ ਗਏ, ਉਹ ਹਨ ਜਿਨ੍ਹਾਂ ਗਲ ਨਾਲ ਲਾਇਆ।"

ਕ੍ਰਿਸ਼ਨ ਜੀ ਫਿਰ ਮਨਾਉਣ ਦਾ ਯਤਨ ਕਰਦੇ ਹਨ ਤਾਂ ਕਰਣ ਆਖਦਾ ਹੈ, "ਮੈਂ ਸਾਰੇ ਭਰਾਵਾਂ ਵਿਚੋਂ ਵੱਡਾ ਹਾਂ। ਕਿਰਪਾ ਕਰਕੇ ਤੁਸੀਂ ਯੁੱਧ ਤੋਂ ਪਹਿਲਾਂ ਪਾਂਡਵਾਂ ਨੂੰ ਨਾ ਦੱਸਣਾ ਕਿ ਮੈਂ ਉਨ੍ਹਾਂ ਦਾ ਵੱਡਾ ਭਰਾ ਹਾਂ ਕਿਉਂਕਿ ਪਤਾ ਲੱਗਣ 'ਤੇ ਯੁਧਿਸ਼ਟਰ ਆਪਣਾ ਰਾਜਭਾਗ ਮੈਨੂੰ ਸੌਂਪ ਦਏਗਾ ਤੇ ਮੈਂ ਇਹ ਰਾਜਭਾਗ ਦੁਰਯੋਧਨ ਨੂੰ ਦੇ ਦਿਆਂਗਾ; ਕੇਵਲ ਦੁਰਯੋਧਨ ਹੈ, ਉਹ ਸ਼ਖਸ ਜਿਸ ਨੇ ਮੈਨੂੰ ਮਾਣਯੋਗ ਰੁਤਬਾ ਦਿੱਤਾ। ਮੌਤ ਯਕੀਨੀ ਹੈ, ਤਾਂ ਵੀ ਯੁੱਧ ਹੋਣ ਦਿਉ।"

ਵਰਣਾਸ਼ਰਮ ਪਰੰਪਰਾ ਪਾਲਦਿਆਂ ਦਰੋਪਦੀ ਨੂੰ ਹੱਕ ਮਿਲ ਗਿਆ ਕਿ ਕਰਣ ਸਵੰਬਰ ਵਿਚੋਂ ਬਾਹਰ ਹੋ ਜਾਏ। ਚੀਰਹਰਨ ਵਕਤ ਦਰੋਪਦੀ ਭੁੱਲ ਜਾਂਦੀ ਹੈ ਕਿ ਇਸੇ ਪਰੰਪਰਾ ਨੇ ਉਸ ਨੂੰ ਮਰਦ ਦੀ ਸੰਪਤੀ ਬਣਾਇਆ ਸੀ।

ਹਾਥੀ ਦਾ ਨਾਮ ਅਸ਼ਵਥਾਮਾ ਹੈ, ਦਰੋਣਾਚਾਰੀਆ ਦੇ ਬੇਟੇ ਦਾ ਨਾਮ ਵੀ ਇਹੋ। ਯੁੱਧ ਦੌਰਾਨ ਹਾਥੀ ਮਰ ਗਿਆ, ਦਰੋਣਾਚਾਰੀਆ ਨੂੰ ਖਬਰ ਦਿਤੀ ਗਈ ਤਾਂ ਉਸ ਨੇ ਕਿਹਾ-ਕੇਵਲ ਯੁਧਿਸ਼ਟਰ ਸੱਚ ਬੋਲਦਾ ਹੈ। ਮੈਂ ਉਸ ਨੂੰ ਪੁਛਦਾ ਹਾਂ ਕਿ ਕੀ ਇਹ ਖਬਰ ਸਹੀ ਹੈ ਕਿ ਮੇਰਾ ਪੁੱਤਰ ਮਰ ਗਿਆ ਹੈ? ਯੁਧਿਸ਼ਟਰ ਝੂਠ ਆਖਦਾ ਹੈ, "ਹਾਂ ਗੁਰੂ ਜੀ, ਸਹੀ ਹੈ, ਅਸ਼ਵਥਾਮਾ ਮਰ ਗਿਆ ਹੈ।" ਖਬਰ ਸੁਣਦਿਆਂ ਦਰੋਣ ਹਥਿਆਰ ਸੁੱਟ ਦਿੰਦੇ ਹਨ। ਇਸ ਘਟਨਾ ਦਾ ਜ਼ਿਕਰ ਕਰਦਿਆਂ ਵੇਦ ਵਿਆਸ ਲਿਖਦੇ ਹਨ, ਧਰਮਪੁੱਤਰ ਯੁਧਿਸ਼ਟਰ ਦਾ ਜੋ ਰਥ ਹਵਾ ਵਿਚ ਉਡਦਾ ਹੁੰਦਾ ਸੀ। ਇਸ ਝੂਠੇ ਵਾਕ ਸਦਕਾ ਉਹੀ ਰਥ ਜ਼ਮੀਨ ਉਪਰ ਆ ਡਿੱਗਾ।

ਵਿਕਰਣ ਦਾ ਵਾਕ ਹੈ, "ਸ਼ਿਕਾਰ, ਸ਼ਰਾਬ, ਜੂਆ ਅਤੇ ਵਿਭਚਾਰ ਸਲਤਨਤਾਂ ਦਾ ਭੋਗ ਪਾ ਦਿੰਦੇ ਹਨ।"

ਬੀ.ਆਰ. ਚੋਪੜਾ ਵਲੋਂ ਤਿਆਰ ਕੀਤੀ ਗਈ ਟੈਲੀਵਿਜਨ ਕਥਾ ਮਹਾਭਾਰਤ ਸਾਰੇ ਸੰਸਾਰ ਨੇ ਦੇਖੀ ਅਤੇ ਮਾਣੀ। ਉਸ ਨੇ ਇਕ ਹੋਰ ਡਰਾਮਾ ਤਿਆਰ ਕੀਤਾ ਜਿਸ ਦਾ ਨਾਮ ਹੈ-ਮੇਕਿੰਗ ਦ ਮਹਾਭਾਰਤ। ਇਸ ਵਿਚ ਉਸ ਨੇ ਉਹ ਘਟਨਾਵਾਂ ਰਿਕਾਰਡ ਕੀਤੀਆਂ ਹਨ ਜੋ ਮਹਾਭਾਰਤ ਫਿਲਮਾਉਣ ਦੌਰਾਨ ਵਾਪਰੀਆਂ। ਚੋਪੜਾ ਦਸਦਾ ਹੈ, "ਜਿਹੜੀ ਕੁੜੀ ਆਖਰ ਦਰੋਪਦੀ ਦਾ ਰੋਲ ਕਰਨ ਵਾਸਤੇ ਚੁਣੀ ਗਈ, ਕਦੀ ਐਕਟਿੰਗ ਕਰਨ ਤੋਂ ਪਹਿਲਾਂ, ਕਦੀ ਐਕਟਿੰਗ ਤੋਂ ਬਾਅਦ ਉਹ ਰੋਣੋ ਈ ਨਾ ਹਟਦੀ। ਸਾਨੂੰ ਮੁਸ਼ਕਲ ਤਾਂ ਆਉਂਦੀ ਪਰ ਧਰਵਾਸ ਮਿਲਦਾ, ਸਹੀ ਕੁੜੀ ਦੀ ਚੋਣ ਹੋਈ।"

ਅਰਜਨ ਦਾ ਰੋਲ ਕਰਨ ਵਾਲਾ ਜੁਆਨ ਮੁਸਲਮਾਨ ਫਿਰੋਜ਼ ਖਾਨ ਦਸਦਾ ਹੈ, "ਸਾਲ ਤੋਂ ਵਧੀਕ ਸਮਾਂ ਰਿਕਾਰਡਿੰਗ ਦੌਰਾਨ ਅਸੀਂ ਇਕੋ ਖਾਨਦਾਨ ਵਾਂਗ ਬਿਤਾਇਆ। ਜਦੋਂ ਵਾਪਸ ਆਏ, ਸਾਨੂੰ ਆਪਣੇ ਘਰ ਅਜੀਬ ਲੱਗੇ, ਪਰਿਵਾਰ ਦੇ ਜੀਅ ਅਜਨਬੀ ਲੱਗੇ। ਮੈਂ ਉਸ ਦੁਨੀਆਂ ਵਿਚ ਰਹਿੰਦਾ ਰਿਹਾ ਜਿਥੇ ਰੱਬ ਮੇਰਾ ਰਥਵਾਨ ਹੁੰਦਾ ਸੀ। ਤੁਸੀਂ ਗੀਤਾ ਕਿਤਾਬਾਂ ਵਿਚੋਂ ਪੜ੍ਹੀ, ਮੈਂ ਰੱਬ ਦੇ ਸਾਹਮਣੇ ਬੈਠ ਕੇ ਉਸ ਦੇ ਮੂਹੋਂ ਸੁਣੀ।"

ਮਹਾਭਾਰਤ ਦੇ ਅਖੀਰ ਵਿਚ ਪਾਂਡਵ ਦਰੋਪਦੀ ਸਮੇਤ ਫੈਸਲਾ ਕਰਦੇ ਹਨ ਕਿ ਹਿਮਾਲਾ

## ਇਤਿਹਾਸ-ਮਿਥਿਹਾਸ

ਉਪਰ ਚੜ੍ਹੀਏ ਤੇ ਸੰਸਾਰ ਤੋਂ ਵਿਦਾਇਗੀ ਲਈਏ। ਸਭ ਤੋਂ ਪਹਿਲਾਂ ਦਰੋਪਦੀ ਦਾ ਬਰਫ ਉਪਰੋਂ ਪੈਰ ਫਿਸਲਿਆ, ਮੌਤ ਹੋਈ। ਵੇਦ ਵਿਆਸ ਕਥਾ ਦਾ ਅੰਤ ਕਰਦਿਆਂ ਇਕ ਤੋਂ ਬਾਦ ਇਕ ਪਾਤਰ ਨੂੰ ਵਿਛੜਦਿਆਂ ਦਿਖਾਉਂਦਾ ਹੈ ਤੇ ਮੌਤ ਦਾ ਕਾਰਨ ਦਸਦਾ ਹੈ। ਦਰੋਪਦੀ ਸਭ ਤੋਂ ਪਹਿਲੋਂ ਇਸ ਲਈ ਡਿੱਗੀ ਕਿ ਪੰਜ ਪਾਂਡਵਾਂ ਦਾ ਉਸ ਉਪਰ ਬਰਾਬਰ ਅਧਿਕਾਰ ਸੀ ਪਰ ਅਰਜਨ ਉਸ ਨੂੰ ਬਾਕੀਆਂ ਤੋਂ ਵਧੀਕ ਚੰਗਾ ਲਗਦਾ ਸੀ, ਅਰਜਨ ਨੂੰ ਉਹ ਵਧੀਕ ਪਿਆਰ ਕਰਦੀ ਸੀ ਜੋ ਅਨੁਚਿਤ ਸੀ।

ਇਸ ਘਟਨਾ ਵਕਤ ਮੇਰੇ ਸਾਹਮਣੇ ਮਨਮੋਹਨ ਬਾਵਾ ਆ ਜਾਂਦਾ ਹੈ। ਉਹ ਜੋ ਲਿਖਦਾ ਹੈ, ਸੋ ਮਹਾਭਾਰਤ ਵਿਚ ਵਿਆਸ ਵਲੋਂ ਨਹੀਂ ਲਿਖਿਆ ਗਿਆ। ਬਾਵਾ ਅਨੁਸਾਰ, "ਦਰੋਪਦੀ ਡਿਗੀ, ਸਿਰ ਵਿਚ ਸਖਤ ਸੱਟ ਲੱਗੀ। ਭੀਮ ਤੇਜ਼ੀ ਨਾਲ ਉਸ ਕੋਲ ਆਇਆ, ਸਿਰ ਆਪਣੀ ਗੋਦ ਵਿਚ ਰੱਖ ਕੇ ਕਿਹਾ, 'ਤੂੰ ਹੁਣ ਜਾਣ ਲੱਗੀ ਹੈ ਪਾਂਚਾਲੀ। ਆਖਰੀ ਖਾਹਿਸ਼?' ਦਰੋਪਦੀ ਨੇ ਕਿਹਾ, 'ਆਖਰੀ ਖਾਹਿਸ਼? ਤੂੰ ਭਗਵਾਨ ਹੈ ਜੋ ਆਖਰੀ ਖਾਹਿਸ਼ ਪੂਰੀ ਕਰੇਂਗਾ?' ਭੀਮ ਬੋਲਿਆ, 'ਮੈਂ ਪ੍ਰਾਰਥਨਾ ਕਰਾਂਗਾ ਪਾਂਚਾਲੀ। ਆਖਰੀ ਖਾਹਿਸ਼ ਦੱਸ।' ਦਰੋਪਦੀ ਬੋਲੀ, 'ਦਿਲ ਕਰਦੈ ਇਕ ਵਾਰ ਫੇਰ ਜਹਾਨ ਵਿਚ ਆਈਏ। ਆਪਣੇ ਰਿਸ਼ਤੇ ਨਵੇਂ ਹੋਣ। ਤੁਸੀਂ ਪੰਜੇ ਮੇਰੇ ਭਰਾ ਹੋਵੋ, ਮੈਂ ਤੁਹਾਡੀ ਛੋਟੀ ਭੈਣ।" ਭੀਮ ਨੇ ਪੁੱਛਿਆ, ਅਜਿਹਾ ਖਿਆਲ ਤੇਰੇ ਦਿਲ ਵਿਚ ਕਿਉਂ ਆਇਆ ਪਾਂਚਾਲੀ?' ਜੁਆਬ ਸੀ, 'ਮੈਂ ਤੁਹਾਡੀ ਭੈਣ ਹੁੰਦੀ, ਤੁਸੀਂ ਮਰ ਜਾਣਾ ਸੀ, ਚੀਰਹਰਨ ਨਹੀਂ ਸੀ ਹੋਣ ਦੇਣਾ; ਕਿਉਂਕਿ ਪਤਨੀ ਸਾਂ, ਤੁਸੀਂ ਜੂਏ ਵਿਚ ਹਾਰੀ ਅਤੇ ਚੀਰਹਰਨ ਹੁੰਦਾ ਦੇਖਿਆ।'

ਭਾਈ ਗੁਲਾਮ ਮੁਹੰਮਦ ਚਾਂਦ ਪੰਜਾਬੀ ਯੂਨੀਵਰਸਿਟੀ ਦੇ ਗੁਰੂ ਗੋਬਿੰਦ ਸਿੰਘ ਭਵਨ ਵਿਚ ਕੀਰਤਨ ਕਰਨ ਆਏ। ਭਾਈ ਮਰਦਾਨਾ ਦੇ ਵਾਰਸ ਭਾਈ ਸਾਹਿਬ ਨੇ ਭਾਈ ਗੁਰਦਾਸ ਦੀ ਵਾਰ ਵਿਚਲੀ ਪੌੜੀ ਗਾਈ ਜਿਥੇ ਕੇਸੋਂ ਪਕੜ ਪਾਂਚਾਲੀ ਬਾਂਦੀ ਲਿਆਂਦੀ ਜਾ ਰਹੀ ਹੈ। ਕੀਰਤਨ ਦੌਰਾਨ ਉਨ੍ਹਾਂ ਦੱਸਿਆ, "ਵੱਡੇ ਵਡੇਰੇ ਇਸ਼ਾਰਿਆਂ ਰਾਹੀਂ ਰਮਜ਼ਾਂ ਸਮਝਾਇਆ ਕਰਦੇ ਸਨ। ਪੰਜ ਪਾਂਡੋ ਅਸਲ ਵਿਚ ਪੰਜ ਵਿਕਾਰ-ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਹਨ ਤੇ ਆਪਾਂ ਸਾਰੇ ਦਰੋਪਦੀਆਂ ਹਾਂ। ਜਿਹੜੀ ਦਰੋਪਦੀ ਇਨ੍ਹਾਂ ਪੰਜਾਂ ਨੂੰ ਖਸਮ ਕਰ ਲਏਗੀ ਉਸ ਦਾ ਚੀਰਹਰਨ ਹੋਣਾ ਲਾਜ਼ਮੀ ਹੈ।"

ਮਹਾਭਾਰਤ ਦਾ ਜਹਾਨ ਵਿਚਿੱਤਰ ਵੀ ਹੈ ਵਿਸ਼ਾਲ ਵੀ, ਵੇਦ ਵਿਆਸ ਏਨਾ ਆਤਮਵਿਸ਼ਵਾਸੀ ਕਥਾਕਾਰ ਕਿ ਖੁਦ ਲਿਖਿਆ, "ਇਸ ਗ੍ਰੰਥ ਵਿਚ ਜੋ ਹੈ, ਜਹਾਨ ਵਿਚ ਹੋਰ ਥਾਂਈਂ ਮਿਲੇਗਾ, ਜੋ ਇਸ ਵਿਚ ਨਹੀਂ ਹੈ, ਸੋ ਹੋਰ ਕਿਤੇ ਨਹੀਂ।"

ਪੀੜ ਪਰਵਤ ਹੋ ਗਈ ਹੈ,
ਅਬ ਪਿਘਲਨੀ ਚਾਹੀਏ।
ਇਸ ਹਿਮਾਲਯ ਸੇ
ਕੋਈ ਗੰਗਾ ਨਿਕਲਨੀ ਚਾਹੀਏ।

**-ਦੁਸ਼ਿਅੰਤ ਕੁਮਾਰ**

## ਆਮ ਆਦਮੀ

ਬਣਿਆਂ ਬਥੇਰਾ ਦਾਸ, ਆਮ ਆਦਮੀ।
ਦਿਖਾ ਗਿਆ ਏ ਅੱਜ ਸਾਹਸ ਆਮ ਆਦਮੀ।

ਪਾਂਧਿਆਂ ਦੀ ਵਿਦਿਆ 'ਤੇ ਹੋਣ ਕਿੰਤੂ,
ਆਪ ਲਿਖੇ ਇਤਿਹਾਸ, ਆਮ ਆਦਮੀ।

ਕੋਠੀਆਂ 'ਚ ਨਹੀਂ ਤੇ ਚੁਬਾਰਿਆਂ 'ਚ ਨਹੀਂ,
ਮੇਰੇ ਸਦਾ ਆਸ ਪਾਸ ਆਮ ਆਦਮੀ।

ਭੁਰ ਭੁਰ ਜਾਣ ਪਏ ਦਿੱਲੀ ਦੇ ਕਿੰਗਰੇ,
ਕੀਤਾ ਅਜੇ ਇਬਆਸ ਆਮ ਆਦਮੀ।

ਖਬਰਾਂ-ਪਸਾਰਕਾਂ ਦੀ ਹੇੜ ਪਿੱਛੇ ਪਿੱਛੇ,
ਹੋ ਗਿਆ ਹੈ ਅੱਜ ਖਾਸ, ਆਮ ਆਦਮੀ।

ਰਹਿਬਰਾਂ ਨੂੰ ਵਿਹਲ ਕਦੋਂ ਲੁੱਟ ਮਾਰ ਤੋਂ,
ਆਮ ਆਦਮੀ ਦੀ ਆਸ, ਆਮ ਆਦਮੀ।

ਹਥੀਂ ਦਿੱਤੇ ਰਾਜ ਭਾਗ ਮੰਗੇ ਵਾਪਸੀ,
ਡਾਢਾ ਹੋ ਗਿਆ, ਨਿਰਾਸ ਆਮ ਆਦਮੀ।

ਵਿਹੜੇ ਰਾਜਨੀਤੀਆਂ ਦੇ ਝਾੜੂ ਫੇਰ ਕੇ,
ਕਰੂ ਗੰਦਗੀ ਦਾ ਨਾਸ, ਆਮ ਆਦਮੀ।

**-ਕੁਲਬੀਰ ਪੱਡਾ**

# ਲਾਹੌਰੀ ਸਭਿਆਚਾਰ ਤੇ ਤਹਿਜ਼ੀਬ ਨੂੰ ਅਸਾਂ ਆਪਣੇ ਹੱਥੀਂ ਤਬਾਹ ਕੀਤਾ

***ਲਾਹੌਰ ਸਿਆਸੀ ਅਤੇ ਸਭਿਆਚਾਰਕ ਪੱਖੋਂ ਪੰਜਾਬ ਦਾ ਮਰਕਜ਼ ਅਤੇ ਇਸ ਦੀ ਸ਼ਾਨ ਰਿਹਾ ਹੈ। ਸ਼ਾਇਦ ਇਸੇ ਕਰਕੇ ਕਿਹਾ ਜਾਂਦਾ ਸੀ ਕਿ ਜਿਸ ਨੇ ਲਾਹੌਰ ਨਹੀਂ ਦੇਖਿਆ, ਉਹ ਜੰਮਿਆ ਹੀ ਨਹੀਂ। ਸਿੱਖ ਕੌਮ ਦੀਆਂ ਬਹੁਤ ਦਰਦਨਾਕ ਯਾਦਾਂ ਇਸ ਸ਼ਹਿਰ ਨਾਲ ਜੁੜੀਆਂ ਹੋਈਆਂ ਹਨ। 1947 ਦੀ ਹਿੰਦ-ਪਾਕਿ ਵੰਡ ਦੇ ਜ਼ਖਮ ਅੱਜ ਵੀ ਅੱਲ੍ਹੇ ਹਨ। ਜਿਨ੍ਹਾਂ ਇਸ ਸ਼ਹਿਰ ਦਾ ਸਭਿਆਚਾਰ ਮਾਣਿਆ ਹੈ, ਉਨ੍ਹਾਂ ਨੂੰ ਰੰਜ ਹੈ ਕਿ ਉਜੜ ਕੇ ਭਾਰਤ ਵਾਲੇ ਪਾਸੇ ਆਏ ਲੋਕਾਂ ਨੂੰ ਇਸ ਤਰ੍ਹਾਂ ਖਿੰਡਾ ਕੇ ਵਸਾਇਆ ਗਿਆ ਕਿ ਉਹ ਸਭਿਆਚਾਰ ਖੇਰੂੰ ਖੇਰੂੰ ਹੋ ਗਿਆ। ਇਸੇ ਰੰਜ 'ਚੋਂ ਹਰਜਾਪ ਸਿੰਘ ਔਜਲਾ ਨੇ ਇਹ ਲੇਖ ਲਿਖਿਆ ਹੈ। -ਸੰਪਾਦਕ***

ਅੱਜ ਦੇ ਯੁੱਗ ਵਿਚ ਅੰਗਰੇਜ਼ੀ, ਸੰਸਾਰ ਦੀ ਸਿਰਕੱਢਵੀਂ ਜ਼ਬਾਨ ਹੈ ਅਤੇ ਅੰਗਰੇਜ਼ੀ ਸਭਿਆਚਾਰ ਸੰਸਾਰ ਦਾ ਰਾਹ ਦਸੇਰਾ। ਅੰਗਰੇਜ਼ੀ ਜ਼ਬਾਨ, ਤਹਿਜ਼ੀਬ ਅਤੇ ਸਭਿਆਚਾਰ ਦਾ ਕੇਂਦਰ ਲੰਡਨ ਨੂੰ ਤਸੱਵੁਰ ਕੀਤਾ ਜਾਂਦਾ ਹੈ। ਗੱਲ ਭਾਵੇਂ ਕਰੀਏ ਆਸਟਰੇਲੀਆ ਦੀ, ਜਾਂ ਨਿਊਜ਼ੀਲੈਂਡ ਤੇ ਭਾਵੇਂ ਜ਼ਿਕਰ ਛਿੜੇ ਦੱਖਣੀ ਅਫਰੀਕਾ ਵਾਸੀਆਂ ਦਾ; ਸਭ ਦੀ ਜ਼ਬਾਨ ਅਤੇ ਤਹਿਜ਼ੀਬ ਦਾ ਮਰਕਜ਼ (ਕੇਂਦਰ) ਲੰਡਨ ਨੂੰ ਹੀ ਤਸੱਵੁਰ ਕੀਤਾ ਜਾਂਦਾ ਹੈ। ਭਾਰਤ ਅਤੇ ਪਾਕਿਸਤਾਨ ਵਿਚ ਉਰਦੂ ਭਾਸ਼ਾ ਅਤੇ ਸਭਿਆਚਾਰ ਦਾ ਕੇਂਦਰ ਬਿੰਦੂ ਲਖਨਊ ਨੂੰ ਮੰਨਿਆ ਜਾਂਦਾ ਹੈ



**ਹਰਜਾਪ ਸਿੰਘ ਔਜਲਾ**
e-mail: harjapaujla@gmail.com

ਜਦੋਂਕਿ ਬੰਗਲਾਦੇਸ਼ੀਆਂ ਅਤੇ ਭਾਰਤੀ ਬੰਗਾਲੀਆਂ ਦੀ ਤਹਿਜ਼ੀਬ, ਬੋਲੀ ਤੇ ਸਭਿਆਚਾਰ ਦਾ ਕੇਂਦਰ ਕਲਕੱਤਾ ਨੂੰ ਹੀ ਮੰਨਿਆ ਜਾਂਦਾ ਹੈ।

ਹੁਣ ਗੱਲ ਕਰੀਏ ਪੰਜਾਬੀ ਜ਼ਬਾਨ ਅਤੇ ਸਭਿਆਚਾਰ ਦੀ। 1849 ਵਿਚ ਜਦੋਂ ਅੰਗਰੇਜ਼ਾਂ ਨੇ ਸਿੱਖ ਸਾਮਰਾਜ ਉਪਰ ਫਤਿਹ ਪ੍ਰਾਪਤ ਕੀਤੀ ਤਾਂ ਉਤਰ ਪੱਛਮੀ ਸਰਹੱਦੀ ਸੂਬੇ ਅਤੇ ਕਸ਼ਮੀਰ ਨੂੰ ਪੰਜਾਬ ਤੋਂ ਅਲਹਿਦਾ ਤਸੱਵੁਰ ਕੀਤਾ। 1857 ਦੀ ਆਜ਼ਾਦੀ ਦੀ ਜੰਗ ਤੋਂ ਬਾਅਦ ਅੰਗਰੇਜ਼ਾਂ ਨੇ ਜਾਟਾਂ ਦੇ ਕੁਝ ਜ਼ਿਲ੍ਹੇ ਗੁੜਗਾਵਾਂ, ਰੋਹਤਕ ਅਤੇ ਹਿਸਾਰ ਪੰਜਾਬ ਵਿਚ ਰਲਾ ਦਿੱਤੇ ਤੇ ਪੰਜਾਬ ਨੂੰ 29 ਜ਼ਿਲ੍ਹਿਆਂ ਵਿਚ ਵੰਡ ਦਿੱਤਾ। ਅੰਬਾਲਾ ਵਿਚ ਪੰਜਾਬ ਦੀ ਸਭ ਤੋਂ ਪੂਰਬੀ ਡਵੀਜ਼ਨ ਦਾ ਸਦਰ ਮੁਕਾਮ ਬਣਾਇਆ। ਇਸ ਡਵੀਜ਼ਨ ਵਿਚ ਛੇ ਜ਼ਿਲ੍ਹੇ ਸਨ-ਗੁੜਗਾਵਾਂ, ਰੋਹਤਕ, ਹਿਸਾਰ, ਕਰਨਾਲ, ਅੰਬਾਲਾ ਅਤੇ ਸ਼ਿਮਲਾ। ਪੰਜਾਬ ਦੀ ਦੂਜੀ ਡਵੀਜ਼ਨ ਦਾ ਸਦਰ ਮੁਕਾਮ ਜਲੰਧਰ ਵਿਚ ਸੀ ਜਿਸ ਵਿਚ ਸਿਰਫ਼ 5 ਹੀ ਜ਼ਿਲ੍ਹੇ ਸਨ-ਫਿਰੋਜ਼ਪੁਰ, ਲੁਧਿਆਣਾ, ਜਲੰਧਰ, ਹੁਸ਼ਿਆਰਪੁਰ ਅਤੇ ਕਾਂਗੜਾ। ਸਾਰੇ ਪੰਜਾਬ ਦੀ ਕੇਂਦਰੀ ਡਵੀਜ਼ਨ ਦਾ ਸਦਰ ਮੁਕਾਮ ਲਾਹੌਰ ਸੀ। ਇਸ ਡਵੀਜ਼ਨ ਵਿਚ ਛੇ ਜ਼ਿਲ੍ਹੇ ਸਨ-ਡਲਹੌਜ਼ੀ ਸਮੇਤ ਗੁਰਦਾਸਪੁਰ, ਅੰਮ੍ਰਿਤਸਰ, ਲਾਹੌਰ, ਸਿਆਲਕੋਟ, ਸ਼ੇਖੂਪੁਰਾ ਅਤੇ ਗੁੱਜਰਾਂਵਾਲਾ। ਲਾਹੌਰ ਦੇ ਪੱਛਮ ਵਿਚ ਦੋ ਹੋਰ ਡਵੀਜ਼ਨਾਂ ਸਨ-ਮੁਲਤਾਨ ਅਤੇ ਰਾਵਲਪਿੰਡੀ। ਮੁਲਤਾਨ ਡਵੀਜ਼ਨ ਵਿਚ ਲਾਇਲਪੁਰ, ਮਿੰਟਗੁਮਰੀ, ਮੁਲਤਾਨ, ਮੁਜ਼ੱਫਰਗੜ੍ਹ, ਮੀਆਂਵਾਲੀ ਅਤੇ ਡੇਰਾ ਗਾਜ਼ੀਖਾਨ ਜ਼ਿਲ੍ਹੇ ਸ਼ਾਮਲ ਸਨ। ਗੁਜਰਾਤ, ਸਰਗੋਧਾ, ਜਿਹਲਮ, ਰਾਵਲਪਿੰਡੀ ਅਤੇ ਕੈਂਬਲਪੁਰ ਸਮੇਤ ਬਾਕੀ ਦੇ ਛੇ ਜ਼ਿਲ੍ਹਾ ਰਾਵਲਪਿੰਡੀ ਡਵੀਜ਼ਨ ਦੇ ਹਿੱਸੇ ਆਏ ਸਨ।

ਲਾਹੌਰ ਪੰਜਾਬ ਦੀ ਰਾਜਧਾਨੀ ਵੀ ਸੀ ਅਤੇ ਸਭਿਆਚਾਰ ਦਾ ਵੀ ਮੁੱਢ ਕਦੀਮ ਤੋਂ ਮਰਕਜ਼ ਵੀ। ਮੁਗਲਾਂ ਦੇ ਸਮੇਂ ਵੀ ਲਾਹੌਰ ਵਿਚ ਹੀ ਪੰਜਾਬ ਦੀ ਸੂਬੇਦਾਰੀ ਦਾ ਦਰ-ਉਲ-ਹਕੂਮਤ ਸੀ। ਮਹਾਰਾਜਾ ਰਣਜੀਤ ਸਿੰਘ ਦੀ ਸਲਤਨਤ ਦੀ ਹਕੂਮਤ ਵੀ ਲਾਹੌਰ ਤੋਂ ਹੀ ਕੰਟਰੋਲ ਕੀਤੀ ਜਾਂਦੀ ਸੀ। ਬਾਅਦ ਵਿਚ ਅੰਗਰੇਜ਼ ਹਕੂਮਤ ਦੇ ਸਮੇਂ ਸੂਬਾ ਪੰਜਾਬ ਦਾ ਰਾਜ-ਭਾਗ ਲਾਹੌਰ ਤੋਂ ਹੀ ਚਲਾਇਆ ਜਾਂਦਾ ਸੀ। ਸੈਂਕੜੇ ਸਾਲਾਂ ਤੋਂ ਪੰਜਾਬ ਦੀ ਜ਼ਿੰਦ-ਜਾਨ ਹੋਣ ਕਾਰਨ ਲਾਹੌਰ ਪੰਜਾਬੀ ਤਹਿਜ਼ੀਬ, ਸਭਿਆਚਾਰ ਅਤੇ ਬੋਲੀ ਦਾ ਮਰਕਜ਼ ਬਣ ਗਿਆ। ਕਈ ਲੋਕ ਤਾਂ ਆਖਦੇ ਸਨ ਕਿ ਜਿਸ ਨੇ ਲਾਹੌਰ ਨਹੀਂ ਦੇਖਿਆ, ਉਹ ਜੰਮਿਆ ਹੀ ਨਹੀਂ। ਇੰਜ ਸਮਝੋ ਕਿ ਲਾਹੌਰ ਦਾ ਅੰਦਾਜ਼ ਹੀ ਸਭ ਥਾਂਵਾਂ ਤੋਂ ਮੁਖਤਲਿਫ ਸੀ। ਮਲਿਕਾ ਨੂਰਜਹਾਂ ਅਤੇ ਬਾਦਸ਼ਾਹ ਜਹਾਂਗੀਰ ਦਾ ਦਿਲ ਦਿੱਲੀ ਅਤੇ ਆਗਰਾ ਵਿਚ ਨਹੀਂ ਸੀ ਲਗਦਾ, ਉਹ ਲਾਹੌਰ ਨੂੰ ਪਸੰਦ ਕਰਦੇ ਸਨ।

ਇੱਕ 1947 ਵਿਚ ਭਾਰਤ ਨੂੰ ਆਜ਼ਾਦ ਕਰਨ ਸਮੇਂ ਪੰਜਾਬ ਦੀ ਤਕਸੀਮ ਕੀਤੀ ਗਈ। ਪੂਰਬੀ ਪੰਜਾਬ, ਭਾਰਤ ਦੇ ਹਿੱਸੇ ਆਇਆ। ਪੰਜਾਬ ਦੀ ਰਾਜਧਾਨੀ ਲਾਹੌਰ, ਪਾਕਿਸਤਾਨ ਦੇ ਹਿੱਸੇ ਆਈ; ਲੇਕਿਨ ਲਾਹੌਰ ਡਵੀਜ਼ਨ ਦਾ ਅਤੇ ਪੰਜਾਬ ਦਾ ਦੂਜਾ ਸਭ ਤੋਂ ਵੱਧ ਅਹਿਮ ਸ਼ਹਿਰ ਅੰਮ੍ਰਿਤਸਰ ਭਾਰਤ ਦੇ ਹਿੱਸੇ ਆਇਆ। ਮਹਾਰਾਜਾ ਰਣਜੀਤ ਸਿੰਘ ਦੇ ਸਾਮਰਾਜ ਵਿਚ ਸਭ ਤੋਂ ਵੱਧ ਵਿਕਾਸ ਲਾਹੌਰ ਅਤੇ ਅੰਮ੍ਰਿਤਸਰ ਦਾ ਹੀ ਹੋਇਆ ਸੀ। ਦੋਹਾਂ ਸ਼ਹਿਰਾਂ ਦੀ ਬੋਲੀ, ਪਹਿਰਾਵਾ ਅਤੇ ਸੁਹਜ-ਸਵਾਦ ਵੀ ਇਕੋ ਜਿਹੇ ਸਨ। 1849 ਤੋਂ ਬਾਅਦ ਅੰਗਰੇਜ਼ਾਂ ਨੇ ਲਾਹੌਰ ਨੂੰ ਪੰਜਾਬ ਦੇ ਵਿਦਿਅਕ, ਪ੍ਰਬੰਧਕੀ ਅਤੇ ਸਕਾਫਤੀ ਮਰਕਜ਼ ਦੇ ਤੌਰ 'ਤੇ ਅਤੇ ਅੰਮ੍ਰਿਤਸਰ ਨੂੰ ਅੰਗਰੇਜ਼ਾਂ ਨੇ ਬਤੌਰ ਤਜਾਰਤੀ ਤੇ ਸਨਅਤੀ ਮਰਕਜ਼ ਵਿਕਸਿਤ ਕੀਤਾ। ਭੁੱਲ ਉਸ ਸਮੇਂ ਹੋ ਗਈ ਜਦੋਂ ਵਿਛੜਨ ਦਾ ਸਮਾਂ ਆਇਆ।



*ਲਾਹੌਰ ਦਾ ਅਜਾਇਬ ਘਰ*

ਪੰਜਾਬ ਦੀ ਤਕਸੀਮ ਨੇ ਪੰਜਾਬ ਦੇ ਹਿੰਦੂਆਂ ਅਤੇ ਸਿੱਖਾਂ ਨੂੰ ਪੱਛਮੀ ਪੰਜਾਬ ਵਿਚ ਆਪਣੇ ਘਰਾਂ ਤੋਂ ਉਜਾੜ ਦਿੱਤਾ। ਇਸੇ ਤਰ੍ਹਾਂ ਪੂਰਬੀ ਪੰਜਾਬ ਦੇ ਮੁਸਲਮਾਨਾਂ ਨੂੰ ਵੀ ਆਪਣੇ ਆਸ਼ੀਆਨਿਆਂ ਤੋਂ ਉਜਾੜਿਆ ਗਿਆ। ਉਨ੍ਹਾਂ ਦਿਨਾਂ ਵਿਚ ਲਾਹੌਰ ਪੰਜਾਬ ਦਾ ਸਭ ਤੋਂ ਵੱਡਾ ਸ਼ਹਿਰ ਸੀ ਤੇ ਇਸ ਦੀ ਆਬਾਦੀ 7 ਲੱਖ ਤੋਂ ਵੱਧ ਸੀ। ਅੰਮ੍ਰਿਤਸਰ ਦੂਜਾ ਸਭ ਤੋਂ ਵੱਡਾ ਸ਼ਹਿਰ ਸੀ ਤੇ ਆਬਾਦੀ 4 ਲੱਖ ਦੇ ਕਰੀਬ ਸੀ। ਲਾਹੌਰ ਜ਼ਿਲ੍ਹੇ ਦੀ ਅੱਧੀ ਅਤੇ ਅੰਮ੍ਰਿਤਸਰ ਦੀ ਇਕ ਤਿਹਾਈ ਆਬਾਦੀ ਸ਼ਹਿਰੀ ਸੀ।

ਉਂਜ ਤਾਂ ਮਾਰਚ 1947 ਤੋਂ ਹੀ ਚੰਦ ਹਿੰਦੂ ਅਤੇ ਸਿੱਖ ਹਰ ਮਹੀਨੇ ਪੰਜਾਬ ਦੇ ਪੱਛਮੀ ਜ਼ਿਲ੍ਹਿਆਂ ਅਤੇ ਖ਼ੈਬਰ ਪਖਤੂਨਖ਼ਵਾ ਸੂਬੇ ਤੋਂ ਅੰਮ੍ਰਿਤਸਰ ਆ ਰਹੇ ਸਨ, ਲੇਕਿਨ ਅਗਸਤ 1947 ਤੋਂ ਅੰਮ੍ਰਿਤਸਰ ਪਹੁੰਚਣ ਵਾਲੇ ਸ਼ਰਨਾਰਥੀਆਂ ਦਾ ਸੈਲਾਬ ਹੀ ਆ ਗਿਆ। ਅੰਮ੍ਰਿਤਸਰ ਦੀ ਤਕਰੀਬਨ ਅੱਧੀ ਵਸੋਂ, ਯਾਨਿ ਦੋ ਕੁ ਲੱਖ ਮੁਸਲਮਾਨ ਇਸ ਸ਼ਹਿਰ ਤੋਂ ਰੁਖਸਤ ਹੋ ਗਏ। ਲਾਹੌਰ ਤੋਂ ਤਕਰੀਬਨ ਸਾਢੇ ਤਿੰਨ ਲੱਖ ਹਿੰਦੂ ਅਤੇ ਸਿੱਖ ਉਜੜ ਕੇ ਅੰਮ੍ਰਿਤਸਰ ਆ ਗਏ। ਆਉਣ ਵਾਲੇ ਤਕਰੀਬਨ ਸਾਰੇ ਹੀ ਹਿੰਦੂ ਅਤੇ ਸਿੱਖ ਸਾਹਿਬ-ਏ-ਜਾਇਦਾਦ ਸਨ ਅਤੇ ਚੰਗੇ ਜੀਵਨ ਨਿਰਬਾਹ ਦੇ ਆਦੀ ਸਨ। ਅੰਮ੍ਰਿਤਸਰ ਨੂੰ ਤਾਂ ਹੱਥਾਂ ਪੈਰਾਂ ਦੀ ਪੈ ਗਈ। ਅੰਮ੍ਰਿਤਸਰ ਦੇ ਸਾਰੇ ਹੀ ਸਕੂਲ, ਕਾਲਜ ਅਤੇ ਸਾਂਝੇ ਸਥਾਨ ਸ਼ਰਨਾਰਥੀਆਂ ਨਾਲ ਡਕਾ-ਡਕ ਭਰ ਗਏ।

ਭਾਰਤ ਸਰਕਾਰ ਨੇ ਪੰਜਾਬ ਵਿਚ ਸ਼ਰਨਾਰਥੀਆਂ ਦੇ ਮੁੜ ਵਸੇਬੇ ਵਾਸਤੇ ਦੋ ਬੜੇ ਕਾਬਿਲ ਇੰਡੀਅਨ ਸਿਵਲ ਸਰਵਿਸ ਦੇ ਅਧਿਕਾਰੀ ਨਿਯੁਕਤ ਕਰ ਦਿੱਤੇ। ਇਹ ਸਨ ਸ. ਤਰਲੋਕ ਸਿੰਘ ਅਤੇ ਡਾ. ਮਹਿੰਦਰ ਸਿੰਘ ਰੰਧਾਵਾ। ਆਪਣੇ ਚਿੱਤੋਂ ਦੋਹਾਂ ਨੇ ਹੀ ਬੜਾ ਵਧੀਆ ਕੰਮ ਕੀਤਾ, ਲੇਕਿਨ ਦੇਹਾਤੀ ਲਾਹੌਰੀਆਂ ਦਾ ਮੁੜ ਵਸੇਬਾ ਤਾਂ ਬਿਹਤਰੀਨ ਢੰਗ ਨਾਲ ਕੀਤਾ ਗਿਆ ਪਰ ਦੇਹਾਤੀਆਂ ਦੀ ਬਨਿਸਬਤ ਸ਼ਹਿਰੀ ਲਾਹੌਰੀਆਂ ਨੂੰ ਵਧੇਰੇ ਦੂਰ-ਦੁਰਾਡੇ ਥਾਂਵਾਂ 'ਤੇ ਪੰਜਾਬ ਦੀ ਸਰਜ਼ਮੀਨ ਤੋਂ ਨਿਖੇੜ ਕੇ ਵਸਾਇਆ ਗਿਆ।

ਸ਼ਰਨਾਰਥੀਆਂ ਦੇ ਮੁੜ ਵਸੇਬੇ ਦਾ ਮਸਲਾ ਬੜਾ ਨਾਜ਼ੁਕ ਹੈ। ਲਾਹੌਰ ਤਹਿਸੀਲ ਦੇ ਦੇਹਾਤੀ ਸ਼ਰਨਾਰਥੀ ਕੁਝ ਤਾਂ ਦੰਗਿਆ ਦਾ ਸ਼ਿਕਾਰ ਹੋ ਗਏ, ਬਾਕੀ ਬਚੇ ਹਿੰਦੂ ਅਤੇ ਸਿੱਖ ਸਰਹੱਦ ਟੱਪ ਕੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਪ੍ਰਵੇਸ਼ ਕਰ ਗਏ। ਅਜਨਾਲਾ ਤਹਿਸੀਲ ਵਿਚੋਂ ਬਹੁਤ ਸਾਰੇ ਮੁਸਲਮਾਨ ਦੇਹਾਤੀ ਉਠ ਕੇ ਗਏ ਸਨ। ਕੁਝ ਸ਼ਰਨਾਰਥੀਆਂ ਨੂੰ ਉਨ੍ਹਾਂ ਦੇ ਥਾਂ ਵਸਾ ਦਿੱਤਾ ਗਿਆ। ਕੁਝ ਹੋਰਾਂ ਨੂੰ ਅੰਮ੍ਰਿਤਸਰ, ਤਰਨ ਤਾਰਨ ਅਤੇ ਪੱਟੀ ਤਹਿਸੀਲਾਂ ਵਿਚ ਵਸਾਇਆ ਗਿਆ। ਕੁਝ ਹੋਰਾਂ ਨੂੰ ਦਰਿਆ ਬਿਆਸ ਪਾਰ ਕਰਵਾ ਕੇ ਕਪੂਰਥਲਾ ਰਿਆਸਤ ਦੀਆਂ ਕਪੂਰਥਲਾ ਅਤੇ ਸੁਲਤਾਨਪੁਰ ਲੋਧੀ ਤਹਿਸੀਲਾਂ ਵਿਚ ਵਸਾਇਆ ਗਿਆ। ਸੁਲਤਾਨਪੁਰ ਦੇ ਦੇਹਾਤੀ ਇਲਾਕਿਆਂ ਵਿਚੋਂ ਬਹੁਤ ਸਾਰੇ ਮੁਸਲਮਾਨ ਉਜੜ ਕੇ ਪਾਕਿਸਤਾਨ ਗਏ ਸਨ। ਕੁਝ ਹੋਰ ਲਾਹੌਰੀਆਂ ਸ਼ਰਨਾਰਥੀਆਂ ਨੂੰ ਜਲੰਧਰ ਜ਼ਿਲ੍ਹੇ ਦੀ ਨਕੋਦਰ ਤਹਿਸੀਲ ਵਿਚ ਵੀ ਵਸਾਇਆ ਗਿਆ।

ਲਾਹੌਰ ਜ਼ਿਲ੍ਹੇ ਦੀਆਂ ਕਸੂਰ ਅਤੇ ਚੂਨੀਆਂ ਤਹਿਸੀਲਾਂ ਦੇ ਦੇਹਾਤੀ ਹਿੰਦੂ ਅਤੇ ਸਿੱਖ ਆਪਣੇ ਘਰਾਂ ਤੋਂ ਉਜੜ ਕੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਨਹੀਂ ਦਾਖਲ ਹੋਏ। ਉਨ੍ਹਾਂ ਨੇ ਬਰਾਸਤਾ ਗੰਡਾ ਸਿੰਘ ਵਾਲਾ ਅਤੇ ਹੁਸੈਨੀਵਾਲਾ, ਫਿਰੋਜ਼ਪੁਰ ਜ਼ਿਲ੍ਹੇ ਵਿਚ ਪ੍ਰਵੇਸ਼ ਕੀਤਾ। ਫਿਰੋਜ਼ਪੁਰ ਵਿਚੋਂ ਤਕਰੀਬਨ ਚਾਰ ਲੱਖ ਮੁਸਲਮਾਨ ਪਾਕਿਸਤਾਨ ਗਏ ਸਨ। ਉਨ੍ਹਾਂ ਦੀ ਥਾਂ ਸਿੱਖਾਂ ਅਤੇ ਹਿੰਦੂਆਂ ਨੂੰ ਵਸਾਇਆ ਗਿਆ। ਬਹੁਤੇ ਸ਼ਰਨਾਰਥੀ ਜ਼ੀਰਾ ਅਤੇ ਮੁਕਤਸਰ ਤਹਿਸੀਲਾਂ ਵਿਚ ਵਸਾਏ ਗਏ। ਕੁਝ ਫਿਰੋਜ਼ਪੁਰ, ਫਾਜ਼ਿਲਕਾ, ਗੁਰੂ ਹਰਸਹਾਏ ਅਤੇ ਜਲਾਲਾਬਾਦ ਵਿਚ ਵਸਾਏ ਗਏ। ਸਭ ਤੋਂ ਘੱਟ ਮੋਗਾ ਤਹਿਸੀਲ (ਜਿਥੇ ਵਧੇਰੇ ਵਸੋਂ ਸਿੱਖਾਂ ਦੀ ਸੀ) ਵਿਚ ਵਸਾਏ ਗਏ। ਇਸ ਤਰ੍ਹਾਂ ਲਾਹੌਰ ਜ਼ਿਲ੍ਹੇ ਦੇ ਦੇਹਾਤੀ ਹਿੰਦੂ ਅਤੇ ਸਿੱਖ ਅੰਮ੍ਰਿਤਸਰ, ਕਪੂਰਥਲਾ ਅਤੇ ਫਿਰੋਜ਼ਪੁਰ ਵਿਚ ਵਸਾ ਦਿੱਤੇ ਗਏ। ਸਿਆਲਕੋਟ ਜ਼ਿਲ੍ਹੇ ਦੇ ਦੇਹਾਤੀ ਹਿੰਦੂ ਅਤੇ ਸਿੱਖ ਵੀ ਤਕਰੀਬਨ ਅੰਮ੍ਰਿਤਸਰੀਆਂ ਦੇ ਨਾਲ ਹੀ ਭਾਰਤੀ ਸਰਹੱਦ ਵਿਚ ਪ੍ਰਵੇਸ਼ ਕਰ ਗਏ ਸਨ। ਉਨ੍ਹਾਂ ਨੂੰ ਗੁਰਦਾਸਪੁਰ, ਭੁਲੱਥ (ਤਹਿਸੀਲ ਕਪੂਰਥਲਾ) ਅਤੇ ਦਸੂਹਾ (ਤਹਿਸੀਲ ਹੁਸ਼ਿਆਰਪੁਰ) ਵਿਚ ਵਸਾਇਆ ਗਿਆ। ਲਾਇਲਪੁਰ ਅਤੇ ਮਿੰਟਗੁਮਰੀ ਦੇ ਦੇਹਾਤੀ ਹਿੰਦੂ ਅਤੇ ਸਿੱਖ ਸ਼ਰਨਾਰਥੀ ਪੰਜਾਬ ਦੇ ਸਾਰਿਆਂ ਹੀ ਜ਼ਿਲ੍ਹਿਆਂ ਵਿਚ ਥੋੜ੍ਹੇ-ਥੋੜ੍ਹੇ ਕਰ ਕੇ ਵਸਾ ਦਿੱਤੇ ਗਏ।

ਹੁਣ ਗੱਲ ਕਰਦੇ ਹਾਂ ਪੰਜਾਬੀ ਤਹਿਜ਼ੀਬ ਅਤੇ ਸਭਿਆਚਾਰ ਦੀ ਜ਼ਿੰਦ-ਜਾਨ, ਸ਼ਹਿਰ ਲਾਹੌਰ ਦੇ ਹਿੰਦੂ ਅਤੇ ਸਿੱਖ ਸ਼ਰਨਾਰਥੀਆਂ ਦੀ। ਅੰਮ੍ਰਿਤਸਰ, ਲਾਹੌਰ ਨਾਲੋਂ ਬਹੁਤ ਛੋਟਾ ਸੀ। ਅੰਮ੍ਰਿਤਸਰ ਤੋਂ ਤਕਰੀਬਨ ਦੋ ਲੱਖ ਸ਼ਹਿਰੀ ਮੁਸਲਮਾਨ, ਲਾਹੌਰ ਵੱਲ ਕੂਚ ਕਰ ਗਏ। ਉਨ੍ਹਾਂ ਦੀ ਥਾਂ ਤਕਰੀਬਨ ਸਾਢੇ ਤਿੰਨ ਲੱਖ ਸ਼ਹਿਰੀ ਹਿੰਦੂ ਅਤੇ ਸਿੱਖ ਲਾਹੌਰ ਤੋਂ ਅੰਮ੍ਰਿਤਸਰ ਆ ਗਏ। ਇਹ ਸ਼ਹਿਰ ਇੰਨੀ ਵਸੋਂ ਨੂੰ ਸਾਂਭ ਨਹੀਂ ਸੀ ਸਕਦਾ। ਲਾਹੌਰ ਦੀ ਸਕਾਫ਼ਤ ਪੰਜਾਬ ਦੀ ਸਕਾਫ਼ਤ ਦੀ ਅਜਿਹੀ ਵੰਨਗੀ ਸੀ ਜਿਸ ਨੂੰ ਨਾ ਸਾਂਭਣਾ ਪੰਜਾਬੀ ਤਹਿਜ਼ੀਬ ਨਾਲ ਧਰੋਹ ਸੀ ਜੋ ਸਾਡੇ ਮੁੜ ਵਸੇਬੇ ਦੇ ਅਧਿਕਾਰੀ ਬੇਧਿਆਨੀ ਵਿਚ ਕਰ ਗਏ।

ਦਰਅਸਲ ਤੀਹ ਲੱਖ ਸਿੱਖ ਤੇ 65 ਲੱਖ ਹਿੰਦੂ ਸ਼ਰਨਾਰਥੀ ਪਾਕਿਸਤਾਨੀ ਪੰਜਾਬ ਅਤੇ ਉਤਰ ਪੱਛਮੀ ਸਰਹੱਦੀ ਸੂਬਾ ਛੱਡ ਕੇ ਭਾਰਤੀ ਪੰਜਾਬ ਵਿਚ ਆਏ ਸਨ। ਉਨ੍ਹਾਂ ਦੀ ਬੋਲੀ ਅਤੇ ਸਭਿਆਚਾਰ ਨੂੰ ਸਾਂਭਣ ਵਾਸਤੇ ਜ਼ਰੂਰੀ ਸੀ ਕਿ ਉਨ੍ਹਾਂ ਸਭ ਦਾ ਮੁੜ ਵਸੇਬਾ ਪੂਰਬੀ ਪੰਜਾਬ ਵਿਚ ਹੀ ਕੀਤਾ ਜਾਂਦਾ ਅਤੇ ਉਨ੍ਹਾਂ ਦੇ ਵੱਡੇ-ਵੱਡੇ ਸਮੂਹ ਇਕ ਥਾਂ ਵਸਾਏ ਜਾਂਦੇ; ਅਲਬੱਤਾ ਇੰਜ ਹੋ ਨਹੀਂ ਸਕਿਆ। ਕਈ ਸ਼ਹਿਰੀ ਹਿੰਦੂ ਅਤੇ ਸਿੱਖ ਪੰਜਾਬ ਤੋਂ ਬਾਹਰ ਦਿੱਲੀ, ਮੇਰਠ, ਗਾਜ਼ੀਆਬਾਦ, ਆਗਰਾ, ਲਖਨਊ, ਬਰੇਲੀ, ਕਾਨਪੁਰ, ਅਲਾਹਾਬਾਦ, ਬਨਾਰਸ, ਕਲਕੱਤਾ (ਹੁਣ ਕੋਲਕਾਤਾ), ਭੋਪਾਲ, ਇੰਦੌਰ, ਗਵਾਲੀਅਰ, ਜੱਬਲਪੁਰ, ਰਾਏਪੁਰ, ਨਾਗਪੁਰ, ਜੈਪੁਰ, ਅਲਵਰ, ਮੁੰਬਈ, ਪੂਨਾ ਅਤੇ ਹੋਰ ਥਾਂਈਂ ਵਸਾ ਦਿੱਤੇ ਗਏ। ਕਈ ਸ਼ਹਿਰ ਅਜਿਹੇ ਸਨ ਜਿਥੇ ਪੰਜਾਬੀ ਬੋਲਣ ਵਾਲੇ ਲੋਕ ਬੜੇ ਹੀ ਘੱਟ ਸਨ। ਨਾ ਮੁੜ ਵਸੇਬੇ ਦੇ ਅਧਿਕਾਰੀਆਂ ਨੂੰ ਇਸ ਦਾ ਅਹਿਸਾਸ ਹੋਇਆ ਕਿ ਉਹ ਇਨ੍ਹਾਂ ਦੀ ਬੋਲੀ ਅਤੇ ਸਭਿਆਚਾਰ ਦਾ ਸਦਾ ਲਈ ਗਲ ਘੁੱਟ ਰਹੇ ਹਨ; ਨਾ ਹੀ ਸ਼ਰਨਾਰਥੀਆਂ ਦੀ ਪੇਸ਼ੀਨਗੋਈ ਸੀ ਕਿ ਉਨ੍ਹਾਂ ਦਾ ਬੋਲਣ-ਚਲਣ ਅਤੇ ਵਿਚਰਨ ਦਾ ਤੌਰ ਤਰੀਕਾ ਸਦਾ ਲਈ ਖ਼ਤਮ ਹੋ ਜਾਵੇਗਾ। ਹੋਇਆ ਇੰਜ ਕਿ ਜਿੱਥੋਂ ਕਿੱਥੋਂ ਥੋੜ੍ਹੇ ਬਹੁਤ ਮੁਸਲਮਾਨ ਨਕਲੇ-ਮਕਾਨੀ ਕਰ ਕੇ ਪਾਕਿਸਤਾਨ ਗਏ, ਉਥੇ ਪੰਜਾਬੀ ਸ਼ਹਿਰੀ ਵਸਾ ਦਿੱਤੇ ਗਏ।



*ਲਾਹੌਰ ਦਾ ਕਿਲਾ*

ਲਾਹੌਰ ਜਿਸ ਦੀ ਹਰ ਅਦਾ ਵਿਚ ਨਫਾਸਤ ਸੀ, ਅੰਦਾਜ਼ ਸੀ, ਰਈਸੀ ਸੀ, ਰੋਹਬ ਸੀ ਤੇ ਨਜ਼ਾਕਤ ਸੀ, ਉਸ ਸ਼ਹਿਰ ਦੇ ਲੁੱਟੇ-ਪੁੱਟੇ ਲੋਕਾਂ ਨੂੰ ਪੂਰਬੀ ਪੰਜਾਬ ਦੀ ਹਦੂਦ ਵਿਚ ਵਸਾਉਣਾ ਸਾਡਾ ਸਭ ਦਾ ਫਰਜ਼ ਸੀ, ਪਰ ਉਨ੍ਹਾਂ ਨੂੰ ਵਸਾਵਣ ਵਿਚ ਅਸੀਂ ਪੂਰੀ ਤਰ੍ਹਾਂ ਨਾਕਾਮ ਰਹੇ। ਲਾਹੌਰ ਦੀ ਸਕਾਫ਼ਤ ਗੁਆਂਢੀ ਜ਼ਿਲ੍ਹਿਆਂ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫਿਰੋਜ਼ਪੁਰ ਸ਼ਹਿਰ ਨਾਲ ਕਾਫ਼ੀ ਹੱਦ ਤਕ ਮਿਲਦੀ-ਜੁਲਦੀ ਸੀ। ਲਾਹੌਰ ਦੇ ਸ਼ਹਿਰੀ ਬਾਸ਼ਿੰਦਿਆਂ ਨੂੰ ਅੰਮ੍ਰਿਤਸਰ, ਬਟਾਲਾ, ਤਰਨ ਤਾਰਨ, ਜੰਡਿਆਲਾ, ਗੁਰਦਾਸਪੁਰ, ਕਪੂਰਥਲਾ, ਫਿਰੋਜ਼ਪੁਰ ਅਤੇ ਜਲੰਧਰ ਵਿਚ ਹੀ ਵਸਾਇਆ ਜਾਣਾ ਚਾਹੀਦਾ ਸੀ; ਲੇਕਿਨ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਦਿੱਲੀ ਵਿਚ ਵਸਾਇਆ ਗਿਆ। ਦਿੱਲੀ ਵਿਚ ਉਨ੍ਹਾਂ ਵਾਸਤੇ ਪਟੇਲ ਨਗਰ, ਕਰੋਲ ਬਾਗ ਅਤੇ ਵਿਨੇ ਨਗਰ ਵਰਗੀਆਂ ਨਵੀਆਂ ਕਲੋਨੀਆਂ ਬਣਾਈਆਂ ਗਈਆਂ। ਇਹ ਕਲੋਨੀਆਂ ਅੰਮ੍ਰਿਤਸਰ ਵਿਚ ਵੀ ਤਾਂ ਬਣ ਸਕਦੀਆਂ ਸਨ।



*ਪੰਜਾਬ ਯੂਨੀਵਰਸਿਟੀ, ਲਾਹੌਰ*

ਲਾਹੌਰ ਦੀ ਫਿਲਮੀ ਸਨਅਤ ਨਾਲ ਵਾਬਸਤਾ ਸ਼ਖ਼ਸੀਅਤਾਂ ਤਾਂ 1940 ਤੋਂ ਹੀ ਮੁੰਬਈ ਵੱਲ ਕੂਚ ਕਰ ਰਹੀਆਂ ਸਨ। ਅਗਸਤ 1947 ਵਿਚ ਲਾਹੌਰੋਂ ਉਜੜੇ ਫਿਲਮੀ ਸਨਅਤ ਨਾਲ ਜੁੜੇ ਸ਼ਰਨਾਰਥੀ, ਬਹੁਤ ਥੋੜ੍ਹੇ ਅਰਸੇ ਵਾਸਤੇ ਹੀ ਅੰਮ੍ਰਿਤਸਰ ਰਹੇ। ਉਹ ਸਦਮੇ ਵਿਚੋਂ ਜਿਉਂ ਹੀ ਨਿਕਲੇ, ਉਨ੍ਹਾਂ ਨੇ ਮੁੰਬਈ ਵੱਲ ਚਾਲੇ ਪਾ ਲਏ। ਕਿਸੇ ਨੇ ਮੁੜ ਵਸੇਬੇ ਵਾਸਤੇ ਅਰਜ਼ੀ ਨਹੀਂ ਦਿੱਤੀ। ਅਰਜ਼ੀਆਂ ਦਿੰਦੇ ਵੀ ਤਾਂ ਕੁਝ ਨਹੀਂ ਸੀ ਬਣਨਾ। ਮੁੰਬਈ ਤੋਂ ਕੋਈ ਟਾਵਾਂ-ਟੱਲਾ ਹੀ ਕਰਾਚੀ ਜਾਂ ਲਾਹੌਰ ਗਿਆ ਸੀ।

ਪੰਜਾਬੀ ਫਿਲਮੀ ਹਸਤੀਆਂ ਨੇ ਮੁੰਬਈ ਵਿਚ ਆਪੋ-ਆਪਣੇ ਕਸਬ ਵਿਚ ਕੰਮ ਭਾਲ ਲਿਆ। ਰਜਿੰਦਰ ਕ੍ਰਿਸ਼ਨ, ਨਕਸ਼ ਲਾਇਲਪੁਰੀ, ਕਮਰ ਜਲਾਲਾਬਾਦੀ, ਅਜ਼ੀਜ਼ ਕਸ਼ਮੀਰੀ, ਮੁਲਖ ਰਾਜ ਭਾਖਰੀ ਅਤੇ ਮਨੋਹਰ ਸਿੰਘ ਸਹਿਰਾਈ ਜਿਹੇ ਸ਼ਾਇਰਾਂ ਨੇ ਫਿਲਮਾਂ ਵਾਸਤੇ ਗੀਤ ਲਿਖਣੇ ਸ਼ੁਰੂ ਕਰ ਦਿੱਤੇ; ਕਿਸੇ ਅੱਗੇ ਹੱਥ ਨਹੀਂ ਅੱਡੇ। ਰਾਜਿੰਦਰ ਸਿੰਘ ਬੇਦੀ ਜਿਹਿਆਂ ਨੇ ਫਿਲਮੀ ਕਹਾਣੀਆਂ ਦੀ ਰਚਨਾ ਕੀਤੀ। ਅਦਾਕਾਰ ਪ੍ਰਾਣ, ਕੰਵਰ ਨਿਰੰਜਨ ਸਿੰਘ ਅਤੇ ਕੁਲਦੀਪ ਕੌਰ ਨੇ ਖਲਨਾਇਕਾਂ ਦੀ

*(ਬਾਕੀ ਅਗਲੇ ਸਫੇ 'ਤੇ)*

ਭੂਮਿਕਾ ਵਿਚੋਂ ਰੋਜ਼ੀ-ਰੋਟੀ ਕਮਾਉਣੀ ਸ਼ੁਰੂ ਕਰ ਦਿੱਤੀ। ਓਮ ਪ੍ਰਕਾਸ਼, ਮਜਨੂੰ, ਆਈ.ਐਸ. ਜੌਹਰ, ਸੁੰਦਰ, ਖ਼ਰਾਇਤੀ ਭੈਂਗਾ, ਗੋਪਾਲ ਸਹਿਗਲ ਅਤੇ ਰਮੇਸ਼ ਠਾਕੁਰ ਹਾਸਰਸ ਕਲਾਕਾਰ ਬਣ ਗਏ। ਕਾਮਿਨੀ ਕੌਸ਼ਲ ਅਤੇ ਬੀਨਾ ਰਾਏ ਸਿਰਕੱਢਵੀਆਂ ਅਦਾਕਾਰ ਬਣ ਗਈਆਂ। ਕਰਨ ਦੀਵਾਨ, ਅਮਰਨਾਥ, ਦਲਜੀਤ ਜਿਹੇ ਹੀਰੋ ਬਣ ਗਏ। ਹੰਸ ਰਾਜ ਬਹਿਲ, ਵਿਨੋਦ, ਸਰਦੂਲ ਸਿੰਘ ਕਵਾਤੜਾ,




*ਅੰਮ੍ਰਿਤਾ ਤੇ ਇਮਰੋਜ਼*

ਐਸ ਮੁਹਿੰਦਰ, ਓ.ਪੀ. ਨਈਅਰ, ਮਦਨ ਮੋਹਨ ਆਦਿ ਸੰਗੀਤ ਨਿਰਦੇਸ਼ਕ ਬਣ ਗਏ। ਹੌਲੀ-ਹੌਲੀ ਲਾਹੌਰ ਤੋਂ ਆਏ ਪੰਜਾਬੀ, ਫਿਲਮ ਨਗਰੀ ਮੁੰਬਈ ਦੀ ਸ਼ਾਨ ਬਣ ਗਏ। ਫਿਰ ਪਹਿਲੀ ਪੀੜ੍ਹੀ ਹੌਲੀ-ਹੌਲੀ ਖ਼ਤਮ ਹੁੰਦੀ ਗਈ। ਦੂਜੀ ਪੀੜ੍ਹੀ ਦੀ ਪੰਜਾਬੀ ਓਪਰੀ ਜਿਹੀ ਹੋ ਗਈ। ਤੀਜੀ ਪੀੜ੍ਹੀ ਪੰਜਾਬੀ ਬੋਲਦੀ ਹੀ ਨਹੀਂ। ਜੇ ਨੁਕਸਾਨ ਹੋਇਆ ਤਾਂ ਪੰਜਾਬੀ ਦਾ ਹੀ ਹੋਇਆ।

ਇਕ ਅੰਦਾਜ਼ੇ ਅਨੁਸਾਰ ਚਾਲੀ ਕੁ ਹਜ਼ਾਰ ਲਾਹੌਰੀਏ ਹਿੰਦੂ ਅਤੇ ਸਿੱਖ ਸ਼ਹਿਰੀ ਅੰਮ੍ਰਿਤਸਰ ਵਿਚ ਵਸ ਸਕੇ, ਪੰਜ ਹਜ਼ਾਰ ਕਪੂਰਥਲਾ ਵਿਚ, ਦਸ-ਦਸ ਹਜ਼ਾਰ ਫਿਰੋਜ਼ਪੁਰ ਅਤੇ ਜਲੰਧਰ ਵਿਚ ਵਸਾਏ ਗਏ। ਇਸੇ ਤਰ੍ਹਾਂ ਪੰਜ ਹਜ਼ਾਰ ਹੁਸ਼ਿਆਰਪੁਰ, ਦਸ ਹਜ਼ਾਰ ਲੁਧਿਆਣੇ ਦੇ ਹਿੱਸੇ ਆਏ ਅਤੇ ਵੀਹ ਹਜ਼ਾਰ ਬਾਕੀ ਪੰਜਾਬ ਵਿਚ ਯਾਨਿ ਪਟਿਆਲਾ, ਅੰਬਾਲਾ, ਕਰਨਾਲ, ਪਾਣੀਪਤ, ਜਗਾਧਰੀ, ਯਮੁਨਾਨਗਰ ਆਦਿ ਵਿਚ ਵਸਾਏ ਗਏ। ਇੰਜ ਕੁਲ ਮਿਲਾ ਕੇ ਤਕਰੀਬਨ ਇਕ ਲੱਖ ਲਾਹੌਰੀਏ ਹੀ ਪੰਜਾਬ ਵਿਚ ਵੱਸ ਸਕੇ। ਦਿੱਲੀ ਦੇ ਹਿੱਸੇ ਸਭ ਤੋਂ ਵੱਧ ਗਿਣਤੀ ਯਾਨਿ ਤਕਰੀਬਨ ਡੇਢ ਲੱਖ ਲਾਹੌਰੀਏ (ਹਿੰਦੂ ਅਤੇ ਸਿੱਖ) ਆਏ। ਬਾਕੀ ਦੇ ਇਕ ਲੱਖ ਲਾਹੌਰੀਏ ਭਾਰਤ ਵਿਚ ਹੋਰ ਥਾਂਈਂ ਵਸਾਏ ਗਏ। ਸਭ ਤੋਂ ਪਹਿਲਾਂ ਲਾਹੌਰੀ ਪੰਜਾਬੀ ਦਾ ਖ਼ਾਤਮਾ ਬਾਕੀ ਭਾਰਤ ਵਿਚ ਹੋਵੇਗਾ।

ਮਸ਼ਹੂਰ ਲਿਖਾਰੀ ਖੁਸ਼ਵੰਤ ਸਿੰਘ ਕਈ ਵਾਰੀ ਲਿਖ ਚੁੱਕੇ ਹਨ ਕਿ 1947 ਤੋਂ 1980 ਤਾਈਂ ਉਹ ਜਦੋਂ ਵੀ ਖਾਨ ਮਾਰਕਿਟ ਦਿੱਲੀ ਵਿਚ ਖਰੀਦ-ਓ-ਫਰੋਖ਼ਤ ਜਾਂ ਗੱਪਾਂ ਮਾਰਨ ਜਾਂਦੇ ਸਨ ਤਾਂ ਉਥੇ ਸਾਰੇ ਹੀ ਦੁਕਾਨਦਾਰ ਲਾਹੌਰੀ ਬੋਲਦੇ ਸਨ। 1980 ਤੋਂ ਬਾਅਦ ਜੋ ਦੁਕਾਨਦਾਰ ਚਲਾਣਾ ਕਰ ਗਏ, ਉਨ੍ਹਾਂ ਦੇ ਪੁੱਤਰ ਪੋਤਰੇ ਓਨੀ ਚੰਗੀ ਪੰਜਾਬੀ ਬੋਲਣ ਦੇ ਕਾਬਿਲ ਨਹੀਂ ਸਨ। ਸੰਨ 2000 ਤੱਕ ਪੁੱਜਦਿਆਂ ਲਾਹੌਰੀ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਅੱਧੀ ਵੀ ਨਹੀਂ ਰਹਿ ਗਈ। ਜੋ ਹਾਲ ਲਾਹੌਰੀ ਪੰਜਾਬੀ ਦਾ ਦਿੱਲੀ ਵਿਚ ਹੋ ਰਿਹਾ ਹੈ, ਬਾਕੀ ਭਾਰਤ ਵਿਚ ਹਾਲ ਇਸ ਤੋਂ ਵੀ ਭੈੜਾ ਹੈ। ਪੂਰਬੀ ਪੰਜਾਬ ਵਿਚ ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜ਼ਪੁਰ, ਕਪੂਰਥਲਾ ਅਤੇ ਜਲੰਧਰ ਵਿਚ ਅਜੇ ਵੀ ਲਾਹੌਰੀ ਪੰਜਾਬੀ ਵਿਚ



*ਲਾਹੌਰ ਦਾ ਵਿਰਾਟ ਦ੍ਰਿਸ਼*

ਸ਼ਬਾਬ ਹੈ। ਅੰਮ੍ਰਿਤਸਰ ਵਿਚ ਲਾਹੌਰੀ ਪੰਜਾਬੀ ਮੁਕਾਮੀ ਸ਼ਹਿਰੀਆਂ ਨਾਲ ਇਕ-ਮਿਕ ਹੋ ਗਏ। ਫਿਰੋਜ਼ਪੁਰ ਸ਼ਹਿਰ ਵਿਚ ਤਾਂ ਕਈ ਕਹਿੰਦੇ ਹਨ ਕਿ ਹਰ ਤੀਜਾ ਸ਼ਹਿਰੀ ਲਾਹੌਰੀਆ ਹੈ। ਜਲੰਧਰ ਦੀ 1947 ਵਿਚ ਆਬਾਦੀ ਕੋਈ ਇਕ ਲੱਖ ਸੀ, ਜਿਨ੍ਹਾਂ 'ਚੋਂ 60 ਹਜ਼ਾਰ ਤੋਂ ਵੱਧ ਮੁਸਲਮਾਨ ਸਨ। ਉਨ੍ਹਾਂ ਦੀ ਥਾਂ 'ਤੇ ਸਿਆਲਕੋਟ, ਸ਼ੇਖ਼ੂਪੁਰਾ, ਲਾਹੌਰ, ਗੁਜਰਾਂਵਾਲਾ, ਰਾਵਲਪਿੰਡੀ ਅਤੇ ਹੋਰ ਸ਼ਹਿਰਾਂ ਤੋਂ ਆ ਕੇ ਲੋਕ ਵਸ ਗਏ ਹਨ। ਕਪੂਰਥਲਾ ਅਤੇ ਜਲੰਧਰ ਸ਼ਹਿਰਾਂ ਦੀ ਅੱਜਕੱਲ੍ਹ ਦੀ ਬੋਲੀ ਦੁਆਬੀ ਨਹੀਂ, ਬਲਕਿ ਸਿਆਲਕੋਟੀ ਅਤੇ ਲਾਹੌਰੀ ਹੈ।

ਜਲੰਧਰ ਅੱਜਕੱਲ੍ਹ ਮੀਡੀਏ ਦਾ ਸ਼ਹਿਰ ਬਣ ਚੁੱਕਿਆ ਹੈ। ਆਕਾਸ਼ਵਾਣੀ ਅਤੇ ਦੂਰਦਰਸ਼ਨ ਸਟੇਸ਼ਨ ਇਸੇ ਸ਼ਹਿਰ ਵਿਚ ਹਨ। ਜਿਹੜੀ ਪੰਜਾਬੀ ਜਲੰਧਰ ਤੋਂ ਨਸ਼ਰ ਕੀਤੀ ਜਾਂਦੀ ਹੈ, ਅੱਜ ਉਹ ਸਾਰੇ ਪੰਜਾਬ ਵਿਚ ਪੁੱਜ ਰਹੀ ਹੈ। ਜੋ ਤਰੱਕੀ ਪੰਜਾਬੀ ਨੇ ਜਲੰਧਰ ਵਿਚ ਪਿਛਲੇ 65 ਸਾਲਾਂ ਤੋਂ ਕੀਤੀ ਹੈ, ਉਸ ਦੀ ਖੁਸ਼ਬੂ ਸਾਰੇ ਪੰਜਾਬ ਵਿਚ ਖਿਲਰ ਰਹੀ ਹੈ। ਲਾਹੌਰੀ ਅਤੇ ਸਿਆਲਕੋਟੀ (ਕੇਂਦਰੀ ਪੰਜਾਬੀ) ਦਾ ਜੋ ਬੋਲਬਾਲਾ ਜਲੰਧਰ ਵਿਚ ਹੈ, ਉਹ ਸਾਰੇ ਪੰਜਾਬ ਵਿਚ ਬੋਲਣ ਵਾਲੀ ਪੰਜਾਬੀ ਦਾ ਮਾਰਗ ਦਰਸ਼ਕ ਬਣ ਚੁੱਕਿਆ ਹੈ। ਜਲੰਧਰ, ਪੰਜਾਬੀ ਪ੍ਰੈਸ ਦਾ ਵੀ ਕੇਂਦਰ ਹੈ। ਚੰਗੀ ਗੱਲ ਹੈ ਕਿ 'ਅਜੀਤ' ਵਰਗੀ ਅਖਬਾਰ ਵਿਚ ਗੂੜ੍ਹੀ ਸੰਸਕ੍ਰਿਤ ਦਾ ਬੋਲਬਾਲਾ ਨਹੀਂ। ਇਸ ਅਖ਼ਬਾਰ ਵਿਚ ਪਾਕਿਸਤਾਨੀ ਲਿਖਾਰੀਆਂ ਦੇ ਕਈ ਲੇਖ ਬਗੈਰ ਛੇੜ-ਛਾੜ ਦੇ ਛਾਪੇ ਜਾਂਦੇ ਹਨ।

ਹੁਣ ਪਾਕਿਸਤਾਨ ਨਾਲ ਪੂਰਬੀ ਪੰਜਾਬ ਦਾ ਵਪਾਰ ਵਧ ਰਿਹਾ ਹੈ। ਵਪਾਰ ਦੇ ਨਾਲੋ ਨਾਲ ਹੀ ਸਕਾਫ਼ਤੀ ਲੈਣ-ਦੇਣ ਵਧੇਗਾ। ਦੋਹਾਂ ਪੰਜਾਬਾਂ ਦੇ ਬੁੱਧਜੀਵੀ ਆਪਸ ਵਿਚ ਮਿਲਣਗੇ। ਅਫ਼ਸੋਸ ਕਿ ਰੇਡੀਓ ਪਾਕਿਸਤਾਨ ਲਾਹੌਰ ਅਤੇ ਪਾਕਿਸਤਾਨ ਟੈਲੀਵਿਜ਼ਨ ਲਾਹੌਰ ਉਪਰ ਹੁਣ ਪੰਜਾਬੀ ਬੋਲੀ ਦਾ ਬੋਲਬਾਲਾ ਨਹੀਂ। ਪਾਕਿਸਤਾਨੀ ਪੰਜਾਬ ਦੇ ਮੰਦੇ ਭਾਗਾਂ ਨੂੰ ਪੰਜਾਬੀ ਨੂੰ ਤਰਕ ਕਰ ਕੇ ਉਰਦੂ ਨੂੰ ਫਰੋਖ਼ ਦੇਣਾ ਸ਼ੁਰੂ ਕਰ ਦਿੱਤਾ ਹੈ। ਲਾਹੌਰ ਦਾ ਪੜ੍ਹਿਆ ਲਿਖਿਆ ਅਨਸਰ ਹੁਣ ਪੰਜਾਬੀ ਦੀ ਬਨਿਸਬਤ ਉਰਦੂ ਵਿਚ ਗੱਲ ਕਰਨ ਨੂੰ ਤਰਜੀਹ ਦਿੰਦਾ ਹੈ। ਇਹ ਰੁਝਾਨ ਬੜਾ ਮੰਦਭਾਗਾ ਹੈ। ਚਾਹੀਦਾ ਤਾਂ ਇਹ ਸੀ ਕਿ ਅਸੀਂ ਪਾਕਿਸਤਾਨ ਰੇਡੀਓ ਅਤੇ ਟੈਲੀਵਿਜ਼ਨ ਰਾਹੀਂ ਆਪਣੇ ਬਾਲਾਂ ਅਤੇ ਵਿਦਿਆਰਥੀਆਂ ਨੂੰ ਮਿਆਰੀ ਪੰਜਾਬੀ ਸਿਖਾਉਂਦੇ; ਪਰ ਜਾਪਦਾ ਹੈ ਕਿ ਹੁਣ ਸਮਾਂ ਆ ਗਿਆ ਹੈ, ਜਦੋਂ ਆਕਾਸ਼ਵਾਣੀ ਜਲੰਧਰ ਅਤੇ ਜਲੰਧਰ ਦੂਰਦਰਸ਼ਨ ਤੋਂ ਨਸ਼ਰ ਹੁੰਦੀ ਪੰਜਾਬੀ ਦੀ ਪਹੁੰਚ ਅਸੀਂ ਆਪਣੀ ਜਾਨਿਬ ਤੋਂ ਪਾਕਿਸਤਾਨ ਤਾਈਂ ਕਰੀਏ। ਅੰਮ੍ਰਿਤਸਰ, ਫਾਜ਼ਿਲਕਾ, ਫਿਰੋਜ਼ਪੁਰ ਅਤੇ ਗੁਰਦਾਸਪੁਰ ਵਿਚ ਰੇਡੀਓ ਅਤੇ ਟੈਲੀਵਿਜ਼ੀਨ ਦੇ ਬੜੇ ਸ਼ਕਤੀਸ਼ਾਲੀ ਟਰਾਂਸਮੀਟਰ ਲੱਗ ਰਹੇ ਹਨ। ਇਨ੍ਹਾਂ ਦੀ ਪਹੁੰਚ ਪਾਕਿਸਤਾਨ 'ਚ ਦੂਰ ਤੱਕ ਹੋਵੇਗੀ। ਇਨ੍ਹਾਂ ਯੰਤਰਾਂ ਰਾਹੀਂ ਅਸੀਂ ਪਾਕਿਸਤਾਨੀ ਪੰਜਾਬ ਤਾਈਂ ਪੰਜਾਬੀ ਬੋਲੀ ਅਤੇ ਸਭਿਆਚਾਰ ਦਾ ਪ੍ਰਸਾਰ ਪ੍ਰਚਾਰ ਕਰ ਸਕਦੇ ਹਾਂ।

ਅਫਸੋਸ ਦੀ ਗੱਲ ਹੈ ਕਿ 1947 ਵਿਚ ਜਦੋਂ ਸਮਾਂ ਠੀਕ ਸੀ, ਉਸ ਵਕਤ ਅਸੀਂ ਲਾਹੌਰੀ ਅਤੇ ਕੇਂਦਰੀ ਪੰਜਾਬੀ ਦੀ ਪ੍ਰਵਾਹ ਨਹੀਂ ਕੀਤੀ। ਆਪਣੇ ਜਿਗਰ ਦੇ ਟੋਟੇ ਪੰਜਾਬੀਆਂ ਨੂੰ ਜੋ ਪਾਕਿਸਤਾਨ ਤੋਂ ਆਏ ਸਨ, ਉਨ੍ਹਾਂ ਨੂੰ ਅਸੀਂ ਆਪਣੇ ਘਰ ਵਿਚ ਰਹਿਣ ਲਈ ਜਗ੍ਹਾ ਨਹੀਂ ਦੇ ਸਕੇ। ਉਨ੍ਹਾਂ ਨੂੰ ਅਸਾਂ ਗ਼ੈਰ-ਪੰਜਾਬੀ ਭਾਰਤੀ ਸਮੁੰਦਰਾਂ ਵਿਚ ਗੋਤੇ ਖਾਣ ਲਈ ਛੱਡ ਦਿੱਤਾ। ਕਿੰਨੀ ਕੁ ਦੇਰ ਤਾਈਂ ਉਹ ਆਪਣੇ ਅਮੀਰ ਸਭਿਆਚਾਰ ਦੀ ਰੱਖਿਆ ਕਰ ਸਕਣਗੇ। ਆਖਿਰ ਪੰਜਾਬੀ ਨੇ ਬਾਕੀ ਭਾਰਤ ਵਿਚ ਨਹੀਂ ਬਚਣਾ। ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਸਰਹੱਦ ਪਾਰ ਪੰਜਾਬੀ ਵੀਰਾਂ ਨਾਲ ਵਧੇਰੇ ਲੈਣ-ਦੇਣ ਕਰੀਏ। ਪੰਜਾਬ ਵਿਚ ਖਾਸ ਮੇਲੇ ਲਾਏ ਜਾਣ ਜਿਨ੍ਹਾਂ ਵਿਚ ਅਸੀਂ ਉਨ੍ਹਾਂ ਨੂੰ ਬੁਲਾਈਏ ਅਤੇ ਆਪਣੇ ਰੰਗ ਵਿਚ ਦੁਬਾਰਾ ਰੰਗਣ ਦੇ ਯਤਨ ਕਰੀਏ। ਸਾਨੂੰ ਚਾਹੀਦਾ ਏ ਕਿ ਅਸੀਂ ਸਤਿੰਦਰ ਸੱਤੀ, ਜੱਸੀ, ਰਾਧਾ ਸਾਹਨੀ ਅਤੇ ਰਚਨਾ ਜਿਹੀਆਂ ਆਵਾਜ਼ਾਂ ਪਾਕਿਸਤਾਨ ਤਾਈਂ ਪਹੁੰਚਾਈਏ।

# ਕੋਸਟਾ ਰੀਕਾ ਅਤੇ ਕੱਛ ਜ਼ਿਲ੍ਹਾ

## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਕੋਸਟਾ ਰੀਕਾ ਮਧ ਅਮਰੀਕਾ ਦਾ ਇਕ ਛੋਟਾ ਜਿਹਾ ਦੇਸ਼ ਹੈ ਜੋ ਉਤਰ ਵਲੋਂ ਨਿਕਾਰਾਗੂਆ, ਦੱਖਣ ਵਲੋਂ ਪਨਾਮਾ, ਪੂਰਬ ਵਲੋਂ ਪ੍ਰਸ਼ਾਂਤ ਮਹਾਂਸਾਗਰ ਅਤੇ ਪੱਛਮ ਵਲੋਂ ਕੈਰੀਬੀਅਨ ਸਾਗਰ ਨਾਲ ਘਿਰਿਆ ਹੋਇਆ ਹੈ। ਇਹ ਦੇਸ਼ ਕੁਦਰਤੀ ਹੁਸਨ ਨਾਲ ਭਰਪੂਰ ਹੈ। ਇਸ ਦੇ ਜੰਗਲ, ਪਹਾੜ, ਝੀਲਾਂ, ਜਵਾਲਾਮੁਖੀ, ਸਮੁੰਦਰੀ ਤਟ, ਪਾਰਕ, ਪ੍ਰਾਣੀ ਜਗਤ ਦੀ ਵੰਨ ਸੁਵੰਨਤਾ ਇਸ ਨੂੰ ਧਰਤੀ ਦਾ ਸਵਰਗ ਬਣਾਉਂਦੇ ਹਨ। ਪ੍ਰਦੂਸ਼ਣ ਰਹਿਤ ਵਾਤਾਵਰਣ ਕਾਰਨ ਇਹ ਦੁਨੀਆਂ ਦਾ ਪੰਜਵਾਂ ਸ਼ੁਧ ਵਾਤਾਵਰਣ ਵਾਲਾ ਦੇਸ਼ ਹੈ। ਅਮਰੀਕੀ ਮਹਾਦੀਪ ਵਿਚ ਇਸ ਪੱਖੋਂ ਇਹ ਸਭ ਤੋਂ ਉਪਰ ਹੈ। ਅਮਰੀਕੀ ਮਹਾਂਦੀਪ ਦੇ ਹੋਰ ਦੇਸ਼ਾਂ ਦੀ ਤਰ੍ਹਾਂ ਇਹ ਦੇਸ਼ ਵੀ ਆਦਿ ਵਾਸੀਆਂ ਦਾ ਦੇਸ਼ ਸੀ ਜਿਸ ਉਤੇ ਮਧਯੁਗ ਦੌਰਾਨ ਸਾਮਰਾਜੀਆਂ ਨੇ ਕਬਜ਼ਾ ਜਮਾ ਲਿਆ। ਕੋਲੰਬਸ ਵਲੋਂ ਸੋਲ੍ਹਵੀਂ ਸਦੀ ਦੇ ਅਰੰਭ ਵਿਚ 'ਅਮਰੀਕਾ ਦੀ ਖੋਜ' ਨੇ ਇਸ ਖੇਤਰ ਨੂੰ ਸਪੇਨੀ ਗਲਬੇ ਦੇ ਅਧੀਨ ਲਿਆਂਦਾ। ਪਹਿਲਾਂ ਪਹਿਲ ਇਹ ਗੁਆਟੇਮਾਲਾ ਦਾ ਹੀ ਇਕ ਸੂਬਾ ਹੁੰਦਾ ਸੀ। ਉਦੋਂ ਇਹ ਖੇਤਰ ਬਹੁਤ ਗਰੀਬ ਸੀ, ਸਾਮਰਾਜੀ ਯੂਰਪੀਨਾਂ ਨੂੰ ਇਥੇ ਕੋਈ ਆਰਥਕ ਦਿਲਚਸਪੀ ਵਾਲੀ ਗੱਲ ਨਹੀਂ ਦਿਸੀ ਇਸ ਲਈ ਇਸ ਨੂੰ ਬਹੁਤਾ ਨਾ ਗੌਲਿਆ। ਉਨੀਵੀਂ ਸਦੀ ਦੇ ਸ਼ੁਰੂ ਵਿਚ ਇਹ ਸਪੇਨ ਤੋਂ ਸੁਤੰਤਰ ਹੋ ਗਿਆ।

ਕੋਸਟਾ ਰੀਕਾ ਮਧ ਅਮਰੀਕਾ ਦੇ ਸਥਲਡਮਰੂਮਧ 'ਤੇ ਸਥਿਤ ਹੈ। ਬੜਾ ਅਟਪਟਾ ਜਿਹਾ ਸ਼ਬਦ ਹੈ ਸਥਲਡਮਰੂਮਧ, ਪਰ ਮੈਂ ਤਕਨੀਕੀ ਕਾਰਨਾਂ ਕਰਕੇ ਇਸ ਨੂੰ ਵਰਤਣ ਲਈ ਮਜਬੂਰ ਹਾਂ। ਸਮਝੋ ਇਹ ਸਮੁੰਦਰ ਵਿਚ ਵਧੀ ਹੋਈ ਭੋਇੰ ਹੈ ਜਿਸ ਦੀ ਸ਼ਕਲ ਡਮਰੂ ਦੇ ਮਧ ਵਰਗੀ ਫੀਤਾਨੁਮਾ ਹੁੰਦੀ ਹੈ। ਇਸ ਤਰ੍ਹਾਂ ਦੀ ਭੂਗੋਲਿਕ ਸਥਿਤੀ ਦਾ ਇਸ ਦੇਸ਼ ਦੇ ਨਾਂ ਨਾਲ ਸਬੰਧ ਹੈ। ਇਸ ਖਿੱਤੇ ਨੂੰ ਇਹ ਨਾਂ ਸਪੇਨੀਆਂ ਨੇ ਦਿੱਤਾ, ਸ਼ਾਇਦ ਕੋਲੰਬਸ ਨੇ ਹੀ। ਇਹ ਸਪੇਨੀ ਸ਼ਬਦਾਂ ਤੋਂ ਬਣਿਆ ਹੈ। ਸਪੇਨੀ ਭਾਸ਼ਾ ਵਿਚ ਕੋਸਟਾ ਦਾ ਅਰਥ ਹੁੰਦਾ ਹੈ ਕੰਢਾ, ਤੱਟ ਅਤੇ ਰੀਕਾ ਦਾ ਮਤਲਬ ਅਮੀਰ। ਰੀਕਾ ਅੰਗਰੇਜ਼ੀ ਦੇ ਰਿਚ ਸ਼ਬਦ ਦਾ ਸਕਾ ਹੈ ਜਿਸ ਦਾ ਪੰਜਾਬੀ ਰਾਜਾ ਨਾਲ ਵੀ ਰਿਸ਼ਤਾ ਹੈ। ਇਸ ਬਾਰੇ "ਇਕ ਸੀ ਰਾਜਾ" ਵਾਲੇ ਕਾਲਮ ਵਿਚ ਦੱਸਿਆ ਜਾ ਚੁੱਕਾ ਹੈ। ਕੋਸਟਾ ਦਾ ਵੀ ਅੰਗਰੇਜ਼ੀ ਕੋਸਟ ਨਾਲ ਸੁਜਾਤੀ ਰਿਸ਼ਤਾ ਹੈ। ਸਪਸ਼ਟ ਹੈ, ਇਸ ਦੇਸ਼ ਨੂੰ ਇਹ ਨਾਂ ਇਸ ਕਰਕੇ ਮਿਲਿਆ ਕਿ ਇਹ ਦੋ ਸਮੁੰਦਰਾਂ ਦੇ ਤਟ 'ਤੇ ਸਥਿਤ ਹੈ। ਕੋਸਟਾ ਸ਼ਬਦ ਮੂਲ ਵਜੋਂ ਲਾਤੀਨੀ ਹੈ। ਇਸ ਭਾਸ਼ਾ ਵਿਚ ਇਸ ਦਾ ਅਰਥ ਸੀ 'ਪਸਲੀ।' ਮਧਵਰਤੀ ਲਾਤੀਨੀ ਵਿਚ ਇਸ ਦਾ ਅਰਥ ਵਿਕਸਿਤ ਹੋ ਕੇ ਕੰਢਾ, ਤਟ, ਸਾਹਿਲ ਹੋ ਗਿਆ ਕਿਉਂਕਿ ਇਸ ਸ਼ਬਦ ਵਿਚ ਪਾਸੇ ਜਾਂ ਵੱਖੀ ਦਾ ਭਾਵ ਸੀ।

ਤਟਵਰਤੀ ਜ਼ਮੀਨ ਸਮੁੰਦਰ ਜਾਂ ਕਿਸੇ ਵੀ ਪਾਣੀ-ਸਮੂਹ ਦੇ ਪਾਸੇ ਹੀ ਹੁੰਦੀ ਹੈ। ਇਥੋਂ ਇਹ ਰੋਮਨ ਭਾਸ਼ਾਵਾਂ ਜਿਵੇਂ ਇਤਾਲਵੀ ਅਤੇ ਸਪੈਨਿਸ਼ ਵਿਚ ਚਲੇ ਗਿਆ। ਸਪੈਨਿਸ਼ ਵਿਚ ਥੋੜੇ ਧੁਨੀ ਪਰਿਵਰਤਨ ਨਾਲ ਇਸ ਦਾ ਅਰਥ ਪਹਾੜ ਦੀ ਵੱਖੀ ਵੀ ਹੋ ਗਿਆ। ਫਰਾਂਸੀਸੀ ਵਿਚ ਵੀ ਇਸ ਸ਼ਬਦ ਦੇ ਅਰਥ ਪਹਾੜੀ ਦੀ ਵੱਖੀ ਜਾਂ ਢਲਾਣ ਬਣ ਗਏ। ਜਰਮੈਨਿਕ ਭਾਸ਼ਾਵਾਂ ਨੇ ਇਸ ਸ਼ਬਦ ਨੂੰ ਇਥੋਂ ਚੁਕ ਕੇ ਆਪਣੇ ਖੇਮੇ ਵਿਚ ਵਾੜ ਲਿਆ। ਅੰਗਰੇਜ਼ੀ ਵਿਚ ਇਹ ਕੋਸਟ (coast) ਬਣ ਕੇ ਸ਼ਬਦ ਫਰਾਂਸੀਸੀ ਵਲੋਂ ਆਇਆ ਜਿਥੇ ਇਸ ਵਿਚ ਪਸਲੀ, ਵੱਖੀ, ਪਾਸਾ, ਢਲਾਣ ਦੇ ਅਰਥਾਂ ਤੋਂ ਹੋਰ ਅੱਗੇ ਤਟ, ਕੰਢਾ ਵੀ ਬਣ ਚੁੱਕੇ ਸਨ। ਅੰਗਰੇਜ਼ੀ ਵਿਚ ਇਕ ਸ਼ਬਦ ਹੈ accost ਜਿਸ ਦਾ ਮੁਢਲਾ ਅਰਥ ਹੁੰਦਾ ਹੈ, ਦੁਸ਼ਮਣ ਦੇ ਤਟਵਰਤੀ ਇਲਾਕਿਆਂ 'ਤੇ ਧਾਵਾ ਕਰਨਾ, ਟੁੱਟ ਪੈਣਾ। ਵਿਕਸਿਤ ਹੋ ਕੇ ਇਸ ਦਾ ਅਰਥ ਕਿਸੇ ਦੇ ਸਨਮੁਖ ਹੋਣਾ, ਪਹੁੰਚ ਕਰਨਾ ਆਦਿ ਵੀ ਹੋ ਗਏ। ਤੁਸੀਂ ਕਟਲੈਟ ਤਾਂ ਜ਼ਰੂਰ ਖਾਧੇ ਹੋਣਗੇ। ਇਹ ਸ਼ਬਦ ਵੀ ਮੁਢਲੇ ਤੌਰ 'ਤੇ ਲਾਤੀਨੀ ਕੋਸਟਾ ਦੇ ਪਸਲੀ ਵਾਲੇ ਅਰਥ ਤੋਂ ਵਿਕਸਿਤ ਹੋਇਆ। ਇਸ ਵਿਚ ਜਾਨਵਰ ਦੀ ਪਸਲੀ ਨੂੰ ਪਕਵਾਨ ਵਜੋਂ ਵਰਤਣ ਦੇ ਭਾਵ ਦਿਖਾਈ ਦੇ ਰਹੇ ਹਨ। ਇਸ ਸ਼ਬਦ ਦੇ ਨਿਰਮਾਣ ਵਿਚ ਅੰਗਰੇਜ਼ੀ ਕੱਟ ਸ਼ਬਦ ਦਾ ਵੀ ਦਖਲ ਹੈ।

ਖੈਰ, ਕੋਸਟਾ ਰੀਕਾ ਦੇਸ਼ ਦੇ ਨਾਂ ਦਾ ਭਾਰਤ ਦੇ ਇਕ ਖਿੱਤੇ ਦੇ ਨਾਂ ਨਾਲ ਭਾਸ਼ਾਈ ਰਿਸ਼ਤਾ ਹੈ। ਇਹ ਖਿੱਤਾ ਹੈ, ਗੁਜਰਾਤ ਦਾ ਜ਼ਿਲ੍ਹਾ ਕੱਛ। ਇਹ ਸ਼ਾਇਦ ਭਾਰਤ ਦਾ ਸਭ ਤੋਂ ਵੱਡਾ ਜ਼ਿਲ੍ਹਾ ਹੈ। ਕੱਛ ਦਾ ਇਲਾਕਾ ਇਕ ਤਰ੍ਹਾਂ ਦਾ ਟਾਪੂ ਹੀ ਹੈ ਕਿਉਂਕਿ ਇਸ ਦੇ ਪੱਛਮ ਵਿਚ ਅਰਬ ਸਾਗਰ, ਦੱਖਣ ਪੂਰਬੀ ਪਾਸੇ ਕੱਛ ਦੀ ਖਾੜੀ ਅਤੇ ਉਤਰੀ ਤੇ ਪੂਰਬੀ ਭਾਗਾਂ ਵਿਚ ਕੱਛ ਦਾ ਰਣ ਹੈ। ਇਸ ਜ਼ਿਲ੍ਹੇ ਦਾ ਵੱਡਾ ਹਿੱਸਾ ਕੱਛ ਦਾ ਰਣ ਹੀ ਹੈ ਜੋ ਦਲਦਲੀ ਇਲਾਕਾ ਹੈ। ਰਣ ਸੰਸਕ੍ਰਿਤ ਸ਼ਬਦ ਹੈ ਜਿਸ ਦਾ ਅਰਥ ਮਾਰੂਥਲ ਹੁੰਦਾ ਹੈ। ਇਲਾਕੇ ਦਾ ਵੱਡਾ ਹਿੱਸਾ ਲੂਣੀ ਜ਼ਮੀਨ ਨਾਲ ਭਰਿਆ ਰਹਿੰਦਾ ਹੈ। ਮੌਨਸੂਨੀ ਬਰਸਾਤ ਦੇ ਦਿਨਾਂ ਵਿਚ ਇਥੇ ਪਾਣੀ ਹੀ ਪਾਣੀ ਹੁੰਦਾ ਹੈ ਪਰ ਆਮ ਮੌਸਮ ਵਿਚ ਚਾਰੇ ਪਾਸੇ ਰੱਕੜ ਭੋਇੰ ਦਿਖਾਈ ਦਿੰਦੀ ਹੈ। ਇਹ ਇਲਾਕਾ ਪਾਕਿਸਤਾਨ ਦੀ ਸਰਹੱਦ ਨਾਲ ਲਗਦਾ ਹੈ। ਬਹੁਤ ਸਾਰੇ ਪੰਜਾਬੀਆਂ ਨੇ ਇਸ ਰੱਕੜ




ਭੋਇੰ ਨੂੰ ਹਰਿਆ ਭਰਿਆ ਬਣਾਇਆ। ਅੱਜ ਇਨ੍ਹਾਂ ਹੀ ਪੰਜਾਬੀਆਂ ਨੂੰ ਉਥੋਂ ਉਜਾੜਨ ਦੀ ਗੱਲ ਹੋ ਰਹੀ ਹੈ।

ਕੁਝ ਮਿਲੇ ਅਵਸ਼ੇਸ਼ਾਂ ਤੋਂ ਪਤਾ ਲਗਦਾ ਹੈ ਕਿ ਇਥੇ ਸਿੰਧ ਘਾਟੀ ਦੀ ਸਭਿਅਤਾ ਪਨਪੀ ਸੀ। ਸਪੇਨੀ ਕੋਸਟਾ, ਅੰਗਰੇਜ਼ੀ ਕੋਸਟ ਤੇ ਭਾਰਤੀ ਭਾਸਾਵਾਂ ਦਾ ਕੱਛ ਸ਼ਬਦ ਆਪਸ ਵਿਚ ਸੁਜਾਤੀ ਰਿਸ਼ਤਾ ਰਖਦੇ ਹਨ। ਸੰਸਕ੍ਰਿਤ ਵਿਚ ਕੱਛ ਸ਼ਬਦ ਦਾ ਪਹਿਲਾ ਅਰਥ ਕਿਸੇ ਝੀਲ, ਸਾਗਰ ਆਦਿ ਦਾ ਕਿਨਾਰਾ, ਕੰਢਾ ਜਾਂ ਤਟ ਹੀ ਹੈ। ਪਾਣੀ ਕੰਢੇ ਦਾ ਇਲਾਕਾ ਆਮ ਤੌਰ 'ਤੇ ਚਿੱਕੜ ਭਰਿਆ, ਦਲਦਲੀ ਜਿਹਾ ਹੀ ਹੁੰਦਾ ਹੈ, ਇਸ ਲਈ ਇਸ ਸ਼ਬਦ ਦਾ ਅਰਥ ਦਲਦਲ ਵੀ ਹੈ। ਕੱਛ ਜ਼ਿਲੇ ਦੀ ਭਾਸ਼ਾ ਨੂੰ ਕੱਛੀ ਜਾਂ ਕਾਛੀ ਕਿਹਾ ਜਾਂਦਾ ਹੈ। ਮੈਂ ਕਾਛੀਆਂ ਨੂੰ ਇਹ ਭਾਸ਼ਾ ਬੋਲਦੇ ਸੁਣਿਆ ਹੈ, ਬਹੁਤ ਮਿੱਠੀ ਹੈ। ਕੱਛ ਤੋਂ ਹੀ ਕੱਛਾਰ ਸ਼ਬਦ ਵੀ ਬਣਿਆ। ਬਰਸਾਤ ਪਿਛੋਂ ਨਦੀ ਦਾ ਪਾਣੀ ਘਟ ਜਾਣ ਨਾਲ ਉਪਰਲੇ ਹਿੱਸੇ ਵਿਚ ਨਿਕਲੀ ਜ਼ਮੀਨ ਨੂੰ ਕੱਛਾਰ ਆਖਦੇ ਹਨ। ਆਸਾਮ ਦੇ ਇਕ ਖੇਤਰ ਦਾ ਨਾਂ ਵੀ ਕੱਛਾਰ ਹੈ। ਭਾਰਤ ਅਤੇ ਪਾਕਿਸਤਾਨ ਵਿਚ ਕੱਛਾਰ ਨਾਂ ਦੇ ਕਈ ਥਾਂ ਹਨ। ਮੇਘਾਲਿਆ ਵਿਚ ਉਬੜ-ਖਾਬੜ ਪਹਾੜੀਆਂ ਦਾ ਨਾਂ ਕੱਛਾਰ ਪਹਾੜੀਆਂ ਹੈ। ਮਈਆ ਸਿੰਘ ਦੇ ਪੰਜਾਬੀ ਕੋਸ਼ ਅਨੁਸਾਰ ਇਸ ਨੂੰ ਕਾਛਲ ਜਾਂ ਕਾਛੜ ਵੀ ਆਖਦੇ ਹਨ।

ਕਈ ਤਰ੍ਹਾਂ ਦੇ ਦਰਖਤਾਂ ਅਤੇ ਸ਼ਹਿਰਾਂ ਦਾ ਨਾਂ ਵੀ ਕੱਛ ਹੈ। ਸੰਸਕ੍ਰਿਤ ਤੋਂ ਇਲਾਵਾ ਹੋਰ ਭਾਰਤੀ ਭਾਸ਼ਾਵਾਂ ਵਿਚ ਵੀ ਕੱਛ ਦਾ ਅਰਥ ਕੱਛੂ ਵੀ ਹੈ। ਕੱਛੂ ਖ਼ੁਦ ਸੰਸਕ੍ਰਿਤ ਕੱਛਪ ਦਾ ਵਿਕਸਿਆ ਰੂਪ ਹੈ ਜਿਸ ਦਾ ਸ਼ਾਬਦਿਕ ਅਰਥ 'ਦਲਦਲੀ ਜ਼ਮੀਨ ਵਿਚ ਰਹਿਣ ਵਾਲਾ' ਹੈ: ਕੱਛ=ਦਲਦਲੀ ਜ਼ਮੀਨ, ਪ=ਰੱਖਣ ਜਾਂ ਰਹਿਣ ਵਾਲਾ। ਕੱਛੂ ਪਾਣੀ ਵਿਚ ਅਤੇ ਪਾਣੀ ਦੇ ਕੰਢੇ ਹੀ ਤਾਂ ਰਹਿੰਦਾ ਹੈ। 'ਆਪੇ ਮਛੁ ਕਛੁ ਕਰਣੀਕਰੁ' -ਗੁਰੂ ਨਾਨਕ ਦੇਵ। ਕੱਛੂ ਨੂੰ ਕੱਛੂ ਕੁੰਮਾ ਵੀ ਕਹਿੰਦੇ ਹਨ। ਦਰਅਸਲ ਕੱਛੂ ਲਈ ਸੰਸਕ੍ਰਿਤ ਵਿਚ ਇਕ ਸ਼ਬਦ ਕੂਰਮ ਵੀ ਹੈ। ਇਹੋ ਕੂਰਮਾ ਕੱਛੂ ਨਾਲ ਲੱਗ ਕੇ ਅਜਿਹਾ ਸ਼ਬਦ ਜੁੱਟ ਬਣ ਗਿਆ। ਕੱਛੂ ਨੂੰ ਵਿਸ਼ਨੂੰ ਦਾ ਅਵਤਾਰ ਮੰਨਦੇ ਹਨ। ਸਾਰੀ ਧਰਤੀ ਕੱਛੂ ਕੁੰਮੇ 'ਤੇ ਤੈਰਦੀ ਹੈ। ਮੱਛੀ ਵੀ ਵਿਸ਼ਨੂੰ ਦਾ ਇਕ ਹੋਰ ਅਵਤਾਰ ਹੈ, 'ਮਛੁ ਕਛੁ ਕੂਰਮ ਆਗਿਆ ਅਉਤਾਰਸੀ' -ਗੁਰੂ ਅਰਜਨ ਦੇਵ। ਅਰਥਾਤ ਮੱਛੀ ਤੇ ਕੱਛੂ ਤੇਰੇ ਹੁਕਮ ਨਾਲ ਹੀ ਅਵਤਾਰ ਬਣੇ। ਕਚਕੜਾ ਸ਼ਬਦ ਵੀ ਕੱਛੂ ਨਾਲ ਸਬੰਧਤ ਹੈ ਕਿਉਂਕਿ ਇਹ ਪਹਿਲਾਂ ਕੱਛੂ ਦੀ ਖੋਪਰੀ ਤੋਂ ਹੀ ਬਣਦੇ ਸਨ। ਇਕ ਤਰ੍ਹਾਂ ਦੀ ਬੇੜੀ ਦੇ ਪਾਸਿਆਂ ਨੂੰ ਵੀ ਕੱਛ ਜਾਂ ਕੱਛਾ ਕਹਿੰਦੇ ਹਨ। ਇਸ ਰਾਹੀਂ ਬੇੜੀ 'ਤੇ ਚੜ੍ਹਿਆ ਜਾਂ ਉਤਰਿਆ ਜਾ ਸਕਦਾ ਹੈ।

ਕੱਛ ਸ਼ਬਦ ਦੇ ਪਾਸੇ ਜਾਂ ਵੱਖੀ ਦੇ ਭਾਵ ਤੋਂ ਬਗਲ ਦਾ ਭਾਵ ਵੀ ਉਜਾਗਰ ਹੋਇਆ। ਕੁਝ ਮੁਹਾਵਰਿਆਂ ਵਿਚ ਇਹ ਸ਼ਬਦ ਝਲਕਦਾ ਹੈ ਜਿਵੇਂ ਕੱਛਾਂ ਵਜਾਉਣੀਆਂ, ਕੱਛੀਂ ਝਾਕਣਾ। ਕੱਛ ਤੋਂ ਹੀ ਕਛਰਾਲੀ (ਕੱਛ ਦਾ ਫੋੜਾ) ਤੇ ਕੁੱਛੜ ਸ਼ਬਦ ਬਣੇ, ਕੁੱਛੜ ਕੁੜੀ ਸ਼ਹਿਰ ਢੰਡੋਰਾ। ਕੁਝ ਇਲਾਕਿਆਂ ਵਿਚ ਕੱਛ ਨੂੰ ਕੱਛੀ ਵੀ ਕਿਹਾ ਜਾਂਦਾ ਹੈ। ਕੁੱਖ ਸ਼ਬਦ ਵੀ ਇਸੇ ਨਾਲ ਸਬੰਧਤ ਹੈ। ਕੱਛ ਅਤੇ ਕਮਰ ਦੇ ਦਮਿਆਨ ਦੇ ਭਾਗ ਨੂੰ ਕੁੱਖ ਆਖਦੇ ਹਨ। ਕੁੱਖ ਦਾ ਅਰਥ ਪੇਟ, ਗਰਭਦਾਨੀ ਅਤੇ ਗੁਫਾ ਵੀ ਹੋ ਗਿਆ ਹੈ। ਅਖਾਣ ਹੈ, 'ਜੇਠ ਹਾੜ ਕੁੱਖੀਂ, ਸੌਣ ਭਾਦੋਂ ਰੁਖੀਂ।' ਇਥੇ ਕੁੱਖ ਕਮਰੇ ਜਾਂ ਅੰਦਰ ਦਾ ਅਰਥਾਵਾਂ ਹੈ। ਹਿੰਦੀ ਵਿਚ ਕਕਸ਼ ਦਾ ਮਤਲਬ ਕਮਰਾ ਹੁੰਦਾ ਹੈ। ਕਮਰ ਦੇ ਆਲੇ ਦੁਆਲੇ ਲਪੇਟੇ ਜਾਣ ਵਾਲੇ ਕੁਝ ਵਸਤਰਾਂ ਦੇ ਨਾਂ ਵੀ ਇਸੇ ਸ਼ਬਦ ਤੋਂ ਵਿਕਸਿਤ ਹੋਏ ਹਨ। ਕੱਛ ਦਾ ਹੀ ਇਕ ਅਰਥ ਧੋਤੀ ਦਾ ਉਹ ਲੜ ਹੁੰਦਾ ਹੈ ਜਿਸ ਨੂੰ ਦੋਨਾਂ ਟੰਗਾਂ ਦੇ ਵਿਚ ਦੀ ਲੰਘਾ ਕੇ ਪਿਛੇ ਟੁੰਗ ਲਿਆ ਜਾਂਦਾ ਹੈ। ਗੁਰੂ ਨਾਨਕ ਦੇਵ ਨੇ ਇਸ ਲਈ ਕਖਾਈ ਸ਼ਬਦ ਵਰਤਿਆ ਹੈ, 'ਤੇੜ ਧੋਤੀ ਕਖਾਈ।' ਹਿੰਦੂ ਧਰਮ ਵਿਚ ਤਿੰਨ ਲੜਾਂ (ਕਕਸ਼ਾਂ) ਵਾਲੀ ਧੋਤੀ ਬੰਨ੍ਹਣ ਦੀ ਆਗਿਆ ਹੈ। ਅਰਥਾਤ ਤਿੰਨ ਭਾਗ ਧੋਤੀ ਦੇ ਕਮਰ ਵਿਚ ਅੜੁੰਗੇ ਹੋਣੇ ਚਾਹੀਦੇ ਹਨ। ਤੇੜ ਦਾ ਵਸਤਰ ਕੱਛ, ਕੱਛਾ, ਕਛਹਿਰਾ ਵੀ ਇਸੇ ਤੋਂ ਵਿਕਸਤ ਹੋਏ ਹਨ। ਇਹ ਸਿੱਖਾਂ ਦਾ ਇੱਕ ਕੱਕਾ ਵੀ ਹੈ। ਇਸੇ ਤੋਂ ਅੱਗੇ ਕੱਛੀ, ਕਛਨੀ, ਕਛੌਟੀ ਸ਼ਬਦ ਵੀ ਬਣੇ, 'ਕਰਮ ਕਰਿ ਕਛਉਟੀ ਮਫੀਟਸ ਰੀ' -ਭਗਤ ਤ੍ਰਿਲੋਚਨ। ਗਿਆਨੀ ਸਾਹਿਬ ਸਿੰਘ ਅਨੁਸਾਰ ਇਸ ਦਾ ਅਰਥ ਹੈ (ਹੇ ਘਰ -ਗੇਹਣ ਆਪਣੇ ਕੀਤੇ ਕਰਮਾਂ ਦੇ ਅਧੀਨ-ਹਨੂਮਾਨ ਦੇ ਭਾਗਾਂ ਵਿਚ) ਉਸ ਦੀ ਨਿੱਕੀ ਜਿਹੀ ਕੱਛ ਨਾ ਹਟ ਸਕੀ। ਅਜਿਹੇ ਸ਼ਬਦਾਂ ਦੇ ਪਿਛੇ ਸੰਸਕ੍ਰਿਤ ਦੇ 'ਕਸ਼' ਜਾਂ 'ਕਚ' ਧਾਤੂ ਹਨ। ਫਾਰਸੀ ਵਿਚ ਕਾਖ ਸ਼ਬਦ ਦਾ ਅਰਥ ਕਮਰਾ ਜਾਂ ਮਹਲ ਹੁੰਦਾ ਹੈ ਜੋ ਇਸ ਦਾ ਸੁਜਾਤੀ ਮੰਨਿਆ ਜਾਂਦਾ ਹੈ। ਪਾਰਸੀ ਮਿਥਿਹਾਸ ਵਿਚ ਵੌਰੂਕਸ਼ ਨਾਂ ਦੇ ਇਕ ਮਿਥਿਹਾਸਕ ਸਮੁੰਦਰ ਦਾ ਵਰਣਨ ਹੈ। ਇਸ ਵਿਚ ਵੌਰੂ ਦਾ ਅਰਥ ਵੱਡਾ ਮਹਾਨ ਹੈ ਤੇ ਕਸ਼ ਦਾ ਮਤਲਬ ਸਮੁੰਦਰ।

## ਕਾਮਰੇਡ ਤ੍ਰਾਤਸਕੀ ਬਾਰੇ ਵਿਚਾਰ-1

# ਲੈਨਿਨ, ਸਤਾਲਿਨ ਤੇ ਤ੍ਰਾਤਸਕੀ

***ਰੂਸੀ ਇਨਕਲਾਬ ਵਿਚ ਲਿਓਨ ਤ੍ਰਾਤਸਕੀ (1879-1940) ਦਾ ਚੰਗਾ-ਚੋਖਾ ਯੋਗਦਾਨ ਰਿਹਾ ਹੈ। ਇਨਕਲਾਬ ਤੋਂ ਬਾਅਦ ਉਸ ਨੇ ਲਾਲ ਫੌਜ ਦੀ ਜਿਸ ਢੰਗ ਨਾਲ ਅਗਵਾਈ ਕੀਤੀ ਅਤੇ ਉਲਟ-ਇਨਕਲਾਬ ਦੇ ਖਦਸ਼ੇ ਨਾਲ ਜਿਸ ਤਰ੍ਹਾਂ ਕਰੜੇ ਹੱਥੀਂ ਨਜਿੱਠਿਆ, ਉਸ ਦੀ ਸੰਸਾਰ ਭਰ ਵਿਚ ਕਿਤੇ ਕੋਈ ਮਿਸਾਲ ਨਹੀਂ ਲੱਭਦੀ। ਉਂਜ, ਉਸ ਦੇ ਕੁਝ ਵਿਚਾਰ ਪਹਿਲਾਂ ਰੂਸੀ ਇਨਕਲਾਬ ਦੇ ਪਿਤਾਮਾ ਲੈਨਿਨ ਅਤੇ ਮਗਰੋਂ ਸਤਾਲਿਨ ਨਾਲ ਇੰਨੇ ਜ਼ਿਆਦਾ ਖਹਿਸਰੇ ਕਿ ਅਖੀਰ ਉਹ ਇਕ-ਦੂਜੇ ਦੇ ਵਿਰੋਧੀ ਹੋ ਨਿਬੜੇ। ਇਸ ਵਿਚਾਰਧਾਰਕ ਭੇੜ ਵਿਚ ਤ੍ਰਾਤਸਕੀ ਨੂੰ ਪਰਿਵਾਰਕ ਤੌਰ 'ਤੇ ਬਹੁਤ ਵੱਡੀ ਕੀਮਤ ਤਾਰਨੀ ਪਈ। ਇਸ ਕੋਣ ਤੋਂ ਸਤਾਲਿਨ ਦੀ ਅੱਜ ਤੱਕ ਨੁਕਤਾਚੀਨੀ ਹੋ ਰਹੀ ਹੈ ਜਿਸ ਨੇ ਆਪਣੇ ਵਿਰੋਧੀਆਂ ਖਿਲਾਫ ਸਫਾਏ ਦੀ ਮੁਹਿੰਮ ਵਿੱਢ ਦਿੱਤੀ ਸੀ। ਪੰਜਾਬ ਟਾਈਮਜ਼ ਵਿਚ ਡਾ. ਅੰਮ੍ਰਿਤਪਾਲ ਸਿੰਘ ਦਾ ਤ੍ਰਾਤਸਕੀ ਦੇ ਵਿਚਾਰਾਂ ਬਾਰੇ ਲੇਖ ਦੋ ਕਿਸ਼ਤਾਂ ਵਿਚ ਛਾਪਿਆ ਗਿਆ ਸੀ ਜਿਸ ਵਿਚ ਉਨ੍ਹਾਂ ਲੈਨਿਨ ਅਤੇ ਸਤਾਲਿਨ ਦੇ ਹਵਾਲੇ ਨਾਲ ਤ੍ਰਾਤਸਕੀ ਦੀ ਗੱਲ ਛੇੜੀ ਸੀ। ਇਸ ਤੋਂ ਬਾਅਦ ਪਿਛਲੇ ਦੋ ਅੰਕਾਂ ਵਿਚ ਗੁਰਦਿਆਲ ਸਿੰਘ ਬੱਲ ਦਾ ਲੇਖ ਪਾਠਕਾਂ ਨਾਲ ਸਾਂਝਾ ਕੀਤਾ। ਸਭ ਧਿਰਾਂ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦੇਣ ਦੇ ਅਸੂਲ ਅਨੁਸਾਰ ਇਸ ਅੰਕ ਵਿਚ ਬਘੇਲ ਸਿੰਘ ਬੱਲ ਦੇ ਲੰਮੇ ਲੇਖ ਦਾ ਪਹਿਲਾ ਹਿੱਸਾ ਛਾਪ ਰਹੇ ਹਾਂ। ਉਨ੍ਹਾਂ ਆਪਣੇ ਲੇਖ ਦਾ ਆਧਾਰ ਡਾ. ਅੰਮ੍ਰਿਤਪਾਲ ਸਿੰਘ ਦੇ ਲੇਖ ਨੂੰ ਬਣਾਇਆ ਹੈ ਅਤੇ ਨਾਲ ਹੀ ਤ੍ਰਾਤਸਕੀ ਦੀ ਸਿਆਸਤ ਦੀ ਗੱਲ ਕੀਤੀ ਹੈ। -ਸੰਪਾਦਕ***

**ਬਘੇਲ ਸਿੰਘ ਬੱਲ**
**ਫੋਨ: 91-81468-63344**

ਸੋਵੀਅਤ ਰੂਸ ਦੇ ਇਨਕਲਾਬ ਦੇ ਪੰਜ ਮੁੱਖ ਸੂਤਰਧਾਰ ਸਨ-ਲੈਨਿਨ, ਤ੍ਰਾਤਸਕੀ, ਬੁਖਾਰਿਨ, ਕਾਮੇਨੇਵ, ਸਤਾਲਿਨ ਅਤੇ ਜਿਨੋਵੀਵ। 1922 ਤੋਂ ਹੀ ਜਦੋਂ ਲੈਨਿਨ ਨੂੰ ਅਧਰੰਗ ਹੋ ਗਿਆ, ਸਤਾਲਿਨ ਨੇ ਸੋਵੀਅਤ ਰੂਸ ਦੀ ਹਕੂਮਤ 'ਤੇ ਕਬਜ਼ਾ ਕਰਨ ਦਾ ਮਨ ਬਣਾ ਲਿਆ ਸੀ। ਲੈਨਿਨ ਦੀ ਬਿਮਾਰੀ ਦਾ ਬਹਾਨਾ ਬਣਾ ਕੇ ਸਤਾਲਿਨ ਨੇ ਲੈਨਿਨ ਦੇ ਕਮਿਊਨਿਸਟ ਪਾਰਟੀ ਨਾਲ ਤਾਲ ਮੇਲ 'ਤੇ ਸਖਤ ਨਿਗਰਾਨੀ ਰੱਖਣੀ ਸ਼ੁਰੂ ਕਰ ਦਿੱਤੀ। 21 ਦਸੰਬਰ ਨੂੰ ਲੈਨਿਨ ਨੇ ਡਾ. ਫੋਇਰਸਟਰ ਦੀ ਆਗਿਆ ਨਾਲ ਆਪਣੀ ਪਤਨੀ ਕਰੂਪਸਕਾਇਆ ਨੂੰ ਇਕ ਪੱਤਰ ਤ੍ਰਾਤਸਕੀ ਵੱਲ ਬੋਲ ਕੇ ਲਿਖਾਇਆ ਸੀ ਜਿਸ ਵਿਚ ਵਿਦੇਸ਼ੀ ਵਪਾਰ ਉਤੇ ਇਜਾਰੇਦਾਰੀ ਦੇ ਸਵਾਲ 'ਤੇ ਪਾਰਟੀ ਦੀ ਕੇਂਦਰੀ ਕਮੇਟੀ ਦੇ ਪਲੈਨਰੀ ਸਮਾਗਮ ਵੱਲੋਂ ਕੀਤੇ ਗਏ ਫੈਸਲੇ 'ਤੇ ਤਸੱਲੀ ਪ੍ਰਗਟਾਈ ਅਤੇ ਤਜਵੀਜ਼ ਕੀਤਾ ਕਿ ਅਗਲੀ ਪਾਰਟੀ ਕਾਂਗਰਸ ਵਿਚ ਵਿਦੇਸ਼ੀ ਵਪਾਰ ਵਧਾਉਣ ਦਾ ਸਵਾਲ ਉਠਾਉਣ ਅਤੇ ਇਸ ਦੇ ਚਲਨ ਨੂੰ ਬਿਹਤਰ ਬਣਾਉਣ ਲਈ ਕਦਮਾਂ ਬਾਰੇ ਮਤਾ ਜਾਰੀ ਕੀਤਾ ਜਾਵੇ। ਜਦੋਂ ਸਤਾਲਿਨ ਨੂੰ ਇਸ ਪੱਤਰ ਦਾ ਪਤਾ ਲੱਗਾ ਤਾਂ ਉਹਨੇ ਕਰੂਪਸਕਾਇਆ ਨੂੰ ਫੋਨ ਕਰਕੇ ਸਖਤ ਝਾੜ ਪਾਈ ਅਤੇ ਧਮਕੀ ਦਿੱਤੀ ਕਿ ਇਹ ਪੱਤਰ ਲਿਖਣ ਲਈ ਕੰਟਰੋਲ ਕਮਿਸ਼ਨ ਉਹਦੇ ਨਾਲ ਨਜਿੱਠੇਗਾ। ਕਰੂਪਸਕਾਇਆ ਤੇ ਲੈਨਿਨ ਨੇ ਇਹਦਾ ਬਹੁਤ ਬੁਰਾ ਮਨਾਇਆ।



ਕਰੂਪਸਕਾਇਆ

***ਲੈਨਿਨ ਨੇ ਡਾ. ਫੋਇਰਸਟਰ ਦੀ ਆਗਿਆ ਨਾਲ ਆਪਣੀ ਪਤਨੀ ਕਰੂਪਸਕਾਇਆ ਨੂੰ ਇਕ ਪੱਤਰ ਤ੍ਰਾਤਸਕੀ ਵੱਲ ਬੋਲ ਕੇ ਲਿਖਾਇਆ ਸੀ ਜਿਸ ਵਿਚ ਵਿਦੇਸ਼ੀ ਵਪਾਰ ਉੱਤੇ ਇਜਾਰੇਦਾਰੀ ਦੇ ਸਵਾਲ ਬਾਰੇ ਪਾਰਟੀ ਦੀ ਕੇਂਦਰੀ ਕਮੇਟੀ ਦੇ ਪਲੈਨਰੀ ਸਮਾਗਮ ਵੱਲੋਂ ਕੀਤੇ ਗਏ ਫੈਸਲੇ 'ਤੇ ਤਸੱਲੀ ਪ੍ਰਗਟਾਈ ਅਤੇ ਤਜਵੀਜ਼ ਕੀਤਾ ਕਿ ਅਗਲੀ ਪਾਰਟੀ ਕਾਂਗਰਸ ਵਿਚ ਵਿਦੇਸ਼ੀ ਵਪਾਰ ਵਧਾਉਣ ਦਾ ਸਵਾਲ ਉਠਾਉਣ ਅਤੇ ਇਸ ਦੇ ਚਲਨ ਨੂੰ ਬਿਹਤਰ ਬਣਾਉਣ ਲਈ ਕਦਮਾਂ ਬਾਰੇ ਮਤਾ ਜਾਰੀ ਕੀਤਾ ਜਾਵੇ। ਜਦੋਂ ਸਤਾਲਿਨ ਨੂੰ ਇਸ ਪੱਤਰ ਬਾਰੇ ਪਤਾ ਲਗਾ ਤਾਂ ਉਹਨੇ ਕਰੂਪਸਕਾਇਆ ਨੂੰ ਫੋਨ ਕੀਤਾ ਤੇ ਉਸ ਨੂੰ ਸਖਤ ਝਾੜ ਪਾਈ।***

1924 ਵਿਚ ਲੈਨਿਨ ਦੀ ਮੌਤ ਤੋਂ ਬਾਅਦ ਸਤਾਲਿਨ ਨੇ ਬੁਖਾਰਿਨ, ਕਾਮੇਨੇਵ ਤੇ ਜਿਨੋਵੀਵ ਨੂੰ ਗੋਲੀ ਮਰਵਾ ਦਿੱਤੀ। ਤ੍ਰਾਤਸਕੀ ਨੂੰ ਪਹਿਲਾਂ ਤਾਂ ਦੇਸ ਨਿਕਾਲਾ ਦਿੱਤਾ ਗਿਆ ਪਰ ਬਾਅਦ ਵਿਚ ਉਸ ਨੂੰ ਮਾਰਨ ਲਈ ਜਸੂਸ ਲਾ ਦਿੱਤੇ ਗਏ। ਇਹ ਜਸੂਸ ਤ੍ਰਾਤਸਕੀ ਦਾ ਯੂਰਪ ਦੇ ਵੱਖ-ਵੱਖ ਦੇਸਾਂ ਵਿਚ ਪਿੱਛਾ ਕਰਦੇ ਰਹੇ। ਅਖੀਰ ਸਤਾਲਿਨ ਦਾ ਜਸੂਸ ਰਾਮੋਨ ਮਾਰਕਾਡਰ ਤ੍ਰਾਤਸਕੀ ਦੇ ਸਿਰ ਵਿਚ ਬਰਫ ਕੱਟਣ ਵਾਲਾ ਕੁਹਾੜਾ ਮਾਰ ਕੇ ਉਸ ਨੂੰ ਕਤਲ ਕਰਨ ਵਿਚ ਸਫਲ ਹੋ ਗਿਆ। ਸਤਾਲਿਨ ਨੇ ਝੂਠ ਬੋਲਿਆ, "ਤ੍ਰਾਤਸਕੀ ਨੂੰ ਉਸ ਦੇ ਇਕ ਅੱਕੇ ਹੋਏ ਚੇਲੇ ਨੇ ਮਾਰ ਦਿੱਤਾ ਹੈ।" ਰਾਮੋਨ ਮਾਰਕਾਡਰ ਦਾ ਤ੍ਰਾਤਸਕੀ ਦੇ ਕਤਲ ਬਦਲੇ 'ਹੀਰੋ ਆਫ ਦਿ ਸੋਵੀਅਤ ਯੂਨੀਅਨ' ਮੈਡਲ ਨਾਲ ਸਨਮਾਨ ਕੀਤਾ ਗਿਆ ਤੇ ਸੈਂਟਰਲ ਕਮੇਟੀ ਦੇ ਵਿਸ਼ੇਸ਼ ਮਤੇ ਰਾਹੀਂ ਉਸ ਨੂੰ ਕਮਿਊਨਿਸਟ ਪਾਰਟੀ ਦਾ ਮੈਂਬਰ ਬਣਾ ਕੇ ਰਿਟਾਇਰਡ ਮੇਜਰ ਜਨਰਲ ਜਿੰਨੀ ਪੈਨਸ਼ਨ ਲਾ ਦਿੱਤੀ ਗਈ। ਤ੍ਰਾਤਸਕੀ ਦੇ ਸਾਰੇ ਪਰਿਵਾਰ, ਉਹਦੇ ਪ੍ਰਾਈਵੇਟ ਸਕੱਤਰਾਂ, ਦੋਸਤਾਂ ਤੇ ਰਿਸ਼ਤੇਦਾਰਾਂ ਦੇ ਕਤਲ ਤੋਂ ਬਾਅਦ ਸਤਾਲਿਨ ਨੇ ਸਿਲਸਿਲੇਵਾਰ ਤ੍ਰਾਤਸਕੀ ਦੀ ਸ਼ਖਸੀਅਤ, ਉਸ ਦੀ ਸੋਵੀਅਤ ਰੂਸ ਦੇ ਇਨਕਲਾਬ ਨੂੰ ਦੇਣ, ਉਸ ਦੀ ਸੋਚ, ਨੈਤਿਕਤਾ ਤੇ ਲੈਨਿਨ ਨਾਲ ਉਸ ਦੇ ਸਬੰਧਾਂ 'ਤੇ ਕਾਲਖ ਪੋਚਣੀ ਸ਼ੁਰੂ ਕੀਤੀ। ਸਮੁੱਚੇ ਸੰਸਾਰ ਦੇ ਇਤਿਹਾਸ ਵਿਚ ਕਦੇ ਕਿਸੇ ਹਕੂਮਤ ਨੇ ਕਿਸੇ ਇਕੱਲੇ ਸ਼ਖਸ ਦੇ ਸਰੀਰਕ ਤੇ ਮਾਨਸਿਕ ਖਾਤਮੇ ਲਈ ਆਪਣੇ ਇੰਨੇ ਸਰੋਤਾਂ, ਸਾਧਨਾਂ ਤੇ ਝੂਠ ਦੀ ਵਰਤੋਂ ਨਹੀਂ ਕੀਤੀ ਜਿੰਨੀ ਸਤਾਲਿਨ ਦੀ ਹਕੂਮਤ ਨੇ ਤ੍ਰਾਤਸਕੀ ਨੂੰ ਖਤਮ ਕਰਨ ਲਈ ਕੀਤੀ।

ਡਾ. ਅੰਮ੍ਰਿਤਪਾਲ ਸਿੰਘ ਨੇ ਆਪਣੇ ਲੇਖ 'ਤ੍ਰਾਤਸਕੀ ਅਤੇ ਉਹਦਾ ਤ੍ਰਾਤਸਕੀਵਾਦ' ਵਿਚ ਉਹ ਸਾਰੇ ਦੋਸ਼ ਦੁਹਰਾਏ ਹਨ ਜੋ ਸਤਾਲਿਨ ਨੇ ਆਪ ਜਾਂ ਆਪਣੇ ਜੋਟੀਦਾਰਾਂ ਰਾਹੀਂ ਤ੍ਰਾਤਸਕੀ 'ਤੇ ਲਾਏ ਸਨ। ਸਿਰਫ ਦੋ ਦੋਸ਼ਾਂ ਨੂੰ ਡਾ. ਅੰਮ੍ਰਿਤਪਾਲ ਭੁੱਲ ਗਏ। ਪਹਿਲਾ, ਸੋਵੀਅਤ ਰੂਸ ਦੇ ਇਨਕਲਾਬ ਦੀ 15ਵੀਂ ਵਰ੍ਹੇਗੰਢ 'ਤੇ ਡੈਨਮਾਰਕ ਦੇ ਸੋਸ਼ਲ ਡੈਮੋਕਰੇਟਿਕ ਵਿਦਿਆਰਥੀਆਂ ਦੇ ਸੱਦੇ 'ਤੇ ਤ੍ਰਾਤਸਕੀ ਆਪਣੇ ਜਲਾਵਤਨੀ ਦੇ ਦਿਨਾਂ ਵਿਚ ਭਾਸ਼ਣ ਦੇਣ ਲਈ ਡੈਨਮਾਰਕ ਗਿਆ ਸੀ। ਚਾਰ ਸਾਲ ਬਾਅਦ ਸਤਾਲਿਨ ਨੇ ਦੋਸ਼ ਲਾਇਆ ਕਿ ਤ੍ਰਾਤਸਕੀ ਡੈਨਮਾਰਕ ਦੇ ਹੋਟਲ ਬ੍ਰਿਸਟਲ ਵਿਚ ਆਪਣੇ ਪੈਰੋਕਾਰਾਂ ਨੂੰ ਸਤਾਲਿਨ ਤੇ ਪੋਲਿਟ ਬਿਊਰੋ ਦੇ ਮੈਂਬਰਾਂ ਦਾ ਕਤਲ ਕਰਨ, ਉਦਯੋਗਾਂ ਦੀ ਭੰਨਤੋੜ ਕਰਨ ਅਤੇ ਰੂਸ ਦੇ ਕਾਮਿਆਂ ਨੂੰ ਵੱਡੀ ਪੱਧਰ 'ਤੇ ਜ਼ਹਿਰ ਦੇ ਕੇ ਮਾਰਨ ਲਈ ਉਕਸਾਉਣ ਵਾਸਤੇ ਮੀਟਿੰਗ ਕਰਨ ਗਿਆ ਸੀ। ਸਤਾਲਿਨ ਨੂੰ ਇਹ ਨਹੀਂ ਸੀ ਪਤਾ ਕਿ ਤ੍ਰਾਤਸਕੀ ਦੇ ਡੈਨਮਾਰਕ ਜਾਣ ਤੋਂ ਕਈ ਸਾਲ ਪਹਿਲਾਂ ਹੀ ਹੋਟਲ ਬ੍ਰਿਸਟਲ ਢਹਿ ਚੁੱਕਾ ਸੀ ਤੇ ਉਥੇ ਕਿਸੇ ਹੋਰ ਹੋਟਲ ਬ੍ਰਿਸਟਲ ਦੀ ਹੋਂਦ ਹੀ ਨਹੀਂ ਸੀ। ਦੂਜਾ ਦੋਸ਼ ਤ੍ਰਾਤਸਕੀ ਨੂੰ ਦੇਸ਼ ਨਿਕਾਲਾ ਦੇਣ ਅਤੇ ਉਸ ਦੀ ਨਾਗਰਿਕਤਾ ਖੋਹ ਲੈਣ ਬਾਅਦ ਇਹ ਲਾਇਆ ਗਿਆ ਕਿ ਤ੍ਰਾਤਸਕੀ ਨੇ ਆਪਣੇ ਆਪ ਨੂੰ ਸੰਸਾਰ ਬੁਰਜੂਆਜ਼ੀ ਕੋਲ ਵੇਚ ਦਿੱਤਾ ਹੈ। ਅਖ਼ਬਾਰਾਂ ਵਿਚ ਤ੍ਰਾਤਸਕੀ ਦਾ ਕਾਰਟੂਨ ਛਾਪਿਆ ਗਿਆ ਜਿਸ ਵਿਚ 25,000 ਡਾਲਰ ਦੀ ਥੈਲੀ ਤ੍ਰਾਤਸਕੀ ਦੀ ਬੁੱਕਲ ਵਿਚ ਦਿਖਾਈ ਗਈ। ਡਾ. ਅੰਮ੍ਰਿਤਪਾਲ ਨੂੰ ਅਗਾਂਹ ਤੋਂ ਤ੍ਰਾਤਸਕੀ ਵਿਰੁਧ ਆਪਣੇ ਵੱਲੋਂ ਲਾਏ ਦੋਸ਼ਾਂ ਦੀ ਲੜੀ ਵਿਚ ਇਨ੍ਹਾਂ ਦੋ ਦੋਸ਼ਾਂ ਨੂੰ ਵੀ ਸ਼ਾਮਲ ਕਰ ਲੈਣਾ ਚਾਹੀਦਾ ਹੈ।

ਅਜਿਹਾ ਨਹੀਂ ਕਿ ਤ੍ਰਾਤਸਕੀ ਨੇ ਗਲਤੀਆਂ ਨਹੀਂ ਕੀਤੀਆਂ, ਉਹ ਖੁਦ ਆਪਣੇ ਲੇਖ 'ਸਤਾਲਿਨ ਫਾਲਸੀਫਾਇਜ਼ ਹਿਸਟਰੀ' ਵਿਚ ਲਿਖਦਾ ਹੈ, "ਕਈ ਮੁੱਢਲੇ ਸਵਾਲਾਂ 'ਤੇ ਬਾਲਸ਼ਵਿਕਾਂ ਨਾਲ ਮੇਰੇ ਮਤਭੇਦਾਂ ਵਿਚ ਮੈਂ ਵੀ ਗਲਤ ਹੁੰਦਾ ਸੀ।" ਗਲਤੀਆਂ ਤਾਂ ਲੈਨਿਨ ਨੇ ਵੀ ਕੀਤੀਆਂ ਜਿਨ੍ਹਾਂ ਵਿਚੋਂ ਸਭ ਤੋਂ ਵੱਡੀ ਪਾਰਟੀ ਦੀ ਸਾਰੀ ਸ਼ਕਤੀ ਸਤਾਲਿਨ ਦੇ ਹੱਥਾਂ ਵਿਚ ਦੇ ਦੇਣਾ ਸੀ। ਆਪਣੇ ਅੰਤਿਮ ਸਮੇਂ ਲੈਨਿਨ ਨੇ ਇਸ ਗਲਤੀ ਨੂੰ ਮੰਨਦਿਆਂ ਆਪਣੀ ਵਸੀਅਤ ਵਿਚ ਲਿਖਿਆ ਸੀ, "ਸਤਾਲਿਨ ਨੂੰ ਪਾਰਟੀ ਦੇ ਜਨਰਲ ਸਕੱਤਰ ਦੇ ਅਹੁਦੇ ਤੋਂ ਲਾਹ ਦੇਣਾ ਚਾਹੀਦਾ ਹੈ।" ਸਤਾਲਿਨ ਨੇ ਜੋ ਗਲਤੀਆਂ ਕੀਤੀਆਂ, ਉਹ ਤ੍ਰਾਤਸਕੀ ਤੇ ਲੈਨਿਨ ਵੱਲੋਂ ਕੀਤੀਆਂ ਗਲਤੀਆਂ ਨਾਲੋਂ ਕਿਤੇ ਵੱਡੀਆਂ ਸਨ। ਜਿੰਨੇ ਕਾਮਰੇਡ, ਸਤਾਲਿਨ ਨੇ ਕਤਲ ਕਰਵਾਏ, ਉਨ੍ਹਾਂ ਨਾਲੋਂ ਅੱਧੇ ਵੀ ਸਾਰੇ ਸੰਸਾਰ ਦੇ ਬੁਰਜੂਆਜ਼ੀ ਹਾਕਮਾਂ ਨੇ ਨਹੀਂ ਮਰਵਾਏ।

ਗੱਲ ਤ੍ਰਾਤਸਕੀ ਦੀਆਂ ਇੱਕਾ-ਦੁੱਕਾ ਗਲਤੀਆਂ ਦੀ ਨਹੀਂ; ਗੱਲ ਉਸ ਦੀ ਸਮੁੱਚੀ ਸਿਆਸੀ ਸੇਧ ਦੀ ਤੇ ਰੂਸੀ ਇਨਕਲਾਬ ਨੂੰ ਉਹਦੀ ਦੇਣ ਦੀ ਹੈ। ਲੈਨਿਨ ਨੇ 16 ਅਪਰੈਲ 1917 ਦੀ 'ਪਰਾਵਦਾ' ਅਖਬਾਰ ਵਿਚ ਲਿਖਿਆ ਸੀ, "ਤ੍ਰਾਤਸਕੀ ਅਜਿਹਾ ਕਰਾਂਤੀਕਾਰੀ ਹੈ ਜਿਸ ਨੇ ਆਪਣੇ ਜੀਵਨ ਦੇ ਕਈ ਦਹਾਕੇ ਇਨਕਲਾਬ ਦੀ ਸੇਵਾ ਵਿਚ ਲਾਏ ਹਨ।" ਸ਼ਾਇਦ ਡਾ. ਅੰਮ੍ਰਿਤਪਾਲ ਤ੍ਰਾਤਸਕੀ ਦੀ ਰੂਸੀ ਇਨਕਲਾਬ ਨੂੰ ਦੇਣ ਬਾਰੇ ਲੈਨਿਨ ਨਾਲੋਂ ਵਧੇਰੇ ਜਾਣਦੇ ਹਨ! ਉਹ ਤ੍ਰਾਤਸਕੀ ਦੀ ਰੂਸੀ ਇਨਕਲਾਬ ਨੂੰ ਦੇਣ ਨੂੰ ਸਿਫਰ ਕਰਦੇ ਹੋਏ ਲਿਖਦੇ ਹਨ, ਤ੍ਰਾਤਸਕੀ ਤਾਂ ਬਾਲਸ਼ਵਿਕ ਪਾਰਟੀ ਦਾ ਮੈਂਬਰ ਹੀ 1917 ਵਿਚ ਬਣਿਆ ਸੀ। ਇਹ ਗੱਲ ਠੀਕ ਹੈ ਕਿ ਤ੍ਰਾਤਸਕੀ ਰਸਮੀ ਤੌਰ 'ਤੇ ਪਾਰਟੀ ਮੈਂਬਰ 1917 ਵਿਚ ਹੀ ਬਣਿਆ ਪਰ ਉਹ ਇਸ ਤੋਂ ਕਈ ਦਹਾਕੇ ਪਹਿਲਾਂ ਤੋਂ ਹੀ ਪਾਰਟੀ ਦੇ ਕਈ ਦਸਤਾਵੇਜ਼, ਮਤੇ ਤੇ ਫੈਸਲੇ ਲਿਖਦਾ ਆ ਰਿਹਾ ਸੀ। ਲੈਨਿਨ ਨੇ 1903 ਵਿਚ ਤ੍ਰਾਤਸਕੀ ਦਾ ਨਾਂ ਜਦੋਂ ਕਰਾਂਤੀਕਾਰੀ ਪੱਤ੍ਰਿਕਾ 'ਇਸਕਰਾ' ਦੇ ਸੰਪਾਦਕੀ ਮੰਡਲ ਲਈ ਪੇਸ਼ ਕੀਤਾ, ਉਦੋਂ ਤ੍ਰਾਤਸਕੀ ਸਿਰਫ 23 ਸਾਲ ਦਾ ਸੀ। 'ਇਸਕਰਾ' ਦੇ ਸੰਪਾਦਕੀ ਮੰਡਲ ਵਿਚ ਉਸ ਸਮੇਂ ਪਲੈਖਾਨੋਵ ਵਰਗੇ ਪ੍ਰੌੜ ਮਾਰਕਸਵਾਦੀ ਸ਼ਾਮਲ ਸਨ।

ਡਾ. ਸਾਹਿਬ ਤ੍ਰਾਤਸਕੀ ਦੇ 'ਸਥਾਈ ਇਨਕਲਾਬ' ਦੇ ਸਿਧਾਂਤ ਦੀ ਆਲੋਚਨਾ ਕਰਦਿਆਂ ਲਿਖਦੇ ਹਨ ਕਿ ਤ੍ਰਾਤਸਕੀ ਬਰਜੂਆ-ਜਮਹੂਰੀ ਇਨਕਲਾਬ ਦੇ ਪੜਾਅ ਨੂੰ ਛਾਲ ਮਾਰ ਕੇ ਲੰਘਣਾ ਚਾਹੁੰਦਾ ਸੀ ਪਰ 'ਸਥਾਈ ਇਨਕਲਾਬ' ਦੇ ਸਿਧਾਂਤ ਵਿਚ ਅਜਿਹੀ ਕਿਸੇ ਗੱਲ ਦਾ ਵਰਣਨ ਨਹੀਂ ਹੈ। 'ਸਥਾਈ ਇਨਕਲਾਬ' ਸ਼ਬਦਾਂ ਦੀ ਵਰਤੋਂ ਮਾਰਕਸ ਤੇ ਐਂਗਲਜ਼ ਨੇ 1850 ਵਿਚ ਕਮਿਊਨਿਸਟ ਲੀਗ ਨੂੰ ਭੇਜੇ ਆਪਣੇ ਡਿਸਪੈਚ ਵਿਚ ਇਸ ਤਰ੍ਹਾਂ ਕੀਤੀ ਸੀ, "ਡੈਮੋਕਰੇਟਿਕ ਪੈਟੀ ਬੁਰਜੂਆਜ਼ੀ ਇਹ ਚਾਹੁੰਦੀ ਹੈ ਕਿ ਇਨਕਲਾਬ ਨੂੰ ਜਿੰਨੀ ਛੇਤੀ ਹੋ ਸਕੇ, ਖਤਮ ਕੀਤਾ ਜਾ ਸਕੇ...ਸਾਡੀ ਇਸ ਕੰਮ ਵਿਚ ਦਿਲਚਸਪੀ ਹੈ ਕਿ ਅਸੀਂ ਇਨਕਲਾਬ ਨੂੰ ਸਥਾਈ ਬਣਾਈਏ ਜਦ ਤੱਕ ਘੱਟ ਜਾਂ ਵੱਧ ਸੰਪਤੀ ਵਾਲੀਆਂ ਸ਼੍ਰੇਣੀਆਂ ਨੂੰ ਉਨ੍ਹਾਂ ਦੀ ਪਦਵੀ ਤੋਂ ਲਾਹਿਆ ਨਹੀਂ ਜਾਂਦਾ; ਜਦ ਤੱਕ ਪ੍ਰੋਲੇਤਾਰੀ, ਰਾਜ ਸ਼ਕਤੀ ਨੂੰ ਜਿੱਤ ਨਹੀਂ ਜਾਂਦੀ ਅਤੇ ਜਦ ਤੱਕ ਪ੍ਰੋਲੇਤਾਰੀ ਦਾ ਸੰਕਲਪ ਸਿਰਫ ਇਕ ਦੇਸ਼ ਵਿਚ ਹੀ ਨਹੀਂ ਸਗੋਂ ਸੰਸਾਰ ਦੇ ਸਾਰੇ ਮੁੱਖ ਦੇਸ਼ਾਂ ਵਿਚ ਆਪਣੇ ਮਿਸ਼ਨ ਵਿਚ ਕਾਫੀ ਅੱਗੇ ਨਹੀਂ ਵਧ ਜਾਂਦਾ... ਅਤੇ ਪੈਦਾਵਾਰ ਸ਼ਕਤੀਆਂ ਕਾਮਿਆਂ ਦੇ ਹੱਥਾਂ ਵਿਚ ਨਹੀਂ ਆ ਜਾਦੀਆਂ।" ਤ੍ਰਾਤਸਕੀ ਵੀ ਆਪਣੇ 'ਸਥਾਈ ਇਨਕਲਾਬ' ਦੀ ਗੱਲ ਕਰਦਿਆਂ ਕਹਿੰਦਾ ਹੈ, ਪ੍ਰੋਲੇਤਾਰੀ ਆਪਣੀ ਅਗਵਾਈ ਹੇਠ ਕਿਸਾਨੀ ਨੂੰ ਨਾਲ ਲੈ ਕੇ ਬੁਰਜੂਆ ਡੈਮੋਕਰੇਟਿਕ ਇਨਕਲਾਬ ਦੀ ਅਗਵਾਈ ਕਰੇਗਾ ਤੇ ਆਪਣੇ ਮਿਸ਼ਨ ਦੀ ਲਗਾਤਾਰਤਾ ਵਿਚ ਬੁਰਜੂਆ-ਡੈਮੋਕਰੇਟਿਕ ਇਨਕਲਾਬ ਨੂੰ ਪ੍ਰੋਲੇਤਾਰੀ ਇਨਕਲਾਬ ਵਿਚ ਬਦਲ ਦੇਵੇਗਾ। ਲੈਨਿਨ ਦਾ ਮੱਤ ਵੀ ਲਗਭਗ ਅਜਿਹਾ ਹੀ ਸੀ ਜਦੋਂ ਉਹ ਬੁਰਜੂਆ-ਡੈਮੋਕਰੇਟਿਕ ਇਨਕਲਾਬ ਦੀ ਅਗਵਾਈ ਕਿਰਤੀ ਕਿਸਾਨਾਂ ਨੂੰ ਸੌਂਪਦਿਆਂ ਆਖਦਾ ਸੀ ਕਿ ਬੁਰਜੂਆ-ਡੈਮੋਕਰੇਟਿਕ ਇਨਕਲਾਬ ਦਾ ਪੜਾਅ ਖਤਮ ਹੋਣ ਤੋਂ ਬਾਅਦ ਹੀ ਪ੍ਰੋਲੇਤਾਰੀ ਇਨਕਲਾਬ ਹੋਵੇਗਾ। ਲੈਨਿਨ ਨੂੰ ਖੁਦ ਵੀ ਇਹ ਸਪੱਸ਼ਟ ਨਹੀਂ ਸੀ ਕਿ ਬੁਰਜੂਆ-ਡੈਮੋਕਰੇਟਿਕ ਇਨਕਲਾਬ ਦਾ ਪੜਾਅ ਕਿੱਥੇ ਖਤਮ ਹੁੰਦਾ ਹੈ। ਰੂਸ ਦੇ ਇਨਕਲਾਬ ਦੇ ਪ੍ਰਸੰਗ ਵਿਚ ਲੈਨਿਨ ਨੇ ਕਿਹਾ ਸੀ ਕਿ ਨਵੰਬਰ 1917 ਤੋਂ ਲੈ ਕੇ ਜਨਵਰੀ 1918 ਤੱਕ ਇਨਕਲਾਬ ਬੁਰਜੂਆ-ਡੈਮੋਕਰੇਟਿਕ ਸੀ। ਫਿਰ ਅਕਤੂਬਰ 1921 ਵਿਚ ਕਿਹਾ ਸੀ ਕਿ ਇਹ ਇਨਕਲਾਬ ਹੁਣ, ਭਾਵ 1921 ਵਿਚ ਖਤਮ ਹੋਇਆ ਹੈ। ਤ੍ਰਾਤਸਕੀ ਅਜਿਹੇ ਕਿਸੇ ਪੜਾਅ ਦੀ ਗੱਲ ਨਹੀਂ ਕਰਦਾ ਤੇ ਉਹ ਸਿੱਧਾ ਹੀ ਬੁਰਜੂਆ-ਡੈਮੋਕਰੇਟਿਕ ਇਨਕਲਾਬ ਨੂੰ ਪ੍ਰੋਲੇਤਾਰੀ ਇਨਕਲਾਬ ਵਿਚ ਬਦਲਣ ਦੀ ਗੱਲ ਕਰਦਾ ਹੈ।


ਡਾ. ਅੰਮ੍ਰਿਤਪਾਲ ਨੇ ਇਕ ਦੇਸ਼ ਵਿਚ ਇਨਕਲਾਬ ਦੀ ਜਿਹੜੀ ਗੱਲ ਕੀਤੀ ਹੈ ਤੇ ਤ੍ਰਾਤਸਕੀ ਨੂੰ ਇਸ ਦਾ ਵਿਰੋਧੀ ਦੱਸਿਆ ਹੈ, ਉਸ ਬਾਰੇ ਸਤਾਲਿਨ ਆਪਣੇ ਕਿਤਾਬਚੇ 'ਪ੍ਰਸ਼ਨ ਤੇ ਉਤਰ' ਵਿਚ ਲਿਖਦਾ ਹੈ, "ਇਕ ਦੇਸ਼ ਵਿਚ ਸਮਾਜਵਾਦ ਦੀ ਜਿੱਤ ਸੰਪੂਰਨ ਨਹੀਂ ਹੋ ਸਕਦੀ (ਇਸ ਦੇਸ ਨੂੰ ਇਸ ਗੱਲ ਦੀ ਕੋਈ ਗਰੰਟੀ ਨਹੀਂ ਹੁੰਦੀ ਕਿ ਇਸ ਵਿਚ ਬਾਹਰੋਂ ਦਖਲ ਨਹੀਂ ਹੋਵੇਗਾ) ਜਦ ਤੱਕ ਘੱਟੋ-ਘੱਟ ਹੋਰ ਬਹੁਤ ਸਾਰੇ ਦੇਸ਼ਾਂ ਵਿਚ ਵੀ ਇਨਕਲਾਬ ਨਹੀਂ ਹੋ ਜਾਂਦਾ।" ਲੈਨਿਨ ਵੀ ਕਿਸੇ ਸਮੇਂ ਇਸ ਵਿਚਾਰ ਦਾ ਧਾਰਨੀ ਸੀ। ਜੇ ਗੱਲ ਕੇਵਲ ਇਨਕਲਾਬ ਨੂੰ ਸ਼ੁਰੂ ਕਰਨ ਦੀ ਹੀ ਹੈ ਅਤੇ ਸੰਪੂਰਨ ਹੋਣ ਦੀ ਨਹੀਂ ਤਾਂ ਵੀ ਤ੍ਰਾਤਸਕੀ ਇਕ ਦੇਸ਼ ਵਿਚ ਇਨਕਲਾਬ ਸ਼ੁਰੂ ਕਰਨ ਵਿਚ ਲੈਨਿਨ ਤੇ ਸਤਾਲਿਨ ਦਾ ਮੋਹਰੀ ਸੀ।

ਡਾ. ਅੰਮ੍ਰਿਤਪਾਲ ਨੇ ਇਹ ਵੀ ਕਿਹਾ ਹੈ ਕਿ ਤ੍ਰਾਤਸਕੀ ਮਜ਼ਦੂਰ ਜਮਾਤ ਤੇ ਕਿਸਾਨੀ ਵਿਚਾਲੇ ਵਿਰੋਧਤਾਈ ਨੂੰ 'ਦੁਸ਼ਮਣਾਨਾ' ਮੰਨਦਾ ਹੈ। ਅਜਿਹੀ ਗੱਲ ਤ੍ਰਾਤਸਕੀ ਦੀਆਂ ਲਿਖਤਾਂ ਵਿਚ ਕਿਧਰੇ ਵੀ ਨਹੀਂ ਮਿਲਦੀ। ਇਹ ਤਾਂ ਡਾ. ਅੰਮ੍ਰਿਤਪਾਲ ਦੇ ਆਪਣੇ ਦਿਮਾਗ ਦੀ ਕਾਢ ਹੈ। ਤ੍ਰਾਤਸਕੀ ਤਾਂ ਕਿਸਾਨੀ ਬਾਰੇ ਕਹਿੰਦਾ ਸੀ ਕਿ ਪ੍ਰੋਲੇਤਾਰੀ ਨੂੰ ਚਾਹੀਦਾ ਹੈ ਕਿ ਉਹ ਕਿਸਾਨੀ ਨੂੰ ਆਪਣੇ ਨਾਲ ਲੈ ਕੇ ਚੱਲੇ ਅਤੇ ਬੁਰਜੂਆ-ਡੈਮੋਕਰੇਟਿਕ ਇਨਕਲਾਬ ਦੀ ਅਗਵਾਈ ਕਰੇ ਅਤੇ ਇਸ ਤਰ੍ਹਾਂ ਕਿਸਾਨੀ ਦਾ ਮੁਕਤੀਦਾਤਾ ਬਣੇ। ਵੱਡੇ ਭੂਮੀ-ਪਤੀਆਂ ਦੀ ਜ਼ਮੀਨ ਖੋਹ ਕੇ ਛੋਟੀ ਕਿਸਾਨੀ ਵਿਚ ਵੰਡ ਦੇਣੀ ਚਾਹੀਦੀ ਹੈ। 1920 ਦੇ ਸ਼ੁਰੂ ਵਿਚ ਤ੍ਰਾਤਸਕੀ ਨੇ ਪੋਲਿਟ ਬਿਊਰੋ ਵਿਚ ਕਿਸਾਨ ਆਰਥਿਕਤਾ ਦੇ ਆਪਣੇ ਵਿਸ਼ਲੇਸ਼ਣ ਦੇ ਆਧਾਰ 'ਤੇ ਕਿਸਾਨੀ ਦੀ ਬਿਹਤਰੀ ਲਈ ਸੁਝਾਅ ਪੇਸ਼ ਕੀਤੇ। ਲੈਨਿਨ ਦੇ ਸ਼ਬਦ ਹਨ, "ਜਿੱਥੋਂ ਤੱਕ ਮੱਧ-ਵਰਗੀ ਕਿਸਾਨੀ ਦਾ ਸਵਾਲ ਹੈ; ਮੇਰੇ ਤੇ ਤ੍ਰਾਤਸਕੀ ਦੇ ਵਿਚਾਰਾਂ 'ਚ ਕੋਈ ਮਤਭੇਦ ਨਹੀਂ ਹਨ।... ਕਾਮਰੇਡ ਤ੍ਰਾਤਸਕੀ ਨੇ ਆਪਣੇ ਪੱਤਰ 'ਚ ਸਪਸ਼ਟ ਕੀਤਾ ਹੈ ਕਿ ਕਿਉਂ ਕਮਿਊਨਿਸਟ ਪਾਰਟੀ ਤੇ ਸੋਵੀਅਤ ਰੂਸ ਦੀ ਮੌਜੂਦਾ ਕਿਰਤੀ ਕਿਸਾਨਾਂ ਦੀ ਸਰਕਾਰ, ਜਿਸ ਨੂੰ ਸੋਵੀਅਤਾਂ ਤੇ ਪਾਰਟੀ ਮੈਂਬਰਾਂ ਨੇ ਚੁਣਿਆ ਹੈ, ਮੱਧ-ਵਰਗੀ ਕਿਸਾਨਾਂ ਨੂੰ ਆਪਣਾ ਦੁਸ਼ਮਣ ਨਹੀਂ ਮੰਨਦੀ। ਮੈਂ ਦੋਵੀਂ ਹੱਥੀਂ ਤ੍ਰਾਤਸਕੀ ਦੇ ਇਸ ਕਥਨ ਦਾ ਸਮਰਥਨ ਕਰਦਾ ਹਾਂ।" (ਲੈਨਿਨ ਜਿਲਦ 14 ਸਫਾ 28)

ਤ੍ਰਾਤਸਕੀ ਨੇ ਆਪਣੀ ਪੁਸਤਕ 'ਸਤਾਲਿਨ' ਦੇ ਪੰਨਾ 433 ਉਤੇ ਲਿਖਿਆ ਹੈ ਕਿ ਸਿਰਫ ਪੱਛਮ ਵਿਚ ਪ੍ਰੋਲੇਤਾਰੀ ਦੀ ਜਿੱਤ ਹੀ ਰੂਸ ਨੂੰ ਪੂੰਜੀਵਾਦ ਦੀ ਬਹਾਲੀ ਤੋਂ ਬਚਾ ਸਕਦੀ ਹੈ ਅਤੇ ਸਮਾਜਵਾਦ ਦੀ ਸਥਾਪਨਾ ਨੂੰ ਯਕੀਨੀ ਬਣਾ ਸਕਦੀ ਹੈ। ਕੀ ਰੂਸੀ ਇਨਕਲਾਬ ਬਾਰੇ ਤ੍ਰਾਤਸਕੀ ਦੀ ਇਹ ਭਵਿੱਖਵਾਣੀ ਸੱਚੀ ਸਿੱਧ ਨਹੀਂ ਹੋਈ? ਕੀ ਰੂਸੀ ਇਨਕਲਾਬ ਨੂੰ ਪੂੰਜੀਵਾਦ ਦੀ ਬਹਾਲੀ ਨੇ ਢਹਿ-ਢੇਰੀ ਨਹੀਂ ਕੀਤਾ? ਕੀ ਸਤਾਲਿਨ ਦਾ ਦਮਨ-ਚੱਕਰ ਇਸ ਇਨਕਲਾਬ ਨੂੰ ਬਚਾ ਸਕਿਆ? ਅਜਿਹੇ ਦਮਨ-ਚੱਕਰ ਨੂੰ ਵੇਖ ਕੇ ਹੀ ਸੰਸਾਰ ਪ੍ਰਸਿੱਧ ਮਨੋਵਿਗਿਆਨੀ ਪਾਵਲੋਵ ਨੇ ਸਤਾਲਿਨ ਨੂੰ ਕਿਹਾ ਸੀ ਕਿ ਜੇ ਅਜਿਹਾ ਕੁਝ ਚਾਲੂ ਰਿਹਾ ਤਾਂ ਇਨਕਲਾਬ ਦਾ ਛੇਤੀ ਹੀ ਭੋਗ ਪੈ ਜਾਵੇਗਾ। ਮਾਰਕਸਵਾਦੀ ਚਿੰਤਕ ਲੂਸੀਓ ਕੁਲੇਟੀ ਅਨੁਸਾਰ 'ਇਕ ਦੇਸ਼ ਵਿਚ ਇਨਕਲਾਬ' ਦਾ ਸਿਧਾਂਤ ਕੌਮਾਂਤਰੀ ਦ੍ਰਿਸ਼ਟੀਕੋਣ ਵਾਲੇ ਬੌਧਿਕ ਕਾਮਰੇਡਾਂ ਤ੍ਰਾਤਸਕੀ, ਬੁਖਾਰਿਨ, ਕਾਮੇਨੇਵ, ਜਿਨੋਵੀਵ, ਰਾਦੇਕ, ਪਰੀਓਬਰਾਜੇਂਸਕੀ ਆਦਿ ਨਾਲੋਂ ਕੌਮੀ ਦ੍ਰਿਸ਼ਟੀਕੋਣ ਰੱਖਣ ਵਾਲੇ ਸਾਧਾਰਨ ਬੁੱਧੀ ਦੇ ਮਾਲਕ ਮੋਲੋਤੋਵ, ਕੀਰੋਵ, ਕਗਾਨੋਵਿਚ, ਵੋਰੋਸ਼ੀਲੋਵ, ਕੁਇਬੀਸ਼ੇਵ, ਜ਼ਦਾਨੋਵ, ਯਾਗੋਦਾ ਜਿਹੇ ਨੇਤਾਵਾਂ ਦੇ ਵਧੇਰੇ ਰਾਸ ਆਉਂਦਾ ਸੀ। ਇਹ ਮਗਰਲੀ ਕਿਸਮ ਦੇ 'ਕਾਮਰੇਡ' ਹੀ ਤ੍ਰਾਤਸਕੀ ਤੋਂ ਬਾਅਦ 'ਇਕ ਦੇਸ਼ ਵਿਚ ਇਨਕਲਾਬ' ਨੂੰ ਉਸਾਰਨ ਵਿਚ ਸਤਾਲਿਨ ਦੇ ਮੁੱਖ ਸਾਥੀ ਸਨ।

1931 ਵਿਚ ਸਤਾਲਿਨ ਨੇ ਕਿਹਾ, "ਸੋਵੀਅਤ ਯੂਨੀਅਨ ਸਮਾਜਵਾਦ ਦੇ ਯੁੱਗ ਵਿਚ ਦਾਖਲ ਹੋ ਚੁੱਕਾ ਹੈ।" ਡਾ. ਅੰਮ੍ਰਿਤਪਾਲ ਇਸ ਤੋਂ ਵੀ ਅੱਗੇ ਜਾਂਦਿਆਂ ਆਖਦੇ ਹਨ, "1932-33 ਤੱਕ ਸੋਵੀਅਤ ਸੰਘ ਵਿਚ ਸਮਾਜਵਾਦੀ ਪੈਦਾਵਾਰੀ ਰਿਸ਼ਤਿਆਂ ਦੀ ਉਸਾਰੀ ਦਾ ਕੰਮ ਲਗਭਗ ਪੂਰਾ ਕਰ ਲਿਆ ਜਾਂਦਾ ਹੈ।" ਡਾ. ਸਾਹਿਬ ਤ੍ਰਾਤਸਕੀ ਦੀ ਆਲੋਚਨਾ ਕਰਦਿਆਂ ਕਹਿੰਦੇ ਹਨ ਕਿ ਤ੍ਰਾਤਸਕੀ ਨੇ ਸਮਾਜਵਾਦ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਸੀ ਕਿਉਂਕਿ ਤ੍ਰਾਤਸਕੀ ਕਹਿੰਦਾ ਸੀ ਕਿ ਕੋਈ ਦੇਸ਼ ਸਮਾਜਵਾਦੀ ਉਦੋਂ ਹੁੰਦਾ ਹੈ ਜਦੋਂ ਉਸ ਦਾ ਜੀਵਨ ਪੱਧਰ ਸਭ ਤੋਂ ਵਿਕਸਿਤ ਸਰਮਾਏਦਾਰ ਦੇਸ਼ ਨਾਲੋਂ ਅੱਗੇ ਲੰਘ ਜਾਵੇ ਪਰ ਇਥੇ ਉਹ ਫਿਰ ਇਹ ਭੁੱਲ ਜਾਂਦੇ ਹਨ ਕਿ 1931 ਵਿਚ ਆਪਣੇ ਦਾਅਵੇ ਨੂੰ ਸਿੱਧ ਕਰਨ ਲਈ ਸਤਾਲਿਨ ਨੇ ਵੀ ਸੋਵੀਅਤ ਸਮਾਜ ਤਥਾਕਥਿਤ ਉਚੇ ਜੀਵਨ ਪੱਧਰ ਦੀ ਤੁਲਨਾ ਰਸਾਤਲ ਵੱਲ ਗਏ ਸਰਮਾਏਦਾਰ ਦੇਸ਼ਾਂ ਦੇ ਜੀਵਨ ਪੱਧਰ ਨਾਲ ਹੀ ਕੀਤੀ ਸੀ, ਤੇ ਕਿਹਾ ਸੀ ਕਿ ਰੂਸ ਸਮਾਜਵਾਦੀ ਯੁੱਗ ਵਿਚ ਦਾਖਲ ਹੋ ਗਿਆ ਹੈ। ਤ੍ਰਾਤਸਕੀ ਨੇ ਸਤਾਲਿਨ ਦੇ ਇਸ ਦੋਹਰੇ ਝੂਠ ਨੂੰ ਨੰਗਾ ਕਰਦਿਆਂ ਕਿਹਾ ਸੀ ਕਿ ਸੋਵੀਅਤ ਸੰਘ ਵਿਚ ਜਿਹੜੀ ਭੁੱਖਮਰੀ, ਥੁੜ੍ਹਾਂ ਭਰੀ ਜ਼ਿੰਦਗੀ ਤੇ

***(ਬਾਕੀ ਅਗਲੇ ਸਫੇ 'ਤੇ)***



***ਤ੍ਰਾਤਸਕੀ ਨੇ ਆਪਣੀ ਪੁਸਤਕ 'ਸਤਾਲਿਨ' ਦੇ ਪੰਨਾ 433 ਉਤੇ ਲਿਖਿਆ ਹੈ ਕਿ ਸਿਰਫ ਪੱਛਮ ਵਿਚ ਪ੍ਰੋਲੇਤਾਰੀ ਦੀ ਜਿੱਤ ਹੀ ਰੂਸ ਨੂੰ ਪੂੰਜੀਵਾਦ ਦੀ ਬਹਾਲੀ ਤੋਂ ਬਚਾ ਸਕਦੀ ਹੈ ਅਤੇ ਸਮਾਜਵਾਦ ਦੀ ਸਥਾਪਨਾ ਨੂੰ ਯਕੀਨੀ ਬਣਾ ਸਕਦੀ ਹੈ। ਕੀ ਰੂਸੀ ਇਨਕਲਾਬ ਬਾਰੇ ਤ੍ਰਾਤਸਕੀ ਦੀ ਇਹ ਭਵਿੱਖਬਾਣੀ ਸੱਚੀ ਸਿੱਧ ਨਹੀਂ ਹੋਈ? ਕੀ ਰੂਸੀ ਇਨਕਲਾਬ ਨੂੰ ਪੂੰਜੀਵਾਦੀ ਦੀ ਬਹਾਲੀ ਨੇ ਢਹਿ-ਢੇਰੀ ਨਹੀਂ ਕੀਤਾ? ਕੀ ਸਤਾਲਿਨ ਦਾ ਦਮਨ-ਚੱਕਰ ਇਸ ਇਨਕਲਾਬ ਨੂੰ ਬਚਾਅ ਸਕਿਆ? ਅਜਿਹੇ ਦਮਨ-ਚੱਕਰ ਨੂੰ ਵੇਖ ਕੇ ਹੀ ਸੰਸਾਰ ਪ੍ਰਸਿੱਧ ਮਨੋਵਿਗਿਆਨੀ ਪਾਵਲੋਵ ਨੇ ਸਤਾਲਿਨ ਨੂੰ ਕਿਹਾ ਸੀ ਕਿ ਜੇ ਅਜਿਹਾ ਕੁਝ ਚਾਲੂ ਰਿਹਾ ਤਾਂ ਇਨਕਲਾਬ ਦਾ ਛੇਤੀ ਹੀ ਭੋਗ ਪੈ ਜਾਵੇਗਾ।***


ਬਰਸੀ 'ਤੇ ਵਿਸ਼ੇਸ਼

# ਕਵੀ ਡਾ. ਦੀਵਾਨ ਸਿੰਘ ਕਾਲੇਪਾਣੀ

ਡਾ. ਦੀਵਾਨ ਸਿੰਘ ਕਾਲੇਪਾਣੀ (1894–1944) ਉਘੇ ਪੰਜਾਬੀ ਕਵੀ ਅਤੇ ਭਾਰਤੀ ਦੇਸ਼ ਭਗਤ ਸਨ। ਉਨ੍ਹਾਂ ਨੇ 1920ਵਿਆਂ ਵਿਚ ਨਾ-ਮਿਲਵਰਤਨ ਲਹਿਰ ਵਿਚ ਹਿੱਸਾ ਲਿਆ ਸੀ। ਉਨ੍ਹਾਂ ਦਾ ਜਨਮ ਪਿਤਾ ਸੁੰਦਰ ਸਿੰਘ ਢਿੱਲੋਂ ਅਤੇ ਮਾਤਾ ਇੰਦਰ ਕੌਰ ਦੇ ਘਰ 22 ਮਈ 1887 ਨੂੰ ਪਿੰਡ ਘਲੋਟੀਆਂ ਖੁਰਦ, ਜ਼ਿਲਾ ਸਿਆਲਕੋਟ (ਹੁਣ ਪਾਕਿਸਤਾਨ) ਵਿਚ ਹੋਇਆ। ਬਚਪਨ ਵਿਚ ਹੀ ਮਾਤਾ-ਪਿਤਾ ਦੀ ਮੌਤ ਹੋਣ ਕਾਰਨ ਉਨ੍ਹਾਂ ਦਾ ਪਾਲਣ-ਪੋਸ਼ਣ ਦਾਦੀ ਅਤੇ ਚਾਚੇ ਸੋਹਣ ਸਿੰਘ ਨੇ ਕੀਤਾ। ਮੁਢਲੀ ਵਿੱਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰਨ ਬਾਅਦ ਉਹ ਡਸਕਾ ਦੇ ਮਿਸ਼ਨ ਸਕੂਲ ਵਿਚ ਦਾਖਲ ਹੋ ਗਏ। ਇਥੋਂ ਉਨ੍ਹਾਂ ਅੱਠਵੀਂ ਕੀਤੀ ਅਤੇ 1915 ਵਿਚ ਖਾਲਸਾ ਹਾਈ ਸਕੂਲ ਸਿਆਲਕੋਟ ਤੋਂ ਦਸਵੀਂ ਪਾਸ ਕੀਤੀ। 1916 ਵਿਚ ਉਹ ਆਗਰਾ ਦੇ ਮੈਡੀਕਲ ਕਾਲਜ ਵਿਚ ਦਾਖ਼ਲ ਹੋ ਗਏ ਅਤੇ 1921 ਨੂੰ ਮੈਡੀਕਲ ਸਰਵਿਸ ਵਿਚ ਡਿਪਲੋਮਾ ਲੈਣ ਉਪਰੰਤ ਰਾਵਲਪਿੰਡੀ ਛਾਉਣੀ ਵਿਚ ਫ਼ੌਜੀ ਡਾਕਟਰ ਵਜੋਂ ਨਿਯੁਕਤ ਹੋ ਗਏ।

ਉਨ੍ਹਾਂ ਦੀ ਜ਼ਿੰਦਗੀ ਦਾ ਸਭ ਤੋਂ ਰੌਚਿਕ ਦੌਰ ਉਦੋਂ ਸ਼ੁਰੂ ਹੋਇਆ ਜਦੋਂ ਉਨ੍ਹਾਂ ਦੀ ਬਦਲੀ ਰੰਗੂਨ ਦੀ ਹੋ ਗਈ ਅਤੇ ਉਥੋਂ ਉਨ੍ਹਾਂ ਨੂੰ 1927 ਵਿਚ ਅੰਡੇਮਾਨ (ਕਾਲੇਪਾਣੀ) ਇੱਕ ਸਕੂਲ ਵਿਚ ਭੇਜ ਦਿੱਤਾ ਗਿਆ ਜਿਥੇ ਵਿਦਿਆਰਥੀਆਂ ਨੂੰ ਤਮਿਲ, ਤੇਲਗੂ ਅਤੇ ਪੰਜਾਬੀ ਪੜ੍ਹਾਈ ਜਾਂਦੀ ਸੀ। ਇਥੋਂ ਹੀ ਉਨ੍ਹਾਂ ਦੇ ਨਾਂ ਨਾਲ ਕਾਲੇਪਾਣੀ ਜੁੜ ਗਿਆ। ਇਥੇ ਉਨ੍ਹਾਂ ਪੰਜਾਬੀ ਸਭਾ ਨਾਂ ਦੀ ਇਕ ਜਥੇਬੰਦੀ ਬਣਾਈ। ਗੁਰਦੁਆਰੇ ਡਾ. ਕਾਲੇਪਾਣੀ ਕਵਿਤਾਵਾਂ ਪੜ੍ਹਦੇ ਜਿਨ੍ਹਾਂ ਵਿਚ ਭਾਰਤ ਦੀ ਗੁਲਾਮੀ ਤੇ ਅਜ਼ਾਦੀ ਦੀ ਤਾਂਘ ਦਾ ਜ਼ਿਕਰ ਹੁੰਦਾ।

ਦੂਜੀ ਵਿਸ਼ਵ ਜੰਗ ਸਮੇਂ ਜਪਾਨੀਆਂ ਨੇ 1942 ਵਿਚ ਅੰਡੇਮਾਨ ਉਪਰ ਕਬਜ਼ਾ ਕਰ ਲਿਆ। ਡਾ. ਦੀਵਾਨ ਸਿੰਘ ਨੇ ਇਹ ਨਵੀਂ ਗੁਲਾਮੀ ਕਬੂਲ ਨਾ ਕੀਤੀ। ਜਪਾਨੀ ਅਫਸਰਾਂ ਨੇ ਪਿਨਾਂਗ ਰੇਡੀਓ ਤੋਂ ਬਰਤਾਨਵੀ ਹਾਕਮਾਂ ਵਿਰੁਧ ਇਕ




ਕਵਿਤਾ ਬੋਲਣ ਲਈ ਮਜਬੂਰ ਕੀਤਾ ਪਰ ਉਨ੍ਹਾਂ ਇਨਕਾਰ ਕਰ ਦਿੱਤਾ ਜਿਸ ਕਰਕੇ ਜਪਾਨੀਆਂ ਨੇ ਉਨ੍ਹਾਂ ਨੂੰ 1943 ਵਿਚ ਕੈਦ ਕਰ ਲਿਆ। ਪੰਜਾਬੀ ਸਭਾ ਦੇ ਬਾਕੀ 65 ਮੈਂਬਰ ਵੀ ਜੇਲ੍ਹ ਵਿਚ ਸੁੱਟ ਦਿੱਤੇ ਗਏ। ਕਰੀਬ ਛੇ ਮਹੀਨਿਆਂ ਦੇ ਤਸੀਹਿਆਂ ਉਪਰੰਤ ਅਕਹਿ, ਅਸਹਿ ਅਤੇ ਅਣ-ਮਨੁੱਖੀ ਤਸੀਹੇ ਦੇ ਕੇ ਅੰਡੇਮਾਨ ਦੀ ਸੈਲੂਲਰ ਜੇਲ੍ਹ ਵਿਚ ਪੰਜਾਬੀ ਸਭਾ ਦੇ ਹੋਰ ਮੈਂਬਰਾਂ ਦੇ ਨਾਲ ਉਨ੍ਹਾਂ ਨੂੰ 14 ਜਨਵਰੀ 1944 ਨੂੰ ਸ਼ਹੀਦ ਕਰ ਦਿੱਤਾ। ਉਹ ਲੋਕ-ਭਲਾਈ ਕਰਨ ਵਾਲੇ ਅਤੇ ਆਪਣੇ ਵਿਚਾਰਾਂ ਦੇ ਦ੍ਰਿੜਤਾ ਨਾਲ ਪਹਿਰਾ ਦੇਣ ਵਾਲੇ ਇਨਸਾਨ ਸਨ।

ਉਹ ਪ੍ਰੋ. ਪੂਰਨ ਸਿੰਘ ਵਾਂਗ ਮਸਤ, ਅਲਬੇਲੇ ਅਤੇ ਕ੍ਰਾਂਤੀਕਾਰੀ ਕਵੀ ਸਨ। ਪ੍ਰੋ. ਪੂਰਨ ਸਿੰਘ ਵਾਂਗ ਹੀ ਉਨ੍ਹਾਂ ਨੇ ਮੁਕਤ-ਛੰਦ ਕਵਿਤਾ ਲਿਖੀ। ਉਨ੍ਹਾਂ ਦੀ ਕਵਿਤਾ ਵਿਅੰਗ, ਸੰਜਮ ਤੇ ਤਿੱਖੇ ਵਲਵਲੇ ਨਾਲ ਭਰਪੂਰ ਹੈ। ਉਹ ਸਵੈਮਾਣ, ਅਣਖ ਅਤੇ ਗੈਰਤ ਦੀ ਮੂਰਤੀ ਸਨ। ਉਨ੍ਹਾਂ ਦੋ ਕਾਵਿ ਸੰਗ੍ਰਿਹ ਪੰਜਾਬੀ ਸਾਹਿਤ ਜਗਤ ਨੂੰ ਦਿੱਤੇ-'ਵਗਦੇ ਪਾਣੀ' (1938) ਤੇ 'ਅੰਤਿਮ ਲਹਿਰਾਂ' ਅਤੇ ਉਨ੍ਹਾਂ ਦੇ ਚਲਾਣੇ ਪਿਛੋਂ ਇਕ ਹੋਰ ਕਾਵਿ ਸੰਗ੍ਰਿਹ 'ਮਲਿਆਂ ਦੇ ਬੇਰ' ਵੀ ਛਪਿਆ। ਉਨ੍ਹਾਂ ਦੀ ਕਵਿਤਾ ਦੀ ਸੁਰ ਸਾਮਰਾਜ-ਵਿਰੋਧੀ ਅਤੇ ਸੰਗਠਿਤ ਧਰਮ ਦੇ ਖਿਲਾਫ਼ ਸੀ।

ਡਾ. ਕਾਲੇਪਾਣੀ ਦੇ ਜੀਵਨ ਬਾਰੇ ਐਨ ਇਕਬਾਲ ਸਿੰਘ ਦੀ ਅੰਗਰੇਜ਼ੀ 'ਚ ਲਿਖੀ ਇਕ ਕਿਤਾਬ 'ਡਾ. ਦੀਵਾਨ ਸਿੰਘ ਕਾਲੇਪਾਣ-ਮੇਕਰਜ਼ ਆਫ ਇੰਡੀਅਨ ਲਿਟਰੇਚਰ' ਸਾਹਿਤ ਅਕੈਡਮੀ-ਨਵੀਂ ਦਿੱਲੀ ਨੇ 1996 ਵਿਚ ਛਾਪੀ ਸੀ। 'ਸੀਸੁ ਦੀਆ ਪਰ ਸਿਰਰੁ ਨ ਦੀਆ' ਦੇ ਮਹਾਵਾਕ 'ਤੇ ਪਹਿਰਾ ਦਿੰਦਿਆਂ ਇਸ ਸ਼ਹੀਦ ਨੇ ਸ਼ਹੀਦੀ ਪਾਈ।

*-ਕੁਲਦੀਪ ਸਿੰਘ*
*ਯੂਨੀਅਨ ਸਿਟੀ, ਕੈਲੀਫੋਰਨੀਆ।*

## ਡਾ. ਦੀਵਾਨ ਸਿੰਘ ਕਾਲੇਪਾਣੀ ਦੀਆਂ ਕੁਝ ਕਵਿਤਾਵਾਂ

### ਵਗਦੇ ਪਾਣੀ

ਪਾਣੀ ਵਗਦੇ ਹੀ ਰਹਿਣ,
ਕਿ ਵਗਦੇ ਸੁੰਹਦੇ ਨੇ,
ਖੜੋਂਦੇ ਬੁੱਸਦੇ ਨੇ,
ਕਿ ਪਾਣੀ ਵਗਦੇ ਹੀ ਰਹਿਣ।

ਜਿੰਦਾਂ ਮਿਲੀਆਂ ਹੀ ਰਹਿਣ,
ਕਿ ਮਿਲੀਆਂ ਜੀਂਦੀਆਂ ਨੇ,
ਵਿਛੜਿਆਂ ਮਰਦੀਆਂ ਨੇ,
ਕਿ ਜਿੰਦਾਂ ਮਿਲੀਆਂ ਹੀ ਰਹਿਣ।

ਰੂਹਾਂ ਉਡਦੀਆਂ ਹੀ ਰਹਿਣ,
ਇਹ ਉਡਿਆਂ ਚੜ੍ਹਦੀਆਂ ਨੇ,
ਅਟਕਿਆਂ ਡਿਗਦੀਆਂ ਨੇ,
ਕਿ ਰੂਹਾਂ ਉਡਦੀਆਂ ਹੀ ਰਹਿਣ।

ਤੇ ਮੈਂ ਟੁਰਦਾ ਹੀ ਰਹਾਂ,
ਕਿ ਟੁਰਿਆਂ ਵਧਦਾ ਹਾਂ,
ਖਲੋਇਆਂ ਘਟਨਾ ਹਾਂ,
ਕਿ ਹਾਂ, ਮੈਂ ਟੁਰਦਾ ਹੀ ਰਹਾਂ।

### ਫਰੇਬ

ਮੈਂ ਉਡੀਕਦੀ ਰਹੀ, ਸਾਰੀ ਰਾਤ,
ਤਾਰੇ ਗਿਣ ਗਿਣ ਕੱਢੀ
ਅੱਖਾਂ ਚੋਂ ਸਾਰੀ ਰਾਤ,
ਤੂੰ ਨਾ ਆਇਓਂ।

ਸਵੇਰ ਸਾਰ ਥੱਕ ਗਈ ਮੈਂ,
ਅੱਖ ਲਗ ਗਈ ਮੇਰੀ,
ਤੇ ਤੂੰ ਗਲਵੱਕੜੀ ਆਣ ਪਾਈ,
ਸੁਫ਼ਨੇ ਅੰਦਰ।

ਫਰੇਬਾਂ ਵਾਲਿਆ,
ਜੇ ਆਉਣਾ ਸਾਈ
ਇਉਂ ਸੁਫ਼ਨਿਆਂ ਅੰਦਰ,
ਧਿਙਾਣੇ ਮੈਂ ਜਗਰਾਤੇ ਕੱਟੇ,
ਰਾਤਾਂ ਕਾਲੀਆਂ।

### ਬਾਜ਼ੀਗਰ ਨੂੰ

ਆਪੂੰ ਹੱਸਨਾ ਏਂ, ਮੌਜਾਂ ਮਾਣਨਾ ਏਂ,
ਸਾਡੀ ਦੁਨੀ ਕਿਸ ਧੰਧੜੇ ਲਾਈ ਹੋਈ ਆ?
ਬਾਜ਼ੀਗਰਾ, ਤੇਰੀ ਬਾਜ਼ੀ ਬੜੀ ਸੋਹਣੀ,
ਅਸਾਂ ਮੂਰਖਾਂ ਨੂੰ ਫਾਹੀ ਪਾਈ ਹੋਈ ਆ?
ਕਦੀ ਵੜੇਂ ਨਾ ਵਿਚ ਮਸੀਤ ਆਪੂੰ,
ਸਾਡੇ ਲਈ ਇਹ ਅੜੀ ਅੜਾਈ ਹੋਈ ਆ?
ਠਾਕੁਰ-ਦਵਾਰਿਆਂ ਵਿਚ ਨਹੀਂ ਵਾਸ ਤੇਰਾ,
ਕਾਹਨੂੰ ਮੁਫਤ ਲੜਾਈ ਪਵਾਈ ਹੋਈ ਆ?
ਤੈਨੂੰ ਧਰਮਸਾਲੋਂ ਮਾਰ ਬਾਹਰ ਕੀਤਾ,
ਇਨ੍ਹਾਂ 'ਭਾਈਆਂ' ਨੇ ਅੱਤ ਚਾਈ ਹੋਈ ਆ।
ਗਿਰਜੇ ਵਿਚ ਨਾ ਹੀ ਲੱਭਾ ਮੁਸ਼ਕ ਤੇਰਾ,
ਟੋਪੀ ਵਾਲਿਆਂ ਅੰਨ੍ਹੀ ਮਚਾਈ ਹੋਈ ਆ।
ਆਪੂੰ ਛੁੱਪ ਬੈਠੋਂ, ਏਥੇ ਖੱਪ ਪੈ ਗਈ,
ਤੇਰੀ ਧੂਰਾਂ ਦੀ ਅੱਗ ਲਗਾਈ ਹੋਈ ਆ।
ਬੁਰਕੇ ਲਾਹ, ਉਠ ਦਿਹ ਖਾਂ ਦਰਸ ਯਾਰਾ,
ਐਵੇਂ ਕਾਸ ਨੂੰ ਧੂੜ ਧੁਮਾਈ ਹੋਈ ਆ?

---

### ਦੁੱਖ-ਦਾਰੂ

ਲੋੜ ਹੈ ਕਿ ਮਨੁੱਖ ਡਿੱਗੇ ਤੇ ਮਾਯੂਸ ਹੋਵੇ,
ਰਸਤਾ ਭੁੱਲੇ ਤੇ ਡਾਵਾਂ-ਡੋਲ ਹੋਵੇ,
ਕਿ ਉਸ ਨੂੰ ਗਿਆਨ ਹੋਵੇ
ਆਪਣੀ ਊਣਤਾ,
ਅਲਪੱਗਤਾ ਤੇ ਅਗਿਆਨਤਾ ਦਾ,
ਤੇ ਉਹ ਮਹਿਸੂਸ ਕਰੇ,
ਰੱਬ ਦੀ ਲੋੜ ਨੂੰ, ਰੱਬ ਦੀ ਹੋਂਦ ਨੂੰ।

---

### ਜ਼ਿੰਦਗੀ

ਮੈਂ ਸੌਂ ਗਿਆ ਤੇ ਸੁਫਨਿਆ
ਕਿ ਜ਼ਿੰਦਗੀ ਆਜ਼ਾਦ ਸੀ,
ਕਿ ਜ਼ਿੰਦਗੀ ਆਬਾਦ ਸੀ,
ਕਿ ਜ਼ਿੰਦਗੀ ਸਵਾਦ ਸੀ।
ਮੈਂ ਜਾਗਿਆ ਤੇ ਵੇਖਿਆ
ਕਿ ਜ਼ਿੰਦਗੀ ਇਕ ਫ਼ਰਜ਼ ਸੀ,
ਕਿ ਜ਼ਿੰਦਗੀ ਇਕ ਕਰਜ਼ ਸੀ,
ਕਿ ਜ਼ਿੰਦਗੀ ਇਕ ਮਰਜ਼ ਸੀ।
ਮੈਂ ਸੋਚਿਆ ਤੇ ਸਮਝਿਆ
ਕਿ ਫ਼ਰਜ ਹੀ ਆਜ਼ਾਦ ਹੈ,
ਕਿ ਕਰਜ਼ ਹੀ ਆਬਾਦ ਹੈ।

---

### ਆਖਰੀ ਸੱਧਰ

ਚਿਤ੍ਰ ਗੁਪਤਾਂ ਦੇ ਲਿਖੇ ਨਾ ਫੜੀਂ ਮੈਨੂੰ,
ਪੁੱਛ ਲਈਂ ਮੈਥੋਂ ਸਾਰੀ ਗੱਲ ਪਹਿਲੋਂ।
ਮੇਰੇ ਕਤਲ ਦਾ ਹੁਕਮ ਚੜ੍ਹਾਨ ਵੇਲੇ,
ਤੱਕੀਂ ਨਜ਼ਰ ਭਰ ਕੇ ਮੇਰੇ ਵੱਲ ਪਹਿਲੋਂ।
ਪੂਰੇ ਜੋਬਨ ਦਾ ਜਲਵਾ ਦਿਖਾਲ ਮੈਨੂੰ
ਸਦਕੇ ਹੋਣ ਦੇਵੀਂ ਪਲ ਦਾ ਪਲ ਪਹਿਲੋਂ।

ਪਿਛੋਂ ਧੱਕ ਦੇਈਂ ਵਲ ਜੱਲਾਦ ਭਾਵੇਂ,
ਹੱਥੀਂ ਆਪਣੀ ਖਿੱਚ ਲਈਂ ਖੱਲ ਪਹਿਲੋਂ।
ਵੇਖਾਂ ਆਪਣੀ ਮੌਤ ਦੀ ਮੌਜ ਮੈਂ ਭੀ,
ਵੱਜੇ ਮੌਤ ਮੇਰੀ ਵਾਲਾ ਟੱਲ ਪਹਿਲੋਂ।
ਗ਼ੈਰ ਮਹਿਰਮ ਨਾ ਲਾਸ਼ ਉਠਾਣ ਮੇਰੀ,
ਖ਼ਬਰ ਮਹਿਰਮਾਂ ਨੂੰ ਦੇਈਂ ਘੱਲ ਪਹਿਲੋਂ।

# ਰੂਸੀ ਇਨਕਲਾਬ ਬਾਰੇ ਗੁਰਦਿਆਲ ਬਲ ਦਾ ਲੇਖ

ਵਿਚਾਰ-ਚਰਚਾ

4 ਅਤੇ 11 ਜਨਵਰੀ ਨੂੰ ਦੋ ਕਿਸ਼ਤਾਂ ਵਿਚ ਗੁਰਦਿਆਲ ਬਲ ਦਾ ਲੰਮਾ ਲੇਖ ਪੜ੍ਹਿਆ। ਬਲ ਦੀ ਅਧਿਐਨ ਸਮੱਗਰੀ ਅਤੇ ਰੂਸੀ ਇਨਕਲਾਬ ਬਾਰੇ ਉਸ ਦੇ ਵਿਸ਼ਲੇਸ਼ਣ ਨੂੰ ਸਲਾਮ। ਪਾਰਟੀ ਲਾਈਨ ਤੋਂ ਲਿਖੀ ਲਿਖਤ ਕਾਰਨ ਅੰਮ੍ਰਿਤਪਾਲ ਦਾ ਤਾਸਕੀ ਉਪਰ ਨਿਬੰਧ ਇਕਤਰਫਾ ਅਤੇ ਨੀਰਸ ਹੈ। ਵੀਹਵੀਂ ਸਦੀ ਦੇ 60ਵਿਆਂ ਤੇ 70ਵਿਆਂ ਵਿਚ ਕਮਿਊਨਿਸਟ ਪਾਰਟੀ ਦੀ ਦਫਤਰੀ ਹਦਾਇਤ ਹੁੰਦੀ ਸੀ ਕਿ ਤਾਸਕੀ ਨਹੀਂ ਪੜ੍ਹਨਾ, ਉਸ ਦਾ ਜ਼ਿਕਰ ਨਹੀਂ ਕਰਨਾ। ਉਮੀਦ ਸੀ ਕਮਿਊਨਿਸਟ ਖੁੱਲ੍ਹੇ ਕੰਨਾਂ ਵਾਲੇ ਅਤੇ ਖੁੱਲ੍ਹੀਆਂ ਅੱਖਾਂ ਵਾਲੇ ਰੋਸ਼ਨ ਦਿਮਾਗ ਕ੍ਰਾਂਤੀਕਾਰੀ ਹੋਣਗੇ ਪਰ ਇਥੇ ਵੀ ਸਟਾਲਿਨ ਦਾ ਪੁਰੋਹਿਤਵਾਦ ਚੱਲ ਪਿਆ। ਪਾਰਟੀ ਵਿਚ ਸਫਾਈ ਦੇ ਨਾਅਰੇ ਅਧੀਨ ਸਟਾਲਿਨ ਨੇ ਲੈਨਿਨ ਦੇ ਸਾਰੇ ਸਾਥੀ ਅਤੇ ਵਰਕਰ ਕਤਲ ਕੀਤੇ, ਸਾਇਬੇਰੀਆ ਦੀਆਂ ਬਰਫਾਂ ਵਿਚ ਗਾਲੇ ਅਤੇ ਤਸੀਹਾ ਕੇਂਦਰਾਂ ਵਿਚ ਰੱਖ ਕੇ ਝੂਠੇ ਇਕਬਾਲੀਆ ਬਿਆਨ ਕਰਵਾ ਕੇ ਦੁਨੀਆਂ ਨੂੰ ਗੁਮਰਾਹ ਕੀਤਾ।

ਇਸਹਾਕ ਡਿਊਸ਼ਰ ਆਧੁਨਿਕ ਰੂਸ ਦਾ ਗੰਭੀਰ ਇਤਿਹਾਸਕਾਰ ਹੈ। ਉਸ ਨੇ ਤਾਸਕੀ ਦੀ ਜੀਵਨੀ ਤਿੰਨ ਜਿਲਦਾਂ ਵਿਚ ਲਿਖੀ ਹੈ। ਇਸ ਜੀਵਨੀ ਨੂੰ ਪੜ੍ਹਦਿਆਂ ਅਹਿਸਾਸ ਹੁੰਦਾ ਹੈ ਕਿ ਔਰੰਗਜ਼ੇਬ ਦੀ ਥਾਂ ਕੋਈ ਉਦਾਰ ਬਾਦਸ਼ਾਹ ਹੁੰਦਾ ਤਾਂ ਮੁਗਲ ਹਕੂਮਤ ਕੁੱਝ ਦਹਾਕੇ ਹੋਰ ਸਾਹ ਲੈ ਸਕਦੀ ਸੀ। ਇਵੇਂ ਹੀ ਸਟਾਲਿਨ ਦੇ ਹੱਥ ਤਾਕਤ ਆਉਣ ਦੀ ਥਾਂ ਜੇ ਤਾਸਕੀ ਕੋਲ ਹਕੂਮਤ ਆ ਜਾਂਦੀ ਤਾਂ ਸੰਭਵ ਹੈ, ਸੋਵੀਅਤ ਰੂਸ ਨਾ ਟੁਟਦਾ। ਤਾਨਾਸ਼ਾਹੀ ਅਧੀਨ ਜਿਉਂ ਰਹੀ ਪਰਜਾ ਦਾ ਗੁੱਸਾ ਧਰਤੀ ਹੇਠ ਦੱਬੀਆਂ ਗਈਆਂ ਜ਼ਮੀਨਦੋਜ਼ ਬਾਰੂਦੀ ਸੁਰੰਗਾਂ ਵਾਂਗ ਪਤਾ ਨਹੀਂ ਸੀ ਕਦੋਂ ਫਟ ਜਾਵੇ।

ਨੋਬਲ ਇਨਾਮ-ਯਾਫਤਾ ਨਾਵਲਕਾਰ ਸਿਕੰਦਰ ਸੋਲਜ਼ੇਨਿਤਸਿਨ ਨੂੰ ਰੂਸ ਵਿਚੋਂ ਦੇਸ਼ ਨਿਕਾਲਾ ਦਿਤਾ ਗਿਆ ਕਿਉਂਕਿ ਉਸ ਨੇ ਐਲਾਨ ਕਰ ਦਿੱਤਾ ਸੀ ਕਿ ਉਹ ਕਮਿਊਨਿਸਟ ਨਹੀਂ। ਉਸ ਨੂੰ ਰਾਈਟਰਜ਼ ਯੂਨੀਅਨ ਵਿਚੋਂ ਕੱਢ ਦਿੱਤਾ ਗਿਆ ਜਿਸ ਦਾ ਅਰਥ ਬੇਰੁਜ਼ਗਾਰੀ ਅਤੇ ਭੁੱਖਮਰੀ ਸੀ। ਪੱਛਮ ਵਿਚ ਉਸ ਦੀਆਂ ਲਿਖਤਾਂ ਛਪਣ ਲੱਗੀਆਂ ਤਾਂ ਰਾਇਲਟੀ ਰਾਹੀ ਉਸ ਦਾ ਗੁਜ਼ਾਰਾ ਚੱਲ ਪਿਆ। ਰੂਸੀ ਸਰਕਾਰੀ ਪ੍ਰੈਸ ਚਿੱਲਾਈ, ਸੋਲਜ਼ੇ ਨੂੰ ਪੱਛਮ ਨੇ ਖਰੀਦ ਲਿਆ ਹੈ, ਇਹ ਵਿਕਾਊ ਮਾਲ ਹੈ। ਫਲਸਰੂਪ ਉਸ ਨੇ ਰਾਇਲਟੀ ਲੈਣੀ ਬੰਦ ਕਰ ਦਿੱਤੀ। ਫਿਰ ਸਰਕਾਰੀ ਇਲਜਾਮ ਲੱਗਾ, ਹੁਣ ਇਹ ਪੱਛਮ ਦੀ ਪਦਾਰਥਕ ਸੇਵਾ ਕਰਨ ਲੱਗ ਪਿਆ ਹੈ।

ਜਦੋਂ ਸਵੀਡਿਸ਼ ਅਕਾਦਮੀ ਨੇ ਨੋਬਲ ਇਨਾਮ ਲੈਣ ਵਾਸਤੇ ਸਟਾਕਹੋਮ ਆਉਣ ਨੂੰ ਸੱਦਾ ਦਿੱਤਾ ਤਾਂ ਉਸ ਨੇ ਲਿਖਿਆ, "ਜੇ ਮੈਂ ਤੁਹਾਡੇ ਦੇਸ਼ ਵਿਚ ਇਨਾਮ ਲੈਣ ਆ ਗਿਆ ਤਾਂ ਕਾਮਰੇਡ ਮੈਨੂੰ ਆਪਣੇ ਪਿਆਰੇ ਵਤਨ ਵਿਚ ਵੜਨ ਨਹੀਂ ਦੇਣਗੇ। ਕਿਰਪਾ ਕਰਕੇ ਡਾਕ ਰਾਹੀਂ ਭੇਜ ਦਿਉ।" ਉਸ ਨੂੰ ਲੰਮਾ ਸਮਾਂ ਕੈਦ ਕੱਟਣੀ ਪਈ, ਮੁਸ਼ੱਕਤ ਕੈਂਪਾਂ ਦੇ ਤਸੀਹੇ ਝੱਲਣੇ ਪਏ। ਆਖਰ ਦੇਸ਼ ਨਿਕਾਲਾ ਦੇ ਹੀ ਦਿੱਤਾ। ਅਮਰੀਕਾ ਵਿਚੋਂ ਰੂਸੀ ਸਰਕਾਰ ਦੇ ਨਾਮ ਉਸ ਨੇ ਖੁੱਲ੍ਹਾ ਖਤ ਲਿਖਿਆ, ਜਿਸ ਦੀ ਨਕਲ ਮੇਰੇ ਪਾਸ ਪਈ ਹੈ, ਪੰਜਾਬ ਟਾਈਮਜ਼ ਦੇ ਪਾਠਕ ਕਦੀ ਪੜ੍ਹਨਗੇ। ਉਸ ਨੇ ਲਿਖਿਆ ਸੀ, "ਰੂਸ ਦੇ ਹੁਕਮਰਾਨੋ, ਤੁਸੀਂ ਦੇਸ਼ ਦੇ ਦੁਆਲੇ ਲੋਹੇ ਦੀਆਂ ਉਚੀਆਂ ਕੰਧਾਂ ਉਸਾਰ ਦਿੱਤੀਆਂ ਹਨ, ਕਦੀ ਇਨ੍ਹਾਂ ਕੰਧਾਂ ਤੋਂ ਬਾਹਰ ਨਿਕਲੋਗੇ ਤਾਂ ਦੇਖੋਗੇ ਦੁਨੀਆਂ ਵਿਚ ਕਦੋਂ ਦਾ ਸੂਰਜ ਚੜ੍ਹ ਚੁੱਕਾ ਹੈ।"

ਬਲ ਦੀ ਲਿਖਤ ਬਲਵਾਨ ਹੈ, ਅਦਾਰਾ ਪੰਜਾਬ ਟਾਈਮਜ਼ ਨੂੰ ਵਧਾਈ।

*-ਪ੍ਰੋ. ਹਰਪਾਲ ਸਿੰਘ ਪੰਨੂ*
*ਫੋਨ: 91-94642-51454*

# ਲੈਨਿਨ, ਸਤਾਲਿਨ ਤੇ ਤ੍ਰਾਤਸਕੀ

*(ਪਿਛਲੇ ਸਫੇ ਦੀ ਬਾਕੀ)*

ਜ਼ੁਲਮ ਲੋਕ ਇਸ ਵੇਲੇ ਸਹਿ ਰਹੇ ਹਨ, ਉਸ ਨੂੰ ਸਮਾਜਵਾਦ ਕਹਿਣਾ ਲੋਕਾਂ ਦੇ ਸਮਾਜਵਾਦ ਵਿਚ ਵਿਸ਼ਵਾਸ ਨੂੰ ਤੋੜਨਾ ਤੇ ਉਨ੍ਹਾਂ ਨੂੰ ਇਸ ਦੇ ਦੁਸ਼ਮਣ ਬਣਾਉਣਾ ਹੈ।

ਡਾ. ਅੰਮ੍ਰਿਤਪਾਲ ਇਹ ਵੀ ਕਹਿੰਦੇ ਹਨ ਕਿ ਤ੍ਰਾਤਸਕੀ ਸਭ ਇਨਕਲਾਬੀ ਮਸਲਿਆਂ ਵਿਚ ਬਾਲਸ਼ਵਿਕ ਵਿਰੋਧੀ ਸੀ, ਪਰ ਜੇ ਅਜਿਹਾ ਸੀ ਤਾਂ ਫਿਰ ਤ੍ਰਾਤਸਕੀ ਨੂੰ ਬਾਲਸ਼ਵਿਕਾਂ ਨੇ ਰੂਸ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦਾ ਮੈਂਬਰ, ਪੋਲਿਟ ਬਿਊਰੋ ਦਾ ਮੈਂਬਰ, ਫੌਜੀ ਤੇ ਬਾਹਰੀ ਮਾਮਲਿਆਂ ਬਾਰੇ ਲੋਕ ਕਮੀਸਾਰ ਅਤੇ ਇਨਕਲਾਬੀ ਫੌਜੀ ਕੌਂਸਲ ਦਾ ਚੇਅਰਮੈਨ ਜਿਹੇ ਉਚੇ ਅਹੁਦੇ ਕਿਉਂ ਦਿਤੇ? ਲੈਨਿਨ ਨੇ ਆਪਣੀ ਵਸੀਅਤ ਵਿਚ ਤ੍ਰਾਤਸਕੀ ਨੂੰ ਉਸ ਦੀਆਂ ਸਭ ਖਾਮੀਆਂ ਦੇ ਬਾਵਜੂਦ 'ਸਭ ਤੋਂ ਯੋਗ ਪਾਰਟੀ ਲੀਡਰ' ਕਿਉਂ ਕਿਹਾ? ਲੈਨਿਨ ਨੇ ਕੌਂਸਟੀਚੂਐਂਟ ਅਸੈਂਬਲੀ ਲਈ ਬਾਲਸ਼ਵਿਕ ਉਮੀਦਵਾਰਾਂ ਦੀ ਲਿਸਟ ਵਾਲੇ ਆਪਣੇ ਪੱਤਰ ਵਿਚ ਲਿਖਿਆ ਸੀ, "ਕੋਈ ਜਣਾ ਵੀ ਤ੍ਰਾਤਸਕੀ ਨੂੰ ਉਮੀਦਵਾਰ ਐਲਾਨੇ ਜਾਣ ਦਾ ਵਿਰੋਧ ਨਹੀਂ ਕਰੇਗਾ, ਕਿਉਂਕਿ ਪਹਿਲੀ ਗੱਲ ਇਹ ਕਿ ਤ੍ਰਾਤਸਕੀ ਨੇ ਆਪਣੇ ਆਉਣ ਦੇ ਪਹਿਲੇ ਦਿਨ ਤੋਂ ਹੀ ਕੌਮਾਂਤਰੀ ਪਦਵੀ ਗ੍ਰਹਿਣ ਕੀਤੀ ਹੈ, ਦੂਜੇ, ਉਹ ਮੈਂਜ਼ਰਾਯੋਂਤਸੀ ਦੀ ਬਾਲਸ਼ਵਿਕਾਂ ਨਾਲ ਏਕਤਾ ਲਈ ਲੜਿਆ ਅਤੇ ਤੀਜੇ, ਉਸ ਨੇ ਜੁਲਾਈ ਦੇ ਮੁਸ਼ਕਿਲਾਂ ਭਰੇ ਦਿਨਾਂ ਵਿਚ ਕ੍ਰਾਂਤੀਕਾਰੀ ਪ੍ਰੋਲੇਤਾਰੀ ਪਾਰਟੀ ਦੇ ਰਾਖੇ ਦੇ ਤੌਰ 'ਤੇ ਅੱਗੇ ਹੋ ਕੇ ਕੰਮ ਕੀਤਾ। ਅਜਿਹੀ ਗੱਲ ਪਾਰਟੀ ਦੇ ਹੁਣੇ-ਹੁਣੇ ਬਣੇ ਉਨ੍ਹਾਂ ਮੈਂਬਰਾਂ ਬਾਰੇ ਨਹੀਂ ਕਹੀ ਜਾ ਸਕਦੀ ਜਿਨ੍ਹਾਂ ਦੇ ਨਾਮ ਇਸ ਲਿਸਟ ਵਿਚ ਸ਼ਾਮਲ ਕੀਤੇ ਗਏ ਹਨ।"

(ਚਲਦਾ)

# ਪੰਜਾਬ ਦੇ ਵਿਕਾਸ ਦਾ 'ਕ' ਬਣ ਗਿਆ 'ਨ'

ਸੰਪਾਦਕ ਦੀ ਡਾਕ

ਪੰਜਾਬ ਟਾਈਮਜ਼ ਦੇ 11 ਜਨਵਰੀ ਦੇ ਅੰਕ ਵਿਚ ਛਪੇ ਆਪਣੇ ਲੇਖ-ਪੰਜਾਬ ਦੇ ਵਿਕਾਸ ਦਾ 'ਕ' ਬਣ ਗਿਆ 'ਨ' ਵਿਚ ਗੁਰਬਚਨ ਸਿੰਘ ਭੁੱਲਰ ਨੇ ਬਾਦਲਾਂ ਉਤੇ ਚੰਗਾ ਝਾੜੂ ਫੇਰਿਆ ਹੈ। ਵਿਕਾਸ ਦੇ ਨਾਂ ਉਤੇ ਇਹ ਸਿਆਸੀ ਲੋਕ ਪਤਾ ਨਹੀਂ ਕੀ-ਕੀ ਕਰੀ ਜਾਂਦੇ ਹਨ।

ਸਵਾਲ ਬਣਦਾ ਹੈ ਕਿ ਕੀ ਇਸ ਜਹਾਨ ਵਿਚ ਇਨ੍ਹਾਂ ਨੂੰ ਰੋਕਣ ਟੋਕਣ ਵਾਲਾ ਕੋਈ ਨਹੀਂ ਹੈ? ਸਾਧਾਰਨ ਪਬਲਿਕ ਕਿਹੜੇ ਖੂਹ-ਖਾਤੇ ਵਿਚ ਪਵੇ? ਕਦੇ ਪੰਜਾਬ ਦਾ ਚੱਕਰ ਲੱਗਦਾ ਹੈ ਤਾਂ ਕਿੰਨਾ ਚਾਅ ਹੁੰਦਾ ਹੈ ਪਰ ਇਹ ਚਾਅ ਉਥੇ ਜਾ ਕੇ ਛੇਤੀ ਹੀ ਲਹਿ ਜਾਂਦਾ ਹੈ। ਕਿਸੇ ਦਫਤਰ ਜਾਣਾ ਪੈ ਜਾਵੇ ਤਾਂ ਲਗਦਾ ਹੈ, ਸਾਰੇ ਸਰਕਾਰੀ ਕਰਮਚਾਰੀ ਛੁਰੀਆਂ ਲੈ ਕੇ ਬੈਠੇ ਹਨ, ਖੱਲ ਉਧੇੜਨ ਲਈ। ਵਿਕਾਸ ਦੇ ਨਾਂ ਉਤੇ ਇਹ ਵਿਨਾਸ ਪਤਾ ਨਹੀਂ ਕਦੋਂ ਰੁਕੇਗਾ?

ਰੂਸੀ ਕਾਮਰੇਡ ਬਾਰੇ ਪਹਿਲਾਂ ਡਾ. ਅੰਮ੍ਰਿਤਪਾਲ ਦਾ ਲੇਖ ਅਤੇ ਹੁਣ ਗੁਰਦਿਆਲ ਸਿੰਘ ਬੱਲ ਦਾ ਦੋ ਕਿਸ਼ਤਾਂ ਵਾਲਾ ਲੇਖ ਪੜ੍ਹਿਆ। ਚੰਗੇ ਸਿੰਗ ਫਸੇ ਹਨ ਪਰ ਬੱਲ ਸਾਹਿਬ ਨੇ ਪਹਿਲੇ ਹਿੱਸੇ ਵਿਚ ਜਿਨ੍ਹਾਂ ਰੂਸੀ ਲੀਡਰਾਂ ਬਾਰੇ ਚਰਚਾ ਕੀਤੀ ਹੈ, ਉਨ੍ਹਾਂ ਦਾ ਲੇਖ ਦੇ ਦੂਜੇ ਹਿੱਸੇ ਵਿਚ ਚਰਚਾ ਵਿਚ ਲਿਆਂਦੇ ਅਫਗਾਨ ਲੀਡਰਾਂ ਨਾਲ ਮੇਲ ਤਾਂ ਕੋਈ ਬਣਦਾ ਨਹੀਂ ਲੱਗਿਆ। ਇੰਜ ਜਾਪਿਆ ਜਿਵੇਂ ਲੇਖਕ ਨੇ ਤ੍ਰਾਤਸਕੀ ਦੇ ਬਹਾਨੇ ਅਫਗਾਨਿਸਤਾਨ ਦੀਆਂ ਬਾਤਾਂ ਪਾ ਦਿੱਤੀਆਂ। ਦੂਜੇ ਹਿੱਸੇ ਵਿਚੋਂ ਤ੍ਰਾਤਸਕੀ ਕਿਤੇ ਨਹੀਂ ਲੱਭਿਆ। ਫਿਰ ਵੀ ਅਫਗਾਨ ਲੀਡਰਾਂ ਬਾਰੇ ਜਾਣਕਾਰੀ ਵਡਮੁੱਲੀ ਸੀ। ਦਿਲ ਕੀਤਾ ਕਿ ਇਨ੍ਹਾਂ ਲੀਡਰਾਂ ਬਾਰੇ ਕੁਝ ਹੋਰ ਵੀ ਪੜ੍ਹਿਆ ਜਾਵੇ। ਉਨ੍ਹਾਂ ਨੇ ਕਿੰਨੇ ਔਖੇ ਸਮਿਆਂ ਵਿਚ ਕੰਮ ਕੀਤਾ।

*-ਜਸਵੰਤ ਸਿੰਘ ਖਹਿਰਾ*
*ਹਿਊਸਟਨ, ਟੈਕਸਸ।*

# ਕੁਲਵੰਤ ਸਿੰਘ ਵਿਰਕ ਦੀ ਮਾਸਟਰੀ

'ਪੰਜਾਬ ਟਾਈਮਜ਼' ਦੇ 4 ਜਨਵਰੀ ਦੇ ਅੰਕ ਵਿਚ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਖੱਬਲ' ਪੜ੍ਹੀ। ਕਹਾਣੀ ਪੜ੍ਹ ਕੇ ਉਹੀ ਵੇਲੇ ਫਿਰ ਚੇਤੇ ਆ ਗਏ ਜਦੋਂ ਬੰਦਾ ਬਿਨਾਂ ਵਜ੍ਹਾ ਬੰਦੇ ਦਾ ਵੈਰੀ ਬਣ ਗਿਆ ਸੀ। ਇਸ ਦਾ ਸਭ ਤੋਂ ਵੱਧ ਖਮਿਆਜ਼ਾ ਔਰਤ ਜਾਤ ਨੂੰ ਭੁਗਤਣਾ ਪਿਆ। ਸੋਚ ਕੇ ਹੁਣ ਵੀ ਅੱਖਾਂ ਵਿਚੋਂ ਪਾਣੀ ਵਗ ਪੈਂਦਾ ਹੈ। ਉਦੋਂ ਕਿੰਨਾ ਜ਼ੁਲਮ ਹੋਇਆ, ਕੋਈ ਹਿਸਾਬ ਨਹੀਂ। ਐਨੀ ਵੱਢ-ਟੁੱਕ ਪਹਿਲਾਂ ਕਿਤੇ ਸ਼ਾਇਦ ਹੀ ਹੋਈ ਹੋਵੇ। ਕਿੰਨੇ ਘਰ ਬਰਬਾਦ ਹੋ ਗਏ। ਕਿੰਨੀਆਂ ਮਾਸੂਮ ਜਿੰਦੜੀਆਂ ਭੰਗ ਦੇ ਭਾੜੇ ਚਲੀਆਂ ਗਈ। ਦੁੱਖ ਦੀ ਗੱਲ ਇਹ ਹੈ ਕਿ ਇੰਨੇ ਵੱਡੇ ਕਾਰੇ ਤੋਂ ਬਾਅਦ ਵੀ ਅਸੀਂ ਕੋਈ ਸਬਕ ਨਹੀਂ ਸਿੱਖਿਆ ਹੈ।

ਅਖਬਾਰ ਦੇ 11 ਜਨਵਰੀ ਵਾਲੇ ਅੰਕ ਵਿਚ ਬੀਬੀ ਕਾਨਾ ਸਿੰਘ ਦਾ ਲੇਖ 'ਕੁੜੀ ਦਾ ਪਿਓ' ਵੀ ਝੰਜੋਤਨ ਵਾਲਾ ਹੈ। ਕੀ ਔਰਤ ਦੀ ਬੇਵਸੀ ਦਾ ਕੋਈ ਇਲਾਜ ਨਹੀਂ ਹੈ? ਕੁਝ ਨਹੀਂ ਸੁੱਝਦਾ। ਭਾਣਾ ਹੀ ਮੰਨਣਾ ਪੈਂਦਾ ਹੈ। ਜਿੰਨੀ ਵਾਰ ਵੀ ਗੁਰਦੁਆਰੇ ਜਾਈਦਾ ਹੈ, ਡਾਢੇ ਮਾਲਕ ਕੋਲੋਂ ਇਹੀ ਮੰਗੀਦਾ ਹੈ ਕਿ ਹੇ ਸੱਚੇ ਪਾਤਸ਼ਾਹ, ਮਿਹਰ ਕਰੀਂ। ਵਾਧੀ ਕਰਨ ਵਾਲਿਆਂ ਨੂੰ ਸੁਮੱਤ ਬਖ਼ਸ਼ੀਂ। ਕਿੰਨੇ ਯੁੱਗ ਬੀਤ ਗਏ, ਕਿੰਨਾ ਕੁਝ ਬਦਲ ਗਿਆ ਪਰ ਔਰਤਾਂ ਦੇ ਦੁੱਖ ਨਹੀਂ ਮੁੱਕ ਰਹੇ।

*-ਨਰਿੰਦਰ ਕੌਰ, ਫਰੀਮਾਂਟ, ਕੈਲੀਫੋਰਨੀਆ।*

ਕਹਾਣੀ

# ਗਤੀ

ਮਾਂ ਦੀ ਗਤੀ ਨਹੀਂ ਸੀ ਹੋਈ।

ਜਾਗਦੇ ਨੂੰ ਮਾਂ ਦੀ ਯਾਦ ਹੀ ਆਉਂਦੀ ਪਰ ਸੁਤਿਆਂ ਉਹ ਆਪ ਆ ਜਾਂਦੀ। ਸੁਫ਼ਨਾ ਬਣ ਕੇ ਆਉਂਦੀ ਅਤੇ ਪਾਣੀ ਮੰਗਦੀ। ਉਹਦਾ ਦੁੱਧ-ਚਿਟਾ ਬਾਣਾ ਚੰਦ ਦੀ ਚਾਨਣੀ ਵਾਂਗ ਜਗ ਰਿਹਾ ਹੁੰਦਾ। ਉਹ ਕਦੀ ਵੀ ਕੋਈ ਹੋਰ ਗੱਲ ਨਾ ਕਰਦੀ, ਬਸ ਸੁਕੇ ਹੋਏ ਬੁੱਲ੍ਹਾਂ ਉਤੇ ਜੀਭ ਫੇਰਦੀ ਅਤੇ ਨਿਰਬਲ ਆਵਾਜ਼ ਵਿਚ ਆਖਦੀ, "ਆ ਗਿਐਂ ਛੋਟਿਆ, ਪੁੱਤਰ ਪਾਣੀ ਦੇ!"

ਮੇਰੀ ਨੀਂਦ ਟੁਟ ਜਾਂਦੀ। ਮਾਂ ਦਾ ਚਾਨਣਾ ਵਜੂਦ ਹਨੇਰੇ ਵਿਚ ਘੁਲ ਜਾਂਦਾ। ਮੇਰਾ ਤਨ ਪਸੀਨੇ ਨਾਲ ਗਿਲਾ ਹੋਇਆ ਹੁੰਦਾ ਪਰ ਮੂੰਹ ਸੁਕਿਆ ਪਿਆ ਹੁੰਦਾ। ਬੁੱਲ੍ਹ ਜਿਵੇਂ ਪਾਟੇ ਹੋਏ ਹੋਣ ਅਤੇ ਜੀਭ ਜਿਵੇਂ ਕਾਠ ਦੀ ਬਣੀ ਹੋਈ ਹੋਵੇ। ਮਾਂ ਦੀ ਤੇਹ ਮੇਰੇ ਸੁੱਕੇ ਸੰਘ ਵਿਚ ਕੰਡਿਆਂ ਵਾਂਗ ਚੁਭ ਰਹੀ ਹੁੰਦੀ। ਮੈਂ ਪਾਣੀ ਪੀਂਦਾ। ਮੇਰੀ ਤੇਹ ਤਾਂ ਕੁਝ ਬੁਝ ਜਾਂਦੀ ਪਰ ਮਾਂ ਦੀ ਤੇਹ ਮੱਠੀ ਨਹੀਂ ਸੀ ਪੈਂਦੀ। ਅਗਲੀ ਰਾਤ ਉਹ ਫੇਰ ਸੁੱਕੇ ਹੋਏ ਬੁੱਲ੍ਹਾਂ ਉਤੇ ਜੀਭ ਫੇਰਦਿਆਂ ਆ ਪਾਣੀ ਮੰਗਦੀ, "...ਪੁੱਤਰ, ਪਾਣੀ ਦੇ!"



ਗੁਰਬਚਨ ਸਿੰਘ ਭੁੱਲਰ
ਫੋਨ: 91-11-65736868
bhullargs@gmail.com

ਮਾਂ ਦੇ ਸੁਫ਼ਨੇ ਨਾਲ ਬੇਹਾਲ ਹੋ ਕੇ ਜਾਗਿਆ ਮੈਂ ਪਾਸੇ ਪਰਤਦਾ ਹੋਇਆ ਸੌਣ ਦਾ ਯਤਨ ਕਰਦਾ ਪਰ ਨੀਂਦ ਇਸ ਪਿਛੋਂ ਅੱਖਾਂ ਨਾਲ ਰੁੱਸ ਬੈਠਦੀ।

ਲੋਕ ਆਖਦੇ, ਮਰਨ ਲਗੀ ਮਾਂ ਦੀ ਸੁਰਤ ਤੇਰੇ ਵੱਲ ਲਗੀ ਹੋਈ ਸੀ, ਇਸੇ ਕਰਕੇ ਉਹ ਤੇਰੇ ਸੁਫ਼ਨਿਆਂ ਵਿਚ ਆਉਂਦੀ ਹੈ। ਜਦੋਂ ਉਹਦੀ ਜਿੰਦ ਨੇ ਉਡਾਰੀ ਲਾਈ, ਉਹ ਤੈਥੋਂ ਹੀ ਪਾਣੀ ਮੰਗ ਰਹੀ ਸੀ, "ਛੋਟਿਆ, ਪੁੱਤਰ ਪਾਣੀ ਦੇ!"

ਭੈਣ-ਭਰਾਵਾਂ ਵਿਚੋਂ ਸਭ ਤੋਂ ਛੋਟਾ ਹੋਣ ਕਰਕੇ ਮਾਂ ਨਾਂ ਲੈਣ ਦੀ ਥਾਂ ਛੋਟਾ ਹੀ ਆਖਦੀ। ਜੇ ਕਦੀ ਉਹ ਨਾਂ ਲੈ ਕੇ ਬੁਲਾਉਂਦੀ, ਮੈਨੂੰ ਵੀ ਅਜੀਬ ਲਗਦਾ। ਜਿਵੇਂ ਕਿਸੇ ਕਾਰਨ ਵਿੱਥ ਉਤੇ ਖਲੋ ਕੇ ਗੱਲ ਕਰ ਰਹੀ ਹੋਵੇ। ਉਹਦੇ ਮੂੰਹੋਂ ਨਿਕਲਦੇ 'ਛੋਟਿਆ' ਵਿਚੋਂ ਅਸੀਮ ਮਮਤਾ ਛਲਕਦੀ, ਅਥਾਹ ਮੋਹ ਡੁੱਲ੍ਹ-ਡੁੱਲ੍ਹ ਪੈਂਦਾ।

ਭੈਣ-ਭਰਾ ਮੇਰੇ ਨਾਲ ਮਿੱਠੀ ਈਰਖਾ ਕਰਦੇ ਅਤੇ ਮਾਂ ਨੂੰ ਮਿੱਠੀ ਟਿੱਚਰ ਕਰਦੇ, "ਮਾਂ, ਅਸੀਂ ਸਾਰੇ ਤਾਂ ਦਾਨਿਆਂ ਵਟੇ ਵਟਾਏ ਹੋਏ ਹਾਂ, ਤੇਰੀ ਕੁੱਖੋਂ ਤਾਂ ਇਹੋ ਜੰਮਿਆ ਹੈ!"

ਮਾਂ ਆਖਦੀ, "ਪਿਆਰੇ ਤਾਂ ਸਾਰੇ ਹੀ ਬਥੇਰੇ ਹੋ, ਪਰ ਇਹ ਮੇਰੀ ਬਚੀ-ਖੁਚੀ ਪੂੰਜੀ ਦੀ ਖਰੀਦ ਐ... ਮੇਰਾ ਪੇਟ-ਘਰੋੜੀ ਦਾ ਲਾਡਲਾ!" ਉਨ੍ਹਾਂ ਨੂੰ ਉਸੇ ਲਹਿਜੇ ਵਿਚ ਚਿੜਾਉਂਦੀ, "ਸੱਚ ਗੱਲ ਐ, ਥੋਡੇ ਨਾਲੋਂ ਥੋੜਾ ਜਿਹਾ ਵੱਧ ਪਿਆਰਾ।" ਆਪਣੀ ਉਂਗਲ ਦੇ ਪੋਟੇ ਨੂੰ ਗੂਠੇ ਨਾਲ ਛੋਹ ਕੇ ਹੱਸ ਪੈਂਦੀ, "ਬੱਸ ਐਵੇਂ ਐਨਾ ਕੁ ਵੱਧ ਪਿਆਰਾ!" ਨਾਲ ਹੀ ਅਸੀਂ ਸਾਰੇ ਵੀ ਹੱਸ ਪੈਂਦੇ।

ਇਸੇ ਕਰਕੇ ਜਦੋਂ ਮਾਂ ਨੇ ਪਾਣੀ ਮੰਗਿਆ, ਮੇਰਾ ਨਾਂ ਲੈ ਕੇ ਹੀ ਮੰਗਿਆ, "ਛੋਟਿਆ, ਪੁੱਤਰ ਪਾਣੀ ਦੇ।"

ਵੱਡੇ ਭਾਈ ਨੇ ਪਾਣੀ ਦਾ ਚਮਚਾ ਬੁੱਲ੍ਹਾਂ ਨੂੰ ਛੁਹਾਇਆ ਤਾਂ ਉਹਨੇ ਅਧ-ਸੁਰਤੀ ਨੂੰ ਇਕਾਗਰ ਕਰਨ ਦਾ ਅਤੇ ਅੱਖਾਂ ਖੋਲ੍ਹਣ ਦਾ ਯਤਨ ਕੀਤਾ। ਉਹ ਆਪਣੇ ਚੁਫੇਰੇ ਪਸਰੀ ਧੁੰਦ ਵਿਚੋਂ ਉਹਦਾ ਚਿਹਰਾ ਪਛਾਣ ਗਈ ਲਗਦੀ ਸੀ। ਡੁਬਦੇ ਬੋਲਾਂ ਵਿਚ ਪੁੱਛਿਆ, "ਆਇਆ ਨਹੀਂ...ਛੋਟਾ...ਅਜੇ?"

ਭਾਈ ਬੋਲਿਆ, "ਆਉਂਦਾ ਹੈ ਛੋਟਾ ਵੀ ਮਾਂ, ਲੈ ਤੂੰ ਪਾਣੀ ਪੀ। ਉਹਨੇ ਪਾਣੀ ਦਾ ਚਮਚਾ ਮਾਂ ਦੇ ਖੁਲ੍ਹੇ ਬੁੱਲ੍ਹਾਂ ਵਿਚ ਪਾ ਦਿੱਤਾ। ਸਾਰਾ ਪਾਣੀ ਖਾਖ ਵਿਚੋਂ ਬਾਹਰ ਡੁੱਲ੍ਹ ਗਿਆ ਅਤੇ ਮਾਂ ਦਾ ਸਿਰ ਇਕ ਪਾਸੇ ਨੂੰ ਡਿੱਗ ਪਿਆ। ਖੇਡ ਖ਼ਤਮ ਹੋ ਗਈ। ਮਾਂ ਤਿਹਾਈ ਹੀ ਲੰਮੇ ਪੰਧ ਉਤੇ ਤੁਰ ਗਈ।

ਮੈਨੂੰ ਘਰੋਂ ਗਿਆਂ ਇਸ ਵਾਰ ਤਿੰਨ ਦਿਨ ਹੋ ਗਏ ਸਨ। ਮੇਰੇ ਜ਼ਿਲੇ ਦੇ ਇਕ ਹਲਕੇ ਤੋਂ ਵਿਧਾਨ ਸਭਾ ਲਈ ਉਪ-ਚੋਣ ਹੋ ਰਹੀ ਸੀ। ਪਿਛਲੀਆਂ ਚੋਣਾਂ ਵੇਲੇ ਇਥੋਂ ਜਿੱਤਿਆ ਵਿਧਾਇਕ ਉਸ ਪਿਛੋਂ ਹੋਈਆਂ ਲੋਕ ਸਭਾ ਚੋਣਾਂ ਵਿਚ ਐਮ ਪੀ ਬਣ ਗਿਆ ਸੀ। ਆਪਣੇ ਅਖ਼ਬਾਰ ਦਾ ਜ਼ਿਲਾ ਪੱਤਰ ਪ੍ਰੇਰਕ ਹੋਣ ਕਰਕੇ ਮੈਂ ਇਨ੍ਹੀਂ ਦਿਨੀਂ ਬਹੁਤਾ ਧਿਆਨ ਇਸੇ ਚੋਣ ਵੱਲ ਦੇ ਰਿਹਾ ਸੀ। ਇਕ ਪਾਰਟੀ ਦੇ ਵਡੇ ਆਗੂ ਨੇ ਸਾਲਾ ਉਮੀਦਵਾਰ ਬਣਾਇਆ ਸੀ ਅਤੇ ਦੂਜੀ ਦੇ ਵਡੇ ਆਗੂ ਨੇ ਭਣੋਈਆ। ਇਸ ਸਿੰਗ-ਫਸਵੇਂ ਮੁਕਾਬਲੇ ਵਿਚ ਬਾਕੀ ਸਭ ਖ਼ਬਰਾਂ ਪਿਛੇ ਰਹਿ ਗਈਆਂ ਸਨ। ਮੈਂ ਸਵੇਰੇ ਸੁਵਖਤੇ ਘਰੋਂ ਨਿਕਲਦਾ ਅਤੇ ਸ਼ਾਮ ਨੂੰ, ਕਦੀ ਕਦੀ ਤਾਂ ਰਾਤ ਪਈ ਤੋਂ ਪਰਤਦਾ।

ਸੰਪਾਦਕ ਦਾ ਸੁਝਾਅ ਸੀ ਕਿ ਮੈਂ ਮੁੱਖ ਉਮੀਦਵਾਰਾਂ ਦਾ ਪੂਰੇ ਦਿਨ ਦਾ ਰੁਝੇਵਾਂ ਲਿਖ ਭੇਜਾਂ। ਉਨ੍ਹਾਂ ਦਾ ਦਿਸਦਾ ਹਾਲ ਅਤੇ ਜਿਥੋਂ ਤੱਕ ਹੋ ਸਕੇ, ਉਨ੍ਹਾਂ ਦੇ ਪਰਦੇ ਪਿਛਲੇ ਕਾਰਨਾਮੇ। ਮਾਇਆ ਦੇ ਗੱਫੇ ਤੇ ਨਸ਼ਿਆਂ ਦਾ ਪ੍ਰਸ਼ਾਦ। ਮਿੰਨਤਾਂ ਤੇ ਧਮਕੀਆਂ। ਪਾਰਟੀਆਂ ਦੇ ਗੁੰਡੇ ਪੱਗਾਂ ਸਿਰਾਂ ਉਤੇ ਬੰਨ੍ਹਣ ਦੀ ਥਾਂ ਮੋਢਿਆਂ ਉਤੇ ਰਖੀਂ ਫਿਰਦੇ ਸਨ। ਤਕੜੇ ਦੇ ਪੈਰਾਂ ਉਤੇ ਰੱਖਣ ਵਿਚ ਉਨ੍ਹਾਂ ਨੂੰ ਕੋਈ ਸ਼ਰਮ ਨਹੀਂ ਸੀ ਤੇ ਮਾੜੇ ਦੇ ਗਲ ਵਿਚ ਪਾਉਣ ਤੋਂ ਉਨ੍ਹਾਂ ਨੂੰ ਕੋਈ ਸੰਕੋਚ ਨਹੀਂ ਸੀ। ਸਵੇਰ ਤੋਂ ਡੂੰਘੀ ਰਾਤ ਤੱਕ ਸਾਲੇ ਅਤੇ ਭਣੋਈਏ ਦੇ ਵੰਨਸੁਵੰਨੇ ਰੰਗ ਦੇਖਦਿਆਂ ਇਸ ਵਾਰ ਮੈਂ ਇਕੱਠੇ ਤਿੰਨ ਦਿਨ ਘਰੋਂ ਬਾਹਰ ਰਿਹਾ। ਚੌਥੇ ਦਿਨ ਘਰ ਪਰਤਿਆ ਤਾਂ ਮਾਂ ਦੀ ਅਰਥੀ ਚੁੱਕਣ ਦੀ ਤਿਆਰੀ ਹੋ ਰਹੀ ਸੀ। ਅੰਮ੍ਰਿਤ ਵੇਲੇ ਉਹਦੇ ਪ੍ਰਾਣ-ਪੰਖੇਰੂ ਉਡਾਰੀ ਲਾ ਗਏ ਸਨ। ਇਧਰ-ਉਧਰ ਮੇਰੀ ਭਾਲ ਹੁੰਦੀ ਰਹੀ। ਆਖ਼ਰ ਵੇਲੇ ਸਿਰ ਮੇਰੇ ਮੁੜਨ ਦੀ ਆਸ ਮੁਕਾ ਕੇ ਉਹ ਮਿੱਟੀ ਸਮੇਟਣ ਲਗੇ ਸਨ।

ਮੈਂ ਪਰਤਿਆ ਤਾਂ ਸਭ ਦਾ ਧਿਆਨ ਮੇਰੇ ਵੱਲ ਹੋਣਾ ਸੁਭਾਵਿਕ ਸੀ। ਅੱਖਾਂ ਪੂੰਝਦੇ ਉਹ ਇਕੋ ਗੱਲ ਦੱਸ ਰਹੇ ਸਨ, ਤੈਥੋਂ ਪਾਣੀ ਮੰਗਦੀ ਤੁਰ ਗਈ ਮਾਂ!

ਮੈਂ ਪਛਤਾਉਂਦਾ, ਜੇ ਘਰ ਹੁੰਦਾ, ਮਾਂ ਦੇ ਮੂੰਹ ਵਿਚ ਪਾਣੀ ਤਾਂ ਪਾ ਦਿੰਦਾ। ਭਾਵੇਂ ਮੇਰਾ ਪਾਣੀ ਭਾਈ ਦੇ ਪਾਣੀ ਨਾਲੋਂ ਵੱਧ ਕਾਰਗਰ ਨਹੀਂ ਸੀ ਹੋਣਾ, ਮਾਂ ਦੀ ਅੰਤਿਮ ਇੱਛਾ ਤਾਂ ਪੂਰੀ ਹੋ ਜਾਂਦੀ। ਫੇਰ ਉਹਨੂੰ ਮੇਰੇ ਸੁਫਨਿਆਂ ਵਿਚ ਇਉਂ ਤਿਹਾਈ ਨਾ ਭਟਕਣਾ ਪੈਂਦਾ।

ਇਹ ਅਜਿਹਾ ਪਛਤਾਵਾ ਸੀ ਜਿਸ ਦਾ ਨਾ ਕੋਈ ਉਪਾਅ ਸੀ ਤੇ ਨਾ ਅੰਤ। ਰੋਜ਼ ਸਵੇਰੇ ਮੈਂ ਪਾਪ-ਬੋਧ ਨਾਲ ਉਠਦਾ। ਇਸ ਵਿਚ ਭਾਵੇਂ ਮੇਰਾ ਕੋਈ ਦੋਸ਼ ਨਹੀਂ ਸੀ, ਮਾਂ ਦੀ ਰੂਹ ਭਟਕ ਤਾਂ ਮੇਰੇ ਕਾਰਨ ਹੀ ਰਹੀ ਸੀ। ਜਦੋਂ ਫੁੱਲ ਜਲ ਵਿਚ ਪ੍ਰਵਾਹੇ ਗਏ ਸਨ, ਲੋਕ ਮਾਂ ਦੀ ਸੰਸਾਰ-ਯਾਤਰਾ ਦਾ ਅੰਤ ਹੋ ਗਿਆ ਆਖਦੇ ਸਨ। ਫੁੱਲ ਪਾਉਣ ਦਾ ਇਕ ਮਨੋਰਥ ਜਿਉਂਦਿਆਂ ਨੂੰ ਇਹ ਅਹਿਸਾਸ ਕਰਾਉਣਾ ਹੁੰਦਾ ਹੈ ਕਿ ਜਾਣ ਵਾਲੇ ਦੀ ਵਿਦਾਇਗੀ ਹੋ ਗਈ। ਪਰਿਵਾਰ ਨਾਲੋਂ, ਸੰਸਾਰ ਨਾਲੋਂ ਉਸ ਦੇ ਨਾਤੇ ਦੀ ਆਖਰੀ ਤੰਦ ਟੁੱਟ ਗਈ। ਫੁੱਲ ਤਾਰਨ ਪਿਛੋਂ ਵੀ ਪਰ ਮੇਰੇ ਮਨ ਵਿਚ ਤਾਂ ਇਹ ਭਾਵਨਾ ਪੈਦਾ ਨਾ ਹੀ ਹੋਈ। ਨਾ ਹੀ ਅੰਤਿਮ ਰਸਮਾਂ ਸਮੇਂ ਸਭ ਵਲੋਂ ਮਿਲ ਕੇ ਪਰਮਾਤਮਾ ਅਗੇ ਕੀਤੀ ਗਈ ਅਰਦਾਸ ਪ੍ਰਵਾਨ ਹੋਈ ਲਗਦੀ ਸੀ। ਕਿਥੇ ਮਿਲੀ ਜਿਉਂਦਿਆਂ ਨੂੰ ਭਾਣਾ ਮੰਨਣ ਦੀ ਸ਼ਕਤੀ! ਮੈਨੂੰ ਤਾਂ ਮਿਲੀ ਹੀ ਨਹੀਂ ਸੀ। ਨਾ ਮਰਨ ਵਾਲੀ ਨੂੰ ਉਹਨੇ ਆਪਣੇ ਚਰਨਾਂ ਵਿਚ ਨਿਵਾਸ ਦਿੱਤਾ ਲਗਦਾ ਸੀ। ਨਹੀਂ ਤਾਂ ਮਾਂ ਮੇਰੇ ਸੁਫ਼ਨਿਆਂ ਵਿਚ ਮੁੜ-ਮੁੜ ਕਿਉਂ ਆਉਂਦੀ? 'ਜਨ ਕੀ ਅਰਦਾਸ' ਬਿਰਥੀ ਹੀ ਚਲੀ ਗਈ ਸੀ!

ਮੇਰਾ ਕੰਮ ਹੀ ਅਜਿਹਾ ਸੀ, ਪਤਾ ਨਹੀਂ ਕਦੋਂ ਕਿਥੇ ਜਾਣਾ ਪੈ ਜਾਵੇ। ਇਹ ਵੀ ਪਤਾ ਨਹੀਂ ਸੀ, ਕਿੰਨਾ ਚਿਰ ਘਰੋਂ ਬਾਹਰ ਬੀਤ ਜਾਵੇ। ਯੂਨੀਵਰਸਿਟੀ ਵਿਚ ਪੜ੍ਹਦਿਆਂ ਮੈਂ ਸਮਾਜਕ ਸਮਸਿਆਵਾਂ ਬਾਰੇ, ਲੋਕਾਂ ਦੀਆਂ ਮੁਸ਼ਕਿਲਾਂ ਬਾਰੇ ਲਿਖਣ ਲੱਗ ਪਿਆ ਸੀ। ਮੈਨੂੰ ਦੂਹਰੀ ਤਸੱਲੀ ਹੁੰਦੀ। ਸਾਧਾਰਨ ਜੀਵਨ ਨੂੰ ਮੈਂ ਹਾਕਮਾਂ ਤੇ ਪਾਠਕਾਂ ਦੀ ਨਜ਼ਰ ਵਿਚ ਲਿਆ ਰਿਹਾ ਸੀ ਅਤੇ ਆਮ ਵਿਦਿਆਰਥੀਆਂ ਦੇ ਉਲਟ ਮੇਰੀ ਪਛਾਣ ਬਣਦੀ ਜਾ ਰਹੀ ਸੀ। ਪੜ੍ਹਾਈ ਖ਼ਤਮ ਹੋਣ ਮਗਰੋਂ ਭਾਵੇਂ ਮੇਰੇ ਸਾਹਮਣੇ ਕਈ ਰਾਹ ਸਨ, ਪਰ ਲਿਖਣ ਦੀ ਆਪਣੀ ਚਾਹ ਅਤੇ ਕਲਮ ਦੇ ਪ੍ਰਭਾਵ ਤੋਂ ਪ੍ਰੇਰਿਤ ਹੋ ਕੇ ਮੈਂ ਪੱਤਰਕਾਰੀ ਵਿਚ ਦਾਖ਼ਲਾ ਲੈ ਲਿਆ।

ਸਬੱਬ ਅਜਿਹਾ ਬਣਿਆ ਕਿ ਇਧਰ ਮੇਰਾ ਕੋਰਸ ਪੂਰਾ ਹੋਇਆ, ਉਧਰ 'ਜਨਮੰਚ' ਅਖ਼ਬਾਰ ਦਾ ਸਾਡੇ ਜ਼ਿਲੇ ਦਾ ਪੱਤਰ ਪ੍ਰੇਰਕ ਕੰਮ ਤੋਂ ਹਟਾ ਦਿੱਤਾ ਗਿਆ। ਦੋਸ਼ ਸੀ ਕਿ ਉਹਨੇ ਆਪਣੀ ਕਲਮ ਨੂੰ ਪੈਸੇ ਹੂੰਝਣ ਦਾ ਵਸੀਲਾ ਬਣਾਇਆ ਹੋਇਆ ਸੀ। ਕਿਸੇ ਦੀ ਜੇਬ ਉਹ ਵਿਰੋਧ ਵਿਚ ਨਾ ਲਿਖਣ ਦੇ ਇਕਰਾਰ ਨਾਲ ਝਾੜ ਲੈਂਦਾ ਸੀ ਅਤੇ ਕਿਸੇ ਦੇ ਪੱਖ ਵਿਚ ਲਿਖ ਕੇ ਉਹਦੀ ਤਸੱਲੀ ਦਾ ਮੁੱਲ ਮੰਗ ਲੈਂਦਾ। ਨਵਾਂ ਪੱਤਰ ਪ੍ਰੇਰਕ ਰੱਖਣ ਸਮੇਂ ਪੱਤਰਕਾਰੀ ਦੀ ਡਿਗਰੀ ਦੇ ਨਾਲ ਨਾਲ ਮੇਰੀਆਂ ਅਖ਼ਬਾਰੀ ਲਿਖਤਾਂ ਦੀ ਫ਼ਾਈਲ ਵੀ ਬਹੁਤ ਕੰਮ ਆਈ।

ਘਰ ਵਾਲੇ ਮੇਰੇ ਕੰਮ ਨੂੰ ਚੌਵੀ ਘੰਟੇ ਦਾ ਝੰਜਟ ਆਖਦੇ। ਮੈਨੂੰ ਪਰ ਪੱਤਰਕਾਰੀ ਦੀ ਧੁਨ ਵਿਚ ਵੇਲੇ-ਕੁਵੇਲੇ ਕਿਧਰੇ ਵੀ ਜਾਣਾ ਔਖਾ ਨਹੀਂ ਸੀ ਲਗਦਾ। ਅੱਧੀ ਰਾਤ ਕਿਤੇ ਕੁਝ ਹੋ ਜਾਂਦਾ, ਮੈਂ ਸਕੂਟਰ ਕੱਢ ਲੈਂਦਾ। ਕੋਈ ਘਟਨਾ, ਕੋਈ ਦੁਰਘਟਨਾ, ਕੋਈ ਲੜਾਈ-ਝਗੜਾ, ਕੁਝ ਵੀ, ਕਿਤੇ ਵੀ, ਕਦੇ ਵੀ ਵਾਪਰ ਸਕਦਾ ਸੀ। ਉਹਦੀ ਤਹਿ ਤੱਕ ਜਾਣਾ ਮੇਰੇ ਲਈ ਅਖ਼ਬਾਰੀ ਫ਼ਰਜ਼ ਹੀ ਨਹੀਂ ਸੀ ਹੁੰਦਾ, ਸਮਾਜਕ ਜ਼ਿੰਮੇਵਾਰੀ ਵੀ ਹੁੰਦੀ।

ਮਾਂ ਦੇ ਚਲਾਣੇ ਨਾਲ ਜ਼ਰੂਰ ਪਹਿਲੀ ਵਾਰ ਇਹ ਅਹਿਸਾਸ ਹੋਇਆ ਕਿ ਅਤੇ-ਪਤੇ ਤੋਂ ਬਿਨਾਂ ਘਰੋਂ ਬਾਹਰ ਰਹਿਣਾ ਕਦੀ ਕਦੀ ਕਿੰਨਾ ਦੁਖਦਾਈ ਵੀ ਹੋ ਸਕਦਾ ਹੈ। ਕੋਈ ਇਕ ਟਿਕਾਣਾ ਦੱਸੇ ਬਿਨਾਂ ਘਰੋਂ ਗਏ ਬੰਦੇ ਨੂੰ ਲੱਭਣ ਵਾਲੇ ਲੱਭਣ ਤਾਂ ਕਿਥੇ ਲੱਭਣ!

ਮਗਰੋਂ ਜੇਬੀ ਫੋਨ ਦਾ ਜੁੱਗ ਆਇਆ। ਦੇਖਦਿਆਂ ਹੀ ਦੇਖਦਿਆਂ ਉਹਦਾ ਪ੍ਰਵੇਸ਼ ਸਾਡੇ ਇਲਾਕੇ ਦੇ ਪਿੰਡਾਂ ਤੱਕ ਹੋ ਗਿਆ। ਮੇਰਾ ਪਛਤਾਵਾ ਤਾਂ ਵਧਣਾ ਹੀ ਹੋਇਆ। ਜੇ ਜੇਬੀ ਫੋਨ ਦੀ ਸਹੂਲਤ ਕੁਝ ਸਮਾਂ ਪਹਿਲਾਂ ਮੇਰੇ ਵਰਗਿਆਂ ਤੱਕ ਪੁਜਦੀ ਹੋ ਜਾਂਦੀ, ਮੈਂ ਕਿਤੇ ਵੀ ਹੁੰਦਾ, ਮਾਂ ਦੇ ਮੂੰਹ ਵਿਚ ਪਾਣੀ ਪਾਉਣ ਲਈ ਪਹੁੰਚ ਗਿਆ ਹੁੰਦਾ। ਮਾਂ ਬਿਰਧ ਤਾਂ ਹੋ ਹੀ ਚੁੱਕੀ ਸੀ। ਸਰੀਰ ਡੋਬੇ-ਸੋਕੇ ਰਹਿੰਦਾ। ਤਾਂ ਵੀ ਮੇਰੇ ਜਾਣ ਸਮੇਂ ਅਜਿਹਾ ਕੋਈ ਸੰਸਾ ਨਹੀਂ ਸੀ ਕਿ ਉਹ ਅਚਾਨਕ ਢਿੱਲੀ ਹੋ ਕੇ ਕਿਸੇ ਓਹਤ-ਪੋਹਤ ਤੋਂ ਪਹਿਲਾਂ ਹੀ ਤੁਰ ਜਾਵੇਗੀ। ਮੇਰੀ ਉਡੀਕ ਦਾ ਮੌਕਾ ਵੀ ਉਹਨੂੰ ਨਾ ਮਿਲਿਆ। ਜਦੋਂ ਮਾਂ ਨੇ ਆਖਿਆ ਸੀ, "ਛੋਟਿਆ, ਪੁੱਤਰ



ਪਿਹੋਵੇ 'ਚ ਪਿੰਡ ਦਾਨ

ਪਾਣੀ ਦੇ", ਮੈਂ ਹਾਜ਼ਰ ਹੁੰਦਾ ਤਾਂ ਮਾਂ ਦੀ ਰੂਹ ਤ੍ਰਿਪਤ ਹੋ ਜਾਂਦੀ। ਮਰਨ ਪਿਛੋਂ ਉਹਨੂੰ ਇਉਂ ਭਟਕਣਾ ਨਾ ਪੈਂਦਾ। ਤੇਹ ਨਾਲ ਬੇਹਾਲ ਉਹ ਮੇਰੇ ਸੁਫ਼ਨਿਆਂ ਵਿਚ ਆ ਆ ਕੇ ਪਾਣੀ ਨਾ ਮੰਗਦੀ।

ਕਈ ਲੋਕ ਆਖਦੇ, ਜੇ ਕਦੀ ਸੁਫ਼ਨੇ ਵਿਚ ਤੇਰੇ ਹੱਥੋਂ ਮਾਂ ਦੇ ਮੂੰਹ ਵਿਚ ਪਾਣੀ ਪੈ ਜਾਵੇ, ਉਹਦੀ ਤੇਹ ਤ੍ਰਿਪਤ ਹੋ ਜਾਵੇ। ਭਟਕ ਰਹੀ ਉਹਦੀ ਆਤਮਾ ਦੀ ਗਤੀ ਹੋ ਜਾਵੇ ਤਾਂ ਉਹ ਤੇਰੇ ਸੁਫ਼ਨਿਆਂ ਵਿਚ ਆਉਣੋਂ ਹਟ ਜਾਵੇ। ਪਰ ਮੇਰਾ ਸੁਫ਼ਨਾ ਤਾਂ ਸੁੱਕੇ ਬੁਲ੍ਹਾਂ ਉਤੇ ਜੀਭ ਫੇਰਦੀ ਮਾਂ ਦੇ ਟੁਟਦੇ ਬੋਲਾਂ, "ਛੋਟਿਆ...ਪੁੱਤਰ ...ਪਾਣੀ ਦੇ" ਨਾਲ ਹੀ ਟੁੱਟ ਜਾਂਦਾ। ਸੁਫ਼ਨੇ ਨੂੰ ਹੋਰ ਲੰਮਾ ਕਰ ਲੈਣਾ ਅਤੇ ਮਾਂ ਦੇ ਬੋਲਾਂ ਨਾਲ ਜਾਗਣ ਦੀ ਥਾਂ ਸੁੱਤਾ ਰਹਿ ਕੇ ਤਿਹਾਈ ਮਾਂ ਨੂੰ ਪਾਣੀ ਪਿਆ ਦੇਣਾ ਮੇਰੇ ਵੱਸ ਵਿਚ ਤਾਂ ਨਹੀਂ ਸੀ। ਮਾਂ ਦੇ ਪਾਣੀ ਮੰਗਣ ਨਾਲ ਹੀ ਨੀਂਦ ਟੁੱਟ ਜਾਂਦੀ ਅਤੇ ਸੁਫ਼ਨਾ ਮੁੱਕ ਜਾਂਦਾ। ਮਾਂ ਨੂੰ ਪਾਣੀ ਪਿਆਉਣ ਦਾ ਮੌਕਾ ਕਿਥੋਂ ਮਿਲਦਾ!

ਕਈ ਲੋਕ ਸਲਾਹ ਦਿੰਦੇ, ਤੂੰ ਪਹੋਏ ਜਾ ਕੇ ਮਾਂ ਦੀ ਗਤੀ ਕਰਵਾ ਆ। ਮੈਨੂੰ ਪਰ ਅਜਿਹਾ ਸਭ ਕੁਛ ਅੰਧਵਿਸ਼ਵਾਸ ਅਤੇ ਤਰਕਹੀਣ ਲਗਦਾ। ਮੌਤ ਮਗਰੋਂ ਕੋਈ ਆਤਮਾ ਸਰੀਰ ਵਿਚੋਂ ਉਡਾਰੀ ਨਹੀਂ ਲਾਉਂਦੀ ਜੋ ਅਤ੍ਰਿਪਤੀ ਦੀ ਹਾਲਤ ਵਿਚ ਭਟਕਦੀ ਰਹੇ ਅਤੇ ਤ੍ਰਿਪਤੀ ਦੀ ਸੂਰਤ ਵਿਚ ਸ਼ਾਂਤ ਹੋ ਜਾਵੇ। ਮੈਂ ਸਮਝਦਾ, ਆਖਰੀ ਸਮੇਂ ਮਾਂ ਦੇ ਮੂੰਹ ਵਿਚ ਪਾਣੀ ਨਾ ਪਾ ਸਕਣ ਦਾ ਪਛਤਾਵਾ ਸੁਫ਼ਨਾ ਬਣ ਕੇ ਪ੍ਰਗਟ ਹੁੰਦਾ ਹੈ। ਇਸ ਵਿਚ ਗਤੀ-ਬੇਗਤੀ ਕਿਥੋਂ ਆ ਗਈ। ਤਾਂ ਵੀ ਕਈ ਵਾਰ ਮੈਂ ਦੁਬਿਧਾ ਵਿਚ ਪੈ ਜਾਂਦਾ। ਮੇਰੇ ਸੁਫ਼ਨਿਆਂ ਵਿਚ ਹੀ ਸਹੀ, ਮਾਂ ਆਖ਼ਰ ਭਟਕ ਤਾਂ ਰਹੀ ਸੀ। ਜੇ ਭਲਾ ਕਿਸੇ ਹੀਲੇ ਉਹਦੀ ਭਟਕਣ ਮੁੱਕ ਸਕੇ! ਜੇ ਭਲਾ ਕਿਸੇ ਰੀਤ-ਰਸਮ ਦੇ ਮਨੋਵਿਗਿਆਨਕ ਪ੍ਰਭਾਵ ਸਦਕਾ ਮੈਨੂੰ ਇਹ ਸੁਫ਼ਨਾ ਆਉਣਾ ਬੰਦ ਹੋ ਜਾਵੇ!

ਪਰ ਮਾਂ ਦੀ ਗਤੀ ਦਾ ਉਹ ਜੋ ਢੰਗ ਦਸਦੇ, ਉਹ ਮੈਨੂੰ ਹਾਸੋਹੀਣਾ ਲਗਦਾ। ਉਸ ਉਤੇ ਵਿਸ਼ਵਾਸ ਕਰਨਾ ਤਾਂ ਦੂਰ ਦੀ ਗੱਲ ਸੀ। ਮੈਂ ਆਪਣੀ ਨਜ਼ਰ ਨੂੰ ਆਪ ਹੀ ਮੂਰਖ ਲੱਗਣਾ ਸੀ।

ਘਰੋਂ ਸਫ਼ਰ ਦੀ ਪੂਰੀ ਤਿਆਰੀ ਕਰ ਕੇ ਮਾਂ ਦੇ ਸਿਵੇ ਕੋਲ ਆਖਣਾ ਹੋਵੇਗਾ, ਮਾਂ ਚੱਲ ਉਠ, ਆਪਾਂ ਪਹੋਏ ਚੱਲੀਏ। ਸਕੂਟਰ ਦੀ ਪਿਛਲੀ ਸੀਟ ਝਾੜ-ਪੂੰਝ ਕੇ ਕਹਿਣਾ ਹੋਵੇ, ਬੈਠ ਮਾਂ ਠੀਕ ਹੋ ਕੇ। ਟੱਬਰ ਨੇ ਆਪਣੇ ਆਪਣੇ ਰਿਸ਼ਤੇ ਅਨੁਸਾਰ ਸੰਬੋਧਨ ਕਰਦਿਆਂ ਉਹਨੂੰ ਪ੍ਰਲੋਕ ਵਾਲੇ ਟਿਕਾਣੇ ਪਹੁੰਚਣ ਲਈ ਵਿਦਾਅ ਕਰਨਾ ਹੋਵੇਗਾ। ਸਟੇਸ਼ਨ ਕੋਲ ਸਕੂਟਰ ਖੜ੍ਹਾ ਕਰ ਕੇ ਮਾਂ ਨੂੰ ਉਤਰਨ ਲਈ ਕਹਿਣਾ ਹੋਵੇਗਾ। ਪਲੇਟਫ਼ਾਰਮ ਉਤੇ ਉਹਨੂੰ ਕਿਸੇ ਅਜਿਹੀ ਨਿਵੇਕਲੀ ਥਾਂ ਬਿਠਾਉਣਾ ਹੋਵੇਗਾ ਜਿਸ ਨੂੰ ਖਾਲੀ ਸਮਝ ਕੇ ਕਿਸੇ ਹੋਰ ਦੇ ਆ ਬੈਠਣ ਦੀ ਸੰਭਾਵਨਾ ਨਾ ਹੋਵੇ। ਟਿਕਟਾਂ ਦੋ ਲੈਣੀਆਂ ਹੋਣਗੀਆਂ, ਇਕ ਆਪਣੀ ਅਤੇ ਦੂਜੀ ਮਾਂ ਦੀ। ਗੱਡੀ ਆਈ ਤੋਂ ਆਵਾਜ਼ ਦੇਣੀ ਹੋਵੇਗੀ, ਆ ਮਾਂ, ਚੜ੍ਹੀਏ, ਗੱਡੀ ਆ ਗਈ।

ਉਹ ਦਸਦੇ, ਗੱਡੀ ਵਿਚ ਸੀਟ ਜੇ ਖਾਲੀ ਨਾ ਵੀ ਹੋਵੇ, ਕੋਈ ਮੁਸ਼ਕਿਲ ਨਹੀਂ ਆਵੇਗੀ। ਜਦੋਂ ਕਹੇਂਗਾ, ਮੈਂ ਮਾਂ ਨੂੰ ਲੈ ਕੇ ਪਹੋਏ ਚੱਲਿਆ ਹਾਂ, ਕੋਈ ਨਾ ਕੋਈ ਝੱਟ ਖੜ੍ਹਾ ਹੋ ਜਾਵੇਗਾ। ਇਸ ਰੀਤ ਬਾਰੇ ਸਭ ਜਾਣਦੇ ਹਨ। ਲੋਕ ਗਤੀ ਲਈ ਜਾਣ ਵਾਲਿਆਂ ਵਾਸਤੇ ਸੀਟ ਵਿਹਲੀ ਕਰਨ ਨੂੰ ਪੁੰਨ ਸਮਝਦੇ ਹਨ। ਗੱਡੀ ਤੋਂ ਉਤਰ ਕੇ ਉਹਨੂੰ ਇਉਂ ਹੀ ਨਾਲ ਨਾਲ ਤੋਰਦਿਆਂ ਸਟੇਸ਼ਨ ਤੋਂ ਪਹੋਏ ਤੱਕ ਲਿਜਾਣਾ ਹੋਵੇਗਾ। ਉਥੇ ਪੰਡਿਤ ਆਪੇ ਪੂਜਾਪਾਠ ਕਰ ਦੇਣਗੇ। ਪੂਜਾ ਦੀ ਸਮਾਪਤੀ ਮਗਰੋਂ ਮਾਂ ਸਭੇ ਰਿਸ਼ਤੇ ਤੋੜ ਕੇ ਉਥੇ ਰਹਿ ਜਾਵੇਗੀ, ਤੂੰ ਇਕੱਲਾ ਪਿੰਡ ਆ ਜਾਵੀਂ।

ਪੰਡਿਤ ਗੋਪਾਲ ਦਾਸ ਨੂੰ ਪਤਾ ਲੱਗਿਆ ਤਾਂ ਉਹਨੇ ਕਿਹਾ, "ਜੇ ਤੂੰ ਮਾਂ ਦੀ ਪੱਕੀ ਗਤੀ ਕਰਵਾਉਣੀ ਹੈ ਤਾਂ ਥੋੜਾ ਚਿਰ ਹੋਰ ਠਹਿਰ ਜਾ। ਚੇਤਰ ਦੀ ਚੌਦਸ ਨੂੰ ਪਹੋਏ ਦੇ ਫਲਗੂ ਤੀਰਥ ਜਾਈਂ! ਬੜਾ ਮਹਾਤਮ ਹੈ ਫਲਗੂ ਤੀਰਥ ਦਾ। ਗਤੀ ਲਈ ਪੁਰਾਤਨ ਕਾਲ ਤੋਂ ਗਯਾ ਜੀ ਨੂੰ ਪਵਿੱਤਰ ਸਥਾਨ ਮੰਨਿਆ ਜਾਂਦਾ ਸੀ। ਉਥੋਂ ਦੇ ਹੀ ਸਨ ਫਲਗੂ ਜੀ ਰਿਸ਼ੀ। ਸੀਤਾ ਮਾਤਾ ਨੇ ਵੀ ਸ੍ਰੀ ਰਾਮ ਜੀ ਦੀ ਆਗਿਆ ਨਾਲ ਪਿਤਾ ਜਨਕ ਦੀ ਗਤੀ ਗਯਾ ਜੀ ਪਹੁੰਚ ਕੇ ਹੀ ਕਰਵਾਈ ਸੀ। ਫਲਗੂ ਰਿਸ਼ੀ ਪਹੋਏ ਵਿਆਹੇ ਹੋਏ ਸਨ। ਇਕ ਵਾਰ ਪਹੋਏ ਦੇ ਲੋਕਾਂ ਨੇ ਉਨ੍ਹਾਂ ਨੂੰ ਗਯਾ ਜੀ ਪਹੁੰਚਣ ਵਿਚ ਆਉਂਦੀਆਂ ਦੁਸ਼ਵਾਰੀਆਂ ਬਾਰੇ ਦੱਸਿਆ। ਲੰਮੇ-ਬਿਖੜੇ ਪੰਧ ਤੇ ਸ਼ੇਰ-ਬਘੇਰਿਆਂ ਵਾਲੇ ਜੰਗਲ-ਬੇਲੇ। ਫਲਗੂ ਰਿਸ਼ੀ ਕੁਛ ਪਲ ਧਿਆਨ ਵਿਚ ਗਏ ਤੇ ਫੇਰ ਅੱਖਾਂ ਖੋਲ੍ਹ ਕੇ ਬਚਨ ਕੀਤਾ, ਠੀਕ ਹੈ, ਮੈਂ ਹਰ ਵਾਰ ਚੇਤਰ ਦੀ ਚੌਦਸ ਨੂੰ ਪਹੋਏ ਆਪ ਆਇਆ ਕਰਾਂਗਾ ਤੇ ਇਥੋਂ ਦੀ ਗਤੀ ਦਾ ਗਯਾ ਜੀ ਜਿੰਨਾ ਹੀ ਮਹਾਤਮ ਹੋਵੇਗਾ। ਪਹੋਏ ਦਾ ਫਲਗੂ ਤੀਰਥ ਉਨ੍ਹਾਂ ਨਮਿਤ ਹੀ ਹੈ। ਵੈਸੇ ਤਾਂ ਉਥੇ ਕਰਵਾਈ ਗਤੀ ਸਾਰਾ ਸਾਲ ਹੀ ਸੰਪੂਰਨ ਮੰਨੀ ਜਾਂਦੀ ਹੈ, ਪਰ ਚੇਤਰ ਦੀ ਚੌਦਸ ਨੂੰ ਹੋਈ ਗਤੀ ਮਗਰੋਂ ਪ੍ਰਾਣੀ ਨੂੰ ਸਵਰਗ ਦੇ ਦੁਆਰ ਖੁੱਲ੍ਹੇ ਮਿਲਦੇ ਹਨ। ਤੂੰ ਚੇਤਰ ਦੀ ਚੌਦਸ ਨੂੰ ਹੀ ਜਾਈਂ!

ਚਿੱਤ ਵਿਚ ਆਇਆ, ਪੰਡਿਤ ਜੀ ਨੂੰ ਪੁੱਛਾਂ, ਸਵਰਗ ਦੇ ਦੁਆਰ ਤਾਂ ਉਨ੍ਹਾਂ ਲੋਕਾਂ ਨੂੰ ਵੀ ਖੁੱਲ੍ਹੇ ਮਿਲਦੇ ਦਸਦੇ ਹਨ ਜੋ ਅੰਮ੍ਰਿਤ ਵੇਲੇ ਪੂਰੇ ਹੁੰਦੇ ਹਨ। ਮਾਂ ਦੀ ਜੀਵਨ-ਲੀਲ੍ਹਾ ਵੀ ਅੰਮ੍ਰਿਤ ਵੇਲੇ ਸਮਾਪਤ ਹੋਈ। ਤਾਂ ਫੇਰ ਉਹਨੂੰ ਸਵਰਗ ਦੇ ਦੁਆਰ ਖੁੱਲ੍ਹੇ ਕਿਉਂ ਨਾ ਮਿਲੇ? ਉਹਨੂੰ ਗਤੀ ਦੀ ਲੋੜ ਕਿਉਂ ਦੱਸੀ ਜਾਂਦੀ ਹੈ? ਪਰ ਮਾਂ ਨੂੰ ਲੈ ਕੇ ਮੈਂ ਕਿਸੇ ਬਹਿਸਬਾਜ਼ੀ ਵਿਚ ਪੈਣਾ ਨਹੀਂ ਸੀ ਚਾਹੁੰਦਾ। ਮੈਂ ਚੁੱਪ ਰਹਿਣਾ ਹੀ ਠੀਕ ਸਮਝਿਆ।

ਚੇਤਰ ਦੀ ਚੌਦਸ ਅਜੇ ਦੂਰ ਸੀ। ਪਰ ਜਦੋਂ ਉਹ ਆਈ ਵੀ, ਪਤਾ ਨਹੀਂ ਪ੍ਰੇਸ਼ਾਨੀ ਦੇ ਬਾਵਜੂਦ ਆਪਣੇ ਮਨ ਨੂੰ ਉਥੇ ਜਾਣ ਲਈ ਮਨਾ ਵੀ ਸਕਾਂਗਾ ਕਿ ਨਹੀਂ।

ਇਕ ਦਿਨ ਅਚਾਨਕ ਨੇੜੇ ਦੇ ਕਸਬੇ ਵਿਚ ਝਗੜਾ ਹੋ ਗਿਆ। ਕੋਈ ਮੁਸਲਮਾਨ ਅੱਲਾ ਨੂੰ ਪਿਆਰਾ ਹੋ ਗਿਆ ਸੀ। ਉਹਨੂੰ ਪੁਰਾਣੇ ਕਬਰਿਸਤਾਨ ਵਿਚ ਦਫ਼ਨਾਉਣ ਦੀ ਤਿਆਰੀ ਹੋਣ ਲਗੀ ਤਾਂ ਗੈਰ-ਮੁਸਲਮਾਨਾਂ ਨੇ ਅੜਿੱਕਾ ਡਾਹ ਦਿਤਾ। ਉਨ੍ਹਾਂ ਦਾ ਕਹਿਣਾ ਸੀ, ਇਹ ਥਾਂ ਪੁਰਾਣੇ ਵੇਲਿਆਂ ਤੋਂ ਗਊਸ਼ਾਲਾ ਦੀ ਸੰਪਤੀ ਹੈ ਜਿਸ ਨੂੰ ਕਬਰਾਂ ਲਈ ਹਥਿਆ ਲਿਆ ਗਿਆ। ਉਨ੍ਹਾਂ ਦਾ ਦੋ-ਟੁੱਕ ਫ਼ਰਮਾਨ ਸੀ, ਅੱਗੇ ਤੋਂ ਗਊ ਮਾਤਾ ਦੀ ਪਵਿੱਤਰ ਭੂਮੀ ਉਤੇ ਉਹ ਇਕ ਵੀ ਮੁਰਦਾ ਦਫ਼ਨਾਉਣ ਨਹੀਂ ਦੇਣਗੇ।

ਦੇਸ ਵਿਚ ਧਰਮਾਂ ਵਿਚਕਾਰ ਪਾੜਾ ਵਧ ਰਿਹਾ ਸੀ। ਫਿਰਕੂ ਮਾਹੌਲ ਦੀ ਤਣਾ-ਤਣੀ ਸੰਘਣੀ ਹੁੰਦੀ ਜਾਂਦੀ ਸੀ। ਧਰਮਾਂ ਵਿਚਕਾਰ ਖਾਈ ਡੂੰਘੀ ਹੁੰਦੇ ਜਾਣ ਨਾਲ ਕਈ ਸ਼ਕਤੀਆਂ ਨੂੰ ਲਾਭ ਪੁਜਦਾ ਸੀ। 'ਧਾਰਮਿਕ ਸਦਭਾਵ' ਦੇ ਨਾਂ ਉਤੇ ਮੁਸਲਮਾਨਾਂ ਨੂੰ ਮੁਰਦਾ ਨੇੜਲੇ ਸ਼ਹਿਰ ਦੇ ਕਬਰਿਸਤਾਨ ਵਿਚ ਦਫ਼ਨਾਉਣ ਦੀ ਸਲਾਹ ਦਿੱਤੀ ਜਾ ਰਹੀ ਸੀ। ਕਰੋਧ ਵਿਚ ਆਏ ਮੁਸਲਮਾਨਾਂ ਨੇ ਆਪਣਾ ਹੱਕ ਜਤਾਉਣਾ ਚਾਹਿਆ ਪਰ ਛੇਤੀ ਹੀ ਹਾਲਾਤ ਨੇ ਕਰੋਧ ਨੂੰ ਬੇਵਸੀ ਵਿਚ ਬਦਲ ਦਿੱਤਾ। ਉਨ੍ਹਾਂ ਨੂੰ ਸਬਕ ਸਿਖਾਉਣ ਲਈ ਰਾਤ ਨੂੰ ਹਮਲਾ ਹੋਣ ਦੀਆਂ ਸਲਾਹਾਂ ਦੀ ਅਫ਼ਵਾਹ ਫੈਲੀ ਤਾਂ ਮੁਸਲਮਾਨ ਮੁਰਦਾ ਲੈ ਕੇ ਹੀ ਸ਼ਹਿਰ ਨਾ ਗਏ ਸਗੋਂ ਘਰਾਂ ਨੂੰ ਜਿੰਦੇ ਲਾ ਕੇ ਬੀਵੀਆਂ-ਬੱਚਿਆਂ ਨੂੰ ਵੀ ਨਾਲ ਹੀ ਲੈ ਗਏ। ਜਿਨ੍ਹਾਂ ਦਾ ਉਥੇ ਕੋਈ ਆਪਣਾ ਨਹੀਂ ਸੀ, ਉਨ੍ਹਾਂ ਨੇ ਸ਼ਹਿਰ ਦੀ ਮਸੀਤ ਵਿਚ ਪਨਾਹ ਲੈ ਲਈ।

ਕੈਮਰਾ ਮੋਢੇ ਪਾ ਕੇ ਮੈਂ ਸਕੂਟਰ ਤੋਰ ਲਿਆ। ਧਿਆਨ ਇਸ ਝਗੜੇ ਤੋਂ ਤੁਰਦਾ ਮਾਂ ਤੱਕ ਪੁੱਜ ਗਿਆ। ਉਹ ਜਦੋਂ ਕਿਸੇ ਦੰਗੇ-ਫਸਾਦ ਬਾਰੇ ਸੁਣਦੀ, ਸਦਾ ਇਹੋ ਆਖਦੀ, ਰੱਬ ਨੇ ਤਾਂ ਬੰਦੇ ਇਕੋ ਸਾਂਚੇ ਵਿਚ ਢਾਲੇ ਨੇ, ਇਹ ਆਪੇ ਹਿੰਦੂ, ਸਿੱਖ ਤੇ ਮੁਸਲਮਾਨ ਬਣ ਬੈਠੇ। ਉਹ ਪੜ੍ਹੀ-ਲਿਖੀ ਤਾਂ ਬਹੁਤੀ ਨਹੀਂ ਸੀ ਪਰ ਗੱਲਾਂ ਗਿਆਨੀਆਂ ਵਾਲੀਆਂ ਕਰਦੀ। ਆਖਦੀ, ਜਿਹੜਾ ਕੋਈ ਹੁਣ ਆਪਣੇ ਧਰਮ ਲਈ ਮਰਨ-ਮਾਰਨ ਨੂੰ ਤਿਆਰ ਫਿਰਦਾ ਹੈ, ਜੇ ਦੂਜੇ ਧਰਮ ਵਾਲੇ ਮਾਪਿਆਂ ਦੇ ਘਰ ਜੰਮ ਪੈਂਦਾ, ਉਹਦੇ ਲਈ ਮਰਦਾ-ਮਾਰਦਾ ਫਿਰਦਾ। ਉਹ ਹਉਕਾ ਲੈ ਕੇ ਨਿਬੇੜਾ ਕਰਦੀ, ਧਰਮ ਦਾ ਨਾਂ ਲੈ ਕੇ ਅਧਰਮ ਕਮਾਉਂਦੇ ਨੇ, ਪਾਪੀ ਕਿਸੇ ਥਾਂ ਦੇ!

ਮਾਂ ਦੇ ਮੂੰਹੋਂ ਅਜਿਹੀਆਂ ਗੱਲਾਂ ਸੁਣ ਕੇ ਹੈਰਾਨੀ ਹੁੰਦੀ। ਦੇਸ ਦੀ ਵੰਡ ਵੇਲੇ ਜੋ ਆਦਮ-ਦਾਹੀ ਭਾਂਬੜ ਬਲੇ ਸਨ, ਉਨ੍ਹਾਂ ਦਾ ਸੇਕ ਮਾਂ ਨੂੰ ਵੀ ਲੱਗਿਆ ਸੀ। ਨਾਨਾ-ਨਾਨੀ ਭਾਵੇਂ ਬੱਚਿਆਂ ਸਮੇਤ ਸਹੀ-ਸਲਾਮਤ ਇਧਰ ਆ ਗਏ ਸਨ ਪਰ ਆਏ ਖਾਲੀ ਹੱਥ ਅਤੇ ਭਰੇ ਹੋਏ ਮਨ ਨਾਲ ਸਨ। ਅਨੇਕ ਆਪਣਿਆਂ ਦੀ ਦਰਦਨਾਕ ਮੌਤ ਵੀ ਦੇਖਣੀ-ਸੁਣਨੀ ਪਈ ਅਤੇ ਸਭ ਜ਼ਮੀਨ-ਜਾਇਦਾਦ ਵੀ ਉਧਰੇ ਛੱਡਣੀ ਪਈ। ਉਖੜੀਆਂ-ਕੱਟੀਆਂ ਜੜਾਂ 'ਪਰਾਏ ਦੇਸ' ਵਿਚ ਨਵੇਂ ਸਿਰਿਉਂ ਲਾਉਣੀਆਂ ਅਸੰਭਵ ਲਗਦੀਆਂ ਸਨ। ਇਹ ਸਭ ਏਨਾ ਦਿਲ-ਚੀਰਵਾਂ ਸੀ ਕਿ ਮਾਂ ਪਰਤਵੀਂ ਝਾਤ ਪਾਉਣ ਤੋਂ ਸੰਕੋਚ ਕਰਦੀ। ਜੇ ਕਦੀ ਉਸ ਸਮੇਂ ਵੱਲ ਪਰਤਣਾ ਪੈਂਦਾ, ਉਹ ਪੀੜ-ਪੀੜ ਹੋ ਜਾਂਦੀ ਅਤੇ ਸੁਣਨ ਵਾਲੇ ਦਾ ਹਿਰਦਾ ਕੰਬ ਜਾਂਦਾ।


ਤਾਂ ਵੀ ਮਾਂ ਦੀਆਂ ਗੱਲਾਂ ਵਿਚ ਨਫ਼ਰਤ ਦੀ

*(ਬਾਕੀ ਅਗਲੇ ਸਫੇ 'ਤੇ)*

## ਛਾਤੀ ਅੰਦਰਲੇ ਥੇਹ (19)

# ਔਖੀਏਂ ਘੜੀਏਂ ਬਹੁੜੇ ਕੌਣ!

*ਗੁਰਦਿਆਲ ਦਲਾਲ ਬੁਨਿਆਦੀ ਰੂਪ ਵਿਚ ਗਲਪਕਾਰ ਹੈ। ਹੁਣੇ-ਹੁਣੇ ਉਨ੍ਹਾਂ ਦਾ ਵੱਡ-ਆਕਾਰੀ ਨਾਵਲ 'ਪੈੜਾਂ' ਛਪਿਆ ਹੈ। 'ਛਾਤੀ ਅੰਦਰਲੇ ਥੇਹ' ਲੇਖ-ਲੜੀ ਵਿਚ ਉਨ੍ਹਾਂ ਆਪਣੇ ਜੀਵਨ ਅਤੇ ਤਜਰਬੇ ਨੂੰ ਆਧਾਰ ਬਣਾ ਕੇ ਕੁਝ ਗੱਲਾਂ ਵੱਖਰੇ ਢੰਗ ਨਾਲ ਕੀਤੀਆਂ ਹਨ ਜਿਹੜੀਆਂ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰਦੇ ਆ ਰਹੇ ਹਾਂ। ਪੇਸ਼ ਹੈ ਇਸ ਦੀ ਅਗਲੀ ਲੜੀ। -ਸੰਪਾਦਕ*



**ਗੁਰਦਿਆਲ ਦਲਾਲ**
**ਫੋਨ: 91-98141-85363**

ਸੰਨ 1994 ਵਿਚ ਸਾਡਾ ਮਾਮਾ ਅਮੀਂ ਚੰਦ 85 ਵਰ੍ਹਿਆਂ ਦੀ ਉਮਰ ਭੋਗ ਕੇ ਮਰ ਗਿਆ। ਉਸ ਦੇ ਕੋਈ ਔਲਾਦ ਨਾ ਹੋਣ ਕਰ ਕੇ ਬਿਰਧ ਮਾਮੀ ਬਿਲਕੁਲ ਇਕੱਲੀ ਰਹਿ ਗਈ। ਇਹ ਉਹੀ ਮਾਮਾ ਸੀ ਜਿਸ ਨੇ 1946 ਵਿਚ ਮੇਰੇ ਪਿਉ ਅਨੰਦ ਰਾਮ ਦੀ ਮੌਤ ਮਗਰੋਂ ਸਾਡੇ ਟੱਬਰ ਦੀ ਬਾਂਹ ਫੜੀ ਸੀ। ਸਾਡੀ ਆਪਣੇ ਪਿੰਡ ਹਾਫ਼ਿਜ਼ਾਬਾਦ ਵਿਚ ਕੋਈ ਜ਼ਮੀਨ ਜਾਇਦਾਦ ਨਾ ਹੋਣ ਕਰ ਕੇ ਮਾਮੇ ਨੇ ਸਾਡਾ ਸਮਾਨ ਗੱਡੇ 'ਤੇ ਲੱਦਿਆ ਅਤੇ ਆਪਣੇ ਪਿੰਡ ਰਾਇਪੁਰ ਲੈ ਗਿਆ। ਬੇਬੇ ਨੂੰ ਖਦਸ਼ਾ ਸੀ ਕਿ ਰਸਤੇ ਵਿਚ ਉਸ ਦੇ ਸ਼ਰੀਕ ਸਮਾਨ ਲੁੱਟ ਲੈਣਗੇ ਅਤੇ ਬੱਚਿਆਂ ਨੂੰ ਮਾਰ ਦੇਣਗੇ। ਇਸੇ ਕਰ ਕੇ ਮਾਮਾ ਆਪਣੇ ਪਿੰਡ ਦੇ ਸਫ਼ੈਦਪੋਸ਼ ਤਾਰਾ ਸਿੰਘ ਨੂੰ ਆਪਣੇ ਨਾਲ ਲੈ ਗਿਆ ਸੀ ਜਿਸ ਨੇ ਮੋਢੇ ਨਾਲ ਪੱਕੀ ਰਫ਼ਲ ਲਟਕਾਈ ਹੋਈ ਸੀ। ਸਾਡੇ ਵਡਾਰੂ ਪਿੰਡ ਵਿਚ ਹੀ ਸੁਨਿਆਰਾ ਕੰਮ ਕਰਦੇ ਸਨ। ਸਾਰੇ ਚਾਚੇ ਤਾਇਆਂ ਦਾ ਆਪਸ ਵਿਚ ਇੱਟ ਕੁੱਤੇ ਦਾ ਵੈਰ ਸੀ। ਰਾਇਪੁਰ ਆਉਂਦਿਆਂ ਬੇਬੇ ਸੁਨਿਆਰੇ ਕੰਮ ਦੇ ਸੰਦਾਂ ਵਾਲੀ ਬੋਰੀ ਪਿੰਡ ਦੇ ਟੋਭੇ ਵਿਚ ਹੀ ਸੁਟਵਾ ਆਈ ਸੀ। ਅਖੇ, ਹੁਣ ਸਾਡੇ ਖਾਨਦਾਨ ਵਿਚ ਕਦੀ ਕੋਈ ਇਹ ਕੁੱਤਾ ਕੰਮ ਨਹੀਂ ਕਰੇਗਾ। ਕਹਿੰਦੇ ਹਨ, ਇਸ ਕੰਮ ਦੇ ਝਮੇਲੇ ਨੇ ਹੀ ਸਾਡੇ ਪਿਉ ਦੀ ਜਾਨ ਲਈ ਸੀ ਜਿਸ ਨੂੰ ਭਰਾਵਾਂ ਨੇ ਹੀ ਜ਼ਹਿਰੀਲਾ ਕੜਾਹ ਖਿਲਾ ਦਿੱਤਾ ਸੀ, ਤੇ ਸਾਡੇ ਵੀਰ ਜੀ ਤੋਂ ਇਕ ਹੋਰ ਵੱਡੇ ਭਰਾ ਨੂੰ ਕਿਧਰੇ ਖਪਾ ਦਿੱਤਾ ਸੀ।

ਅਸੀਂ ਰਾਇਪੁਰ ਆਏ ਤਾਂ ਮਾਮੇ ਨੇ ਆਪਣੇ ਛੇ ਖਣਾਂ ਦੇ ਕੱਚੇ ਘਰ ਵਿਚ ਕੰਧ ਕਰ ਕੇ ਅੱਧਾ ਹਿੱਸਾ ਸਾਨੂੰ ਦੇ ਦਿੱਤਾ ਜਿਸ ਵਿਚ ਸੰਦੂਖ, ਮਿੱਟੀ ਦੀ ਕੋਠੀ, ਚੱਕੀ, ਚਰਖਾ ਤੇ ਹੋਰ ਸਮਾਨ ਰੱਖਣ ਮਗਰੋਂ ਦੋ ਮੰਜਿਆਂ ਦੀ ਥਾਂ ਹੀ ਬਚਦੀ ਸੀ। ਰੋਟੀ ਵੀ ਚੁੱਲ੍ਹਾ ਬਾਲ ਕੇ ਅੰਦਰ ਹੀ ਪੱਕਦੀ ਸੀ। ਸਾਰਾ ਦਿਨ ਘਰ ਵਿਚੋਂ ਧੂੰਆਂ ਹੀ ਨਾ ਨਿਕਲਦਾ। ਥਾਂ ਦੀ ਤੰਗੀ ਕਰ ਕੇ ਸਾਡੇ ਵਿਚੋਂ ਦੋ ਜਣੇ ਡੰਗਰਾਂ ਵਾਲੇ ਕੋਠੇ 'ਚ ਪੈ ਜਾਂਦੇ। ਆਏ ਗਏ ਕਿਸੇ ਪ੍ਰਾਹੁਣੇ ਨੂੰ ਵੀ ਅਸੀਂ ਰਾਤ ਨੂੰ ਡੰਗਰਾਂ ਵਿਚ ਹੀ ਫਾਹੇ ਟੰਗਦੇ। ਮਾਮਾ ਹਰ ਕਿਸੇ ਨੂੰ ਕਹਿੰਦਾ, "ਤੁਸੀਂ ਭਾਈ ਮੰਨਣਾ ਨਹੀਂ। ਮੈਨੂੰ ਪ੍ਰਤੱਖ ਮਹਾਰਾਜ ਦੇ ਦਰਸ਼ਨ ਹੋਏ ਨੇ। ਸਿਰ 'ਤੇ ਸੋਨੇ ਦਾ ਮੁਕਟ ਸਜਿਆ ਹੋਇਆ, ਸੋਨੇ ਦੇ ਹੀ ਵਸਤਰ।... ਉਹ ਸੋਨੇ ਦੀ ਕਿਤਾਬ ਖੋਲ੍ਹ ਕੇ ਕਹਿਣ ਲੱਗਾ, ਅਮੀਂ ਚੰਦਾ, ਆਪਣੀ ਵੱਡੀ ਭੈਣ ਦੀ ਬਾਂਹ ਫੜ ਤੇ ਭਾਣਜਿਆਂ ਦੇ ਸਿਰਾਂ 'ਤੇ ਹੱਥ ਰੱਖ। ਕਿੱਥੇ ਤੂੰ ਬੇਔਲਾਦਾ ਸੀ, ਕਿੱਥੇ ਤੈਨੂੰ ਚਾਰ ਪੁੱਤਰ ਦਿੱਤੇ। ਇਹ ਵੱਡੇ ਹੋ ਕੇ ਤੈਨੂੰ ਸਾਂਭਣਗੇ। ਸਰਵਣ ਵਾਂਗ ਤੀਰਥਾਂ ਦੀ ਯਾਤਰਾ ਕਰਾਉਣਗੇ। ਮੈਂ ਵੀ ਭਾਈ ਸੋਚ ਲਿਆ ਏ, ਇਨ੍ਹਾਂ ਬੱਚਿਆਂ ਨੂੰ ਪੜ੍ਹਾ ਲਿਖਾ ਕੇ ਵੱਡੇ ਬੰਦੇ ਬਣਾਊਂ।"

ਮਾਮੇ ਦੀ ਕਹੀ ਇਹ ਗੱਲ ਮੈਨੂੰ ਪਿੰਡ ਦੇ ਕਈ ਬਜ਼ੁਰਗ ਅਕਸਰ ਦੱਸਦੇ ਸਨ। ਮਾਮੇ ਕੋਲ ਵੀ ਕੋਈ ਜ਼ਮੀਨ ਨਹੀਂ ਸੀ। ਉਹ ਸਿਲਾਈ ਦਾ ਕੰਮ ਕਰਦਾ ਸੀ। ਉਸ ਦੀ ਸਿਲਾਈ ਲਾਗਲੇ ਪਿੰਡਾਂ ਵਿਚ ਬੜੀ ਮਸ਼ਹੂਰ ਸੀ। ਉਹ ਮਾਮੀ ਨੂੰ ਵੀ ਸਿਲਾਈ ਸਿਖਾਉਣ ਦੀ ਕੋਸ਼ਿਸ਼ ਕਰਦਾ ਰਿਹਾ ਸੀ ਪਰ ਮਾਮੀ ਸਾਰੀ ਉਮਰ ਕੱਛਾ ਸਿਊਣਾ ਵੀ ਨਾ ਸਿੱਖ ਸਕੀ। ਜਦੋਂ ਪਿੰਡ ਵਿਚ ਕਿਸੇ ਦੇ ਵਿਆਹ ਸ਼ਾਦੀ ਹੁੰਦੀ, ਤੇ ਉਹ ਕੱਪੜੇ ਸਿਊਣ ਲਈ ਮਾਮੇ ਨੂੰ ਘਰ ਬਿਠਾਉਂਦੇ ਤਾਂ ਮੈਨੂੰ ਵੀ ਉਹ ਆਪਣੇ ਨਾਲ ਲੈ ਜਾਂਦਾ। ਉਦੋਂ ਪਿੰਡ ਦੇ ਹਰ ਘਰ ਵਿਚ ਦੁਪਹਿਰ ਵੇਲੇ ਬਾਸਮਤੀ ਦੇ ਚੌਲ ਅਤੇ ਮਸਰੀ ਦੀ ਦਾਲ ਬਣਦੀ ਹੁੰਦੀ ਸੀ। ਜਦੋਂ ਮੈਂ ਮਾਮੇ ਨਾਲ ਜਾਂਦਾ, ਅਗਲੇ ਦੇਸੀ ਘੀ ਵਿਚ ਗੱਚ ਸ਼ੱਕਰ ਜਾਂ ਬੂਰਾ ਵੀ ਪਾਉਂਦੇ। ਮੈਨੂੰ ਦੋਹਤਮਾਨ ਕਰ ਕੇ ਔਰਤਾਂ ਖੂਬ ਖਿਲਾਉਂਦੀਆਂ ਤੇ ਖਿਲਾਉਣ ਮਗਰੋਂ ਪੈਰੀਂ ਹੱਥ ਵੀ ਲਾਉਂਦੀਆਂ। ਇਕ ਦੋ ਪੈਸੇ ਵੀ ਦਿੰਦੀਆਂ। ਮੇਰੀ ਬੇਬੇ ਮਹਿੰਦਰ ਮਾਨੂੰਪੁਰੀ ਦੇ ਨਾਵਲ 'ਲੋਹੇ ਦੀ ਔਰਤ' ਦੀ ਨਾਇਕਾ ਵਾਂਗ ਤਕੜੇ ਜੁੱਸੇ ਵਾਲੀ, ਬਹੁਤ ਦਲੇਰ, ਮਿਹਨਤੀ ਅਤੇ ਸਿਰੜੀ ਸੀ। ਪਿੰਡ ਵਿਚ ਜਦੋਂ ਕਿਸੇ ਮੁੰਡੇ ਦੀ ਬਰਾਤ ਚੜ੍ਹਦੀ ਤਾਂ ਪਿੱਛੋਂ ਤੀਵੀਆਂ ਨੱਚਣ, ਕੁੱਦਣ, ਖਰੂਦ ਕਰਨ ਅਤੇ ਬੋਲੀਆਂ ਪਾਉਣ ਲਈ ਸਭ ਤੋਂ ਪਹਿਲਾਂ ਬੇਬੇ ਨੂੰ ਹੀ ਸੱਦਦੀਆਂ। ਬੇਬੇ ਅਕਸਰ ਲੋਕਾਂ ਦੇ ਖੇਤਾਂ ਜਾਂ ਘਰਾਂ ਵਿਚ ਕੰਮ ਕਰਦੀ। ਉਹ ਖੇਤਾਂ ਵਿਚੋਂ ਧਾਨਾਂ ਦੀ ਦੋ ਮਣ ਪੱਕੀ ਭਰੀ ਘਰ ਨੂੰ ਸਿਰ 'ਤੇ ਚੁੱਕ ਲਿਆਉਂਦੀ। ਪਾਥੀਆਂ ਦੇ ਗੁਹਾਰੇ ਲਾਉਣੇ, ਕਮਾਦ ਬਿਜਾਉਣਾ, ਗੰਨੇ ਘੜਨੇ, ਧਾਨ ਲੁਆਉਣੇ ਤੇ ਵੱਢਣੇ, ਲਸਣ-ਪਿਆਜ ਲੁਆਉਣਾ ਆਦਿ ਉਸ ਦੇ ਮੁੱਖ ਕੰਮ ਸਨ।

ਅਸੀਂ ਕੱਖ ਵੱਢ ਲਿਆਉਂਦੇ ਜਾਂ ਲੱਕੜੀਆਂ ਤੋੜ ਲਿਆਉਂਦੇ। ਨਾਨੀ ਅਕਸਰ ਮੇਰੇ ਨਾਲ ਜਾਂਦੀ। ਮੈਂ ਬਾਂਕ ਪਾ ਕੇ ਟਾਹਲੀਆਂ, ਕਿੱਕਰਾਂ ਤੋਂ ਸੁੱਕੀਆਂ ਲੱਕੜਾਂ ਤੇ ਖੰਜੂਰਾਂ ਤੋਂ ਖੱਗੇ ਖਿੱਚਦਾ। ਹਰ ਵਾਰੀ ਨਾਨੀ ਬੋਲਦੀ, "ਤਾਹਾਂ ਨੂੰ ਨਾ ਝਾਕ ਵੇ, ਅੱਖ 'ਚ ਵੱਜੂ ਖੱਗਾ।" ਮੈਂ ਉਸ ਨਾਲ ਲੜਦਾ ਰਹਿੰਦਾ ਤੇ ਕਹਿੰਦਾ, "ਬੁੜ੍ਹੀਏ ਚੁੱਪ ਕਰ ਜਾ, ਕਿਉਂ ਭੌਂਕੀ ਜਾਂਦੀ ਏਂ, ਬਾਂਕ ਮਾਰ ਕੇ ਗਾਟਾ ਲਾਹ ਦੂੰ।" ਉਹ ਹੱਸਦੀ, "ਲਾਹ ਦੇ ਲਾਹ ਦੇ, ਦੋਹਤਿਆ ਹਰਾਮਖੋਰਾ, ਚੰਗਾ ਮੇਰੀ ਖਲਾਸੀ ਹੋ ਜੂ।"

***ਅਸੀਂ ਕੱਖ ਵੱਢ ਲਿਆਉਂਦੇ ਜਾਂ ਲੱਕੜੀਆਂ ਤੋੜ ਲਿਆਉਂਦੇ। ਨਾਨੀ ਅਕਸਰ ਮੇਰੇ ਨਾਲ ਜਾਂਦੀ। ਮੈਂ ਬਾਂਕ ਪਾ ਕੇ ਟਾਹਲੀਆਂ, ਕਿੱਕਰਾਂ ਤੋਂ ਸੁੱਕੀਆਂ ਲੱਕੜਾਂ ਤੇ ਖੰਜੂਰਾਂ ਤੋਂ ਖੱਗੇ ਖਿੱਚਦਾ। ਹਰ ਵਾਰੀ ਨਾਨੀ ਬੋਲਦੀ, "ਤਾਹਾਂ ਨੂੰ ਨਾ ਝਾਕ ਵੇ, ਅੱਖ 'ਚ ਵੱਜੂ ਖੱਗਾ।" ਮੈਂ ਉਸ ਨਾਲ ਲੜਦਾ ਰਹਿੰਦਾ ਤੇ ਕਹਿੰਦਾ, "ਬੁੜ੍ਹੀਏ ਚੁੱਪ ਕਰ ਜਾ, ਕਿਉਂ ਭੌਂਕੀ ਜਾਂਦੀ ਏਂ, ਬਾਂਕ ਮਾਰ ਕੇ ਗਾਟਾ ਲਾਹ ਦੂੰ।" ਉਹ ਹੱਸਦੀ, "ਲਾਹ ਦੇ ਲਾਹ ਦੇ, ਦੋਹਤਿਆ ਹਰਾਮਖੋਰਾ, ਚੰਗਾ ਮੇਰੀ ਖਲਾਸੀ ਹੋ ਜੂ।"***

ਮਾਮੇ ਵਾਂਗ ਹੀ ਬੇਬੇ ਸਾਨੂੰ ਹਮੇਸ਼ਾ ਪੜ੍ਹਦੇ ਰਹਿਣ ਲਈ ਤਾੜਨਾ ਕਰਦੀ ਰਹਿੰਦੀ। ਰੋਟੀ ਪਾਣੀ ਸਾਡਾ ਵਾਹ-ਵਾਹ ਚਲਦਾ ਸੀ। ਜਦੋਂ ਮਾਮਾ ਕੱਪੜੇ ਸਿਊਂਦਾ, ਮੈਂ ਦੇਹਲੀ 'ਤੇ ਬਹਿ ਕੇ ਫੱਟੇ ਵਾਲੇ ਪੱਖੇ ਦੀ ਰੱਸੀ ਖਿੱਚਦਾ ਤਾਂ ਉਹ ਖੁਸ਼ ਹੋ ਕੇ ਮਾਮੀ ਨੂੰ ਆਵਾਜ਼ ਮਾਰਦਾ, "ਏ ਲੱਛਮੀ, ਛੋਟੂ ਵਾਸਤੇ ਭੋਰਾ ਕੜਾਹ ਹੀ ਬਣਾ ਲੈ।" ਮਾਮੀ ਕਹਿੰਦੀ, "ਜੀਭ ਆਪਣੀ ਮੂਤਦੀ ਆ, ਨਾਉਂ ਛੋਟੂ ਦਾ।" ਦੋਹਾਂ ਘਰਾਂ ਵਿਚ ਛੋਟਾ ਦਰਵਾਜ਼ਾ ਲੱਗਿਆ ਹੋਇਆ ਸੀ ਜਿਸ ਦੀ ਸਰਦਲ ਨਾਲ ਵਾਰ-ਵਾਰ ਟਕਰਾਉਣ ਕਰ ਕੇ ਮਾਮੇ ਦੇ ਵੀ ਤੇ ਨਾਨੀ ਦੇ ਵੀ ਸਿਰ ਵਿਚ ਵਾਢੇ ਪਏ ਹੋਏ ਸਨ। ਇਸ ਛੋਟੇ ਦਰਵਾਜ਼ੇ ਥਾਣੀ ਨਾਨੀ ਸਾਨੂੰ ਕੁਝ ਨਾ ਕੁਝ ਦਿੰਦੀ ਰਹਿੰਦੀ।

ਮਾਮਾ ਜਿਥੇ ਵੀ ਜਾਂਦਾ, ਸਭ ਤੋਂ ਛੋਟਾ ਹੋਣ ਕਰ ਕੇ ਮੈਨੂੰ ਸਾਇਕਲ ਮੂਹਰੇ ਬਿਠਾ ਕੇ ਲੈ ਜਾਂਦਾ। ਕੋਈ ਵੀ ਖਾਣ ਵਾਲੀ ਚੀਜ਼ ਦੇਖ ਕੇ ਮੈਂ ਰਿਹਾੜ ਕਰਨ ਲੱਗ ਜਾਂਦਾ ਤਾਂ ਉਹ ਲੈ ਦਿੰਦਾ। ਇਕ ਬਰਸਾਤ ਵਿਚ ਕੰਧ ਹੇਠ ਆ ਕੇ ਮਾਮੇ ਦੀ ਲੱਤ ਟੁੱਟ ਗਈ। ਉਸ ਨੂੰ ਕੇਵਲ ਕੜਾਹ ਖਾਣ ਲਈ ਦੱਸਿਆ ਗਿਆ। ਮੈਨੂੰ ਵੀ ਕੜਾਹ ਮਿਲਣ ਲੱਗਿਆ, ਤਾਂ ਮੈਂ ਰੋਟੀ ਛੱਡ ਗਿਆ ਤੇ ਜਿਵੇਂ ਮਾਮਾ ਹੁੰਗਾਰਾ ਮਾਰਿਆ ਕਰੇ, ਕੜਾਹ ਖਾਂਦਿਆਂ ਮੈਂ ਵੀ ਉਵੇਂ ਮਾਰਿਆ ਕਰਾਂ। ਮਾਮੇ ਦੀ ਇੱਛਾ ਸੀ ਕਿ ਉਹ ਮੈਨੂੰ ਪੂਰੀ ਲਿਖਾ-ਪੜ੍ਹੀ ਕਰ ਕੇ ਗੋਦ ਲੈ ਲਵੇ ਪਰ ਬੇਬੇ ਸਦਾ ਟਾਲਮ-ਟੋਲ ਕਰਦੀ ਕਹਿੰਦੀ, "ਸਾਰੇ ਤੇਰੇ ਹੀ ਨੇ। ਤੂੰ ਐਵੇਂ ਪੁੱਠੀਆਂ ਗੱਲਾਂ ਨਾ ਸੋਚਿਆ ਕਰ।" ਦਰਅਸਲ ਬੇਬੇ ਡਰਦੀ ਸੀ ਕਿ ਜੇ ਇਕ ਅਮੀਂ ਨੂੰ ਦੇ ਦਿੱਤਾ, ਇਕ ਅੱਧ ਮਰ ਗਿਆ, ਮੇਰੇ ਤਾਂ ਬੱਸ ਦੋ ਹੀ ਰਹਿ ਜਾਣਗੇ!

ਮਾਮੇ ਦੀ ਸਖ਼ਤੀ, ਨਿਗਰਾਨੀ ਅਤੇ ਸਾਡੀ ਜ਼ਿੱਲ੍ਹਣ 'ਚੋਂ ਨਿਕਲਣ ਦੀ ਇੱਛਾ ਨੇ ਸਾਨੂੰ ਪੜ੍ਹਨ-ਲਿਖਣ ਲਈ ਪ੍ਰੇਰਿਆ। ਵੀਰ ਜੀ ਦੀ ਆਗਰੇ ਨੌਕਰੀ ਲੱਗਣ ਕਰ ਕੇ ਉਸ ਨੇ ਛੋਟੇ ਭਰਾਵਾਂ ਤੋਂ ਸਭ ਕੁਝ ਕੁਰਬਾਨ ਕਰ ਦਿੱਤਾ। ਸਾਰੇ ਭਰਾਵਾਂ ਨੂੰ ਸਰਕਾਰੀ ਨੌਕਰੀਆਂ ਮਿਲ ਗਈਆਂ। ਆਪੋ ਆਪਣੇ ਮਕਾਨ ਬਣਾ ਲਏ। ਚੀਜ਼ਾਂ ਵਸਤਾਂ ਨਾਲ ਘਰ ਭਰ ਲਏ। ਆਪਣੇ ਆਪ ਨੂੰ ਵੱਡੇ ਬੰਦੇ ਸਮਝਣ ਲੱਗ ਪਏ। ਅਸੀਂ ਸਾਰੇ ਮਾਮੇ ਨੂੰ ਜਵਾਬੀ ਕਾਰਡ ਲਿਖਦੇ। ਮਾਮੀ ਅਤੇ ਉਹ ਸਦਾ ਸਾਡੇ ਖ਼ਤ ਉਡੀਕਦੇ ਰਹਿੰਦੇ। ਅਸੀਂ ਹਰ ਖ਼ਤ ਉਤੇ ਪੈਸਿਆਂ ਦੀ ਜਾਂ ਕਿਸੇ ਹੋਰ ਚੀਜ਼ ਦੀ ਲੋੜ ਬਾਰੇ ਪੁੱਛਦੇ। ਉਹ ਲਿਖਦਾ, "ਮੇਰੇ ਕੋਲ ਪੈਸਿਆਂ ਦਾ ਕੋਈ ਘਾਟਾ ਨਹੀਂ, ਤੁਸੀਂ ਮੌਜਾਂ ਕਰੋ। ਬੱਸ ਮੈਨੂੰ ਖ਼ਤ ਲਿਖਦੇ ਰਿਹਾ ਕਰੋ। ਪੂਰੀ ਗੱਲਬਾਤ ਲਿਖ ਕੇ ਕਾਰਡ ਦੇ ਦੋਨੋਂ ਪਾਸੇ ਭਰਿਆ ਕਰੋ। ਖ਼ਤ ਵਿਚ ਪਿੰਡ ਦੇ ਲੋਕਾਂ ਦਾ ਹਾਲ-ਚਾਲ ਪੁੱਛਿਆ ਕਰੋ। ਸਭ ਨੂੰ ਪੈਰੀਂ ਪੈਣਾ, ਸਤਿ ਸ੍ਰੀ ਅਕਾਲ ਲਿਖਿਆ ਕਰੋ।" ਦਰਅਸਲ ਜਦੋਂ ਵੀ ਸਾਡਾ ਕੋਈ ਖ਼ਤ ਉਸ ਨੂੰ ਮਿਲਦਾ, ਉਹ ਡਾਕੀਏ ਨੂੰ ਵੀ ਚਾਹ-ਪਾਣੀ ਪਿਲਾਉਂਦਾ ਤੇ ਪਿੰਡ ਦੇ ਪੜ੍ਹੇ-ਲਿਖੇ ਲੋਕਾਂ ਨੂੰ ਖ਼ਤ ਪੜ੍ਹਾ ਕੇ ਵੀ ਆਉਂਦਾ। ਅਗਲਾ ਕਹਿੰਦਾ, "ਸ਼ਾਬਾਸ਼ੇ ਬਈ ਤੇਰੇ ਅਮੀਂ ਚੰਦਾ, ਮੁੰਡੇ ਤੂੰ ਸਾਰੇ ਅਫ਼ਸਰ ਬਣਾ 'ਤੇ। ਆਪਣੀ ਭੈਣ ਦੀ ਜ਼ਿੰਦਗੀ ਬਣਾ'ਤੀ। ਤੇਰਾ ਦੇਣ ਨਹੀਂ ਬਈ ਉਹ ਦੇ ਸਕਦੇ। ਐਨਾ ਤਾਂ ਕਿਸੇ ਪਿਉ ਨੇ ਨ੍ਹੀਂ ਕਿਸੇ ਦਾ ਕੀਤਾ ਜੋ ਤੂੰ ਕਰ ਦਿਖਾਇਆ।"

ਪਰ ਹੁਣ ਮਾਮੇ ਦੀ ਮੌਤ ਮਗਰੋਂ ਜਿਹੜੀ ਸਮੱਸਿਆ ਸਾਡੇ ਸਾਹਮਣੇ ਆਈ, ਉਹ ਸੀ ਬਿਰਧ ਮਾਮੀ ਨੂੰ ਆਪਣੇ ਕੋਲ ਰੱਖਣ ਦੀ। ਮੇਰੇ ਅੰਦਰੋਂ ਵਾਰ-ਵਾਰ ਕੋਈ ਆਵਾਜ਼ ਆਉਂਦੀ, "ਲੈ ਜਾ ਉਹਨੂੰ ਆਪਣੇ ਕੋਲ। ਔਖੀ ਘੜੀ ਏ ਉਸ ਦੀ, ਚੁਕਾ ਦੇ ਕਰਜ਼।" ਇਹ ਆਵਾਜ਼ ਕਿਸ ਦੀ ਸੀ? ਮੈਂ ਇਸ ਆਵਾਜ਼ ਤੋਂ ਵਾਰ-ਵਾਰ ਆਪਣਾ ਮੂੰਹ ਕਿਉਂ ਮੋੜ ਰਿਹਾ ਸਾਂ? ਦੋਰਾਹੇ ਵਿਚ ਮੇਰੇ ਆਪਣੇ ਪਰਿਵਾਰ ਦੇ ਸਾਰੇ ਜੀਅ ਚੰਗੀਆਂ ਨੌਕਰੀਆਂ ਕਰਦੇ ਸਨ। ਬਿਰਧ ਅਵਸਥਾ ਵਿਚ ਅੱਪੜੀ ਮੇਰੀ ਬੇਬੇ ਮੇਰੇ ਕੋਲ ਸੀ। ਇਕ ਹੋਰ ਬੁੱਢੀ ਮਾਮੀ ਨੂੰ ਮੈਂ ਕਿਵੇਂ ਰੱਖਦਾ? ਮਾਮੇ ਨੂੰ ਦਾਗ ਲਾਉਣ ਤੋਂ ਭੋਗ ਵਿਚਲੇ ਸਮੇਂ ਮਾਮੀ ਦੀ ਭਤੀਜੀ ਸੱਤਿਆ ਉਸ ਕੋਲ ਰਹੀ ਸੀ।

ਭੋਗ ਤੋਂ ਮਗਰੋਂ ਅਸੀਂ ਸਾਰੇ ਭਰਾ ਇਕੱਠੇ ਬੈਠ ਕੇ ਮਾਮੀ ਬਾਰੇ ਸੋਚਣ ਲੱਗੇ ਤਾਂ ਸੱਤਿਆ ਵੀ ਵਿਚ ਆ ਬੈਠੀ। ਮਾਮੀ ਨਾਲੋਂ ਬਹੁਤਾ ਫਿਕਰ ਸਾਨੂੰ ਲੋਕਾਂ ਦਾ ਸੀ ਜਿਨ੍ਹਾਂ ਨੇ ਸਾਨੂੰ ਪਾਣੀ ਪੀ-ਪੀ ਕੋਸਣਾ ਸੀ। ਮੈਂ ਚੁੱਪ ਬੈਠਾ ਸਾਂ। ਮੈਥੋਂ ਵੱਡੇ ਦੋਨੋਂ ਵੀ ਕੇਂਦਰੀ ਨੁਕਤੇ 'ਤੇ ਆਉਣ ਤੋਂ ਤਿੜ੍ਹਕਦੇ ਸਨ। ਵੀਰ ਜੀ (ਗੁਰਦੀਪ ਸਿੰਘ) ਕਹਿਣ ਲੱਗੇ, "ਚੱਲ ਕੋਈ ਨਾ ਭਾਈ, ਮੈਂ ਮਾਮੀ ਨੂੰ ਪਟਿਆਲੇ ਲੈ ਜਾਂਦਾ ਹਾਂ ਆਪਣੇ ਕੋਲ। ਮੇਰੇ ਵੀ ਗੋਡੇ ਖੜ੍ਹ ਗਏ। ਉਹ ਜਾਣੇ, ਪਈ ਰਹੂ ਉਥੇ। ਜਿੰਨਾ ਸਰਿਆ ਕਰੀ ਜਾਵਾਂਗੇ।" ਵੀਰ ਜੀ ਬੋਲਦੇ ਅੱਖਾਂ ਭਰ ਆਏ। ਇਹ ਵੀਰ ਜੀ ਨਾਲ ਬੜਾ ਧੱਕਾ ਹੋਣਾ ਸੀ। ਉਨ੍ਹਾਂ ਸਾਰੀ ਜੁਆਨੀ ਹੀ ਭਰਾਵਾਂ ਨੂੰ ਉਤੇ ਚੁੱਕਣ ਲਈ ਲਾ ਦਿੱਤੀ ਸੀ। ਲੋਕਾਂ ਤੋਂ ਉਧਾਰ ਚੁੱਕ-ਚੁੱਕ ਸਾਡੀਆਂ ਫੀਸਾਂ ਦਿੰਦੇ ਰਹੇ ਸਨ। ਬਿਗਾਨੀ ਧੀ, ਸਾਡੀ ਭਾਬੀ ਨੂੰ ਵੀ ਉਨ੍ਹਾਂ ਨੇ ਕਬੀਲਦਾਰੀ ਦੇ ਗਿੱਲੇ ਕੰਬਲ ਹੇਠ ਦੱਬ ਦਿੱਤਾ ਸੀ। ਬੁਰੀ ਤਰ੍ਹਾਂ ਦੋ ਵਾਰੀ ਐਕਸੀਡੈਂਟ ਹੋਣ ਕਰ ਕੇ ਭਾਬੀ ਲੰਮੇ ਸਮੇਂ ਤੋਂ ਮੰਜੇ 'ਤੇ ਪਈ ਸੀ।

ਸੱਤਿਆ ਕਹਿਣ ਲੱਗੀ, "ਵੀਰ ਜੀ, ਤੁਸੀਂ ਫਿਕਰ ਨਾ ਕਰੋ। ਭੂਆ ਜੀ ਨੂੰ ਮੈਂ ਰੱਖਾਂਗੀ, ਆਪਣੇ ਕੋਲ ਮੁਬਾਰਕਪੁਰ। ਮੈਂ ਉਸ ਨੂੰ ਕੱਲ੍ਹ ਹੀ ਆਪਣੇ ਨਾਲ ਲੈ ਜਾਵਾਂਗੀ।" ਪਰ ਨੇੜੇ ਹੀ ਬੈਠੀ ਸੱਤਿਆ ਦੀ ਮਾਂ (ਮਾਮੀ ਦੀ ਭਰਜਾਈ) ਉਖੜੀ ਕੁਹਾੜੀ ਵਾਂਗ ਪਈ, "ਤੂੰ ਕਿਉਂ ਲੈ ਜਾਵੇਂਗੀ। ਲੈ ਜਾਣ ਉਹਦੇ ਭਾਣਜੇ ਜਿਨ੍ਹਾਂ ਨੇ ਸਾਰੀ ਉਮਰ ਚੂੰਡਿਆ ਉਹਨੂੰ। ਕੋਠੀਆਂ ਕਾਰਾਂ ਵਾਲੇ ਨੇ, ਇਨ੍ਹਾਂ ਨੂੰ ਸ਼ਰਮ ਚਾਹੀਦੀ ਏ।" ਪਰ ਸੱਤਿਆ ਬੋਲੀ, "ਮੰਮੀ, ਇਉਂ ਨਾ ਕਹੋ। ਭੂਆ ਜੀ ਨੂੰ ਮੈਂ ਹੀ ਰੱਖਣਾ ਏਂ। ਹੋਰ ਕਿਸੇ ਨਾਲ ਉਹ ਜਾਣਾ ਵੀ ਨਹੀਂ ਚਾਹੁੰਦੇ। ਬਜ਼ੁਰਗਾਂ ਦੀ ਸੇਵਾ ਤਾਂ ਕਿਸਮਤ ਵਾਲੇ ਨੂੰ ਨਸੀਬ ਹੁੰਦੀ ਏ।"

ਉਸ ਦੀ ਗੱਲ ਸੁਣ ਕੇ ਉਸ ਦਾ ਡੈਡੀ (ਮਾਮੀ ਦਾ ਭਰਾ) ਸਾਧੂ ਰਾਮ ਅੱਖਾਂ ਭਰ ਆਇਆ ਤੇ ਆਪਣੀ ਧੀ ਦੀ ਪਿੱਠ ਥਾਪੜਨ ਲੱਗ ਪਿਆ। ਮੈਂ ਸੱਤਿਆ ਵੱਲ ਦੇਖਿਆ। ਅਤਿ ਸਾਧਾਰਨ ਕੱਪੜੇ, ਕੋਕੇ ਤੋਂ ਬਿਨਾਂ ਸਾਰੇ ਗਹਿਣੇ ਚਾਂਦੀ ਦੇ। ਉਸ ਦਾ ਪਤੀ ਕਿਸੇ ਫੈਕਟਰੀ 'ਚ ਕਾਮਾ ਸੀ।

ਸੱਤਿਆ ਨੇ ਸਾਡੀ ਸਮੱਸਿਆ ਹੱਲ ਕਰ ਦਿੱਤੀ। ਅਸੀਂ ਭਰਾਵਾਂ ਨੇ ਸਲਾਹ ਕਰ ਕੇ ਸੱਤਿਆ ਨੂੰ ਕਿਹਾ, "ਦੇਖ ਕੁੜੀਏ, ਜਿਹੜਾ ਇਹ ਮਕਾਨ ਏਂ। ਪੰਜਾਹ ਸੱਠ ਹਜ਼ਾਰ ਦਾ ਤਾਂ ਵਿਕ ਹੀ ਜਾਵੇਗਾ, ਤੂੰ ਵੇਚ ਦੇਣਾ। ਐਨਾ ਕੁ ਟੂਮ ਟੱਲਾ ਵੀ ਮਾਮੀ ਕੋਲ ਹੈਗਾ, ਉਹ ਵੀ ਤੇਰਾ। ਤੂੰ ਕਹੇਂ ਤਾਂ ਅਸੀਂ ਖਰਚਾ ਵੀ ਭੇਜ ਦਿਆਂਗੇ।" ਉਹ ਮੁਸਕਰਾ ਕੇ ਬੋਲੀ, "ਵੀਰ ਜੀ, ਭੂਆ ਜੀ ਨੂੰ ਰੱਖਣ ਦਾ ਮੈਂ ਮੁੱਲ ਵੱਟਣਾ ਏਂ? ਮੈਂ ਤਾਂ ਸੇਵਾ ਕਰਨੀ ਏਂ, ਨਿਰ-ਸੁਆਰਥ ਹੋ ਕੇ ਪਰ ਮੇਰਾ ਸੁਆਰਥ ਵੀ ਹੈਗਾ ਏ, ਉਹ ਇਹ ਕਿ ਜੇ ਅੱਜ ਮੈਂ ਇਹਦੀ ਸੇਵਾ ਕਰਾਂਗੀ ਤਾਂ ਮੇਰੀ ਔਲਾਦ ਦੇਖੂ ਤੇ ਮੈਨੂੰ ਬੁਢਾਪੇ ਵਿਚ ਪੁੱਛੂ। ਰਹੀ ਗੱਲ ਘਰ ਦੀ ਤੇ ਗਹਿਣਿਆਂ ਦੀ। ਇਹ ਸਭ ਕੁਝ ਤੁਹਾਡਾ ਹੈ। ਰੱਖੋ ਚਾਹੇ ਵੇਚੋ।" ਮਨ ਹੀ ਮਨ ਉਸ ਕੁੜੀ ਅੱਗੇ ਮੇਰਾ ਸਿਰ ਝੁਕ ਗਿਆ। ਅਸੀਂ ਕੀ ਸਾਂ, ਤੇ ਇਹ ਗਰੀਬੜੀ ਜਿਹੀ ਕੁੜੀ ਕੀ ਸੀ! ਮੇਰੇ ਅੰਦਰੋਂ ਕੁਝ ਪਿੰਘਰ ਰਿਹਾ ਸੀ।

ਮਾਮੇ ਮਾਮੀ ਦੀ ਆਪਸੀ ਨੇੜਤਾ, ਆਪਸੀ ਪਿਆਰ ਬਾਰੇ ਪਿੰਡ ਦੇ ਲੋਕ ਗੱਲਾਂ ਕਰਦੇ ਸਨ। ਅਸੀਂ ਕਦੀ ਉਨ੍ਹਾਂ ਨੂੰ ਲੜਦੇ ਜਾਂ ਇਕ ਦੂਜੇ ਨੂੰ ਉਚਾ ਬੋਲਦੇ ਨਹੀਂ ਸੀ ਸੁਣਿਆ। ਮੁਬਾਰਕਪੁਰ ਜਾਣ ਮਗਰੋਂ ਮਾਮੀ ਨੇ ਖਾਣਾ ਪੀਣਾ ਛੱਡ ਦਿੱਤਾ। ਕੁਝ ਹੀ ਦਿਨਾਂ ਮਗਰੋਂ ਉਸ ਨੇ ਮੰਜਾ ਮੱਲ ਲਿਆ। ਬੱਸ ਇਕੋ ਗੱਲ ਕਿਹਾ ਕਰੇ, "ਮੇਰਾ 'ਮਹਾਰਾਜ' ਕਿੱਥੇ ਆ? ਮੈਨੂੰ ਉਹਦੇ ਕੋਲ ਛੱਡ ਕੇ ਆਓ। ਮੈਂ ਨਹੀਂ ਕੁਝ ਵੀ ਖਾਣਾ।" ਮਾਮੇ ਨੂੰ ਉਹ 'ਮਹਾਰਾਜ' ਕਹਿੰਦੀ ਹੁੰਦੀ ਸੀ।... ਤੇ ਮਹੀਨੇ ਦੇ ਵਿਚ-ਵਿਚ ਹੀ ਉਹ ਆਪਣੇ ਮਹਾਰਾਜ ਕੋਲ ਚਲੀ ਗਈ।

***(ਚਲਦਾ)***

# ਗਤੀ

***(ਪਿਛਲੇ ਸਫੇ ਦੀ ਬਾਕੀ)***

ਕੋਈ ਭਾਹ ਨਾ ਦੇਖ ਕੇ ਹੈਰਾਨੀ ਹੁੰਦੀ। ਉਨ੍ਹਾਂ ਨੂੰ ਕਿਹੋ ਜਿਹੇ ਦਿਨਾਂ ਵਿਚੋਂ ਦੀ ਲੰਘਣਾ ਪਿਆ ਸੀ ਕਿ ਸਾਡਾ ਦਰਦ ਉਹ ਦਿਨ ਦਿਖਾਉਣ ਵਾਲਿਆਂ ਲਈ ਨਫ਼ਰਤ ਵਿਚ ਵਟਣ ਲਗਦਾ। ਮਾਂ ਆਖਦੀ, ਨਫ਼ਰਤ ਬੰਦੇ ਨੂੰ ਜਾਨਵਰ ਬਣਾ ਦਿੰਦੀ ਹੈ। ਉਹ ਸਮਝਾਉਂਦੀ, ਕਿਸੇ ਹੋਰ ਲਈ ਨਫ਼ਰਤ ਕਿਸੇ ਹੋਰ ਦੀ ਝੋਲੀ ਕਾਹਤੋਂ ਪਾਉਣੀ ਹੋਈ, ਸਾਨੂੰ ਬਚਾਉਣ ਵਾਲੇ ਵੀ ਤਾਂ ਮੁਸਲਮਾਨ ਹੀ ਸਨ, ਬੱਚਿਉ! ਉਹ ਸਾਡੇ ਮਨਾਂ ਨੂੰ ਇਹ ਆਖ ਕੇ ਸੰਤੁਲਿਤ ਕਰਨ ਦਾ ਯਤਨ ਕਰਦੀ, ਐਧਰ ਵਾਲਿਆਂ ਨੇ ਵੀ ਕੋਈ ਘੱਟ ਨਹੀਂ ਸੀ ਕੀਤੀ। ਮੈਂ ਚੁੱਪ ਰਹਿੰਦਾ। ਅਚੇਤ ਹੀ ਪਰ ਮਾਂ ਦੀਆਂ ਦੱਸੀਆਂ ਗੱਲਾਂ ਅੱਖੀਂ ਦੇਖੀਆਂ ਆਤੰਕੀ ਘਟਨਾਵਾਂ ਨਾਲ ਜੁੜਨ ਲਗਦੀਆਂ। ਪ੍ਰੇਸ਼ਾਨੀ ਵਧਣ ਲਗਦੀ ਤਾਂ ਮਾਂ ਦੀ ਸੂਝ ਅਤੇ ਸੋਚ ਹੀ ਠੰਡਾ ਛਿੜਕਣ ਦਾ ਕੰਮ ਕਰਦੀ।

ਨਾਲੋ-ਨਾਲ ਬਣੇ ਮੰਦਰ ਤੇ ਗੁਰਦੁਆਰੇ ਦੇ ਸਾਹਮਣੇ ਲੋਕ ਜੁੜੇ ਖਲੋਤੇ ਸਨ। ਮੇਰੇ ਚੇਤੇ ਵਿਚ ਉਹ ਅਣ-ਦੇਖੀਆਂ ਭੀੜਾਂ ਉਭਰੀਆਂ ਜੋ ਮਾਂ ਦੀਆਂ ਗੱਲਾਂ ਵਿਚ ਸੁਣੀਆਂ ਸਨ। ਸ਼ੁਭਚਿੰਤਕ ਮੁਸਲਮਾਨਾਂ ਦੇ ਘੇਰੇ ਵਿਚਕਾਰ ਘਰ ਤੋਂ ਹਿੰਦੂ-ਸਿਖ ਕੈਂਪ ਵੱਲ ਜਾਂਦਿਆਂ ਰਾਹ ਵਿਚ ਉਨ੍ਹਾਂ ਨੂੰ ਅਜਿਹੀਆਂ ਹੀ ਭੀੜਾਂ ਕੋਲੋਂ ਲੰਘਣਾ ਪਿਆ ਸੀ। ਭੀੜਾਂ ਵਿਚੋਂ ਲੋਕ ਇਨ੍ਹਾਂ ਦੇ ਰਾਖੇ ਮੁਸਲਮਾਨਾਂ ਨੂੰ ਕੌਮ ਦੇ ਗ਼ੱਦਾਰ ਆਖ ਕੇ ਚਿੜਾਉਂਦੇ ਸਨ ਅਤੇ ਦੁਸ਼ਮਣਾਂ ਦੇ ਰਾਖੇ ਹੋਣ ਦੇ ਮਿਹਣੇ ਮਾਰਦੇ ਸਨ।

ਮੁਸਲਮਾਨਾਂ ਵਾਲੇ ਪਾਸੇ ਸੁੰਨ ਵਰਤੀ ਪਈ ਸੀ। ਉਹ ਉਹੋ ਜਿਹਾ ਉਜਾੜਾ ਸੀ ਜਿਹੋ ਜਿਹਾ ਮੁਹੱਲੇ ਵਿਚੋਂ ਨਿੱਕਲਣ ਸਮੇਂ ਮਾਂ ਸਮੇਤ ਸਾਰਿਆਂ ਨੇ ਨਜ਼ਰਾਂ ਪਿਛੇ ਮੋੜ ਕੇ ਦੇਖਿਆ ਸੀ।

ਸੁੰਨੇ ਮੁਸਲਮਾਨ-ਮੁਹੱਲੇ ਦੇ ਬਾਹਰ ਬੱਸ ਚਾਰ ਕੁ ਪੁਲਸੀਏ ਡਾਂਗਾਂ ਫੜੀਂ ਖਲੋਤੇ ਸਨ।

ਮੈਨੂੰ ਦੇਖ ਕੇ ਮੁਸਕਰਾਏ, "ਆ ਗਏ ਜਨਾਬ ਵੀ!"

"ਦੇਖੋ ਜੀ, ਸਾਡੇ ਅਖ਼ਬਾਰ ਨੂੰ ਤਾਂ ਜਾਣਦੇ ਹੀ ਹੋ, ਅਸੀਂ ਤਾਂ ਹਮੇਸ਼ਾ ਠੰਡਾ ਹੀ ਛਿੜਕਦੇ ਹਾਂ।" ਮੈਂ ਵੀ ਮੁਸਕਰਾਉਣ ਦਾ ਯਤਨ ਕੀਤਾ। "ਆਪਣੀਆਂ ਅੱਖਾਂ ਨਾਲ ਦੇਖਾਂਗੇ ਤਾਂ ਲੋਕਾਂ ਨੂੰ ਦੱਸਾਂਗੇ ਕਿ ਕੋਈ ਵੱਡਾ ਝਗੜਾ ਨਹੀਂ। ਇਹ ਵੀ ਲਿਖਾਂਗੇ ਕਿ ਭਰਮ-ਭੁਲੇਖੇ ਕਾਰਨ ਸ਼ਹਿਰ ਚਲੇ ਗਏ ਮੁਸਲਮਾਨ ਭਰਾਵਾਂ ਨੂੰ ਮੋੜ ਲਿਆਉਣ ਦੀਆਂ ਸਲਾਹਾਂ ਹੋ ਰਹੀਆਂ ਨੇ ਤੇ ਉਨ੍ਹਾਂ ਦੇ ਘਰ-ਘਾਟ ਪੁਲਿਸ ਦੀ ਨਜ਼ਰ ਹੇਠ ਬਿਲਕੁਲ ਸੁਰਖਿਅਤ ਨੇ।" ਮੈਂ ਦਾਅ ਖੇਡਿਆ, "ਪੁਲਿਸ ਦਾ ਬੰਦੋਬਸਤ ਦਿਖਾਉਣ ਲਈ ਪਹਿਲਾਂ ਤੁਹਾਡੀ ਤਸਵੀਰ ਤਾਂ ਲੈ ਲਵਾਂ।"

ਉਹ ਡਾਂਗਾਂ ਅਗੇ ਕਰ ਕੇ ਸਾਵਧਾਨ ਖਲੋ ਗਏ। ਮਾਹੌਲ ਠੀਕ ਬਣਿਆ ਦੇਖ ਕੇ ਮੈਂ ਪੁੱਛਣ ਨਾਲੋਂ ਬਹੁਤਾ ਜਿਵੇਂ ਉਨ੍ਹਾਂ ਨੂੰ ਦੱਸਿਆ ਹੋਵੇ, "ਸੁਰਖਿਅਤ ਮੁਸਲਮਾਨ ਘਰਾਂ ਦੀਆਂ ਕੁਛ ਤਸਵੀਰਾਂ ਵੀ ਲੈ ਆਵਾਂ।"

ਬੰਦ ਘਰਾਂ ਦੇ ਬੂਹਿਆਂ ਉਤੇ ਤਾਲੇ ਲਟਕ ਰਹੇ ਸਨ। ਗਲੀ ਦਾ ਮੋੜ ਮੁੜ ਕੇ ਦੇਖਿਆ, ਇਕ ਘਰ ਦਾ ਕੇਵਲ ਕੁੰਡਾ ਹੀ ਬੰਦ ਸੀ। ਸ਼ਾਇਦ ਭੱਜ-ਭਜਾਈ ਵਿਚ ਕਿਸੇ ਨੂੰ ਤਾਲਾ ਲੱਭਣ-ਲਾਉਣ ਦਾ ਸਮਾਂ ਨਹੀਂ ਸੀ ਮਿਲਿਆ। ਜਾਂ ਹੋ ਸਕਦਾ ਹੈ, ਦੂਰ-ਨੇੜੇ ਅਕਸਰ ਹੀ ਹੁੰਦੇ ਰਹਿੰਦੇ ਦੰਗਿਆਂ ਦੇ ਅਨੁਭਵ ਤੋਂ ਉਹਨੇ ਸੋਚਿਆ ਹੋਵੇ, ਲੁੱਟਣ ਵਾਲੇ ਆਏ ਤਾਂ ਤਾਲੇ ਨੇ ਕਿਹੜਾ ਉਨ੍ਹਾਂ ਦੇ ਹੱਥ ਫੜ ਲੈਣੇ ਨੇ।

ਮੈਂ ਬੂਹੇ ਕੋਲ ਰੁਕ ਗਿਆ। ਘਰ ਛਡਦਿਆਂ ਉਨ੍ਹਾਂ ਦੇ ਦਿਲ ਉਤੇ ਉਹੋ ਬੀਤੀ ਹੋਵੇਗੀ ਜੋ ਮਾਂ ਦੇ ਪਰਿਵਾਰ ਦੇ ਦਿਲ ਉਤੇ ਘਰ ਛਡਦਿਆਂ ਬੀਤੀ ਸੀ। ਖੁੱਲ੍ਹੇ ਘਰ ਵਿਚ ਉਹ ਭਲਾ ਕੀ ਕੁਝ ਛੱਡ ਗਏ ਹੋਣਗੇ? ਮੈਂ ਇਧਰ-ਉਧਰ ਦੇਖਿਆ, ਕੋਈ ਨਹੀਂ ਸੀ ਦੇਖ ਰਿਹਾ। ਕੁੰਡਾ ਖੋਲ੍ਹ ਕੇ ਅੰਦਰ ਲੰਘਦਿਆਂ ਮੈਂ ਪਿਛੇ ਬੂਹਾ ਬੰਦ ਕਰ ਦਿੱਤਾ।

ਖੱਬੇ ਪਾਸੇ ਵਾਲੀ ਕੋਠੜੀ ਵਿਚੋਂ ਨਿਰਬਲ ਜਿਹੀ ਆਵਾਜ਼ ਆਈ, "ਆ ਗਿਆ ਹੈਂ...ਬਸ਼ੀਰਿਆ...ਪੁੱਤਰ ਪਾਣੀ ਦੇ।"

ਮੰਜੀ ਉਤੇ ਇਕ ਬਿਰਧ ਮਾਈ ਪਈ ਸੀ। ਉਹਨੇ ਬਾਹਰਲੇ ਬੂਹੇ ਦੀ ਆਵਾਜ਼ ਅਤੇ ਮੇਰੀ ਪੈੜਚਾਲ ਸੁਣ ਲਈ ਸੀ।

ਮੇਰੇ ਮੂੰਹੋਂ ਆਪਣੇ-ਆਪ ਨਿੱਕਲਿਆ, "ਹਾਂ ਮਾਂ, ਮੈਂ ਆ ਗਿਆ!"

ਮਾਈ ਨੇ ਸੁੱਕੇ ਬੁੱਲ੍ਹਾਂ ਉਤੇ ਜੀਭ ਫੇਰਨ ਦਾ ਯਤਨ ਕੀਤਾ ਅਤੇ ਡੁਬਦੀ ਆਵਾਜ਼ ਵਿਚ ਬੋਲੀ, "ਪੁੱਤਰ ਪਾਣੀ ਦੇ...।"

ਸਰ੍ਹਾਣੇ ਵੱਲ ਬੈਠਦਿਆਂ ਉਹਦਾ ਸਿਰ ਚੁੱਕ ਕੇ ਮੈਂ ਆਪਣੇ ਪੱਟ ਉਤੇ ਟਿਕਾ ਲਿਆ ਅਤੇ ਪਾਣੀ ਦਾ ਗਲਾਸ ਮੂੰਹ ਨੂੰ ਲਾ ਦਿੱਤਾ। ਪਾਣੀ ਅੰਦਰ ਲੰਘਣ ਦੀ ਥਾਂ ਸਾਰੇ ਦਾ ਸਾਰਾ ਖਾਖ ਵਿਚੋਂ ਬਾਹਰ ਡੁੱਲ੍ਹ ਗਿਆ। ਨਿਰਜਿੰਦ ਧੌਣ ਢਿੱਲੀ ਪੈ ਗਈ ਅਤੇ ਸਿਰ ਮੁੜ ਕੇ ਮੇਰੀ ਬੁੱਕਲ ਵਿਚ ਟਿਕ ਗਿਆ।

ਧੁਰ ਅੰਦਰੋਂ ਮੇਰੀ ਭੁੱਬ ਨਿਕਲੀ, "ਮਾਂ...!"

ਮੇਰੇ ਹੰਝੂਆਂ ਦੀਆਂ ਧਾਰਾਂ ਉਹਦੇ ਬੁਲ੍ਹਾਂ ਉਤੇ ਚੋਅਣ ਲੱਗੀਆਂ।

...ਉਸ ਪਿਛੋਂ ਮੈਨੂੰ ਕਦੀ ਤਿਹਾਈ ਮਾਂ ਦਾ ਸੁਫ਼ਨਾ ਨਹੀਂ ਆਇਆ!





ਫ਼ਿਲਮਸਾਜ਼ ਮਾਜਦ ਮਜੀਦੀ ਦੀ ਫਿਲਮ 'ਪਰੌਫਿਟ ਮੁਹੰਮਦ' ਦਾ ਦ੍ਰਿਸ਼। ਇਹ ਫਿਲਮ ਇਸੇ ਸਾਲ ਰਿਲੀਜ਼ ਹੋ ਰਹੀ ਹੈ।


# ਗੋਆ ਫ਼ਿਲਮ ਮੇਲੇ ਦੇ ਹਵਾਲੇ ਨਾਲ ਸਿਨੇਮਾ ਦੀ ਵਿਰਾਸਤ

ਭਾਰਤ ਦਾ 44ਵਾਂ ਕੌਮਾਂਤਰੀ ਫ਼ਿਲਮ ਨਵੰਬਰ 2013 ਵਿਚ ਗੋਆ 'ਚ ਲੱਗਿਆ। ਇਹ ਮੇਲਾ ਭਾਰਤ ਸਰਕਾਰ ਦਾ ਉੱਦਮ ਹੁੰਦਾ ਹੈ। ਕੁੱਲ ਆਲਮ ਦੀਆਂ ਚੋਣਵੀਆਂ ਫ਼ਿਲਮਾਂ ਮੇਲੇ ਦਾ ਸ਼ਿੰਗਾਰ ਬਣੀਆਂ। ਕਈ ਮਸ਼ਹੂਰ ਹਸਤੀਆਂ ਨੇ ਮੇਲੇ ਵਿਚ ਸ਼ਿਰਕਤ ਕੀਤੀ। ਇਨ੍ਹਾਂ ਹਸਤੀਆਂ ਨਾਲ ਰੂਬਰੂ-ਸਮਾਗਮ ਹੋਏ। ਖੇਤਰੀ ਅਤੇ ਆਲਮੀ ਸਿਨੇਮੇ ਦੀਆਂ ਸੰਭਾਵਨਾਵਾਂ, ਪ੍ਰਸੰਗਿਕਤਾ, ਦਰਪੇਸ਼ ਮੁਸ਼ਕਿਲਾਂ ਅਤੇ ਉਨ੍ਹਾਂ ਦੇ ਹੱਲ ਬਾਬਤ ਬਹਿਸਾਂ ਕਰਵਾਈਆਂ ਗਈਆਂ। ਦੂਜੇ ਮੁਲਕਾਂ ਤੋਂ ਬਿਨਾਂ ਭਾਰਤੀ ਫ਼ਿਲਮ-ਪ੍ਰੇਮੀ ਹੁੰਮ-ਹੁਮਾ ਕੇ ਫ਼ਿਲਮ ਮੇਲਾ ਦੇਖਣ ਪਹੁੰਚੇ।


ਦੂਜੇ ਮੁਲਕਾਂ ਤੋਂ ਆਏ ਫ਼ਿਲਮਸਾਜ਼ਾਂ ਨੂੰ ਦੇਖ ਕੇ ਸਿਨੇਮੇ ਦੇ ਸਾਂਝੀ ਵਿਰਾਸਤ ਹੋਣ ਦਾ ਖਿਆਲ ਹੋਰ ਪੱਕਾ ਹੋ ਜਾਂਦਾ ਹੈ। ਫ਼ਿਲਮ ਦਾ ਕੰਮ ਮਨੁੱਖ ਨੂੰ ਮਨੁੱਖ ਦੇ ਨੇੜੇ ਲੈ ਕੇ ਆਉਣਾ ਹੈ। ਡਾਢਿਆਂ ਨੇ ਬੇਸ਼ੱਕ ਮਨੁੱਖ ਦੇ ਮਨੁੱਖ ਨਾਲ ਰਾਬਤੇ ਨੂੰ ਸਭਿਆਤਾਵਾਂ ਦਾ ਟਕਰਾਅ ਕਿਹਾ ਹੋਵੇ ਪਰ ਸਿਨੇਮਾ ਇਸ ਧਾਰਨਾ ਨੂੰ ਭੰਨਣ ਦਾ ਅਹਿਮ ਮਾਧਿਅਮ ਬਣਿਆ ਹੈ। ਸਭਿਆਚਾਰਾਂ ਦਾ ਨਿਆਰਾਪਣ ਵੰਨ-ਸੁਵੰਨਤਾ ਦਾ ਸਬੱਬ ਹੈ। ਇਸ ਵੰਨ-ਸੁਵੰਨਤਾ ਨਾਲ ਹੀ ਆਲਮ ਬਹੁਰੰਗਾ ਅਤੇ ਖ਼ੂਬਸੂਰਤ ਬਣਦਾ ਹੈ। ਆਲਮੀ ਸਿਨੇਮਾ ਵੰਨ-ਸੁਵੰਨਤਾ ਦੀ ਖ਼ੂਬਸੂਰਤੀ ਦਾ ਜਸ਼ਨ ਹੈ। ਸਾਂਝੀ ਆਲਮੀ ਵਿਰਾਸਤ ਅਤੇ ਮਨੁੱਖਤਾ ਦਾ ਅਹਿਸਾਸ ਲੋਕਾਈ ਦਾ ਜੋੜ-ਮੇਲ ਹੈ ਜਿੱਥੇ ਹੱਦਾਂ ਵਿਚ ਵੰਡੇ ਜੀਅ ਦੁਸ਼ਮਣ ਨਹੀਂ ਦਿਖਾਈ ਦਿੰਦੇ। ਇਰਾਨੀ ਫ਼ਿਲਮਸਾਜ਼ ਮਾਜਦ ਮਜੀਦੀ ਭਾਰਤੀਆਂ ਨਾਲ ਗਿਲਾ ਕਰਦਾ ਹੈ ਕਿ ਹੁਣ ਭਾਰਤ ਵਿਚ ਚੰਗੀਆਂ ਫ਼ਿਲਮਾਂ ਬਣਨੀਆਂ ਘਟ ਗਈਆਂ ਹਨ। ਉਹ ਸੱਤਿਆਜੀਤ ਰੇਅ ਦੀ ਵਿਰਾਸਤ ਨੂੰ ਗਾਇਬ ਹੁੰਦੀ ਤੱਕਦਾ ਹੈ। ਵਧੇਰੇ ਫ਼ਿਲਮਾਂ ਵਿਚ ਵਿਤੀ ਪੱਖ ਅਹਿਮ ਹੁੰਦਾ ਜਾ ਰਿਹਾ ਹੈ। ਇਹ ਮਾਜਦ ਦਾ ਭਾਰਤੀਆਂ ਲਈ ਫ਼ਿਕਰ ਹੈ। ਉਹ ਇਰਾਨ ਅਤੇ ਭਾਰਤ ਦੀ ਸਾਂਝੀ ਵਿਰਾਸਤ ਨੂੰ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ। ਉਹਦਾ ਕਹਿਣਾ ਹੈ ਕਿ ਦੋਹਾਂ ਮੁਲਕਾਂ ਕੋਲ ਸਾਂਝਾ ਕਰਨ ਲਈ ਬਹੁਤ ਕੁਝ ਹੈ। ਇਸੇ ਸਿਦਕਦਿਲੀ ਵਿਚੋਂ ਉਹ ਭਾਰਤ 'ਚ ਫ਼ਿਲਮ ਬਣਾ ਰਿਹਾ ਹੈ। ਉਹ ਦੋਵੇਂ ਮੁਲਕਾਂ ਵਿਚਕਾਰ ਸਾਂਝੀ ਕੜੀ ਬਣਦਾ ਹੈ।

ਵੱਖਰੀਆਂ ਬੋਲੀਆਂ ਅਤੇ ਮੁਲਕਾਂ ਦੇ ਫ਼ਿਲਮਸਾਜ਼ ਵਿੱਤ ਅਤੇ ਹੁਨਰ ਮੁਤਾਬਕ ਆਪਣੇ ਸਮਾਜ ਅਤੇ ਖਿੱਤੇ ਦਾ ਸੰਵਾਦ ਪੂਰੇ ਆਲਮ ਨਾਲ ਰਚਾਉਣ ਦੇ ਕਾਰਜ ਵਿਚ ਲੱਗੇ ਦਿਖਾਈ ਦਿੰਦੇ ਹਨ। ਸਭ ਤੋਂ ਪਹਿਲਾਂ ਉਨ੍ਹਾਂ ਦਾ ਸੰਵਾਦ ਅਪਣੇ-ਆਪ ਨਾਲ ਹੁੰਦਾ ਹੋਵੇਗਾ ਕਿ ਉਹ ਸਿਨੇਮੇ ਬਾਰੇ ਕੀ ਸੋਚਦੇ ਹਨ ਅਤੇ ਫ਼ਿਲਮ ਵਰਗੇ ਮਾਧਿਅਮ ਨੂੰ ਹੀ ਕਿਉਂ ਚੁਣ ਰਹੇ ਹਨ। ਆਪਣੇ-ਆਪ ਨਾਲ ਸੰਵਾਦ ਕੀਤੇ ਬਿਨਾਂ ਜਾਂ ਖੁਦ ਨੂੰ ਸਵਾਲਾਂ ਦੇ ਘੇਰੇ ਵਿਚ ਲਿਆਂਦੇ ਬਿਨਾਂ ਸਿਰਜਣਾ ਦਾ ਕਾਰਜ ਨਹੀਂ ਆਰੰਭਿਆ ਜਾ ਸਕਦਾ। ਖਾਸ ਕਰ ਕੇ ਉਸ ਮਾਧਿਅਮ ਬਾਰੇ ਨਿੱਜੀ ਸਮਝ ਪਾਣੀ ਵਾਂਗ ਸਾਫ਼ ਹੋਣੀ ਬਹੁਤ ਜ਼ਰੂਰੀ ਹੈ ਜੋ ਸਮਾਜ ਜਾਂ ਜਨਤਕ ਸਮਝ ਬਣਾਉਣ ਦਾ ਅਹਿਮ ਮਾਧਿਅਮ ਹੋਵੇ। ਸਿਨੇਮਾ ਲੋਕਾਂ ਨਾਲ ਗੱਲ ਕਰਨ ਅਤੇ ਲੋਕਾਂ ਤੱਕ ਗੱਲ ਪੁਚਾਉਣ ਦਾ ਸਭ ਤੋਂ ਵੱਡਾ ਮਾਧਿਅਮ ਹੈ। ਖੁਦ ਨਾਲ ਕੀਤਾ ਸੰਵਾਦ ਫ਼ਿਲਮਸਾਜ਼ ਨੂੰ ਆਲੇ ਦੁਆਲੇ ਦੀ ਬਿਹਤਰ ਸਮਝ ਦੇ ਯੋਗ ਬਣਾਉਂਦਾ ਹੈ। ਉਂਜ ਇਹ ਵਿਚਾਰ ਗ਼ੈਰ-ਫ਼ਿਲਮੀ ਲੋਕਾਂ ਉਤੇ ਵੀ ਬਰਾਬਰ ਹੀ ਢੁੱਕਦਾ ਹੈ। ਇਹ ਵਿਚਾਰ ਅੰਤਮ ਸੱਚ ਦਾ ਰੂਪ ਨਹੀਂ ਸਗੋਂ ਬਿਹਤਰ ਸਿੱਖਣ-ਸਿਖਾਉਣ ਦੀ ਰਵਾਇਤ ਹੈ, ਜਿੱਥੇ ਫ਼ਿਲਮਸਾਜ਼ ਸੰਗਤ ਨੂੰ ਸੰਵਾਦ ਦੀ ਬਰਾਬਰ ਧਿਰ ਵਜੋਂ ਮਾਨਤਾ ਦਿੰਦਾ ਹੈ। ਉਹਦੇ ਲਈ ਫ਼ਿਲਮ ਇਕਤਰਫਾ ਮਾਧਿਅਮ ਨਹੀਂ ਹੈ। ਫ਼ਿਲਮ ਵਿਚਲਾ ਵਿਚਾਰ, ਸੰਵਾਦ ਸ਼ੁਰੂ ਕਰਨ ਦਾ ਮਾਧਿਅਮ ਹੈ ਪਰ ਅੰਤਮ ਸੱਚ ਨਹੀਂ ਹੈ। ਵੱਖਰੀਆਂ ਫ਼ਿਲਮਾਂ ਸਮਾਜ, ਸਿਆਸਤ ਅਤੇ ਮਨੁੱਖੀ ਸੁਭਾਅ ਦੀਆਂ ਬਾਰੀਕ ਤੰਦਾਂ ਨੂੰ ਵੱਖਰੀ ਰੌਸ਼ਨੀ ਵਿਚ ਆਲਮ ਅੱਗੇ ਲਿਆਉਂਦੀਆਂ ਹਨ। ਵੱਖਰੇ ਖਿੱਤਿਆਂ ਬਾਬਤ ਬਣੀਆਂ ਚਾਲੂ ਧਾਰਨਾਵਾਂ ਨੂੰ ਇਹ ਫ਼ਿਲਮਾਂ ਜ਼ਿੰਮੇਵਾਰੀ ਨਾਲ ਤੋੜਦੀਆਂ ਹਨ। ਫ਼ਿਲਮ ਦੀ ਪਰਦਾਪੇਸ਼ੀ ਤੋਂ ਬਾਅਦ ਫ਼ਿਲਮ-ਕਾਮਿਆਂ ਦੀ ਦਰਸ਼ਕਾਂ ਨਾਲ ਹੁੰਦੀ ਚਰਚਾ ਕਲਾ ਦੀਆਂ ਹੋਰ ਤੰਦਾਂ ਖੋਲ੍ਹਦੀ ਹੈ। ਫ਼ਿਲਮਸਾਜ਼ ਅਪਣੀ ਕਿਰਤ ਬਾਬਤ ਨਿਜੀ ਤਜਰਬੇ ਸਾਂਝੇ ਕਰਦਾ ਹੈ। ਉਹਦੇ ਤਜਰਬੇ ਵਿਚੋਂ ਉਹਦੇ ਖਿੱਤੇ ਦੇ ਹਾਲਾਤ ਅਤੇ ਕਲਾ ਦੀ ਸਿਰਜਣਾ ਵਿਚ ਉਨ੍ਹਾਂ ਹਾਲਾਤ ਦੀ ਭੂਮਿਕਾ ਦਾ ਪਤਾ ਲੱਗਦਾ ਹੈ। ਉਹਦੇ ਵਲੋਂ ਅਪਣੇ ਖਿੱਤੇ ਦੇ ਮਨ ਨਾਲ ਰਚਾਇਆ ਸੰਵਾਦ ਉਹਦੇ ਭਾਈਚਾਰੇ ਦੀ ਨੁਮਾਇੰਦਗੀ ਕਰਦਾ ਹੈ।

ਫ਼ਿਲਮ ਮੇਲੇ ਵਿਚ ਪਹੁੰਚੀਆਂ ਫ਼ਿਲਮਾਂ ਮਨੁੱਖੀ ਭਾਵਨਾਵਾਂ ਨੂੰ ਪਰਦੇ 'ਤੇ ਉਤਾਰਦੀਆਂ ਹਨ। ਫ਼ਿਲਮ ਮੇਲੇ ਵਿਚ ਇਸ ਵਰਤਾਰੇ ਦੀ ਝਲਕ ਹੋਰ ਉਘੜਵੇਂ ਰੂਪ ਵਿਚ ਸਾਹਮਣੇ ਆਉਂਦੀ ਹੈ। ਫ਼ਿਲਮ ਮੇਲੇ ਦੀਆਂ ਫ਼ਿਲਮਾਂ ਵਿਚ ਫ਼ਿਲਮਸਾਜ਼ ਦਾ ਜਲੌਅ ਸਿਖਰਾਂ ਉਤੇ ਹੁੰਦਾ ਹੈ। ਉਹ 'ਮੁਖਧਾਰਾ' ਸਿਨੇਮੇ ਦੇ ਦਬਾਅ ਤੋਂ ਮੁਕਤ ਹੋ ਕੇ ਫ਼ਿਲਮ ਬਣਾਉਂਦਾ ਹੈ, ਜਿੱਥੇ ਉਹਦੀ ਕਲਾਤਮਕ ਅਤੇ ਆਪੇ ਦੀ ਸੰਤੁਸ਼ਟੀ ਦੀ ਝਲਕ ਮਿਲਦੀ ਹੈ। ਉਹਦੇ ਉਤੇ ਲੱਗੀਆਂ ਵਿੱਤੀ ਪਾਬੰਦੀਆਂ ਟੁੱਟ ਜਾਂਦੀਆਂ ਹਨ। ਇਸ ਮਾਹੌਲ ਵਿਚ ਸਿਰਜਣਾ ਦਾ ਕਾਰਜ ਸੁਖਾਲਾ ਹੋ ਜਾਂਦਾ ਹੈ। ਅਸੀਂ ਪੰਜਾਬੀ ਸਿਨੇਮੇ ਨੂੰ ਆਲਮੀ ਸਿਨੇਮੇ ਦੀ ਕੜੀ ਵਜੋਂ ਦੇਖਣਾ ਚਾਹੁੰਦੇ ਹਾਂ। ਆਲਮੀ ਵਰਤਾਰੇ ਤੋਂ ਟੁੱਟ ਕੇ ਤੰਗ ਨਜ਼ਰੀ ਨਾਲ ਸਿਰਜੀ ਕਲਾ ਚਿਰਕਾਲੀ ਨਹੀਂ ਹੁੰਦੀ ਹੈ। ਪੰਜਾਬੀ ਸਿਨੇਮਾ ਪੰਜਾਬੀ ਮਨ, ਸਭਿਆਚਾਰ ਅਤੇ ਖਿੱਤੇ ਦੀ ਰੂਹ ਦੀ ਪਰਦਾਪੇਸ਼ੀ ਦਾ ਮਾਧਿਅਮ ਬਣ ਸਕਦਾ ਹੈ, ਜਿਹਦਾ ਆਲਮ ਨਾਲ ਸੰਵਾਦ ਹੋਣਾ ਜ਼ਰੂਰੀ ਹੈ। ਗੋਆ ਦਾ ਫ਼ਿਲਮ ਮੇਲਾ ਪੰਜਾਬ ਵਿਚੋਂ ਗਏ ਦਰਸ਼ਕ ਨੂੰ ਇਸ ਵਿਚਾਰ ਦਾ ਅਹਿਸਾਸ ਹੋਰ ਸ਼ਿੱਦਤ ਨਾਲ ਕਰਵਾਉਂਦਾ ਹੈ।



*ਇਰਾਨੀ ਫ਼ਿਲਮਸਾਜ਼ ਮਾਜਦ ਮਜੀਦੀ ਭਾਰਤੀਆਂ ਨਾਲ ਗਿਲਾ ਕਰਦਾ ਹੈ ਕਿ ਹੁਣ ਭਾਰਤ ਵਿਚ ਚੰਗੀਆਂ ਫ਼ਿਲਮਾਂ ਬਣਨੀਆਂ ਘਟ ਗਈਆਂ ਹਨ। ਉਹ ਸੱਤਿਆਜੀਤ ਰੇਅ ਦੀ ਵਿਰਾਸਤ ਨੂੰ ਗਾਇਬ ਹੁੰਦੀ ਤੱਕਦਾ ਹੈ। ਵਧੇਰੇ ਫ਼ਿਲਮਾਂ ਵਿਚ ਵਿਤੀ ਪੱਖ ਅਹਿਮ ਹੁੰਦਾ ਜਾ ਰਿਹਾ ਹੈ। ਇਹ ਮਾਜਦ ਦਾ ਭਾਰਤੀਆਂ ਲਈ ਫ਼ਿਕਰ ਹੈ। ਉਹ ਇਰਾਨ ਅਤੇ ਭਾਰਤ ਦੀ ਸਾਂਝੀ ਵਿਰਾਸਤ ਨੂੰ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ।*



ਖਾਮੋਸ਼ ਸੁਰਾਂ-14

# ਗਾਇਨ 'ਚ ਕਰਾਰਾ ਅਧਰਕ ਐਸ. ਬਲਬੀਰ


## ਪੰਜਾਬੀ ਮਜ਼ਾਹੀਆ ਗਾਇਕੀ ਦਾ ਸਰਤਾਜ

ਪੰਜਾਬੀ ਫਿਲਮ ਗਾਇਕੀ ਵਿਚ ਕਦੇ ਐਸ. ਬਲਬੀਰ ਬੜਾ ਵੱਡਾ ਨਾਂ ਸੀ। ਕੋਈ ਫਿਲਮ ਅਜਿਹੀ ਨਹੀਂ ਸੀ ਹੁੰਦੀ ਜਿਸ ਵਿਚ ਬਲਬੀਰ ਦਾ ਗਾਇਆ ਗੀਤ ਸ਼ਾਮਲ ਨਾ ਹੋਵੇ। ਉਹ ਮਜ਼ਾਹੀਆ ਗਾਇਕੀ ਦਾ ਸਰਤਾਜ ਸੀ। 'ਮੱਝ ਗਾਂ ਵਾਲਿਆਂ...ਵੱਡੇ ਨਾਂ ਵਾਲਿਆਂ' (ਦੋ ਲੱਛੀਆਂ), 'ਵਾਹ ਜਮੂਰੇ ਵਾਹ...ਕਾਹਨੂੰ ਲੈਨੈਂ ਔਖੇ ਸਾਹ'(ਮਾਮਾ ਜੀ), 'ਹਾਏ ਓ ਮਾਰ ਸੁੱਟਿਆ ਈ ਆ' (ਚੰਬੇ ਦੀ ਕਲੀ), 'ਪੀਵੇ ਪੀਵੇ...ਪੀਵੇ ਕਾਲੀਆਂ ਦਾ ਦੁੱਧ' (ਲਾਈਏ ਤੋੜ ਨਿਭਾਈਏ), 'ਰੁੱਖੀ ਸੁੱਖੀ ਖਾ ਗੋਪਾਲਾ' (ਲਾਜੋ) ਵਰਗੇ ਗੀਤ ਸਰੋਤਿਆਂ ਦਾ ਖ਼ੂਬ ਮਨੋਰੰਜਨ ਕਰਦੇ ਸਨ। ਫਿਲਮ 'ਸ਼ੌਂਕਣ ਮੇਲੇ ਦੀ' ਦੇ ਗੀਤ ਸ਼ਿਵ ਬਟਾਲਵੀ ਨੇ ਲਿਖੇ ਸਨ। ਉਨ੍ਹਾਂ ਵੱਲੋਂ ਲਿਖਿਆ ਪਹਿਲਾ ਮਜ਼ਾਹੀਆ ਗੀਤ 'ਕੁਕੜੂ ਘੜੂੰ, ਦੂਰ ਫਿਟੇ ਮੂੰਹ' ਵੀ ਬਲਬੀਰ ਨੇ ਗਾਇਆ। 'ਨੌਕਰੀ ਬੀਵੀ ਕਾ', 'ਕੌਡੇ ਸ਼ਾਹ', 'ਧਰਤੀ ਵੀਰਾਂ ਦੀ', 'ਖੇਡ ਪ੍ਰੀਤਾਂ ਦੀ', 'ਕਿੱਕਲੀ', 'ਜੱਗਾ' , 'ਸ਼ੇਰਨੀ', 'ਬੰਤੋ', 'ਪਰਦੇਸੀ ਢੋਲਾ', 'ਮੇਲੇ ਮਿੱਤਰਾਂ ਦੇ', 'ਮੁੱਖੜਾ ਚੰਨ ਵਰਗਾ' ਆਦਿ ਫਿਲਮਾਂ ਵਿਚ ਬਲਬੀਰ ਦਾ ਗਾਇਆ ਇਕ-ਇਕ ਗੀਤ ਸੀ। ਪੌਲੀਡੋਰ ਕੰਪਨੀ ਦੇ ਉਸ ਦੀ ਆਵਾਜ਼ ਵਿਚ 'ਹੀਰ' ਦਾ ਐਲਪੀ ਰਿਕਾਰਡ ਵੀ ਰਿਲੀਜ਼ ਕੀਤਾ। ਇਹ 'ਹੀਰ' ਸਾਬਤ ਕਰਦੀ ਹੈ ਕਿ ਉਸ ਨੇ ਖ਼ੁਦ ਨੂੰ ਮਜ਼ਾਹੀਆ ਗੀਤਾਂ ਤਕ ਸੀਮਤ ਕਰ ਕੇ ਆਪਣੀ ਆਵਾਜ਼ ਨਾਲ ਕਿੰਨਾ ਅਨਿਆਂ ਕੀਤਾ!

'ਮੈਂ ਕੋਈ ਝੂਠ ਬੋਲਿਆ... ਕੋਈ ਨਾ', 'ਯਿਹ ਦੇਸ਼ ਹੈ ਵੀਰ ਜਵਾਨੋਂ ਕਾ', 'ਓ ਯਾਰਾ ਦਿਲਦਾਰਾ, ਮੇਰਾ ਦਿਲ ਕਰਦਾ', 'ਮੌਸਮ ਹੈ ਬਹਾਰੋਂ ਕਾ, ਫੂਲੋਂ ਕਾ ਖਿਲਨਾ ਹੈ'। ਇਹ ਉਹ ਸਾਰੇ ਗੀਤ ਹਨ ਜਿਨ੍ਹਾਂ ਵਿਚ ਮੁਹੰਮਦ ਰਫ਼ੀ ਜਾਂ ਮਹਿੰਦਰ ਕਪੂਰ ਦੇ ਨਾਲ ਇਕ ਹੋਰ ਪੰਜਾਬੀ ਆਵਾਜ਼ ਦਾ ਜ਼ਾਇਕਾ ਮੌਜੂਦ ਹੈ। ਜੇ ਇਹ ਜ਼ਾਇਕਾ ਮੌਜੂਦ ਨਾ ਹੁੰਦਾ ਤਾਂ ਸ਼ਾਇਦ ਇਹ ਗੀਤ ਨਿਵੇਕਲੇ ਨਹੀਂ ਸਨ ਜਾਪਣੇ ਅਤੇ ਹਿੰਦੋਸਤਾਨੀ ਫਿਲਮ ਸੰਗੀਤ ਦੇ ਹਜੂਮ ਵਿਚ ਗੁਆਚ ਜਾਣੇ ਸਨ। ਰਫ਼ੀ ਜਾਂ ਮਹਿੰਦਰ ਕਪੂਰ ਦੀਆਂ ਆਵਾਜ਼ਾਂ ਦੀ ਬੁਲੰਦੀ, ਲਚਕ ਅਤੇ ਹੋਰ ਖ਼ੂਬੀਆਂ ਤੋਂ ਅਸੀਂ ਸਾਰੇ ਵਾਕਫ਼ ਹਾਂ। ਉਨ੍ਹਾਂ ਵਿਚ ਸਾਧਾਰਨ ਗੀਤ ਨੂੰ ਅਸਾਧਾਰਨ ਬਣਾਉਣ ਦੀ ਸਮਰੱਥਾ ਸੀ ਪਰ ਦੋਸਤਾਨਾ ਅੰਦਾਜ਼ ਵਾਲੇ ਮਰਦਾਵੇਂ ਗੀਤਾਂ ਵਿਚ ਦੋਸਤਾਨਾ ਨਿੱਘ ਭਰਨ ਲਈ ਅਜਿਹੀ ਆਵਾਜ਼ ਦੀ ਲੋੜ ਹੁੰਦੀ ਹੈ ਜਿਹੜੀ ਮੁੱਖ ਆਵਾਜ਼ ਦੀ ਪੂਰਕ ਦਾ ਕੰਮ ਕਰੇ ਅਤੇ ਜਿਸ 'ਚ ਵਿਲੱਖਣ ਰੰਗ ਵੀ ਹੋਵੇ। ਇਹ ਵਿਲੱਖਣ ਆਵਾਜ਼ ਸੀ ਐਸ. ਬਲਬੀਰ ਦੀ।

ਸੁਰਿੰਦਰ ਸਿੰਘ ਤੇਜ
ਫੋਨ: 91-98555-01488

ਬਲਬੀਰ ਤਰਨ ਤਾਰਨ ਨੇੜਲੇ ਇਕ ਪਿੰਡ ਦਾ ਜੰਮਪਲ ਸੀ ਅਤੇ 1980ਵਿਆਂ ਵਿਚ ਜਦੋਂ ਉਹ ਆਪਣੇ ਪਿੰਡ ਗਿਆ ਹੋਇਆ ਸੀ ਤਾਂ ਉਸ ਦਾ ਕਤਲ ਹੋ ਗਿਆ ਸੀ। ਇਨ੍ਹਾਂ ਤੱਥਾਂ ਦੀ ਪੁਸ਼ਟੀ ਸਰਦੂਲ ਕਵਾਤੜਾ ਦੇ ਕਰੀਬ 30 ਸਾਲ ਸਹਿਯੋਗੀ ਰਹੇ ਨਰਿੰਦਰ ਸ਼ਰਮਾ (ਦਿੱਲੀ) ਨੇ ਵੀ ਕੀਤੀ। ਬਲਬੀਰ ਦਾ ਸਬੰਧ ਸਿੱਖ ਪਰਿਵਾਰ ਨਾਲ ਸੀ। ਉਹ ਖ਼ੁਦ ਕੇਸਧਾਰੀ ਸਿੱਖ ਨਹੀਂ ਸੀ, ਪਰ ਉਸ ਦੇ ਮਿੱਤਰ ਉਸ ਨੂੰ 'ਸਰਦਾਰ ਜੀ' ਕਹਿ ਕੇ ਬੁਲਾਉਂਦੇ ਸਨ। ਉਹ ਮੁਹੰਮਦ ਰਫ਼ੀ ਦਾ ਚਹੇਤਾ ਸੀ। ਰਫ਼ੀ ਉਸ ਦੀ ਤੁਲਨਾ ਪੰਜਾਬੀ ਪਕਵਾਨਾਂ ਵਿਚ ਵਰਤੀ ਜਾਂਦੀ ਅਧਰਕ ਨਾਲ ਕਰਿਆ ਕਰਦਾ ਸੀ। ਉਹ ਕਿਹਾ ਕਰਦਾ ਸੀ ਕਿ ਜਿਸ ਗੀਤ ਵਿਚ ਬਲਬੀਰਨੁਮਾ ਅਧਰਕ ਪੈ ਜਾਵੇ, ਉਹ ਕਰਾਰਾ ਬਣ ਜਾਂਦਾ ਹੈ ਅਤੇ ਹਿੱਟ ਹੋ ਜਾਂਦਾ ਹੈ। ਸ਼ਾਇਦ ਇਸੇ ਅਧਰਕਨੁਮਾ ਸ਼ੌਂਕ ਨੇ ਹੀ ਬਲਬੀਰ ਨੂੰ ਆਜ਼ਾਦ ਗਾਇਕ ਵਜੋਂ ਉਭਰਨ ਨਾ ਦਿੱਤਾ।



ਇਹ ਨਹੀਂ ਕਿ ਉਸ ਨੂੰ ਸੋਲੋ ਗਾਇਕ ਦੇ ਰੂਪ ਵਿਚ ਉਭਰਨ ਦੇ ਮੌਕੇ ਨਹੀਂ ਮਿਲੇ। ਮੌਕੇ ਮਿਲੇ ਜ਼ਰੂਰ, ਪਰ ਬਿਲਕੁਲ ਮੁੱਢਲੇ ਪੜਾਅ ਉੱਤੇ। ਉਹ ਵੀ ਉਨ੍ਹਾਂ ਸੰਗੀਤਕਾਰਾਂ ਰਾਹੀਂ ਜਿਹੜੇ ਮਕਬੂਲੀਅਤ ਦੇ ਗ੍ਰਾਫ 'ਤੇ ਕਦੇ ਵੀ ਬਹੁਤੇ ਉਭਰੇ ਨਹੀਂ। ਅਜਿਹੇ ਸੰਗੀਤਕਾਰਾਂ ਵਿਚ ਇੰਨਾ ਆਤਮ-ਵਿਸ਼ਵਾਸ ਨਹੀਂ ਹੁੰਦਾ ਕਿ ਉਹ ਐੱਸ. ਬਲਬੀਰ ਵਰਗੇ ਗਾਇਕ ਦੀ ਆਵਾਜ਼ ਦੇ ਅੱਡਰੇ ਸਰੂਪ ਨੂੰ ਤਰਾਸ਼ਦੇ। ਮਿਸਾਲ ਵਜੋਂ, ਐਸ.ਡੀ. ਬਾਤਿਸ਼ ਨੇ ਬਲਬੀਰ ਤੋਂ 1949 ਵਿਚ ਫਿਲਮ 'ਖ਼ੁਸ਼ ਰਹੋ' ਦੇ ਪੰਜ ਗੀਤ ਗਵਾਏ। ਇਨ੍ਹਾਂ ਵਿਚੋਂ ਦੋ 'ਧੋਖਾ ਦੀਆ ਮੇਰੇ ਹਾਥ ਨੇ' ਤੇ 'ਦੁਨੀਆਂ ਮੇ ਕਿਸੀ ਕਾ ਕੋਈ ਨਹੀਂ' ਸੋਲੋ ਸਨ ਅਤੇ ਬਾਕੀ ਪਰਮੋਦਿਨੀ ਦੇਸਾਈ ਨਾਲ ਦੋਗਾਣਿਆਂ ਦੇ ਰੂਪ ਵਿਚ ਹਨ। ਇਹ ਸਾਰੇ ਗੀਤ ਅਹਿਸਨ ਰਿਜ਼ਵੀ ਦੇ ਲਿਖੇ ਹੋਏ ਸਨ ਜੋ ਉਰਦੂ ਸ਼ਾਇਰੀ ਵਿਚ ਚੰਗਾ ਮੁਕਾਮ ਰੱਖਦਾ ਸੀ। ਉਸੇ ਸਾਲ ਸੰਗੀਤਕਾਰ ਹੰਸਰਾਜ ਬਹਿਲ ਨੇ ਵੀ ਫਿਲਮ 'ਕਰਵਟ' ਵਿਚ ਬਲਬੀਰ ਪਾਸੋਂ ਇਕ ਸੋਲੋ ਤੇ ਇਕ ਡੂਇਟ ਗਵਾਇਆ। ਫਿਰ 1950 ਵਿਚ ਸੰਗੀਤਕਾਰ ਮੁਕੁਲ ਰਾਏ ਨੇ 'ਭੇਦ' ਵਿਚ ਬਲਬੀਰ ਪਾਸੋਂ ਦੋ ਸੋਲੋ ਗਵਾਏ। ਇਹ ਦੋਵੇਂ ਗੀਤ ਮਧੂਕਰ ਰਾਜਸਥਾਨੀ ਦੇ ਲਿਖੇ ਹੋਏ ਸਨ ਪਰ ਇਨ੍ਹਾਂ ਵਿਚੋਂ ਕੋਈ ਵੀ ਗੀਤ ਹਿੱਟ ਨਾ ਹੋਇਆ। ਹਿੱਟ ਹੋਇਆ 'ਮੈਂ ਕੋਈ ਝੂਠ ਬੋਲਿਆ' (ਜਾਗਤੇ ਰਹੋ) ਜਿਸ ਵਿਚ ਨੁਮਾਇਆ ਆਵਾਜ਼ ਮੁਹੰਮਦ ਰਫ਼ੀ ਦੀ ਸੀ। ਇਸ ਗੀਤ ਲਈ ਰਫ਼ੀ ਦਾ ਸਾਥ ਦੇਣ ਵਾਸਤੇ ਬਲਬੀਰ ਦਾ ਨਾਂ ਗੀਤਕਾਰ ਸ਼ੈਲੇਂਦਰ ਨੇ ਸੰਗੀਤਕਾਰ ਸਲਿਲ ਚੌਧਰੀ ਨੂੰ ਸੁਝਾਇਆ ਸੀ। 'ਜਾਗਤੇ ਰਹੋ' ਵਿਸ਼ਾ-ਵਸਤੂ, ਕਥਾਨਕ ਤੇ ਟ੍ਰੀਟਮੈਂਟ ਪੱਖੋਂ ਨਿਹਾਇਤ ਖ਼ੂਬਸੂਰਤ ਫਿਲਮ ਹੋਣ ਦੇ ਬਾਵਜੂਦ ਟਿਕਟ ਖਿੜਕੀ 'ਤੇ ਮਹਾ-ਫਲੌਪ ਸਾਬਤ ਹੋਈ, ਪਰ 'ਮੈਂ ਕੋਈ ਝੂਠ ਬੋਲਿਆ' ਉਸ ਸਾਲ ਦਾ ਸੁਪਰਹਿੱਟ ਗੀਤ ਸੀ।

ਪੰਜਾਬੀ ਤੇ ਗੁਜਰਾਤੀ ਸੰਗੀਤਕਾਰਾਂ ਦੀ ਫਹਿਰਿਸਤ ਬਹਲਤ ਲੰਬੀ ਹੈ। ਓ.ਪੀ. ਨਈਅਰ, ਮਦਨ ਮੋਹਨ, ਰੌਸ਼ਨ, ਐੱਸ ਮਹਿੰਦਰ, ਹੰਸਰਾਜ ਬਹਿਲ ਜੈਦੇਵ ਵੇਦਪਾਲ, ਅੱਲ੍ਹਾ ਰੱਖਾ ਕੁਰੈਸ਼ੀ, ਹਰਬੰਸ, ਕਮਲ ਕਾਂਤ, ਕਲਿਆਣਜੀ ਆਨੰਦਜੀ, ਸ਼ੰਕਰ ਜੈਕਿਸ਼ਨ-ਇਨ੍ਹਾਂ ਸਭ ਨੇ ਜਦੋਂ ਲੋੜ ਸਮਝੀ, ਬਲਬੀਰ ਨੇ ਅਧਰਕੀ ਤੜਕੇ ਦਾ ਆਨੰਦ ਲਿਆ। ਇਸੇ ਤਰ੍ਹਾਂ ਡੂਏਟਸ ਪੱਖੋਂ ਜੇ ਬਲਬੀਰ ਰਫ਼ੀ ਦਾ ਚਹੇਤਾ ਰਿਹਾ ਤਾਂ ਬਾਕੀ ਗਾਇਕਾ-ਗਾਇਕਾਵਾਂ ਦਾ ਸੰਗ ਵੀ ਉਸ ਨੇ ਖ਼ੂਬ ਨਿਭਾਇਆ। ਜੈਦੇਵ ਨੇ 'ਜੋਰੂ ਕਾ ਭਾਈ' (1955) ਵਿਚ ਬਲਬੀਰ ਨੂੰ ਕਿਸ਼ੋਰ ਕੁਮਾਰ ਨਾਲ 'ਧਰਮ ਪਰ ਮਰ ਜਾਨਾ ਕੋਈ ਬੜੀ ਬਾਤ ਨਹੀਂ' (ਸਾਹਿਰ) ਗਾਉਣ ਦਾ ਮੌਕਾ ਦਿੱਤਾ। ਇੰਜ ਹੀ ਫਿਲਮ 'ਅੰਜਲੀ' (1957) ਵਿਚ ਜੈਦੇਵ ਨੇ 'ਜਗ ਜਾਨਵਰੋਂ ਕਾ ਮੇਲਾ' ਬਲਬੀਰ ਤੇ ਵਿਨੋਦ ਦੇਸਾਈ ਤੋਂ ਗਵਾਇਆ। ਇਸ ਗੀਤ ਦਾ ਲੀਡ ਸਿੰਗਰ ਬਲਬੀਰ ਸੀ।

ਲਤਾ ਮੰਗੇਸ਼ਕਰ, ਆਸ਼ਾ ਭੋਸਲੇ, ਸੁਧਾ ਮਲਹੋਤਰਾ, ਗੀਤਾ ਦੱਤ, ਸ਼ਮਸ਼ਾਦ ਬੇਗਮ, ਮੁਬਾਰਕ ਬੇਗਮ, ਮਧੂਬਾਲਾ ਝਾਵੇਰੀ, ਸੁਹਾਸਿਨੀ ਕੋਲ੍ਹਾਪੁਰੇ, ਮੀਨੂ ਪੁਰਸ਼ੋਤਮ, ਊਸ਼ਾ ਤਿਮੋਥੀ, ਉਮਾ ਦੇਵੀ ਖਤਰੀ (ਟੁਨਟੁਨ), ਸੁਮਨ ਕਲਿਆਣਪੁਰ, ਚਾਂਦਬਾਲਾ ਕ੍ਰਿਸ਼ਨਾ ਕੱਲੇ, ਤਲਤ ਮਹਿਮੂਦ, ਮੰਨਾ ਡੇਅ, ਸੁਰਿੰਦਰ ਕੋਹਲੀ, ਗੱਲ ਕੀ; ਆਪਣੇ ਯੁੱਗ ਦੇ ਹਰ ਸਿੰਗਰ ਨਾਲ ਬਲਬੀਰ ਨੇ ਗੀਤ ਗਾਏ। 'ਅਲਾਦੀਨ ਲੈਲਾ' ਵਿਚ ਸੁਧਾ ਮਲਹੋਤਰਾ ਨਾਲ ਉਸ ਦਾ ਡੂਏਟ 'ਮਾਨਾ ਕੇ ਬਹੁਤ ਹਸੀਨ ਹੈ ਆਪ' ਦਰਸਾਉਂਦਾ ਹੈ ਕਿ ਜੇ ਉਹ ਆਪਣੀਆਂ ਸੀਮਾਵਾਂ ਤੋਂ ਬਾਹਰ ਨਿਕਲਣ ਦੀ ਦਲੇਰੀ ਦਿਖਾਉਂਦਾ ਤਾਂ ਮੁੱਖ ਗਾਇਕਾਂ ਦੇ ਵਰਗ ਵਿਚ ਪਹੁੰਚ ਸਕਦਾ ਸੀ ਪਰ ਉਸ ਨੇ ਅਜਿਹੀ ਜੁਰਅਤ ਨਹੀਂ ਕੀਤੀ।

HURRY! LIMITED-TIME OFFER!




iPad mini

# HOME ENTERTAINMENT ANYWHERE.

Only from DISH

**Get an iPad® mini FREE** when you sign up for DISH and the Hopper.®

Cannot be combined with promotional pricing. Must subscribe to qualifying American programming starting at $54.99/mo in addition to International programming. Requires 24-month commitment, credit qualification and qualifying programming.

Did you know that the first Indian woman in space was a Punjabi trailblazer? With the Hopper, we're trailblazing a new way to watch your home entertainment anywhere.

## WATCH WHAT YOU LOVE

PTC PUNJABI | etc ਪੰਜਾਬੀ | jus punjabi | GET ਪੰਜਾਬੀ | mh MH ONE

And many more!

**PUNJABI PACK** $24.99/mo

**AMERICA'S TOP 120**

Over 190 American channels starting at $29.99/month for 12 months.†

†Requires 24-month commitment and credit qualification. Monthly DVR and receiver fees apply.

## LOVE HOW YOU WATCH IT

Only the **Hopper®** gives you the power to:

- Watch all your live and recorded TV anywhere*
- Instantly skip commercials*
- Store up to 2,000 hours of your favorite shows

*Feature must be enabled by customer.



**Call now! 1-888-926-5479**
or visit **DishPunjabiTV.com**

dish™

**Important Terms and Conditions: Promotional Offers:** Require activation of new qualifying DISH service. All prices, fees, charges, packages, programming, features, functionality and offers subject to change without notice. After 12-month promotional period, then-current everyday monthly price applies and is subject to change. **ETF:** If you cancel service during first 24 months, early termination fee of $20 for each month remaining applies. For iPad mini offer, if you cancel service during first 24 months, early termination fee of $30 for each month remaining applies. **Activation fee may apply.**

**Additional requirements: For iPad mini Offer:** Customer must select Hopper system and minimum of America's Top 120 package; allow 4-6 weeks for delivery; offer not available in Puerto Rico or USVI. ETF based in part on everyday price (i.e. non-promotional price) for programming. Available while supplies last. Model subject to change without notice. **Hopper Features:** AutoHop feature is only available with playback the next day of select primetime shows on ABC, CBS, FOX, and NBC as part of PrimeTime Anytime feature. Both features are subject to availability. **Installation/Equipment Requirements:** Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees apply. Recording hours vary; 2000 hours based on SD programming. Equipment comparison based on equipment available from major TV providers as of 1/17/14. Watching live and recorded TV anywhere requires an Internet-connected, Sling-enabled DVR and compatible mobile device. **Miscellaneous:** Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. **Offers end 6/12/14.**

© 2014 DISH Network L.L.C. All rights reserved. iPad is a trademark of Apple Inc., registered in the U.S. and other countries. Apple is not a participant in or sponsor of this promotion.

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 26 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

**We can sell your house in short sale at no cost to you.**

**Selling Homes from Gilroy to Sacramento, CA**

### JUST SOLD

1. 1498 Columbine Way, Livermore, CA 94551
2. 1820 De Vaca Way, Livermore, CA 94550
3. 4124 Polaris Ave., Union City, CA 94587
4. 2995 Masonwood St., San Jose, CA 95148
5. 4326 San Juan Way Fremont, CA 94536
6. 2809 Glen Sharon Way, San Jose, CA 95148
7. 2385 Patricia Dr., Santa Clara, CA 95050
8. 43881 Cameron Hills Dr., Fremont CA 94539
9. 1098 Phelps Ave., San Jose, CA 95117
10. 2712 Sea Drift ln., Hayward, CA 94545
11. 27659 Persimmon Dr., Hayward, CA 94544
12. 115 Juniper Ct., Hercules, CA 945547
13. 2980 Glen Alden Ct., San Jose, CA 95148
14. 34782 Klondike Dr., Union City, CA 94587

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

**WE CAN SELL HUD HOMES ANY WHERE IN CALIFORNIA**

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

*2004 to 2006 Award Winner Top 1% Listing Realtor in Bay Area



Jaswinder Gill M.Sc (PAU)
CA DRE# 00966763
Broker/Owner/Notary

Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

Cell: 510-304-9292
Cell:408-666-8279

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095